ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 82
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Wednesday, 25 March, 2026) ਬੁੱਧਵਾਰ, 25 ਮਾਰਚ, 2026, 12 ਚੇਤ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਪੰਜਾਬ 'ਚ ਅਗਲੇ 4 ਦਿਨ ਹਨ੍ਹੇਰੀ-ਤੂਫ਼ਾਨ ਨਾਲ ਮੀਂਹ ਦੀ ਚਿਤਾਵਨੀ

ਚੰਡੀਗੜ੍ਹ, 24 ਮਾਰਚ (ਚ.ਨ.ਸ.):ਪੰਜਾਬ ਦੇ ਮੌਸਮ ਵਿਚ ਵੱਡਾ ਬਦਲਾਅ ਵੇਖਣ ਨੂੰ ਮਿਲੇਗਾ। ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੇ ਮੌਸਮ ਨੂੰ ਲੈ ਕੇ ਮੌਸਮ ਵਿਭਾਗ ਵੱਲੋਂ ਤਾਜ਼ਾ ਅਪਡੇਟ ਜਾਰੀ ਕੀਤੀ ਗਈ ਹੈ। ਮੌਸਮ ਵਿਭਾਗ ਨੇ ਪੰਜਾਬ ਦੇ ਮੌਸਮ ਸਬੰਧੀ ਅੱਜ ਤੋਂ ਲੈ ਕੇ 29 ਮਾਰਚ ਤੱਕ ਦੀ ਵੱਡੀ ਭਵਿੱਖਬਾਣੀ ਕੀਤੀ ਹੈ। ਮੌਸਮ ਵਿਭਾਗ ਦੇ ਡਾਇਰੈਕਟਰ ਨੇ ਕਿਹਾ ਕਿ 25, 26, 28 ਅਤੇ 29 ਮਾਰਚ ਨੂੰ ਸੂਬੇ 'ਚ ਵੱਖ-ਵੱਖ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। 26 ਤਾਰੀਖ਼ ਲਈ ਸੂਬੇ ਦੇ ਕੁਝ ਜ਼ਿਲ੍ਹਿਆਂ ਵਿਚ ਬਾਰਿਸ਼ ਦਾ ਯੈਲੋ ਅਲਰਟ ਵੀ (ਬਾਕੀ ਸਫਾ 2 'ਤੇ)




### ਟਰੰਪ ਵੱਲੋਂ ਫ਼ੋਨ 'ਤੇ ਮੋਦੀ ਨਾਲ ਗੱਲਬਾਤ

## ਦੋਵਾਂ ਆਗੂਆਂ ਵੱਲੋਂ ਮੱਧ ਪੂਰਬ ਦੀ ਸਥਿਤੀ 'ਤੇ ਚਰਚਾ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 24 ਮਾਰਚ: ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੱਜ ਫੋਨ 'ਤੇ ਗੱਲਬਾਤ ਕਰਦਿਆਂ ਮੱਧ ਪੂਰਬ (ਮਿਡਲ ਈਸਟ) ਦੀ ਮੌਜੂਦਾ ਸਥਿਤੀ 'ਤੇ ਚਰਚਾ ਕੀਤੀ। ਭਾਰਤ ਵਿੱਚ ਅਮਰੀਕੀ ਦੂਤ ਸਰਜੀਓ ਗੋਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਦੱਸਿਆ ਕਿ ਦੋਵਾਂ ਆਗੂਆਂ ਨੇ ਸਟਰੇਟ ਆਫ ਹੋਰਮੁਜ਼ ਨੂੰ ਖੁੱਲ੍ਹਾ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਹ ਸਮੁੰਦਰੀ ਰਸਤਾ ਦੁਨੀਆਂ ਭਰ ਵਿੱਚ ਤੇਲ ਦੀ ਸਪਲਾਈ ਲਈ ਬਹੁਤ ਅਹਿਮ ਹੈ ਅਤੇ ਈਰਾਨ ਨਾਲ ਚੱਲ ਰਹੇ ਤਣਾਅ ਕਾਰਨ ਇਸ ਦੇ ਬੰਦ ਹੋਣ ਦਾ ਖਤਰਾ ਬਣਿਆ ਹੋਇਆ ਹੈ।

ਇਸ ਗੱਲਬਾਤ ਦੌਰਾਨ ਦੋਵਾਂ ਦੇਸ਼ਾਂ ਨੇ ਮੰਨਿਆ ਕਿ ਜੇਕਰ ਇਹ ਰਸਤਾ ਪ੍ਰਭਾਵਿਤ ਹੁੰਦਾ ਹੈ ਤਾਂ ਇਸ ਦਾ ਅਸਰ ਸਿਰਫ਼ ਖੇਤਰੀ ਸੁਰੱਖਿਆ 'ਤੇ ਹੀ ਨਹੀਂ ਬਲਕਿ ਪੂਰੀ ਦੁਨੀਆਂ ਦੀ ਆਰਥਿਕਤਾ 'ਤੇ ਪਵੇਗਾ। ਈਰਾਨ, ਇਜ਼ਰਾਈਲ ਅਤੇ ਅਮਰੀਕਾ ਵਿਚਾਲੇ ਵਧਦੇ ਟਕਰਾਅ ਨੂੰ ਦੇਖਦੇ ਹੋਏ ਭਾਰਤ ਅਤੇ ਅਮਰੀਕਾ ਆਪਣੀ ਰਣਨੀਤਕ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਖੇਤਰ ਵਿੱਚ ਸ਼ਾਂਤੀ ਬਣਾਈ ਰੱਖਣ ਅਤੇ ਵਪਾਰਕ ਰਸਤਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਭਾਰਤ ਦੇ ਸਹਿਯੋਗ ਦਾ ਭਰੋਸਾ ਦਿੱਤਾ।

ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਟਰੰਪ ਵਿਚਾਲੇ ਹੋਈ ਇਸ ਗੱਲਬਾਤ ਦਾ ਮੁੱਖ ਕੇਂਦਰ ਸਟਰੇਟ ਆਫ ਹੋਰਮੁਜ਼ਰਿਹਾ ਜੋ ਓਮਾਨ ਅਤੇ ਈਰਾਨ ਵਿਚਕਾਰ ਇੱਕ ਬਹੁਤ ਹੀ ਤੰਗ ਸਮੁੰਦਰੀ ਰਸਤਾ ਹੈ, ਦੁਨੀਆਂ ਦਾ ਲਗਪਗ 20 ਤੋਂ 30 ਫੀਸਦੀ ਕੱਚਾ ਤੇਲ ਇਸੇ ਰਸਤੇ ਰਾਹੀਂ ਗੁਜ਼ਰਦਾ ਹੈ। ਭਾਰਤ ਆਪਣੀ ਲੋੜ ਦਾ ਵੱਡਾ ਹਿੱਸਾ ਖਾੜੀ ਦੇਸ਼ਾਂ ਤੋਂ ਮੰਗਵਾਉਂਦਾ ਹੈ, ਇਸ ਲਈ ਜੇਕਰ ਈਰਾਨ ਅਤੇ ਇਜ਼ਰਾਈਲ ਦੇ ਟਕਰਾਅ ਕਾਰਨ ਇਹ ਰਸਤਾ ਬੰਦ ਹੁੰਦਾ ਹੈ, ਤਾਂ ਭਾਰਤ ਵਿੱਚ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਸਕਦੀਆਂ ਹਨ। ਦੋਵਾਂ ਆਗੂਆਂ ਨੇ ਸਹਿਮਤੀ ਜਤਾਈ ਕਿ ਵਿਸ਼ਵ ਦੀ ਆਰਥਿਕ ਸਥਿਰਤਾ (ਬਾਕੀ ਸਫਾ 2 'ਤੇ)

### ਡੀ.ਐਮ. ਗਗਨਦੀਪ ਸਿੰਘ ਖ਼ੁਦਕੁਸ਼ੀ ਮਾਮਲਾ

## ਲਾਲਜੀਤ ਸਿੰਘ ਭੁੱਲਰ 5 ਦਿਨਾਂ ਦੇ ਪੁਲਿਸ ਰਿਮਾਂਡ 'ਤੇ

ਬਬਲੂ ਮਹਾਜਨ

================



ਅੰਮ੍ਰਿਤਸਰ, 24 ਮਾਰਚ:ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਅੰਮ੍ਰਿਤਸਰ ਦੀ ਅਦਾਲਤ ਵੱਲੋਂ 5 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਲਾਲਜੀਤ ਸਿੰਘ ਭੁੱਲਰ ਨੂੰ ਬੀਤੇ ਦਿਨੀਂ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਤੋਂ ਬਾਅਦ ਅੱਜ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ।

ਅਦਾਲਤ ਵਿਚ ਸੁਣਵਾਈ ਦੌਰਾਨ ਪੁਲਿਸ ਵੱਲੋਂ ਹੋਰ ਪੁੱਛਗਿੱਛ ਲਈ ਰਿਮਾਂਡ ਦੀ ਮੰਗ ਕੀਤੀ ਗਈ, ਜਿਸਨੂੰ ਮੰਨਦਿਆਂ ਅਦਾਲਤ ਨੇ 5 ਦਿਨਾਂ ਲਈ ਪੁਲਿਸ ਰਿਮਾਂਡ ਮਨਜ਼ੂਰ ਕਰ ਦਿੱਤਾ। ਹੁਣ ਇਸ ਮਿਆਦ ਦੌਰਾਨ ਪੁਲਿਸ ਵੱਲੋਂ ਮਾਮਲੇ ਨਾਲ ਜੁੜੇ ਹੋਰ ਤੱਥਾਂ ਦੀ ਜਾਂਚ ਕੀਤੀ ਜਾਵੇਗੀ।

ਇਹ ਮਾਮਲਾ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਨਾਲ ਸੰਬੰਧਿਤ ਹੈ। ਜਾਣਕਾਰੀ ਅਨੁਸਾਰ, ਰੰਧਾਵਾ ਵੱਲੋਂ ਖੁਦਕੁਸ਼ੀ ਕਰਨ ਤੋਂ ਪਹਿਲਾਂ ਇੱਕ ਵੀਡੀਓ ਬਣਾਈ ਗਈ ਸੀ, ਜਿਸ ਵਿੱਚ ਉਨ੍ਹਾਂ ਨੇ ਉਸ ਸਮੇਂ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਆਪਣੀ ਮੌਤ ਲਈ ਜ਼ਿੰਮੇਵਾਰ ਠਹਿਰਾਇਆ ਸੀ।

ਇਸ ਘਟਨਾ ਤੋਂ ਬਾਅਦ ਪੀੜ੍ਹਤ ਪਰਿਵਾਰ ਅਤੇ ਵਿਰੋਧੀ ਧਿਰਾਂ ਵੱਲੋਂ ਨਿਆਂ ਦੀ ਮੰਗ ਕਰਦਿਆਂ ਲਗਾਤਾਰ ਦਬਾਅ ਬਣਾਇਆ ਗਿਆ। ਇਸ ਦਬਾਅ ਦੇ ਚਲਦਿਆਂ ਪਹਿਲਾਂ ਲਾਲਜੀਤ ਸਿੰਘ ਭੁੱਲਰ ਵੱਲੋਂ ਆਪਣੇ ਮੰਤਰੀ ਪਦ ਤੋਂ ਅਸਤੀਫ਼ਾ ਦਿੱਤਾ ਗਿਆ ਅਤੇ ਬਾਅਦ ਵਿੱਚ ਪੁਲਿਸ ਵੱਲੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਹੁਣ ਅਦਾਲਤ ਵੱਲੋਂ ਦਿੱਤੇ ਗਏ ਪੁਲਿਸ ਰਿਮਾਂਡ ਦੌਰਾਨ ਇਸ ਮਾਮਲੇ ਵਿੱਚ ਹੋਰ ਖੁਲਾਸਿਆਂ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਨੂੰ ਹਰ ਪੱਖ ਤੋਂ ਗੰਭੀਰਤਾ ਨਾਲ ਅੱਗੇ ਵਧਾਇਆ ਜਾ ਰਿਹਾ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ।

## ਮਾਮਲੇ ਦੀ ਹੋਵੇਗੀ ਨਿਰਪੱਖ ਜਾਂਚ: ਮਾਨ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 24 ਮਾਰਚ:ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਪ੍ਰੈਸ ਕਾਨਫ਼ਰੰਸ ਦੌਰਾਨ ਕਿਹਾ ਕਿ ਗਗਨਦੀਪ ਸਿੰਘ ਰੰਧਾਵਾ ਦੀ ਮੌਤ 'ਤੇ ਅਸੀਂ ਕਿਸੇ ਮੰਤਰੀ-ਸੰਤਰੀ ਦੀ ਪਰਵਾਹ ਨਹੀਂ ਕਰਦੇ। ਸਾਡੇ ਲਈ ਸਾਰੇ ਮੰਤਰੀ-ਸੰਤਰੀ ਇਕੋ ਜਿਹੇ ਹਨ ਤੇ ਜੋ ਵੀ ਦੋਸ਼ੀ ਪਾਇਆ ਗਿਆ, ਉਸ ਵਿਰੁੱਧ ਕਾਰਵਾਈ ਜ਼ਰੂਰ ਹੋਵੇਗੀ।

ਮੰਤਰੀ ਦਾ ਅਸਤੀਫ਼ਾ ਹੋ ਗਿਆ, ਗ੍ਰਿਫ਼ਤਾਰੀ ਹੋ ਗਈ ਤੇ ਹੁਣ ਅਗਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਅਸੀਂ ਗਗਨਦੀਪ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹਾਂ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕਦੇ ਆਪਣੇ ਮੰਤਰੀਆਂ ਖ਼ਿਲਾਫ਼ ਕਾਰਵਾਈ ਨਹੀਂ ਕਰਦੀਆਂ ਸਨ ਪਰ ਅਸੀਂ ਉਨ੍ਹਾਂ ਵਰਗੇ ਨਹੀਂ ਹਾਂ। ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਤਾਂ ਆਪਣੇ ਆਗੂਆਂ ਨੂੰ ਬਚਾਉਂਦੀਆਂ ਰਹੀਆਂ ਸਨ ਪਰ ਆਮ ਆਦਮੀ ਪਾਰਟੀ ਨੇ ਆਪਣੇ ਮੰਤਰੀ ਦਾ ਫੌਰੀ ਅਸਤੀਫਾ ਲੈ ਕੇ ਉਸ ਵਿਰੁੱਧ ਕੇਸ ਦਰਜ ਕਰ ਦਿੱਤਾ ਅਤੇ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਗਗਨਦੀਪ ਦੇ ਪਰਿਵਾਰ ਦੇ ਨਾਲ ਹਮੇਸ਼ਾ ਖੜ੍ਹੇ ਹਾਂ। ਉਨ੍ਹਾਂ ਵਿਰੋਧੀ ਧਿਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਨ੍ਹਾਂ ਸਮੇਂ ਕਿਸੇ ਮਾਮਲੇ ਦੀ ਸੀ.ਬੀ.ਆਈ.ਜਾਂਚ ਕਿਉਂ ਨਹੀਂ ਕਰਵਾਈ ਜਾਂਦੀ ਸੀ? ਪੰਜਾਬ ਪੁਲਿਸ ਜਾਂਚ ਕਰਨ ਦੇ ਕਾਬਿਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾਵੇਗੀ ਅਤੇ ਕੋਈ ਵੀ ਵਿਅਕਤੀ ਇਸ ਮਾਮਲੇ (ਬਾਕੀ ਸਫਾ 2 'ਤੇ)

## ਅਦਾਲਤ 'ਚ ਪੇਸ਼ ਨਹੀਂ ਹੋਏ ਢੱਡਰੀਆਂ ਵਾਲੇ, ਮੁੜ ਸੁਣਵਾਈ 17 ਅਪ੍ਰੈਲ ਨੂੰ

ਫ਼ਤਿਹਗੜ੍ਹ ਸਾਹਿਬ , 24 ਮਾਰਚ (ਚ.ਨ.ਸ.): ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਅੱਜ ਅਦਾਲਤ ਵਿਚ ਪੇਸ਼ ਨਹੀਂ ਹੋਏ। ਉਨ੍ਹਾਂ ਨੂੰ ਫ਼ਤਿਹਗੜ੍ਹ ਸਾਹਿਬ ਦੀ ਅਦਾਲਤ ਵੱਲੋਂ ਮਾਣਹਾਨੀ ਮਾਮਲੇ ਵਿਚ ਸੰਮਨ ਜਾਰੀ ਕੀਤੇ ਗਏ ਸਨ। ਉਨ੍ਹਾਂ ਵੱਲੋਂ ਅੱਜ ਆਪਣੇ ਵਕੀਲ ਰਾਹੀਂ ਅਦਾਲਤ ਨੂੰ ਹੋਰ ਕਾਨੂੰਨੀ ਰਾਹਤ ਲਈ ਹਾਈ ਕੋਰਟ ਜਾਣ ਲਈ ਸਮਾਂ ਦੇਣ ਦੀ ਅਪੀਲ ਕੀਤੀ ਗਈ ਸੀ। ਅਦਾਲਤ ਵੱਲੋਂ ਮਾਮਲੇ ਦੀ ਅਗਲੀ ਸੁਣਵਾਈ 17 ਅਪ੍ਰੈਲ ਨੂੰ ਕੀਤੀ ਜਾਵੇਗੀ। ਇਸ ਲਈ ਭਾਈ ਰਣਜੀਤ ਸਿੰਘ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਗਏ ਹਨ। ਦਰਅਸਲ, ਸਿੱਖ ਪ੍ਰਚਾਰਕ ਬਾਬਾ ਹਰੀ ਸਿੰਘ ਰੰਧਾਵਾ ਵਾਲਿਆਂ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ ਖ਼ਿਲਾਫ਼ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੀ ਕਥਿਤ ਟਿੱਪਣੀ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ ਵੱਲੋਂ ਮਾਣਹਾਨੀ ਦਾ ਕੇਸ ਕੀਤਾ ਗਿਆ ਹੈ।

### ਰਾਜ ਸਭਾ 'ਚ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਪ੍ਰਗਟਾਈ ਚਿੰਤਾ

## ਜੰਗ ਜਾਰੀ ਰਹੀ ਤਾਂ ਨਤੀਜੇ ਗੰਭੀਰ ਹੋਣਗੇ : ਮੋਦੀ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 24 ਮਾਰਚ:ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੱਛਮੀ ਏਸ਼ੀਆ ਦੇ ਹਾਲਾਤ 'ਤੇ ਰਾਜ ਸਭਾ ਨੂੰ ਸੰਬੋਧਨ ਕੀਤਾ। ਪੀ.ਐੱਮ. ਮੋਦੀ ਨੇ ਕਿਹਾ ਕਿ ਪੱਛਮੀ ਏਸ਼ੀਆ 'ਚ ਚੱਲ ਰਹੇ ਯੁੱਧ ਤੋਂ ਅਸੀਂ ਸਾਰੇ ਜਾਣੂ ਹਾਂ। ਇਸ ਯੁੱਧ ਨੂੰ 3 ਹਫਤਿਆਂ ਤੋਂ ਵੱਧ ਸਮਾਂ ਹੋ ਗਿਆ ਹੈ। ਇਸ ਨਾਲ ਪੂਰੀ ਦੁਨੀਆਂ 'ਚ ਗੰਭੀਰ ਊਰਜਾ ਸੰਕਟ ਪੈਦਾ ਹੋ ਗਿਆ ਹੈ। ਭਾਰਤ ਲਈ ਵੀ ਹਾਲਾਤ ਚਿੰਤਾਜਨਕ ਹੈ। ਪੈਟਰੋਲ, ਡੀਜ਼ਲ, ਗੈਸ ਅਤੇ ਖਾਦ ਦੀ ਰੂਟੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਖਾੜੀ ਦੇਸ਼ਾਂ 'ਚ ਇਕ ਕਰੋੜ ਭਾਰਤੀ ਰਹਿੰਦੇ ਹਨ। ਉਨ੍ਹਾਂ ਦਾ ਜੀਵਨ ਅਤੇ ਰੋਜ਼ੀ-ਰੋਟੀ ਵੀ ਭਾਰਤ ਲਈ ਵੱਡੀ ਚਿੰਤਾ ਹੈ। ਪੀ.ਐੱਮ. ਮੋਦੀ ਨੇ ਕਿਹਾ ਕਿ ਜੇ ਇਹ ਹਾਲਾਤ ਜ਼ਿਆਦਾ ਸਮੇਂ ਤੱਕ ਬਣੇ ਰਹੇ ਤਾਂ ਇਸ ਦੇ ਨਤੀਜੇ ਗੰਭੀਰ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਾਸੀਆਂ ਨੂੰ ਹਰ ਚੁਣੌਤੀ ਲਈ ਤਿਆਰ ਰਹਿਣਾ ਚਾਹੀਦਾ ਹੈ। ਪੀਐੱਮ ਨੇ ਕਿਹਾ ਕਿ ਇਹ ਰਾਜਾਂ ਦਾ ਸਦਨ ਹੈ। ਆਉਣ ਵਾਲਾ ਸੰਕਟ ਸਾਡੇ ਦੇਸ਼ ਲਈ ਇਕ ਵੱਡੀ ਪ੍ਰੀਖਿਆ ਹੋਵੇਗਾ। ਸਫਲਤਾ ਲਈ ਰਾਜਾਂ ਦਾ ਸਹਿਯੋਗ ਜ਼ਰੂਰੀ ਹੈ।

ਪੀ.ਐੱਮ. ਮੋਦੀ ਨੇ ਕਿਹਾ ਕਿ ਹੋਰਮੁਜ਼ 'ਚ ਕਈ ਜਹਾਜ਼ ਫਸੇ ਹਨ। ਉਨ੍ਹਾਂ 'ਚ ਭਾਰਤੀ ਕਰੂ ਫਸੇ ਹਨ। ਜ਼ਰੂਰੀ ਹੈ ਕਿ ਭਾਰਤ ਦੀ ਸੰਸਦ ਦੀ ਉੱਚ ਸਦਨ 'ਚ ਸ਼ਾਂਤੀ ਅਤੇ (ਬਾਕੀ ਸਫਾ 2 'ਤੇ)

### ਸੁਪਰੀਮ ਕੋਰਟ ਦਾ ਵੱਡਾ ਫ਼ੈਸਲਾ

## ਧਰਮ ਪਰਿਵਰਤਨ ਨਾਲ ਅਨੁਸੂਚਿਤ ਜਾਤੀ ਦਾ ਦਰਜਾ ਹੋ ਜਾਵੇਗਾ ਖ਼ਤਮ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 24 ਮਾਰਚ:ਸੁਪਰੀਮ ਕੋਰਟ ਨੇ ਇੱਕ ਮਹੱਤਵਪੂਰਨ ਫੈਸਲਾ ਸੁਣਾਇਆ ਹੈ। ਮੰਗਲਵਾਰ ਨੂੰ, ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਕਿ ਹਿੰਦੂ ਧਰਮ, ਸਿੱਖ ਧਰਮ ਜਾਂ ਬੁੱਧ ਧਰਮ ਤੋਂ ਇਲਾਵਾ ਕਿਸੇ ਹੋਰ ਧਰਮ ਦਾ ਪਾਲਣ ਕਰਨ ਵਾਲੇ ਵਿਅਕਤੀ ਨੂੰ ਅਨੁਸੂਚਿਤ ਜਾਤੀ ਦਾ ਮੈਂਬਰ ਨਹੀਂ ਮੰਨਿਆ ਜਾ ਸਕਦਾ। ਜਸਟਿਸ ਪੀ.ਕੇ. ਮਿਸ਼ਰਾ ਅਤੇ ਐਨ.ਵੀ. ਅੰਜਾਰੀਆ ਦੇ ਬੈਂਚ ਨੇ ਫੈਸਲਾ ਸੁਣਾਇਆ ਕਿ ਕਿਸੇ ਹੋਰ ਧਰਮ ਵਿੱਚ ਪਰਿਵਰਤਨ ਕਰਨ ਨਾਲ ਅਨੁਸੂਚਿਤ ਜਾਤੀ ਦਾ ਦਰਜਾ ਖਤਮ ਹੋ ਜਾਂਦਾ ਹੈ। ਸੁਪਰੀਮ ਕੋਰਟ ਨੇ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਇੱਕ ਪੁਰਾਣੇ ਫੈਸਲੇ ਨੂੰ ਬਰਕਰਾਰ ਰੱਖਿਆ, ਜਿਸ ਵਿੱਚ ਕਿਹਾ ਗਿਆ ਸੀ ਕਿ ਜੋ ਲੋਕ ਈਸਾਈ ਧਰਮ ਅਪਣਾਉਂਦੇ ਹਨ ਅਤੇ ਇਸਦਾ ਸਰਗਰਮੀ ਨਾਲ ਅਭਿਆਸ ਕਰਦੇ ਹਨ, ਉਹ ਆਪਣੀ ਅਨੁਸੂਚਿਤ ਜਾਤੀ (ਐਸ.ਸੀ.) ਸਥਿਤੀ ਨੂੰ ਬਰਕਰਾਰ ਨਹੀਂ ਰੱਖ ਸਕਦੇ। ਅਦਾਲਤ ਨੇ ਕਿਹਾ ਕਿ ਇਹ ਸੰਵਿਧਾਨ (ਅਨੁਸੂਚਿਤ ਜਾਤੀ) ਆਦੇਸ਼, 1950 ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ, ਅਤੇ ਇਸ ਆਦੇਸ਼ ਦੇ ਤਹਿਤ ਲਗਾਈ ਗਈ ਪਾਬੰਦੀ ਪੂਰੀ ਤਰ੍ਹਾਂ ਲਾਗੂ ਹੈ।

ਅਦਾਲਤ ਨੇ ਸਪੱਸ਼ਟ ਕੀਤਾ ਕਿ 1950 ਦੇ ਆਦੇਸ਼ ਦੀ ਧਾਰਾ 3 ਵਿੱਚ ਦੱਸੇ ਗਏ ਧਰਮਾਂ ਤੋਂ ਇਲਾਵਾ ਕਿਸੇ ਹੋਰ ਧਰਮ ਨੂੰ ਅਪਣਾਉਣ ਨਾਲ ਅਨੁਸੂਚਿਤ ਜਾਤੀ ਦਾ ਦਰਜਾ ਤੁਰੰਤ ਖਤਮ ਹੋ ਜਾਂਦਾ ਹੈ, ਭਾਵੇਂ ਜਨਮ ਦੀ ਸਥਿਤੀ ਕੁਝ ਵੀ ਹੋਵੇ। ਅਦਾਲਤ ਨੇ ਫੈਸਲਾ ਸੁਣਾਇਆ ਕਿ, ਧਾਰਾ 3 ਦੇ ਤਹਿਤ, ਕੋਈ ਵੀ (ਬਾਕੀ ਸਫਾ 2 'ਤੇ)

## 'ਮਹਿਲਾ ਅ.ਫਸਰਾਂ ਨੂੰ ਮਿਲੇਗਾ ਪੂਰੀ ਪੈਨਸ਼ਨ ਦਾ ਹੱਕ'

ਨਵੀਂ ਦਿੱਲੀ, 24 ਮਾਰਚ (ਚ.ਨ.ਸ.):ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਇਕ ਅਹਿਮ ਅਤੇ ਇਤਿਹਾਸਕ ਫੈਸਲਾ ਸੁਣਾਉਂਦਿਆਂ ਭਾਰਤੀ ਫੌਜ, ਜਲ ਸੈਨਾ ਅਤੇ ਹਵਾਈ ਸੈਨਾ ਦੀਆਂ ਉਨ੍ਹਾਂ ਮਹਿਲਾ ਸ਼ਾਰਟ ਸਰਵਿਸ ਕਮਿਸ਼ਨ (ਐਸ.ਐਸ.ਸੀ.) ਅਧਿਕਾਰੀਆਂ ਨੂੰ ਵੱਡੀ ਰਾਹਤ ਦਿੱਤੀ ਹੈ, ਜਿਨ੍ਹਾਂ ਨੂੰ ਪਹਿਲਾਂ ਸਥਾਈ ਕਮਿਸ਼ਨ (ਪੀਸੀ) ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਅਦਾਲਤ ਨੇ ਹੁਕਮ ਦਿੱਤਾ ਹੈ ਕਿ ਇਹ ਸਾਰੀਆਂ ਮਹਿਲਾ ਅਧਿਕਾਰੀ ਹੁਣ ਪੂਰੀ ਪੈਨਸ਼ਨ ਦੀਆਂ ਹੱਕਦਾਰ ਹੋਣਗੀਆਂ। ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਉੱਜਲ ਭੂਈਆਂ ਅਤੇ ਜਸਟਿਸ ਐਨ ਕੋਟੀਸ਼ਵਰ (ਬਾਕੀ ਸਫਾ 2 'ਤੇ)

## ਭੁੱਲਰ ਦੀ ਗ੍ਰਿਫ਼ਤਾਰੀ ਮਗਰੋਂ ਚੀਮਾ ਨੂੰ ਮਿਲਿਆ ਟਰਾਂਸਪੋਰਟ ਵਿਭਾਗ ਅਤੇ ਡਾ. ਰਵਜੋਤ ਸੰਭਾਲਣਗੇ ਜੇਲ੍ਹਾਂ



ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 24 ਮਾਰਚ:ਪੰਜਾਬ ਸਰਕਾਰ ਨੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਵਿਭਾਗਾਂ ਨੂੰ ਹੋਰਨਾਂ ਮੰਤਰੀਆਂ ਵਿੱਚ ਵੰਡ ਦਿੱਤਾ ਹੈ। ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਉਨ੍ਹਾਂ ਦੇ ਵਿਭਾਗਾਂ ਦੀ ਜ਼ਿੰਮੇਵਾਰੀ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਐੱਨ.ਆਰ.ਆਈ. ਮਾਮਲਿਆਂ ਦੇ ਮੰਤਰੀ ਡਾ. ਰਵਜੋਤ ਸਿੰਘ ਨੂੰ ਸੌਂਪ ਦਿੱਤੀ ਹੈ। ਸਾਬਕਾ ਟਰਾਂਸਪੋਰਟ ਅਤੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਅਸਤੀਫ਼ਾ ਬੀਤੀ ਸ਼ਾਮ ਪੰਜਾਬ ਦੇ ਰਾਜਪਾਲ ਵੱਲੋਂ ਮਨਜ਼ੂਰ ਕਰ ਲਿਆ ਗਿਆ ਸੀ।

ਮੁੱਖ ਮੰਤਰੀ ਦੇ ਗੁਜਰਾਤ ਦੇ ਚਾਰ ਦਿਨਾਂ ਦੌਰੇ 'ਤੇ ਜਾਣ ਤੋਂ ਠੀਕ ਪਹਿਲਾਂ ਇਹ ਨਵੀਂ ਵੰਡ ਕੀਤੀ ਗਈ ਹੈ। ਪਾਰਟੀ ਨੇ ਆਪਣੇ ਪੁਰਾਣੇ ਵਫ਼ਾਦਾਰ ਹਰਪਾਲ ਚੀਮਾ 'ਤੇ ਭਰੋਸਾ ਜਤਾਉਂਦੇ ਹੋਏ ਉਨ੍ਹਾਂ ਨੂੰ ਵਿੱਤ ਅਤੇ ਆਬਕਾਰੀ ਵਿਭਾਗਾਂ ਦੇ ਨਾਲ-ਨਾਲ ਹੁਣ ਟਰਾਂਸਪੋਰਟ ਵਿਭਾਗ ਦੀ ਵੀ ਜ਼ਿੰਮੇਵਾਰੀ ਦਿੱਤੀ ਹੈ। (ਬਾਕੀ ਸਫਾ 2 'ਤੇ)

### ਖੇਤੀਬਾੜੀ ਮੰਤਰੀ ਦਾ ਲੋਕ ਸਭਾ 'ਚ ਦਾਅਵਾ

## ਕਿਸਾਨਾਂ ਦੀ ਆਮਦਨ ਸਿਰ.ਫ ਦੁੱਗਣੀ ਨਹੀਂ, 8 ਗੁਣਾ ਤੱਕ ਵਧੀ: ਚੌਹਾਨ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 24 ਮਾਰਚ: ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਮੰਗਲਵਾਰ ਨੂੰ ਲੋਕ ਸਭਾ 'ਚ ਕਿਹਾ ਕਿ ਕੇਂਦਰ ਸਰਕਾਰ ਦੇ ਕਈ ਉਪਾਵਾਂ ਕਾਰਨ ਦੇਸ਼ 'ਚ ਕਿਸਾਨਾਂ ਦੀ ਆਮਦਨ ਦੁੱਗਣੀ ਹੀ ਨਹੀਂ ਸਗੋਂ ਤਿੰਨ ਗੁਣਾ ਵੀ ਹੋਈ ਹੈ ਅਤੇ ਕਈ ਕਿਸਾਨਾਂ ਦੀ ਆਮਦਨੀ ਤਾਂ 8 ਗੁਣਾ ਤੱਕ ਵਧੀ ਹੈ। ਚੌਹਾਨ ਨੇ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਸੌਗਤ ਰਾਏ ਦੇ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਇਹ ਗੱਲ ਕਹੀ। ਰਾਏ ਨੇ ਪੁੱਛਿਆ ਸੀ ਕਿ ਸਰਕਾਰ ਦੱਸੇ ਕੇ 'ਕਿਸਾਨ ਦੀ ਆਮਦਨ ਅਸਲ 'ਚ ਕਦੋਂ ਦੁੱਗਣੀ ਹੋਵੇਗੀ ਅਤੇ ਉਨ੍ਹਾਂ ਦੀਆਂ ਖੁਦਕੁਸ਼ੀਆਂ ਦੇ ਮਾਮਲੇ ਕਦੋਂ ਜ਼ੀਰੋ 'ਤੇ ਆਉਣਗੇ?" ਚੌਹਾਨ ਨੇ ਕਿਹਾ, "ਦੇਸ਼ 'ਚ ਕਈ ਕਿਸਾਨਾਂ ਦੀ ਆਮਦਨ ਦੁੱਗਣੀ ਹੋਈ ਹੈ। ਮੈਂ ਜ਼ਿੰਮੇਵਾਰੀ ਨਾਲ ਕਹਿ ਰਿਹਾ ਹਾਂ ਕਿ ਸਿਰਫ਼ ਦੁੱਗਣੀ ਨਹੀਂ ਸਗੋਂ ਕਈ ਕਿਸਾਨਾਂ ਦੀ ਆਮਦਨੀ ਤਿੰਨ ਗੁਣਾ ਅਤੇ ਚਾਰ ਗੁਣਾ ਵੀ ਹੋਈ ਹੈ ਅਤੇ ਕਈਆਂ ਦੀ ਤਾਂ 8 ਗੁਣਾ ਵੀ ਹੋਈ ਹੈ।" (ਬਾਕੀ ਸਫਾ 2 'ਤੇ)

### 'ਆਪ' ਸਰਕਾਰ ਦੀ 'ਖੇਡ ਕ੍ਰਾਂਤੀ' ਨੇ ਪੰਜਾਬ ਨੂੰ ਕੌਮਾਂਤਰੀ ਖੇਡ ਨਕਸ਼ੇ 'ਤੇ ਉਭਾਰਿਆ

## ਪੰਜਾਬ 'ਚ ਪਹਿਲੀ ਹੋਵੇਗੀ ਏਸ਼ੀਅਨ ਹਾਕੀ ਚੈਂਪੀਅਨਜ਼ ਟਰਾ.ਫੀ: ਮਾਨ

ਅੰਮ੍ਰਿਤਪਾਲ ਸਿੰਘ

================



ਚੰਡੀਗੜ੍ਹ, 24 ਮਾਰਚ:ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 'ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ' ਦੇ ਤਹਿਤ ਅੱਜ ਖੇਡ ਵਿਭਾਗ ਦਾ ਰਿਪੋਰਟ ਕਾਰਡ ਪੇਸ਼ ਕੀਤਾ। ਇਸ ਦੌਰਾਨ ਮੁੱਖ ਮੰਤਰੀ ਨੇ 'ਆਪ' ਸਰਕਾਰ ਦੀ ਖੇਡ ਕ੍ਰਾਂਤੀ ਨਾਲ ਖੇਡ ਖੇਤਰ ਦੀ ਨੁਹਾਰ ਬਦਲਣ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ।

ਸਿੰਚਾਈ ਵਿਭਾਗ, ਸਿਹਤ ਵਿਭਾਗ ਅਤੇ ਅਮਨ-ਕਾਨੂੰਨ ਦੀ ਵਿਵਸਥਾ ਬਾਰੇ ਰਿਪੋਰਟ ਕਾਰਡ ਪੇਸ਼ ਕਰਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖੇਡਾਂ ਵਿੱਚ ਵੱਡੇ ਸੁਧਾਰਾਂ ਦੀ ਅਗਲੀ ਯੋਜਨਾ ਦਾ ਜ਼ਿਕਰ ਕੀਤਾ। ਇਸ ਯੋਜਨਾ ਤਹਿਤ ਖੇਡ ਬਜਟ 350 ਕਰੋੜ ਰੁਪਏ ਤੋਂ ਵਧਾ ਕੇ 1791 ਕਰੋੜ ਰੁਪਏ ਕੀਤਾ, ਕੋਚਾਂ ਦੀ ਗਿਣਤੀ ਵੀ 500 ਤੋਂ ਵਧਾ ਕੇ 2458 ਕੀਤੀ ਅਤੇ ਓਲੰਪਿਕ ਦੀ ਤਿਆਰੀ ਲਈ 15 ਲੱਖ ਰੁਪਏ ਅਤੇ ਏਸ਼ੀਆਈ ਖੇਡਾਂ ਦੇ ਐਥਲੀਟਾਂ ਲਈ 8 ਲੱਖ ਰੁਪਏ ਦੀ ਵਿੱਤੀ ਸਹਾਇਤਾ ਸ਼ਾਮਲ ਹੈ।

ਇਸ ਦਾ ਵੇਰਵਾ ਦਿੰਦੇ ਹੋਏ ਮੁੱਖ ਮੰਤਰੀ ਨੇ 3100 ਖੇਡ ਮੈਦਾਨਾਂ ਦੇ ਵਿਕਾਸ, 3000 ਜਿੰਮ, 17000 ਖੇਡ ਕਿੱਟਾਂ ਦੀ ਵੰਡ ਅਤੇ "ਖੇਡਾਂ ਵਤਨ ਪੰਜਾਬ ਦੀਆਂ" ਦੇ ਤੇਜੀ ਨਾਲ ਵਿਸਥਾਰ ਦਾ ਜ਼ਿਕਰ ਕੀਤਾ। 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਸ਼ਾਮਲ ਹੋਣ ਵਾਲੇ ਖਿਡਾਰੀਆਂ ਦੀ ਗਿਣਤੀ ਡੇਢ ਲੱਖ ਤੋਂ ਵਧ ਕੇ ਪੰਜ ਲੱਖ ਖਿਡਾਰੀਆਂ ਤੱਕ ਪਹੁੰਚ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਉਪਰਾਲਿਆਂ ਸਦਕਾ ਪੰਜਾਬ ਨੇ ਇਤਿਹਾਸ ਵਿੱਚ ਪਹਿਲੀ ਵਾਰ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਦੇ ਨਾਲ-ਨਾਲ 40 ਸਾਲਾਂ ਬਾਅਦ ਰਾਸਟਰੀ ਬੈਡਮਿੰਟਨ ਚੈਂਪੀਅਨਸ਼ਿਪ ਅੰਡਰ-13 ਦੀ ਮੇਜ਼ਬਾਨੀ ਪ੍ਰਾਪਤ ਕੀਤੀ ਹੈ, ਜਿਸ ਨਾਲ ਸੂਬਾ, ਦੇਸ਼ ਵਿੱਚ ਖੇਡ ਧੁਰੇ ਵਜੋਂ ਉਭਰਿਆ ਹੈ।

ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਏਸ਼ੀਅਨ ਖੇਡਾਂ 3-4 ਅਕਤੂਬਰ ਨੂੰ ਸਮਾਪਤ ਹੋਣਗੀਆਂ ਅਤੇ ਚੋਟੀ ਦੀਆਂ ਛੇ ਹਾਕੀ ਟੀਮਾਂ ਇਨ੍ਹਾਂ ਏਸ਼ੀਆਈ ਖੇਡਾਂ ਵਿੱਚ ਹਿੱਸਾ ਲੈਣਗੀਆਂ।ਪਹਿਲੀ ਵਾਰ ਪੰਜਾਬ ਨੂੰ ਇਹ ਅੰਤਰਰਾਸ਼ਟਰੀ ਟੂਰਨਾਮੈਂਟ ਕਰਵਾਉਣ ਦਾ ਮੌਕਾ ਮਿਲਿਆ ਹੈ ਅਤੇ ਇਹ ਕਦਮ ਖੇਡਾਂ ਦੇ ਖੇਤਰ ਵਿੱਚ ਵੱਡੀ ਪ੍ਰਾਪਤੀ ਹੈ।" ਉਨ੍ਹਾਂ ਅੱਗੇ ਕਿਹਾ, "ਇਸ ਤੋਂ ਇਲਾਵਾ ਸੂਬੇ ਲਈ ਚਾਰ ਦੇਸੀ ਟੂਰਨਾਮੈਂਟ ਦੇ ਰੂਪ ਵਿੱਚ ਇੱਕ ਹੋਰ ਅੰਤਰਰਾਸਟਰੀ ਟੂਰਨਾਮੈਂਟ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਜੋ (ਬਾਕੀ ਸਫਾ 2 'ਤੇ)

## ਹਿਮਾਚਲ ਐਂਟਰੀ ਟੈਕਸ ਦੇ ਵਿਰੋਧ 'ਚ ਪੰਜਾਬ ਬਾਰਡਰ 'ਤੇ ਚੱਕਾ ਜਾਮ

ਰੂਪਨਗਰ/ਘਨੌਲੀ , 24 ਮਾਰਚ (ਚ.ਨ.ਸ.): ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ 1 ਅਪ੍ਰੈਲ ਤੋਂ ਸਟੇਟ ਐਂਟਰੀ ਟੈਕਸ ਵਿੱਚ ਕੀਤੇ ਗਏ ਵੱਡੇ ਵਾਧੇ ਦੇ ਵਿਰੋਧ ਵਿੱਚ ਪੰਜਾਬ ਵਿੱਚ ਰੋਸ ਤੇਜ਼ ਹੋ ਗਿਆ ਹੈ। ਮੰਗਲਵਾਰ ਨੂੰ ਜ਼ਿਲ੍ਹਾ ਰੂਪਨਗਰ ਦੇ ਘਨੌਲੀ-ਨਾਲਾਗੜ੍ਹ ਮਾਰਗ 'ਤੇ ਸਥਿਤ ਢੇਰੋਵਾਲ ਹਿਮਾਚਲ ਐਂਟਰੀ ਪੁਆਇੰਟ 'ਤੇ ਵੱਖ-ਵੱਖ ਕਿਸਾਨ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਦੋ ਘੰਟੇ ਤੱਕ ਚੱਕਾ ਜਾਮ ਕਰਕੇ ਤਿੱਖਾ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਕਾਰਨ ਸੜਕ ਦੇ ਦੋਵਾਂ ਪਾਸਿਆਂ 'ਤੇ ਕਰੀਬ 10 ਕਿਲੋਮੀਟਰ ਲੰਬੀਆਂ ਵਾਹਨਾਂ ਦੀਆਂ ਕਤਾਰਾਂ ਲੱਗ ਗਈਆਂ, ਜਿਸ ਨਾਲ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਧਰਨਾਕਾਰੀ ਪਹਿਲਾਂ ਘਨੌਲੀ ਟੀ-ਪੁਆਇੰਟ 'ਤੇ ਇਕੱਠੇ ਹੋਏ ਅਤੇ ਰੈਲੀ ਦੇ ਰੂਪ ਵਿੱਚ ਹਿਮਾਚਲ ਬੈਰੀਅਰ ਵੱਲ ਵਧੇ। ਇਸ ਮੌਕੇ ਕਿਰਤੀ ਕਿਸਾਨ ਮੋਰਚਾ, (ਬਾਕੀ ਸਫਾ 2 'ਤੇ)

# ਮੋਦੀ ਨੇ ਹਾਲਾਤ ਨਾਲ ਨਜਿੱਠਣ ਲਈ ਬਣਾਈਆਂ ਸੱਤ ਕਮੇਟੀਆਂ



ਨਵੀਂ ਦਿੱਲੀ, 24 ਮਾਰਚ (ਚ.ਨ.ਸ.) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਪੱਛਮੀ ਏਸ਼ੀਆ ਦੇ ਚੱਲ ਰਹੇ ਸੰਕਟ ਦੇ 'ਗੰਭੀਰ ਮਾੜੇ ਪ੍ਰਭਾਵਾਂ' ਬਾਰੇ ਚਿਤਾਵਨੀ ਦਿੱਤੀ ਅਤੇ ਦੱਸਿਆ ਕਿ ਇਸ ਹਾਲਾਤ ਨਾਲ ਨਜਿੱਠਣ ਲਈ ਸੱਤ ਸਮੂਹ ਬਣਾਏ ਗਏ ਹਨ। ਰਾਜ ਸਭਾ ਵਿੱਚ ਬੋਲਦਿਆਂ ਉਨ੍ਹਾਂ ਕਿਹਾ ਕਿ ਕੋਵਿਡ-19 ਵਾਂਗ ਹੀ ਇਹ ਸਮੂਹ ਮੰਗ ਅਤੇ ਸਪਲਾਈ, ਕੀਮਤਾਂ ਵਿੱਚ ਉਤਾਰ-ਚੜ੍ਹਾਅ, ਵਪਾਰ ਅਤੇ ਬਰਾਮਦ ਵਰਗੇ ਮੁੱਦਿਆਂ 'ਤੇ ਕੰਮ ਕਰਨਗੇ।

ਪ੍ਰਧਾਨ ਮੰਤਰੀ ਨੇ ਦੇਸ਼ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਭਾਰਤ ਕੋਲ ਕੱਚੇ ਤੇਲ ਦਾ ਲੋੜੀਂਦਾ ਭੰਡਾਰ ਅਤੇ ਸਪਲਾਈ ਮੌਜੂਦ ਹੈ। ਉਨ੍ਹਾਂ ਨੇ ਖੇਤੀਬਾੜੀ ਸੈਕਟਰ ਨੂੰ ਜੰਗ ਦੇ ਪ੍ਰਭਾਵਾਂ ਤੋਂ ਬਚਾਉਣ ਦਾ ਵਾਅਦਾ ਕਰਦਿਆਂ ਕਿਹਾ ਕਿ ਖ਼ਰੀਫ਼ ਦੀ ਬਿਜਾਈ ਲਈ ਖਾਦਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਪੀਐਮ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਜਿਹੇ ਅਨਿਸ਼ਚਿਤਤਾ ਭਰੇ ਸਮੇਂ ਵਿੱਚ 'ਆਤਮ-ਨਿਰਭਰਤਾ' ਹੀ ਇੱਕੋ-ਇੱਕ ਰਸਤਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਜਹਾਜ਼ ਨਿਰਮਾਣ ਅਤੇ ਦਵਾਈਆਂ ਦੇ ਕੱਚੇ ਮਾਲ ਵਿੱਚ ਭਾਰਤ ਨੂੰ ਆਤਮ-ਨਿਰਭਰ ਬਣਾਉਣ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਨੇ ਪ੍ਰਭਾਵਿਤ ਖੇਤਰਾਂ ਵਿੱਚ ਰਹਿਣ ਵਾਲੇ ਇੱਕ ਕਰੋੜ ਭਾਰਤੀਆਂ ਦੀ ਸੁਰੱਖਿਆ ਲਈ ਖਾੜੀ ਦੇਸ਼ਾਂ ਦੇ ਆਗੂਆਂ ਨਾਲ ਵੀ ਗੱਲਬਾਤ ਕੀਤੀ ਹੈ।

### ਸਰਕਾਰ ਨੇ ਪੱਛਮੀ ਏਸ਼ੀਆ ਸੰਕਟ ਸਬੰਧੀ ਅੱਜ ਬੁਲਾਈ ਸਰਬ ਦਲੀ ਬੈਠਕ

ਨਵੀਂ ਦਿੱਲੀ, 24 ਮਾਰਚ (ਚ.ਨ.ਸ.): ਸਰਕਾਰ ਨੇ ਪੱਛਮੀ ਏਸ਼ੀਆ ਸੰਕਟ 'ਤੇ ਚਰਚਾ ਕਰਨ ਲਈ ਬੁੱਧਵਾਰ ਨੂੰ ਸਰਬ-ਪਾਰਟੀ ਮੀਟਿੰਗ ਬੁਲਾਈ ਹੈ। ਸੂਤਰਾਂ ਨੇ ਦੱਸਿਆ ਕਿ ਇਹ ਬੈਠਕ ਬੁੱਧਵਾਰ ਸ਼ਾਮ 5 ਵਜੇ ਬੁਲਾਈ ਗਈ ਹੈ। ਉਨ੍ਹਾਂ ਦੱਸਿਆ ਕਿ ਬੈਠਕ ਦੀ ਪ੍ਰਧਾਨਗੀ ਰੱਖਿਆ ਮੰਤਰੀ ਰਾਜਨਾਥ ਸਿੰਘ ਕਰ ਸਕਦੇ ਹਨ ਅਤੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਦੇ ਵੀ ਇਸ 'ਚ ਮੌਜੂਦ ਰਹਿਣ ਦੀ ਉਮੀਦ ਹੈ। ਇਸ ਵਿਚ, ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸੰਸਦ ਭਵਨ ਕੰਪਲੈਕਸ 'ਚ ਕਿਹਾ ਕਿ ਉਹ ਸਰਬ-ਪਾਰਟੀ ਬੈਠਕ 'ਚ ਸ਼ਾਮਲ ਨਹੀਂ ਹੋ ਸਕਣਗੇ, ਕਿਉਂਕਿ ਉਨ੍ਹਾਂ ਦਾ ਕੇਰਲ 'ਚ ਇਕ ਪ੍ਰੋਗਰਾਮ ਪਹਿਲਾਂ ਹੀ ਤੈਅ ਹੈ। ਵਿਰੋਧੀ ਧਿਰ ਨੇ ਪੱਛਮੀ ਏਸ਼ੀਆ ਦੀ ਸਥਿਤੀ 'ਤੇ ਸੰਸਦ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਿਆਨ ਤੋਂ ਬਾਅਦ ਇਸ ਮੁੱਦੇ 'ਤੇ ਸਰਬ-ਪਾਰਟੀ ਬੈਠਕ ਦੀ ਮੰਗ ਚੁੱਕੀ ਸੀ। ਕਾਂਗਰਸ ਅਤੇ ਕਈ ਹੋਰ ਵਿਰੋਧੀ ਦਲ ਪੱਛਮੀ ਏਸ਼ੀਆ ਯੁੱਧ ਅਤੇ ਭਾਰਤ 'ਤੇ ਪ੍ਰਭਾਵ ਨੂੰ ਲੈ ਕੇ ਸਰਕਾਰ ਤੋਂ ਲਗਾਤਾਰ ਸਵਾਲ ਕਰ ਰਹੇ ਹਨ।

## ਲਾਲੂ ਯਾਦਵ ਦੀ ਜ਼ਮੀਨ ਬਦਲੇ ਨੌਕਰੀ ਮਾਮਲੇ 'ਚ ਪਟੀਸ਼ਨ ਰੱਦ



ਨਵੀਂ ਦਿੱਲੀ, 24 ਮਾਰਚ (ਚ.ਨ.ਸ.) : ਰਾਸ਼ਟਰੀ ਜਨਤਾ ਦਲ (ਰਾਜਦ) ਮੁਖੀ ਲਾਲੂ ਪ੍ਰਸਾਦ ਯਾਦਵ ਨੂੰ ਮੰਗਲਵਾਰ ਨੂੰ ਇਕ ਵੱਡਾ ਝਟਕਾ ਲੱਗਾ, ਜਦੋਂ ਦਿੱਲੀ ਹਾਈ ਕੋਰਟ ਨੇ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਜੁੜੇ 'ਜ਼ਮੀਨ ਦੇ ਬਦਲੇ ਨੌਕਰੀ' ਦੇ ਮਾਮਲੇ 'ਚ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਵੱਲੋਂ ਦਰਜ ਐਫਆਈਆਰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ। ਜੱਜ ਰਵਿੰਦਰ ਡੁਡੇਜਾ ਨੇ ਸਾਬਕਾ ਰੇਲ ਮੰਤਰੀ ਅਤੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਦੀ ਪਟੀਸ਼ਨ ਖਾਰਜ ਕਰ ਦਿੱਤੀ, ਜਿਸ 'ਚ 2022, 2023 ਅਤੇ 2024 'ਚ ਦਾਇਰ ਤਿੰਨ ਦੋਸ਼ ਪੱਤਰਾਂ ਅਤੇ ਬਾਅਦ 'ਚ ਨੋਟਿਸ ਲੈਣ ਦੇ ਆਦੇਸ਼ਾਂ ਨੂੰ ਰੱਦ ਕਰਨ ਦੀ ਅਪੀਲ ਵੀ ਕੀਤੀ ਗਈ ਸੀ। ਜੱਜ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ,"ਪਟੀਸ਼ਨ 'ਚ ਕੋਈ ਦਮ ਨਹੀਂ ਹੈ, ਇਸ ਲਈ ਇਸ ਨੂੰ ਖਾਰਜ ਕੀਤਾ ਜਾਂਦਾ ਹੈ।" ਫੈਸਲੇ ਦੀ ਵਿਸਤ੍ਰਿਤ ਕਾਪੀ ਦੀ ਉਡੀਕ ਹੈ।

# ਈਰਾਨ ਵੱਲੋਂ ਤੇਲ ਸੰਕਟ ਦਰਮਿਆਨ ਭਾਰਤ ਨੂੰ ਪੇਸ਼ਕਸ਼ ਪਰ ਕੀਮਤ ਅਤੇ ਭੁਗਤਾਨ ਸਬੰਧੀ ਰੱਖੀਆਂ ਮਨਮਾਨੀਆਂ ਸ਼ਰਤਾਂ



ਨਵੀਂ ਦਿੱਲੀ , 24 ਮਾਰਚ (ਚ.ਨ.ਸ.) : ਈਰਾਨ ਅਤੇ ਅਮਰੀਕਾ ਦੇ ਵਿਚਕਾਰ ਜੰਗ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਵਧੀਆਂ ਹਨ, ਜੋ ਭਾਰਤ ਵਰਗੇ ਦੇਸ਼ ਲਈ ਇੱਕ ਵੱਡੀ ਸਿਰਦਰਦੀ ਹੈ, ਕਿਉਂਕਿ ਅਸੀਂ ਆਪਣੀ ਲੋੜ ਦਾ 80 ਫੀਸਦੀ ਤੇਲ ਦਰਾਮਦ ਕਰਦੇ ਹਾਂ। ਇਸ ਦੌਰਾਨ ਕੱਚੇ ਤੇਲ 'ਤੇ ਈਰਾਨ ਵੱਲੋਂ ਭਾਰਤ ਨੂੰ ਇੱਕ ਪੇਸ਼ਕਸ਼ ਮਿਲੀ ਹੈ, ਪਰ ਇਸ ਦੇ ਲਈ ਤੇਹਰਾਨ ਨੇ ਕੀਮਤ ਅਤੇ ਭੁਗਤਾਨ 'ਤੇ ਮਨਮਾਨੀਆਂ ਸ਼ਰਤਾਂ ਰੱਖੀਆਂ ਹਨ। ਰਾਇਟਰਜ਼ ਦੀ ਰਿਪੋਰਟ ਅਨੁਸਾਰ, ਉਦਯੋਗ ਜਗਤ ਦੇ ਤਿੰਨ ਸੂਤਰਾਂ ਨੇ ਦੱਸਿਆ ਕਿ ਅਮਰੀਕਾ ਵੱਲੋਂ ਜੰਗ ਕਾਰਨ ਪੈਦਾ ਹੋਏ ਊਰਜਾ ਸੰਕਟ ਨੂੰ ਘੱਟ ਕਰਨ ਲਈ ਈਰਾਨ 'ਤੇ ਲੱਗੀਆਂ ਪਾਬੰਦੀਆਂ ਨੂੰ ਆਰਜ਼ੀ ਤੌਰ 'ਤੇ ਹਟਾਉਣ ਤੋਂ ਬਾਅਦ, ਤੇਹਰਾਨ ਦੇ ਵਪਾਰੀਆਂ ਨੇ ਭਾਰਤੀ ਰਿਫਾਇਨਰੀਆਂ ਨੂੰ ਆਈ.ਸੀ.ਈ. ਬ੍ਰੈਂਟ ਦੀ ਤੁਲਨਾ ਵਿੱਚ ਪ੍ਰੀਮੀਅਮ 'ਤੇ ਈਰਾਨੀ ਤੇਲ ਦੀ ਪੇਸ਼ਕਸ਼ ਕੀਤੀ ਹੈ। ਭਾਵ ਕੱਚੇ ਤੇਲ ਦੀਆਂ ਆਮ ਕੀਮਤਾਂ ਨਾਲੋਂ ਵੱਧ ਭਾਅ 'ਤੇ ਈਰਾਨ ਆਪਣਾ ਤੇਲ ਦੇਵੇਗਾ। ਭਾਰਤ ਨੇ ਮਈ 2019 ਤੋਂ ਬਾਅਦ ਤੇਹਰਾਨ ਤੋਂ ਤੇਲ ਦੀ ਕੋਈ ਖੇਪ ਪ੍ਰਾਪਤ ਨਹੀਂ ਕੀਤੀ ਹੈ, ਕਿਉਂਕਿ ਅਮਰੀਕਾ ਦੇ ਦਬਾਅ ਹੇਠ ਆ ਕੇ ਉਸ ਨੇ ਈਰਾਨੀ ਕੱਚੇ ਤੇਲ ਦੀ ਖਰੀਦ ਬੰਦ ਕਰ ਦਿੱਤੀ ਸੀ। ਸੂਤਰਾਂ ਅਨੁਸਾਰ, ਭਾਰਤ ਦੇ ਨੇੜੇ ਸਥਿਤ ਈਰਾਨ ਤੋਂ ਤੇਲ ਅਤੇ ਲਿਕਵਿਡ ਪੈਟਰੋਲੀਅਮ ਗੈਸ ਦੀ ਵੱਧ ਤੋਂ ਵੱਧ ਖਰੀਦ ਲਈ ਭਾਰਤੀ ਰਿਫਾਇਨਰਾਂ ਕੋਲ ਇੱਕ ਮਹੀਨੇ ਦਾ ਸਮਾਂ ਹੈ। ਤੇਲ ਦੀਆਂ ਕੀਮਤਾਂ ਵਿੱਚ ਉਛਾਲ ਨੂੰ ਰੋਕਣ ਦੇ ਯਤਨ ਵਿੱਚ ਅਮਰੀਕਾ ਵੱਲੋਂ ਰੂਸ 'ਤੇ ਲਗਾਈਆਂ ਪਾਬੰਦੀਆਂ ਹਟਾਉਣ ਤੋਂ ਬਾਅਦ ਭਾਰਤੀ ਰਿਫਾਇਨਰ ਪਹਿਲਾਂ ਹੀ ਲੱਖਾਂ ਬੈਰਲ ਰੂਸੀ ਤੇਲ ਖਰੀਦ ਚੁੱਕੇ ਹਨ। ਸੂਤਰਾਂ ਅਨੁਸਾਰ, ਵਪਾਰੀ ਅਤੇ ਨੈਸ਼ਨਲ ਈਰਾਨੀ ਆਇਲ ਕੰਪਨੀ ਡਾਲਰ ਵਿੱਚ ਭੁਗਤਾਨ ਦੀ ਮੰਗ ਕਰ ਰਹੇ ਹਨ, ਜਦਕਿ ਕੁਝ ਪੱਖ ਭਾਰਤੀ ਰੁਪਏ ਵਿੱਚ ਵੀ ਭੁਗਤਾਨ ਸਵੀਕਾਰ ਕਰਨ ਲਈ ਤਿਆਰ ਹਨ। ਸੂਤਰਾਂ ਨੇ ਦੱਸਿਆ ਕਿ ਈਰਾਨੀ ਤੇਲ ਦੀ ਪੇਸ਼ਕਸ਼ ਆਈ.ਸੀ.ਈ. ਬ੍ਰੈਂਟ ਦੀ ਤੁਲਨਾ ਵਿੱਚ 6-8 ਡਾਲਰ ਪ੍ਰਤੀ ਬੈਰਲ ਦੇ ਪ੍ਰੀਮੀਅਮ (ਵਾਧੂ ਕੀਮਤ) 'ਤੇ ਕੀਤੀ ਗਈ ਹੈ, ਅਤੇ ਮਾਲ ਪਹੁੰਚਣ ਦੇ ਸੱਤ ਦਿਨਾਂ ਦੇ ਅੰਦਰ ਭੁਗਤਾਨ ਕਰਨਾ ਹੋਵੇਗਾ। ਅੰਤਰਰਾਸ਼ਟਰੀ ਊਰਜਾ ਏਜੰਸੀ ਦੇ ਕਾਰਜਕਾਰੀ ਨਿਰਦੇਸ਼ਕ ਫਾਤਿਹ ਬਿਰੋਲ ਨੇ ਸੋਮਵਾਰ ਨੂੰ ਕਿਹਾ ਕਿ ਮੌਜੂਦਾ ਊਰਜਾ ਸੰਕਟ 1970 ਦੇ ਦਹਾਕੇ ਦੇ ਦੋ ਤੇਲ ਸੰਕਟਾਂ ਨਾਲੋਂ ਕਿਤੇ ਵੱਧ ਗੰਭੀਰ ਹੈ। ਅਮਰੀਕੀ ਵਿੱਤ ਮੰਤਰੀ ਸਕਾਟ ਬੇਸੈਂਟ ਨੇ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਨੇ ਸਮੁੰਦਰ ਵਿੱਚ ਮੌਜੂਦ ਈਰਾਨੀ ਤੇਲ ਦੀ ਖਰੀਦ 'ਤੇ 30 ਦਿਨਾਂ ਲਈ ਪਾਬੰਦੀਆਂ ਹਟਾ ਦਿੱਤੀਆਂ ਹਨ।

## ਪਹਿਲੇ ਸਫ਼ੇ ਦੀ ਬਾਕੀ

### ਪੰਜਾਬ 'ਚ ਅਗਲੇ 4 ਦਿਨ ਹਨ੍ਹੇਰੀ-ਤੂਫ਼ਾਨ

ਕੀਤਾ ਗਿਆ ਹੈ। 27 ਮਾਰਚ ਨੂੰ ਮੌਸਮ ਖ਼ੁਸ਼ਕ ਰਹਿਣ ਦੀ ਸੰਭਾਵਨਾ ਜਤਾਈ ਗਈ ਹੈ। ਅਗਲੇ ਚਾਰ ਦਿਨਾਂ ਵਿੱਚ ਵੱਧ ਤੋਂ ਵੱਧ ਤਾਪਮਾਨ ਵਿੱਚ 3 ਤੋਂ 5 ਡਿਗਰੀ ਸੈਲਸੀਅਸ ਦਾ ਵਾਧਾ ਹੋਣ ਦੀ ਉਮੀਦ ਹੈ, ਜਿਸ ਤੋਂ ਬਾਅਦ ਕੋਈ ਖਾਸ ਬਦਲਾਅ ਨਹੀਂ ਹੋਵੇਗਾ। ਮੌਸਮ ਵਿਭਾਗ ਮੁਤਾਬਕ 26 ਮਾਰਚ ਨੂੰ 13 ਜ਼ਿਲ੍ਹੇ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ ਸਾਹਿਬ, ਮੋਗਾ, ਮਾਨਸਾ, ਸੰਗਰੂਰ, ਬਰਨਾਲਾ, ਬਠਿੰਡਾ ਵਿੱਚ ਮੀਂਹ ਪਵੇਗਾ। ਇਨ੍ਹਾਂ ਜ਼ਿਲ੍ਹਿਆਂ ਵਿਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।ਇਸ ਦੇ ਨਾਲ ਹੀ 30-40 ਕਿਲੋਮੀਟਰ ਦੀ ਤੇਜ਼ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣ ਦੇ ਨਾਲ-ਨਾਲ ਬਿਜਲੀ ਵੀ ਚਮਕੇਗੀ। ਤੇਜ਼ ਤੂਫ਼ਾਨ ਦਾ ਅਲਰਟ ਵੀ ਦੱਸਿਆ ਗਿਆ ਹੈ।

### ਮਾਮਲੇ ਦੀ ਹੋਵੇਗੀ ਨਿਰਪੱਖ ਜਾਂਚ: ਮਾਨ

ਵਿੱਚ ਸ਼ਾਮਿਲ ਹੋਵੇਗਾ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਦੇ ਨਾਲ ਹੀ ਉਨਾਂ ਨੇ ਪਿਛਲੀਆਂ ਸਰਕਾਰਾਂ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਹਮੇਸ਼ਾ ਹੀ ਆਪਣੇ ਆਗੂਆਂ ਨੂੰ ਬਚਾਉਣ ਵਿੱਚ ਲੱਗੀਆਂ ਰਹੀਆਂ ਹਨ। ਉਹਨਾਂ ਕਿਹਾ ਕਿ ਹਰਿਆਣਾ ਵਿੱਚ ਮੌਜੂਦਾ ਏ.ਡੀ.ਜੀ.ਪੀ. ਵੱਲੋਂ ਖੁਦਕੁਸ਼ੀ ਕਰ ਲਈ ਗਈ ਪਰ ਹਰਿਆਣਾ ਸਰਕਾਰ ਨੇ ਸਿਰਫ ਅਧਿਕਾਰੀਆਂ ਦੇ ਤਬਾਦਲੇ ਕਰਕੇ ਸਾਰ ਦਿੱਤਾ ਗਿਆ। ਇਸੇ ਤਰ੍ਹਾਂ ਅਮਿਤ ਸ਼ਾਹ ਦਾ ਨਾਂ ਲੈ ਕੇ ਇਕ ਵਿਅਕਤੀ ਨੇ ਖੁਦਕੁਸ਼ੀ ਕਰ ਲਈ ਅਤੇ ਕੀ ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਹੋਈ, ਪਰ ਅਸੀਂ ਗਗਨਦੀਪ ਰੰਧਾਵਾ ਦੇ ਮਾਮਲੇ 'ਚ ਨਿਰਪੱਖ ਜਾਂਚ ਕਰਵਾਵਾਂਗੇ। ਇਸ ਤੋਂ ਪਹਿਲਾਂ ਪਟਿਆਲਾ ਵਿੱਚ ਇੱਕ ਵਿਅਕਤੀ ਵੱਲੋਂ ਸਮੁੱਚੇ ਮੀਡੀਆ ਦੇ ਸਾਹਮਣੇ ਖੁਦ ਨੂੰ ਅੱਗ ਲਗਾ ਕੇ ਖੁਦਕੁਸ਼ੀ ਕਰ ਲਈ ਸੀ, ਉਸ ਮਾਮਲੇ ਦੀ ਜਾਂਚ ਵੀ ਸੀਬੀਆਈ ਨੂੰ ਨਹੀਂ ਦਿੱਤੀ। ਮਹਿਲ ਕਲਾਂ ਵਿੱਚ ਕਿਰਨਜੀਤ ਮਾਮਲਾ ਸਾਹਮਣੇ ਆਇਆ ਸੀ ਅਤੇ ਸਾਲ 2021 ਵਿੱਚ ਇੱਕ ਵਿਅਕਤੀ ਵੱਲੋਂ ਕਾਂਗਰਸ ਦੇ ਰਾਜਾ ਵੜਿੰਗ ਦਾ ਨਾਮ ਲੈ ਕੇ ਖੁਦਕੁਸ਼ੀ ਕਰ ਲਈ ਸੀ, ਉਸ ਵਿਰੁੱਧ ਕਾਂਗਰਸ ਨੇ ਕੋਈ ਕਾਰਵਾਈ ਨਹੀਂ ਕੀਤੀ।

### ਦੋਵਾਂ ਆਗੂਆਂ ਵੱਲੋਂ ਮੱਧ ਪੂਰਬ

ਲਈ ਇਸ ਰਸਤੇ ਨੂੰ ਹਰ ਹਾਲ ਵਿੱਚ ਖੁੱਲ੍ਹਾ ਰੱਖਣਾ ਜ਼ਰੂਰੀ ਹੈ।

ਅਮਰੀਕੀ ਦੂਤ ਸਰਜੀਓ ਗੋਰ ਅਨੁਸਾਰ ਇਹ ਗੱਲਬਾਤ ਅਜਿਹੇ ਸਮੇਂ ਹੋਈ ਹੈ ਜਦੋਂ ਤਹਿਰਾਨ ਵਿੱਚ ਅਲੀ ਲਾਰੀਜਾਨੀ ਦੀ ਮੌਤ ਤੋਂ ਬਾਅਦ ਹਾਲਾਤ ਕਾਫੀ ਨਾਜ਼ੁਕ ਬਣੇ ਹੋਏ ਹਨ। ਰਾਸ਼ਟਰਪਤੀ ਟਰੰਪ ਨੇ ਮੱਧ ਪੂਰਬ ਵਿੱਚ ਅਮਰੀਕਾ ਦੀ ਰਣਨੀਤੀ ਬਾਰੇ ਮੋਦੀ ਨਾਲ ਸਲਾਹ ਕੀਤੀ ਅਤੇ ਭਾਰਤ ਦੀ ਭੂਮਿਕਾ ਨੂੰ ਅਹਿਮ ਦੱਸਿਆ। ਭਾਰਤ ਦੇ ਇਰਾਨ ਨਾਲ ਵੀ ਚੰਗੇ ਸਬੰਧ ਹਨ ਅਤੇ ਅਮਰੀਕਾ ਨਾਲ ਵੀ ਗੂੜ੍ਹੀ ਦੋਸਤੀ ਹੈ, ਇਸ ਲਈ ਮੋਦੀ ਇਸ ਖੇਤਰ ਵਿੱਚ ਤਣਾਅ ਘਟਾਉਣ ਲਈ ਇੱਕ ਵਿਚੋਲੇ ਦੀ ਭੂਮਿਕਾ ਨਿਭਾ ਸਕਦੇ ਹਨ। ਇਸ ਤੋਂ ਇਲਾਵਾ ਲਿਬਨਾਨ ਵਿੱਚ ਚੱਲ ਰਹੀ ਜੰਗ ਅਤੇ ਸਮੁੰਦਰੀ ਜਹਾਜ਼ਾਂ 'ਤੇ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਵੀ ਦੋਵਾਂ ਦੇਸ਼ਾਂ ਦੀਆਂ ਜਲ ਸੈਨਾਵਾਂ ਵਿਚਾਲੇ ਸਹਿਯੋਗ ਵਧਾਉਣ 'ਤੇ ਚਰਚਾ ਕੀਤੀ ਗਈ।

### ਜੰਗ ਜਾਰੀ ਰਹੀ ਤਾਂ ਗੰਭੀਰ

ਗੱਲਬਾਤ ਦੀ ਇਕਜੁੱਟ ਆਵਾਜ਼ ਪੂਰੀ ਦੁਨੀਆਂ ਤੱਕ ਜਾਵੇ। ਯੁੱਧ ਦੀ ਸ਼ੁਰੂਆਤ ਦੇ ਬਾਅਦ ਤੋਂ ਮੈਂ ਪੱਛਮੀ ਏਸ਼ੀਆ ਦੇ ਰਾਸ਼ਟਰੀ ਮੁਖੀਆਂ ਨਾਲ ਗੱਲ ਕੀਤੀ ਹੈ। ਖਾੜੀ ਦੇ ਦੇਸ਼ਾਂ ਨਾਲ ਗੱਲ ਕਰ ਰਹੇ ਹਾਂ। ਅਮਰੀਕਾ ਅਤੇ ਇਜ਼ਰਾਈਲ ਦੇ ਸੰਪਰਕ 'ਚ ਹਾਂ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅਸੀਂ ਹੋਰਮੁਜ਼ ਸਟ੍ਰੇਟ ਨੂੰ ਖੋਲ੍ਹਣ ਬਾਰੇ ਚਰਚਾ ਕੀਤੀ ਹੈ। ਵਪਾਰਕ ਜਹਾਜ਼ਾਂ 'ਤੇ ਹਮਲੇ ਅਸਵੀਕਾਰਨਯੋਗ ਹਨ। ਭਾਰਤ ਨੇ ਇਸ ਮੁੱਦੇ ਨੂੰ ਹੱਲ ਕਰਨ ਲਈ ਗੱਲਬਾਤ ਦਾ ਸੁਝਾਅ ਦਿੱਤਾ ਹੈ। ਕਿਸੇ ਦੀ ਜਾਨ ਨੂੰ ਖ਼ਤਰਾ ਪੈਦਾ ਕਰਨਾ ਮਨੁੱਖਤਾ ਦੇ ਹਿੱਤ 'ਚ ਨਹੀਂ ਹੈ।

ਯੁੱਧ ਸ਼ੁਰੂ ਹੋਣ ਤੋਂ ਬਾਅਦ 375,000 ਤੋਂ ਵੱਧ ਭਾਰਤੀ ਵਾਪਸ ਆਏ ਦੇਸ਼

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤੀਆਂ ਦੀ ਸੁਰੱਖਿਆ ਸਾਡੀ ਤਰਜੀਹ ਹੈ। ਯੁੱਧ ਸ਼ੁਰੂ ਹੋਣ ਤੋਂ ਬਾਅਦ 375,000 ਤੋਂ ਵੱਧ ਭਾਰਤੀ ਦੇਸ਼ ਵਾਪਸ ਆਏ ਹਨ। 1,000 ਤੋਂ ਵੱਧ ਭਾਰਤੀ ਈਰਾਨ ਤੋਂ ਵਾਪਸ ਆਏ ਹਨ, ਜਿਨ੍ਹਾਂ 'ਚੋਂ 700 ਤੋਂ ਵੱਧ ਮੈਡੀਕਲ ਵਿਦਿਆਰਥੀ ਹਨ। ਸਾਰੇ ਦੇਸ਼ਾਂ ਨੇ ਉੱਥੇ ਮੌਜੂਦ ਭਾਰਤੀਆਂ ਦੀ ਸੁਰੱਖਿਆ ਦਾ ਭਰੋਸਾ ਦਿੱਤਾ ਹੈ। ਹਮਲਿਆਂ ਕਾਰਨ ਕੁਝ ਭਾਰਤੀਆਂ ਦੀ ਮੌਤ ਹੋ ਗਈ ਹੈ। ਇਹ ਦੁਖਦਾਈ ਹੈ। ਉਨ੍ਹਾਂ ਦੇ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਜੋ ਜ਼ਖ਼ਮੀ ਹਨ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ।

ਹਾਲਾਤ ਲੰਬੇ ਸਮੇਂ ਤੱਕ ਬਣੇ ਰਹਿੰਦੇ ਹਨ, ਤਾਂ ਇਸਦੇ ਗੰਭੀਰ ਨਤੀਜੇ ਹੋਣਗੇ ਪੀ.ਐਮ. ਮੋਦੀ ਨੇ ਕਿਹਾ ਕਿ ਹੋਰਮੁਜ਼ ਸਭ ਤੋਂ ਵੱਡਾ ਵਿਸ਼ਵ ਵਪਾਰ ਰਸਤਾ ਹੈ। ਇਸ ਰਸਤੇ ਰਾਹੀਂ ਗੈਸ ਅਤੇ ਖਾਦ ਦੀ ਵੱਡੀ ਮਾਤਰਾ ਲੰਘਦੀ ਹੈ। ਪ੍ਰਤੀਕੂਲ ਹਾਲਾਤਾਂ ਦੇ ਬਾਵਜੂਦ, ਸਰਕਾਰ ਨੇ ਗੱਲਬਾਤ ਅਤੇ ਕੂਟਨੀਤੀ ਰਾਹੀਂ ਇਕ ਰਸਤਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਕੋਸ਼ਿਸ਼ ਇਹ ਹੈ ਕਿ ਤੇਲ ਅਤੇ ਗੈਸ ਜਿੱਥੋਂ ਵੀ ਸੰਭਵ ਹੋਵੇ ਭਾਰਤ ਪਹੁੰਚੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ 'ਚ, ਦੁਨੀਆ ਭਰ ਦੇ ਕਈ ਦੇਸ਼ਾਂ ਤੋਂ ਕੱਚੇ ਤੇਲ ਅਤੇ ਐੱਲਪੀਜੀ ਨਾਲ ਭਰੇ ਜਹਾਜ਼ ਭਾਰਤ ਪਹੁੰਚੇ ਹਨ। ਇਸ ਦਿਸ਼ਾ 'ਚ ਸਾਡੀਆਂ ਕੋਸ਼ਿਸ਼ਾਂ ਆਉਣ ਵਾਲੇ ਦਿਨਾਂ 'ਚ ਵੀ ਜਾਰੀ ਰਹਿਣਗੀਆਂ। ਇਹ ਯਕੀਨੀ ਬਣਾਉਣ ਦੀ ਸਾਡੀ ਕੋਸ਼ਿਸ਼ ਹੈ ਕਿ ਤੇਲ, ਗੈਸ, ਖਾਦ ਅਤੇ ਸਾਰੀਆਂ ਜ਼ਰੂਰੀ ਚੀਜ਼ਾਂ ਲੈ ਕੇ ਜਾਣ ਵਾਲੇ ਜਹਾਜ਼ ਭਾਰਤ ਪਹੁੰਚਣ, ਪਰ ਜੇਕਰ ਅਜਿਹੇ ਹਾਲਾਤ ਲੰਬੇ ਸਮੇਂ ਤੱਕ ਬਣੇ ਰਹਿੰਦੇ ਹਨ, ਤਾਂ ਇਸਦੇ ਗੰਭੀਰ ਨਤੀਜੇ ਹੋਣਗੇ। ਕੋਈ ਵੀ ਸੰਕਟ ਸਾਡੀ ਹਿੰਮਤ ਅਤੇ ਯਤਨਾਂ ਦੀ ਪਰਖ ਕਰਦਾ ਹੈ। ਪਿਛਲੇ 12 ਸਾਲਾਂ 'ਚ ਲਗਾਤਾਰ ਫੈਸਲੇ ਲਏ ਗਏ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਦੇਸ਼ ਅਜਿਹੇ ਸੰਕਟਾਂ ਦਾ ਸਾਹਮਣਾ ਕਰ ਸਕੇ।

### ਧਰਮ ਪਰਿਵਰਤਨ ਨਾਲ ਅਨੁਸੂਚਿਤ ਜਾਤੀ

ਵਿਅਕਤੀ ਜਿਸਨੂੰ ਅਨੁਸੂਚਿਤ ਜਾਤੀ ਦਾ ਮੈਂਬਰ ਨਹੀਂ ਮੰਨਿਆ ਜਾਂਦਾ, ਉਹ ਸੰਵਿਧਾਨ ਜਾਂ ਸੰਸਦ ਜਾਂ ਰਾਜ ਵਿਧਾਨ ਸਭਾ ਦੁਆਰਾ ਬਣਾਏ ਗਏ ਕਿਸੇ ਵੀ ਕਾਨੂੰਨ ਦੇ ਤਹਿਤ ਕਿਸੇ ਵੀ ਕਾਨੂੰਨੀ ਲਾਭ, ਸੁਰੱਖਿਆ, ਰਾਖਵੇਂਕਰਨ ਜਾਂ ਅਧਿਕਾਰਾਂ ਦਾ ਦਾਅਵਾ ਨਹੀਂ ਕਰ ਸਕਦਾ ਜਾਂ ਪ੍ਰਦਾਨ ਨਹੀਂ ਕੀਤਾ ਜਾ ਸਕਦਾ। ਇਹ ਪਾਬੰਦੀ ਪੂਰੀ ਤਰ੍ਹਾਂ ਅਤੇ ਬਿਨਾਂ ਕਿਸੇ ਅਪਵਾਦ ਦੇ ਲਾਗੂ ਹੁੰਦੀ ਹੈ। ਕੋਈ ਵੀ ਵਿਅਕਤੀ ਇੱਕੋ ਸਮੇਂ ਧਾਰਾ 3 ਵਿੱਚ ਦੱਸੇ ਗਏ ਧਰਮ ਤੋਂ ਇਲਾਵਾ ਕਿਸੇ ਹੋਰ ਧਰਮ ਦਾ ਦਾਅਵਾ ਅਤੇ ਅਭਿਆਸ ਨਹੀਂ ਕਰ ਸਕਦਾ ਅਤੇ ਅਨੁਸੂਚਿਤ ਜਾਤੀ ਦੀ ਮੈਂਬਰਸ਼ਿਪ ਦਾ ਦਾਅਵਾ ਨਹੀਂ ਕਰ ਸਕਦਾ। ਸੁਪਰੀਮ ਕੋਰਟ ਨੇ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਇੱਕ ਪੁਰਾਣੇ ਫੈਸਲੇ ਨੂੰ ਬਰਕਰਾਰ ਰੱਖਿਆ, ਜਿਸ ਵਿੱਚ ਕਿਹਾ ਗਿਆ ਸੀ ਕਿ ਜੋ ਲੋਕ ਈਸਾਈ ਧਰਮ ਅਪਣਾਉਂਦੇ ਹਨ ਅਤੇ ਇਸਦਾ ਸਰਗਰਮੀ ਨਾਲ ਅਭਿਆਸ ਕਰਦੇ ਹਨ, ਉਹ ਆਪਣੀ ਅਨੁਸੂਚਿਤ ਜਾਤੀ (ਐਸ.ਸੀ.) ਸਥਿਤੀ ਨੂੰ ਬਰਕਰਾਰ ਨਹੀਂ ਰੱਖ ਸਕਦੇ।

### 'ਮਹਿਲਾ ਅਫਸਰਾਂ ਨੂੰ ਮਿਲੇਗਾ ਪੂਰੀ

ਸਿੰਘ ਦੇ ਬੈਂਚ ਨੇ ਫੈਸਲਾ ਦਿੱਤਾ ਕਿ ਇਨ੍ਹਾਂ ਅਧਿਕਾਰੀਆਂ ਨੂੰ ਪੈਨਸ਼ਨ ਲਈ ਲੋੜੀਂਦੀ 20 ਸਾਲਾਂ ਦੀ ਘੱਟੋ-ਘੱਟ ਸੇਵਾ ਪੂਰੀ ਕੀਤੀ ਮੰਨਿਆ ਜਾਵੇਗਾ, ਭਾਵੇਂ ਉਹ ਇਸ ਮਿਆਦ ਤੋਂ ਪਹਿਲਾਂ ਹੀ ਸੇਵਾਮੁਕਤ ਹੋ ਗਈਆਂ ਹੋਣ। ਅਦਾਲਤ ਨੇ ਸੰਵਿਧਾਨ ਦੀ ਧਾਰਾ 142 ਤਹਿਤ ਆਪਣੀਆਂ ਵਿਸ਼ੇਸ਼ ਸ਼ਕਤੀਆਂ ਦੀ ਵਰਤੋਂ ਕਰਦਿਆਂ ਇਹ ਫੈਸਲਾ ਸੁਣਾਇਆ। ਅਦਾਲਤ ਨੇ ਕਿਹਾ ਕਿ ਮਹਿਲਾ ਅਧਿਕਾਰੀਆਂ ਦੀਆਂ ਸਾਲਾਨਾ ਗੁਪਤ ਰਿਪੋਰਟਾਂ (ਏ.ਸੀ.ਆਰ.) ਲਿਖਣ ਵੇਲੇ 'ਲਾਪਰਵਾਹੀ' ਵਰਤੀ ਗਈ ਸੀ। ਚੀਫ਼ ਜਸਟਿਸ ਨੇ ਨੋਟ ਕੀਤਾ ਕਿ ਇਹ ਰਿਪੋਰਟਾਂ ਇਸ ਪੂਰਵ-ਧਾਰਨਾ ਨਾਲ ਲਿਖੀਆਂ ਗਈਆਂ ਸਨ ਕਿ ਇਨ੍ਹਾਂ ਮਹਿਲਾ ਅਫਸਰਾਂ ਨੇ ਅੱਗੇ ਸਥਾਈ ਕਮਿਸ਼ਨ ਜਾਂ ਕਰੀਅਰ 'ਚ ਤਰੱਕੀ ਨਹੀਂ ਕਰਨੀ, ਜਿਸ ਕਾਰਨ ਉਨ੍ਹਾਂ ਦੀ ਯੋਗਤਾ 'ਤੇ ਮਾੜਾ ਅਸਰ ਪਿਆ।

ਪੈਨਸ਼ਨ ਦੀ ਸ਼ੁਰੂਆਤ 1 ਨਵੰਬਰ 2025 ਤੋਂ ਲਾਗੂ ਹੋਵੇਗੀ। ਸਾਲ 2019, 2020 ਅਤੇ 2021 ਦੇ ਸਿਲੈਕਸ਼ਨ ਬੋਰਡਾਂ ਵਿੱਚ ਵਿਚਾਰੀਆਂ ਗਈਆਂ ਸਾਰੀਆਂ ਐਸ.ਐਸ.ਸੀ.ਮਹਿਲਾ ਅਧਿਕਾਰੀ ਇਸ ਦੇ ਘੇਰੇ 'ਚ ਆਉਣਗੀਆਂ। ਅਦਾਲਤ ਨੇ 'ਆਪਰੇਸ਼ਨਲ ਪ੍ਰਭਾਵਸ਼ੀਲਤਾ' ਦਾ ਹਵਾਲਾ ਦਿੰਦੇ ਹੋਏ ਅਧਿਕਾਰੀਆਂ ਨੂੰ ਦੁਬਾਰਾ ਨੌਕਰੀ 'ਤੇ ਰੱਖਣ ਤੋਂ ਇਨਕਾਰ ਕਰ ਦਿੱਤਾ ਹੈ, ਪਰ ਸਪੱਸ਼ਟ ਕੀਤਾ ਕਿ ਵਿੱਤੀ ਲਾਭਾਂ ਤੋਂ ਵਾਂਝਾ ਨਹੀਂ ਰੱਖਿਆ ਜਾ ਸਕਦਾ। ਅਦਾਲਤ ਨੇ ਉਨ੍ਹਾਂ ਅਧਿਕਾਰੀਆਂ ਲਈ ਵਿੰਗ ਕਮਾਂਡਰ ਦੇ ਰੈਂਕ ਤੱਕ ਦੀ ਤਰੱਕੀ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ ਜੋ ਹੁਣ ਸਰਗਰਮ ਸੇਵਾ ਵਿੱਚ ਨਹੀਂ ਹਨ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਪਹਿਲਾਂ ਦਲੀਲ ਦਿੱਤੀ ਸੀ ਕਿ ਫੌਜ ਦੀ ਪ੍ਰਕਿਰਿਆ ਲਿੰਗ-ਨਿਰਪੱਖ ਹੈ ਅਤੇ ਇਹ ਨੀਤੀ ਫੌਜ ਨੂੰ ਨੌਜਵਾਨ ਰੱਖਣ ਲਈ ਬਣਾਈ ਗਈ ਹੈ। ਹਾਲਾਂਕਿ, ਅਦਾਲਤ ਨੇ ਮਹਿਲਾ ਅਧਿਕਾਰੀਆਂ ਦੇ ਹੱਕ 'ਚ ਫੈਸਲਾ ਸੁਣਾ ਕੇ ਉਨ੍ਹਾਂ ਨਾਲ ਹੋਈ ਬੇਇਨਸਾਫੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਵਿਸਤ੍ਰਿਤ ਫੈਸਲੇ ਦੀ ਉਡੀਕ ਕੀਤੀ ਜਾ ਰਹੀ ਹੈ।

### ਭੁੱਲਰ ਦੀ ਗ੍ਰਿਫ਼ਤਾਰੀ ਮਗਰੋਂ ਚੀਮਾ ਨੂੰ ਮਿਲਿਆ ਟਰਾਂਸਪੋਰਟ

ਦੂਜੇ ਪਾਸੇ, ਡਾ. ਰਵਜੋਤ ਸਿੰਘ ਨੂੰ ਐਨ.ਆਰ.ਆਈ. ਮਾਮਲਿਆਂ ਦੇ ਨਾਲ ਜੇਲ੍ਹ ਵਿਭਾਗ\2 ਸੌਂਪਿਆ ਗਿਆ ਹੈ। ਇਸ ਫੈਸਲੇ ਨੇ ਤੁਰੰਤ ਕੈਬਨਿਟ ਵਿੱਚ ਕਿਸੇ ਵੱਡੇ ਫੇਰਬਦਲ ਦੀਆਂ ਅਟਕਲਾਂ 'ਤੇ ਵਿਰਾਮ ਲਗਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਲਾਲਜੀਤ ਭੁੱਲਰ 'ਤੇ ਇੱਕ ਅਧਿਕਾਰੀ ਗਗਨਦੀਪ ਸਿੰਘ ਰੰਧਾਵਾ ਨੂੰ ਖੁਦਕੁਸ਼ੀ ਲਈ ਉਕਸਾਉਣ ਦੇ ਦੋਸ਼ ਲੱਗਣ ਤੋਂ ਬਾਅਦ ਸ਼ਨਿੱਚਰਵਾਰ ਨੂੰ ਉਨ੍ਹਾਂ ਦਾ ਅਸਤੀਫ਼ਾ ਮੰਗਿਆ ਗਿਆ ਸੀ। ਇਸੇ ਕਰਕੇ ਪੰਜਾਬ ਸਰਕਾਰ ਨੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਵਿਭਾਗਾਂ ਨੂੰ ਹੋਰਨਾਂ ਮੰਤਰੀਆਂ ਨੂੰ ਸੌਂਪ ਦਿੱਤਾ ਹੈ।

### ਹਿਮਾਚਲ ਐਂਟਰੀ ਟੈਕਸ ਦੇ ਵਿਰੋਧ 'ਚ ਪੰਜਾਬ

ਭਾਰਤੀ ਕਿਸਾਨ ਯੂਨੀਅਨ (ਬਹਿਰਾਮਕੇ) ਅਤੇ ਹੋਰ ਕਈ ਜਥੇਬੰਦੀਆਂ ਦੇ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਆਗੂਆਂ ਨੇ ਦੱਸਿਆ ਕਿ ਪਹਿਲਾਂ ਜੋ ਐਂਟਰੀ ਟੈਕਸ ਕਰੀਬ 70 ਰੁਪਏ ਸੀ, ਉਸ ਨੂੰ ਵਧਾ ਕੇ 170 ਰੁਪਏ ਕਰ ਦਿੱਤਾ ਗਿਆ ਹੈ, ਜਦਕਿ ਵੱਡੇ ਵਾਹਨਾਂ 'ਤੇ ਇਹ ਸ਼ੁਲਕ 400 ਤੋਂ 900 ਰੁਪਏ ਤੱਕ ਪਹੁੰਚ ਗਿਆ ਹੈ। ਪ੍ਰਦਰਸ਼ਨਕਾਰੀਆਂ ਅਨੁਸਾਰ ਇਹ ਵਾਧਾ 100 ਫ਼ੀਸਦੀ ਤੋਂ ਵੀ ਵੱਧ ਹੈ, ਜੋ ਖ਼ਾਸ ਕਰਕੇ ਸਰਹੱਦੀ ਇਲਾਕਿਆਂ ਦੇ ਰੋਜ਼ਾਨਾ ਆਉਣ-ਜਾਣ ਵਾਲੇ ਲੋਕਾਂ 'ਤੇ ਸਿੱਧਾ ਆਰਥਿਕ ਬੋਝ ਹੈ।

### ਕਿਸਾਨਾਂ ਦੀ ਆਮਦਨ ਸਿਰਫ਼ ਦੁੱਗਣੀ

ਉਨ੍ਹਾਂ ਕਿਹਾ ਕਿ ਇਹ ਗਲਤ ਧਾਰਨਾ ਬਣਾਈ ਜਾ ਰਹੀ ਹੈ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਮੋਦੀ ਸਰਕਾਰ ਦਾ ਵਾਅਦਾ ਪੂਰਾ ਨਹੀਂ ਹੋਇਆ। ਖੇਤੀਬਾੜੀ ਮੰਤਰੀ ਨੇ ਹਰਿਆਣਾ ਦੇ ਰੇਵਾੜੀ ਦੇ ਇਕ ਕਿਸਾਨ ਦਾ ਨਾਂ ਲੈਂਦੇ ਹੋਏ ਕਿਹਾ ਕਿ ਉਹ ਅਜਿਹੇ ਕਈ ਕਿਸਾਨਾਂ ਦੇ ਨਾਂ ਗਿਣਾ ਸਕਦੇ ਹਨ, ਜਿਨ੍ਹਾਂ ਦੀ ਆਮਦਨੀ ਦੁੱਗਣੀ ਤੋਂ ਵੱਧ ਹੋਈ ਹੈ। ਚੌਹਾਨ ਨੇ ਕਿਹਾ, "ਇਸ ਲਈ ਅਸੀਂ ਗੰਭੀਰਤਾ ਨਾਲ ਉਪਾਅ ਕੀਤੇ ਹਨ। ਅਸੀਂ ਖੇਤੀਬਾੜੀ ਬਜਟ ਵਧਾ ਕੇ 130,000 ਕਰੋੜ ਰੁਪਏ ਤੋਂ ਵੱਧ ਕੀਤਾ। ਅਸੀਂ ਉਤਪਾਦਨ ਅਤੇ ਉਤਪਾਦਕਤਾ ਵਧਾਈ ਅਤੇ 2014 ਤੋਂ ਬਾਅਦ ਦੇਸ਼ 'ਚ 44 ਫੀਸਦੀ ਵੱਖ-ਵੱਖ ਅਨਾਜਾਂ ਦਾ ਉਤਪਾਦਨ ਵਧਿਆ ਹੈ। ਕਿਸਾਨਾਂ ਨੂੰ 6 ਹਜ਼ਾਰ ਰੁਪਏ ਦੀ ਕਿਸਾਨ ਸਨਮਾਨ ਨਿਧੀ (ਫੰਡ) ਉਨ੍ਹਾਂ ਦੇ ਖਾਤਿਆਂ 'ਚ ਦਿੱਤਾ ਜਾਂਦਾ ਹੈ। ਰਾਜਗ ਸਰਕਾਰ ਨੇ ਕਿਸਾਨਾਂ ਨੂੰ 28 ਲੱਖ ਕਰੋੜ ਰੁਪਏ ਸੰਸਥਾਗਤ ਕਰਜ਼ੇ ਵੀ ਦਿੱਤੇ ਹਨ।" ਸਮਾਜਵਾਦੀ ਪਾਰਟੀ (ਸਪਾ) ਦੇ ਮੈਂਬਰ ਧਰਮਿੰਦਰ ਯਾਦਵ ਨੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨਾਲ ਸਬੰਧਤ ਇਕ ਪੂਰਕ ਸਵਾਲ ਪੁੱਛਿਆ। ਜਦੋਂ ਉਨ੍ਹਾਂ ਨੇ ਕੁਝ ਹੋਰ ਕਹਿਣ ਦੀ ਕੋਸ਼ਿਸ਼ ਕੀਤੀ, ਤਾਂ ਸਪੀਕਰ ਨੇ ਇਜਾਜ਼ਤ ਨਹੀਂ ਦਿੱਤੀ। ਉਨ੍ਹਾਂ ਨੂੰ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰਦੇ ਹੋਏ ਉੱਚੀ ਆਵਾਜ਼ 'ਚ ਸੁਣਿਆ ਗਿਆ। ਸਪੀਕਰ ਬਿਰਲਾ ਨੇ ਪ੍ਰਸ਼ਨ ਕਾਲ ਦੌਰਾਨ ਸੰਖੇਪ ਪ੍ਰਸ਼ਨ ਅਤੇ ਉੱਤਰ ਦੀ ਮੰਗ ਕਰਦੇ ਹੋਏ ਕਿਹਾ, 'ਮੈਂ ਮੈਂਬਰਾਂ ਅਤੇ ਮੰਤਰੀਆਂ ਨੂੰ ਬੇਨਤੀ ਕਰਦਾ ਹਾਂ ਕਿ ਕਿਸੇ ਵੀ ਸਮੇਂ ਇੰਨਾ ਪਰੇਸ਼ਾਨ ਹੋਣ ਦੀ ਜ਼ਰੂਰਤ ਨਹੀਂ ਹੈ।' ਖੇਤੀਬਾੜੀ ਦੇ ਵਿਸ਼ੇ 'ਤੇ ਸਾਢੇ ਚਾਰ ਘੰਟੇ ਸਦਨ 'ਚ ਬਹੁਤ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ ਅਤੇ ਸਾਰਿਆਂ ਨੂੰ ਕਾਫ਼ੀ ਮੌਕਾ ਮਿਲਿਆ ਸੀ।" ਉਨ੍ਹਾਂ ਕਿਹਾ ਕਿ ਪ੍ਰਸ਼ਨ ਕਾਲ ਦਾ ਸਮਾਂ ਸੀਮਿਤ ਹੈ, ਇਸ ਲਈ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਲੰਬੇ ਪ੍ਰਸ਼ਨ ਨਾ ਪੁੱਛਣ ਅਤੇ ਮੰਤਰੀਆਂ ਨੂੰ ਵੀ ਵਿਸਥਾਰਪੂਰਵਕ ਉੱਤਰ ਨਹੀਂ ਦੇਣੇ ਚਾਹੀਦੇ, ਸਗੋਂ ਸੰਖੇਪ ਉੱਤਰ ਦੇਣੇ ਚਾਹੀਦੇ ਹਨ।

### ਪੰਜਾਬ 'ਚ ਪਹਿਲੀ ਹੋਵੇਗੀ ਏਸ਼ੀਅਨ ਹਾਕੀ ਚੈਂਪੀਅਨਜ਼ ਟਰਾਫ਼ੀ

ਸੂਬੇ ਵਿੱਚ ਹਾਕੀ ਨੂੰ ਵੱਡਾ ਹੁਲਾਰਾ ਦੇਵੇਗਾ।"

ਇਸ ਟੂਰਨਾਮੈਂਟ ਦੀ ਅਹਿਮੀਅਤ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਹਾਕੀ ਵਿੱਚ ਪੰਜਾਬੀਆਂ ਦੀ ਸਰਦਾਰੀ ਹੋਣ ਦੇ ਬਾਵਜੂਦ ਪੰਜਾਬ ਨੇ ਹੁਣ ਤੱਕ ਕਦੇ ਵੀ ਕਿਸੇ ਵੱਡੇ ਹਾਕੀ ਟੂਰਨਾਮੈਂਟ ਦੀ ਮੇਜ਼ਬਾਨੀ ਨਹੀਂ ਕੀਤੀ। ਪਹਿਲੀ ਵਾਰ, ਪੰਜਾਬ ਅਕਤੂਬਰ ਵਿੱਚ ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਕਰੇਗਾ ਅਤੇ ਇਹ ਏਸ਼ੀਆ ਦਾ ਸਭ ਤੋਂ ਵੱਕਾਰੀ ਹਾਕੀ ਟੂਰਨਾਮੈਂਟ ਹੈ।" ਉਨ੍ਹਾਂ ਅੱਗੇ ਕਿਹਾ, "ਹਾਕੀ ਮੈਚ ਮੋਹਾਲੀ ਦੇ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਅਤੇ ਜਲੰਧਰ ਦੇ ਸੁਰਜੀਤ ਹਾਕੀ ਸਟੇਡੀਅਮ ਜਲੰਧਰ ਵਿਖੇ ਹੋਣਗੇ।"

ਮੁੱਖ ਮੰਤਰੀ ਨੇ ਬੈਡਮਿੰਟਨ ਚੈਂਪੀਅਨਸ਼ਿਪ ਦੀ ਵਾਪਸੀ ਦਾ ਐਲਾਨ ਵੀ ਕੀਤਾ। ਉਨ੍ਹਾਂ ਦੱਸਿਆ, "40 ਸਾਲਾਂ ਬਾਅਦ ਸੂਬੇ ਨੂੰ ਜਲੰਧਰ ਵਿਖੇ ਰਾਸ਼ਟਰੀ ਬੈਡਮਿੰਟਨ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਮਿਲੀ ਹੈ। ਇਹ ਟੂਰਨਾਮੈਂਟ ਅੰਡਰ-13 ਵਰਗ ਲਈ ਹੋਵੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਸੂਬੇ ਨੂੰ ਸਮੁੱਚੇ ਵਿਕਾਸ ਤੇ ਖੇਡਾਂ ਲਈ ਹੁਲਾਰਾ ਮਿਲੇ।" ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਉਨ੍ਹਾਂ ਅੱਗੇ ਕਿਹਾ, "ਸੂਬਾ ਸਰਕਾਰ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਲਾਉਣ ਲਈ ਖੇਡਾਂ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ।"

ਪੰਜਾਬ ਦੀ ਮਹਾਨ ਖੇਡ ਵਿਰਾਸਤ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਨੇ ਕਈ ਮਹਾਨ ਖਿਡਾਰੀ ਪੈਦਾ ਕੀਤੇ ਹਨ ਅਤੇ ਸੂਬੇ ਦਾ ਸਦੀਆਂ ਤੋਂ ਖੇਡਾਂ ਨਾਲ ਗਹਿਰਾ ਨਾਤਾ ਹੈ।" ਉਨ੍ਹਾਂ ਕਿਹਾ, "ਸਾਡੇ ਮਹਾਨ ਸਿੱਖ ਗੁਰੂਆਂ ਨੇ ਖੇਡਾਂ ਰਾਹੀਂ ਨਾ ਸਿਰਫ ਅਧਿਆਤਮਿਕਤਾ ਸਗੋਂ ਸਰੀਰਕ ਤੰਦਰੁਸਤੀ ਨੂੰ ਵੀ ਉਤਸ਼ਾਹਿਤ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ ਸਰੀਰਕ ਤੰਦਰੁਸਤੀ ਲਈ ਮੱਲ ਅਖਾੜਾ ਕਾਇਮ ਕੀਤਾ ਅਤੇ ਗੁਰੂ ਸਾਹਿਬ ਜੀ ਆਪਣੀ ਦੇਖ-ਰੇਖ ਹੇਠ ਕਸਰਤ ਤੇ ਕੁਸ਼ਤੀਆਂ ਕਰਵਾਉਂਦੇ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਨੌਜਵਾਨਾਂ ਨੂੰ ਘੋੜ ਸਵਾਰੀ ਤੇ ਤੀਰ ਅੰਦਾਜ਼ੀ ਵਿਚ ਮਾਹਿਰ ਕੀਤਾ।" ਉਨ੍ਹਾਂ ਕਿਹਾ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸ ਵੇਲੇ ਦੀਆਂ ਹਰੇਕ ਪ੍ਰਕਾਰ ਦੀਆਂ ਖੇਡਾਂ ਅਤੇ ਯੁੱਧ-ਕਲਾਵਾਂ ਵਿਚ ਨਿਪੁੰਨ ਸਨ। ਅੱਜ ਵੀ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਚ ਹਰੇਕ ਸਾਲ ਹੋਲੇ-ਮਹੱਲੇ ਮੌਕੇ ਰਵਾਇਤੀ ਖੇਡਾਂ ਦਾ ਸ਼ਾਨਦਾਰ ਪ੍ਰਦਰਸ਼ਨ ਹੁੰਦਾ ਹੈ।"

ਆਧੁਨਿਕ ਖੇਡਾਂ ਵਿੱਚ ਪੰਜਾਬ ਦੇ ਯੋਗਦਾਨ ਨੂੰ ਦਰਸਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ, ਭਾਰਤ ਦੀ ਆਸਟ੍ਰੇਲੀਆ ਟੂਰ ਟੀਮ ਦੇ ਕਪਤਾਨ ਹਾਰਦਿਕ ਸਿੰਘ, ਭਾਰਤੀ ਪੁਰਸ ਕ੍ਰਿਕਟ ਟੀਮ ਦੇ ਕਪਤਾਨ ਸੁਭਮਨ ਗਿੱਲ, ਭਾਰਤੀ ਮਹਿਲਾ ਕ੍ਰਿਕਟ ਟੀਮ ਦੇ ਕਪਤਾਨ ਹਰਮਨਪ੍ਰੀਤ ਕੌਰ, ਭਾਰਤੀ ਬਾਸਕਟਬਾਲ ਟੀਮ ਦੇ ਕਪਤਾਨ ਪਲਪ੍ਰੀਤ ਸਿੰਘ ਬਰਾੜ, ਭਾਰਤੀ ਫੁੱਟਬਾਲ ਟੀਮ ਦੇ ਕਪਤਾਨ ਰਹੇ ਗੁਰਪ੍ਰੀਤ ਸਿੰਘ ਸੰਧੂ ਅਤੇ ਹਾਲ ਹੀ ਵਿੱਚ ਟੀ-20 ਵਿਸਵ ਕੱਪ ਜਿੱਤਣ ਵਾਲੇ ਅਭਿਸੇਕ ਸਰਮਾ ਅਤੇ ਅਰਸਦੀਪ ਸਿੰਘ ਸਾਰੇ ਪੰਜਾਬ ਤੋਂ ਹਨ।" ਉਨ੍ਹਾਂ ਅੱਗੇ ਕਿਹਾ, "ਇਹ ਸਾਰੇ ਖਿਡਾਰੀ ਸੂਬੇ ਅਤੇ ਦੇਸ ਲਈ ਨਾਮਣਾ ਖੱਟ ਚੁੱਕੇ ਹਨ ਅਤੇ ਨੌਜਵਾਨਾਂ ਨੂੰ ਪ੍ਰੇਰਿਤ ਕਰ ਰਹੇ ਹਨ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ, "ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਪਿਛਲੇ ਸਾਲ ਹਰਮਨਪ੍ਰੀਤ ਕੌਰ ਦੀ ਅਗਵਾਈ ਵਿੱਚ ਇਕ ਰੋਜ਼ਾ ਵਿਸਵ ਕੱਪ ਜਿੱਤਿਆ ਸੀ, ਜਿਸ ਵਿੱਚ ਅਮਨਜੋਤ ਕੌਰ ਅਤੇ ਹਰਲੀਨ ਦਿਓਲ ਵਰਗੀਆਂ ਖਿਡਾਰਨਾਂ ਸਨ।"

ਉਨ੍ਹਾਂ ਅੱਗੇ ਕਿਹਾ, "ਹਾਕੀ ਅਤੇ ਪੰਜਾਬ ਨੂੰ ਇਕੋ ਸਿੱਕੇ ਦੇ ਦੋ ਪਾਸੇ ਮੰਨਿਆ ਜਾਂਦਾ ਹੈ ਅਤੇ ਪੰਜਾਬੀ ਖਿਡਾਰੀਆਂ ਤੋਂ ਬਿਨਾਂ ਭਾਰਤੀ ਹਾਕੀ ਦੀ ਕਲਪਨਾ ਕਰਨਾ ਅਸੰਭਵ ਹੈ।" ਉਨ੍ਹਾਂ ਕਿਹਾ, "50 ਤੋਂ ਵੱਧ ਪੰਜਾਬੀ ਹਾਕੀ ਖਿਡਾਰੀਆਂ ਨੇ ਓਲੰਪਿਕ ਤਗਮੇ ਜਿੱਤੇ ਹਨ ਅਤੇ 10 ਪੰਜਾਬੀ ਖਿਡਾਰੀਆਂ ਨੇ ਓਲੰਪਿਕ ਹਾਕੀ ਵਿੱਚ ਭਾਰਤ ਦੀ ਕਪਤਾਨੀ ਕੀਤੀ ਹੈ।"

ਇਤਿਹਾਸਕ ਪ੍ਰਾਪਤੀਆਂ ਦਾ ਹਵਾਲਾ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ, "ਬਲਬੀਰ ਸਿੰਘ ਸੀਨੀਅਰ ਅਤੇ ਊਧਮ ਸਿੰਘ ਨੇ ਤਿੰਨ-ਤਿੰਨ ਓਲੰਪਿਕ ਸੋਨ ਤਗਮੇ ਜਿੱਤੇ ਅਤੇ ਅਜੀਤ ਪਾਲ ਸਿੰਘ ਇਕਲੌਤਾ ਖਿਡਾਰੀ ਹੈ ਜਿਸ ਦੀ ਕਪਤਾਨੀ ਵਿੱਚ 1975 ਵਿੱਚ ਭਾਰਤ ਨੇ ਹਾਕੀ ਵਿਸਵ ਕੱਪ ਜਿੱਤਿਆ।"

ਉਨ੍ਹਾਂ ਅੱਗੇ ਕਿਹਾ, "ਪ੍ਰਿਥੀਪਾਲ ਸਿੰਘ, ਸੁਰਜੀਤ ਸਿੰਘ, ਹਰਚਰਨ ਸਿੰਘ ਅਤੇ ਸੁਰਿੰਦਰ ਸਿੰਘ ਸੋਢੀ ਵਰਗੇ ਮਹਾਨ ਖਿਡਾਰੀ ਪੰਜਾਬ ਦੇ ਹਨ। ਉਨ੍ਹਾਂ ਕਿਹਾ ਕਿ ਸੰਸਾਰਪੁਰ, ਖੁਸਰੋਪੁਰ ਅਤੇ ਮਿੱਠਾਪੁਰ ਵਰਗੇ ਪਿੰਡਾਂ ਨੇ 20 ਤੋਂ ਵੱਧ ਓਲੰਪੀਅਨ ਪੈਦਾ ਕੀਤੇ ਹਨ।" ਉਨ੍ਹਾਂ ਅੱਗੇ ਕਿਹਾ, "ਟੋਕੀਓ ਓਲੰਪਿਕ 2021 ਵਿੱਚ ਭਾਰਤ ਨੇ 41 ਸਾਲਾਂ ਬਾਅਦ ਕਾਂਸੀ ਦਾ ਤਗਮਾ ਜਿੱਤਿਆ, ਜਿਸ ਦੀ ਅਗਵਾਈ ਮਨਪ੍ਰੀਤ ਸਿੰਘ ਸਮੇਤ 9 ਪੰਜਾਬੀ ਖਿਡਾਰੀਆਂ ਨਾਲ ਕੀਤੀ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,"ਪੈਰਿਸ ਓਲੰਪਿਕ-2024 ਵਿੱਚ 10 ਪੰਜਾਬੀ ਖਿਡਾਰੀਆਂ ਵਾਲੀ ਭਾਰਤੀ ਹਾਕੀ ਟੀਮ ਨੇ ਫਿਰ ਕਾਂਸੀ ਦਾ ਤਗਮਾ ਜਿੱਤਿਆ ਸੀ, ਉਦੋਂ ਹਰਮਨਪ੍ਰੀਤ ਸਿੰਘ ਕਪਤਾਨ ਸੀ ਅਤੇ ਟਾਪ ਸਕੋਰਰ ਵੀ।"

ਆਗਾਮੀ ਟੂਰਨਾਮੈਂਟ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,"ਭਾਰਤ, ਪਾਕਿਸਤਾਨ, ਦੱਖਣੀ ਕੋਰੀਆ, ਜਾਪਾਨ, ਮਲੇਸ਼ੀਆ ਅਤੇ ਚੀਨ ਦੀਆਂ ਟੀਮਾਂ ਇਸ ਮੈਗਾ ਈਵੈਂਟ ਵਿੱਚ ਹਿੱਸਾ ਲੈਣਗੀਆਂ।" ਉਨ੍ਹਾਂ ਅੱਗੇ ਕਿਹਾ,"ਮੈਚਾਂ ਤੋਂ ਪਹਿਲਾਂ ਪੰਜਾਬੀ ਸੱਭਿਆਚਾਰ ਦੇ ਪ੍ਰਦਰਸ਼ਨ ਵਜੋਂ ਪੰਜਾਬ ਵੱਲੋਂ ਭੰਗੜੇ ਅਤੇ ਗਿੱਧੇ ਦੀ ਪੇਸ਼ਕਾਰੀ ਹੋਵੇਗੀ, ਜੋ ਨਾ ਕੇਵਲ ਦਿਲ ਟੁੰਬੇਗੀ ਸਗੋਂ ਨੌਜਵਾਨਾਂ ਨੂੰ ਹਾਕੀ ਵੱਲ ਵੀ ਪ੍ਰੇਰਿਤ ਕਰੇਗੀ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਖੇਡਾਂ ਨੂੰ ਹੁਲਾਰਾ ਦੇਣ ਲਈ ਸਾਲ 2023 ਵਿੱਚ ਨਵੀਂ ਖੇਡ ਨੀਤੀ ਪੇਸ਼ ਕੀਤੀ ਗਈ ਸੀ, ਜਿਸ ਤਹਿਤ ਓਲੰਪਿਕ ਦੀ ਤਿਆਰੀ ਲਈ 15 ਲੱਖ ਰੁਪਏ ਅਤੇ ਏਸ਼ੀਆਈ ਖੇਡਾਂ ਲਈ 8 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੀ ਵਿਵਸਥਾ ਹੈ।"

ਉਨ੍ਹਾਂ ਅੱਗੇ ਕਿਹਾ, "2023 ਦੀਆਂ ਏਸ਼ੀਆਈ ਖੇਡਾਂ ਵਿੱਚ, ਪੰਜਾਬ ਦੇ ਐਥਲੀਟਾਂ ਨੇ 20 ਤਗਮੇ ਜਿੱਤੇ, ਜੋ ਕਿ ਇੱਕ ਇਤਿਹਾਸਕ ਰਿਕਾਰਡ ਹੈ।" ਉਨ੍ਹਾਂ ਅੱਗੇ ਕਿਹਾ, "ਓਲੰਪਿਕ ਦੇ ਕਾਂਸੀ ਤਮਗਾ ਜੇਤੂਆਂ (ਪੈਰਿਸ 2024) ਨੂੰ ਇਕ-ਇਕ ਕਰੋੜ ਰੁਪਏ ਦਿੱਤੇ ਗਏ ਅਤੇ ਏਸ਼ੀਆਈ ਖੇਡਾਂ ਦੇ ਸੋਨ ਤਮਗਾ ਜੇਤੂਆਂ ਨੂੰ ਵੀ ਇਕ ਕਰੋੜ ਰੁਪਏ ਦੇ ਕੇ ਹੌਸਲਾ-ਅਫ਼ਜ਼ਾਈ ਕੀਤੀ ਗਈ।" ਮੁੱਖ ਮੰਤਰੀ ਨੇ ਕਿਹਾ, "9 ਓਲੰਪਿਕ ਤਮਗਾ ਜੇਤੂਆਂ ਨੂੰ ਪੀ.ਸੀ.ਐਸ. ਅਤੇ ਡੀ.ਐਸ.ਪੀ. ਦੀਆਂ ਨੌਕਰੀਆਂ ਦਿੱਤੀਆਂ ਗਈਆਂ ਅਤੇ ਪਿਛਲੇ ਚਾਰ ਸਾਲਾਂ ਦੌਰਾਨ ਲੱਗਭੱਗ 100 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਵੰਡੀ ਗਈ ਹੈ।" ਉਨ੍ਹਾਂ ਅੱਗੇ ਕਿਹਾ, "ਖੇਡਾਂ ਦੇ ਬਜਟ ਵਿੱਚ 2026-27 ਵਿੱਚ 1791 ਕਰੋੜ ਰੁਪਏ ਦਾ ਇਤਿਹਾਸਕ ਵਾਧਾ ਕੀਤਾ ਗਿਆ , ਜੋ ਕਿ 2023-24 ਵਿੱਚ ਸਿਰਫ 350 ਕਰੋੜ ਰੁਪਏ ਸੀ।" ਉਨ੍ਹਾਂ ਅੱਗੇ ਕਿਹਾ, "ਕੋਚਾਂ ਦੀ ਗਿਣਤੀ 500 ਤੋਂ ਵਧਾ ਕੇ 2458 ਕਰ ਦਿੱਤੀ ਗਈ ਹੈ ਅਤੇ 324 ਨਵੇਂ ਕੋਚ ਭਰਤੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ 48 ਹੋਣਹਾਰ ਖਿਡਾਰੀਆਂ ਨੂੰ ਬਤੌਰ ਕੋਚ ਨਿਯੁਕਤ ਕੀਤਾ ਗਿਆ ਹੈ।""

ਜ਼ਮੀਨੀ ਪੱਧਰ 'ਤੇ ਖੇਡਾਂ ਨੂੰ ਹੋਰ ਪ੍ਰਫੁੱਲਿਤ ਕਰਨ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਖੇਡਾਂ ਵਤਨ ਪੰਜਾਬ ਦੀਆਂ, ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਕਰਵਾਈਆਂ ਜਾ ਰਹੀਆਂ ਹਨ।" ਉਨ੍ਹਾਂ ਅੱਗੇ ਕਿਹਾ,"ਇਨ੍ਹਾਂ ਖੇਡਾਂ ਵਿੱਚ 14 ਤੋਂ 60 ਸਾਲ ਤੋਂ ਵੱਧ ਉਮਰ ਵਾਲੇ ਖਿਡਾਰੀਆਂ ਨੇ ਭਾਗ ਲਿਆ ਅਤੇ ਸਾਲ 2023-24 ਵਿੱਚ ਲੱਗਭੱਗ 3.5 ਲੱਖ ਖਿਡਾਰੀਆਂ ਨੇ ਹਿੱਸਾ ਲਿਆ, ਇਹ ਗਿਣਤੀ 2024-25 ਵਿੱਚ ਵੱਧ ਕੇ 5 ਲੱਖ ਤੱਕ ਜਾ ਪਹੁੰਚੀ ।" ਉਨ੍ਹਾਂ ਅੱਗੇ ਕਿਹਾ, "10,000 ਤਗਮਾ ਜੇਤੂਆਂ ਨੂੰ ਸਾਲਾਨਾ 10 ਕਰੋੜ ਰੁਪਏ ਇਨਾਮੀ ਰਾਸ਼ੀ ਦਿੱਤੀ ਜਾ ਰਹੀ ਹੈ ਅਤੇ ਤਿੰਨ ਸਾਲਾਂ ਵਿੱਚ 97.3 ਕਰੋੜ ਰੁਪਏ ਖਰਚ ਕੀਤੇ ਗਏ ਹਨ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,"ਖੇਡਾਂ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਸਭ ਤੋਂ ਅਸਰਦਾਰ ਤੇ ਕਾਰਗਰ ਹਥਿਆਰ ਹਨ, ਇਸੇ ਕਰਕੇ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰ ਰਹੀ ਹੈ।"

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਦੇ ਯਤਨਾਂ ਸਦਕਾ 14 ਸਾਲਾਂ ਬਾਅਦ ਸਾਲ 2025 ਵਿੱਚ ਕਿਲਾ ਰਾਏਪੁਰ ਖੇਡ ਮੇਲੇ ਨੂੰ ਕਾਨੂੰਨ ਲਿਆ ਕੇ ਮੁੜ ਸੁਰਜੀਤ ਕੀਤਾ ਗਿਆ ਅਤੇ ਅਰਸੇ ਬਾਅਦ ਬੈਲ ਗੱਡੀਆਂ ਦੀਆਂ ਦੌੜਾਂ ਹੋਈਆਂ ।" ਉਨ੍ਹਾਂ ਕਿਹਾ, " ਮਿੰਨੀ ਓਲੰਪਿਕ ਵਜੋਂ ਜਾਣੇ ਜਾਂਦੇ ਇਸ ਪੇਂਡੂ ਖੇਡ ਮੇਲੇ ਦੀ ਪੁਨਰ ਸੁਰਜੀਤੀ ਵੱਲ ਪਹਿਲਾਂ ਕਿਸੇ ਨੇ ਵੀ ਇੱਛਾ ਨਹੀਂ ਸੀ ਦਿਖਾਈ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਆਪ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦੇ ਰਹੀ ਹੈ, ਜਿਸ ਵਿੱਚ 1350 ਕਰੋੜ ਰੁਪਏ ਦੀ ਲਾਗਤ ਨਾਲ 3100 ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ।" ਉਨ੍ਹਾਂ ਅੱਗੇ ਕਿਹਾ, "101.8 ਕਰੋੜ ਦੀ ਲਾਗਤ ਨਾਲ 3000 ਜਿੰਮ ਅਤਿ-ਆਧੁਨਿਕ ਉਪਕਰਣਾਂ ਨਾਲ ਲੈਸ ਕੀਤੇ ਜਾ ਰਹੇ ਹਨ ਅਤੇ ਖਿਡਾਰੀਆਂ ਨੂੰ 50 ਕਰੋੜ ਰੁਪਏ ਦੀਆਂ 17000 ਖੇਡ ਕਿੱਟਾਂ ਵੰਡੀਆਂ ਗਈਆਂ ਹਨ।"

ਉਨ੍ਹਾਂ ਅੱਗੇ ਕਿਹਾ, "ਐਥਲੀਟਾਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ ਹੈ ਅਤੇ ਸਿਖਲਾਈ ਪ੍ਰਾਪਤ ਐਥਲੀਟਾਂ ਦੇ ਰੋਜ਼ਾਨਾ ਖੁਰਾਕ ਭੱਤੇ ਨੂੰ 240 ਰੁਪਏ ਤੋਂ ਵਧਾ ਕੇ 480 ਰੁਪਏ ਕਰ ਦਿੱਤਾ ਗਿਆ ਹੈ, ਜਿਸ ਵਿੱਚ 13 ਸੈਂਟਰ ਆਫ਼ ਐਕਸੀਲੈਂਸ ਵਿੱਚ ਪੋਸ਼ਣ-ਅਧਾਰਤ ਮੀਨੂ ਸ਼ਾਮਲ ਹਨ।"

ਬੁਨਿਆਦੀ ਢਾਂਚੇ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੋਹਾਲੀ, ਬਠਿੰਡਾ ਅਤੇ ਲੁਧਿਆਣਾ ਵਿੱਚ ਹਾਕੀ ਐਸਟਰੋਟਰਫ ਨੂੰ ਬਦਲ ਦਿੱਤਾ ਗਿਆ ਹੈ ਅਤੇ ਮੋਹਾਲੀ ਵਿੱਚ ਨਵਾਂ ਸਿੰਥੈਟਿਕ ਟਰੈਕ ਬਣਾਇਆ ਗਿਆ ਹੈ, ਜਿਸ ਉੱਪਰ 9 ਕਰੋੜ ਰੁਪਏ ਖਰਚੇ ਗਏ ਹਨ।" ਉਨ੍ਹਾਂ ਅੱਗੇ ਕਿਹਾ, "ਸਪੋਰਟਸ ਮੈਡੀਸਨ ਕਾਡਰ ਵਿੱਚ 113 ਅਸਾਮੀਆਂ ਸਿਰਜੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ 92 ਭਰੀਆਂ ਗਈਆਂ ਹਨ।" ਉਨ੍ਹਾਂ ਅੱਗੇ ਕਿਹਾ ਕਿ ਅੰਮ੍ਰਿਤਸਰ, ਪਟਿਆਲਾ, ਲੁਧਿਆਣਾ ਅਤੇ ਬਠਿੰਡਾ ਸਮੇਤ ਵੱਡੇ ਸ਼ਹਿਰਾਂ ਵਿੱਚ ਡਾਕਟਰ ਅਤੇ ਫਿਜ਼ੀਓਥੈਰੇਪਿਸਟ ਤਾਇਨਾਤ ਕੀਤੇ ਗਏ ਹਨ।"

# ਇੱਛਾ ਮੌਤ ਦੀ ਇਜਾਜ਼ਤ ਪਾਉਣ ਵਾਲੇ ਹਰੀਸ਼ ਰਾਣਾ ਦਾ ਏਮਜ਼ ਦਿੱਲੀ 'ਚ ਦੇਹਾਂਤ





ਨਵੀਂ ਦਿੱਲੀ, 24 ਮਾਰਚ (ਚ.ਨ.ਸ.) : ਭਾਰਤ ਵਿੱਚ ਪੈਸਿਵ ਯੂਥਨੇਸ਼ੀਆ (ਮੌਤ ਦੀ ਇੱਛਾ) ਦੀ ਕਾਨੂੰਨੀ ਇਜਾਜ਼ਤ ਪਾਉਣ ਵਾਲੇ ਪਹਿਲੇ ਵਿਅਕਤੀ ਹਰੀਸ਼ ਰਾਣਾ ਦਾ ਅੱਜ ਦਿੱਲੀ ਦੇ ਏਮਜ਼ ਹਸਪਤਾਲ ਵਿੱਚ ਦੇਹਾਂਤ ਹੋ ਗਿਆ। 31 ਸਾਲਾ ਹਰੀਸ਼ ਸਾਲ 2013 ਤੋਂ ਕੋਮਾਂ ਵਿੱਚ ਸੀ। ਸੁਪਰੀਮ ਕੋਰਟ ਨੇ 11 ਮਾਰਚ ਨੂੰ ਇੱਕ ਇਤਿਹਾਸਕ ਫੈਸਲਾ ਸੁਣਾਉਂਦੇ ਹੋਏ ਉਸ ਲਈ ਪੈਸਿਵ ਯੂਥਨੇਸ਼ੀਆ ਦੀ ਇਜਾਜ਼ਤ ਦਿੱਤੀ ਸੀ, ਜਿਸ ਤੋਂ ਬਾਅਦ ਉਸ ਨੂੰ ਗਾਜ਼ੀਆਬਾਦ ਤੋਂ ਏਮਜ਼ ਦੇ ਪੈਲੀਏਟਿਵ ਕੇਅਰ ਯੂਨਿਟ ਵਿੱਚ ਭੇਜਿਆ ਗਿਆ ਸੀ।

ਹਰੀਸ਼ ਰਾਣਾ ਪੰਜਾਬ ਯੂਨੀਵਰਸਿਟੀ ਵਿੱਚ ਬੀ.ਟੈਕ ਦਾ ਵਿਦਿਆਰਥੀ ਸੀ। ਉਹ 2013 ਵਿੱਚ ਚੌਥੀ ਮੰਜ਼ਿਲ ਦੀ ਬਾਲਕੋਨੀ ਤੋਂ ਡਿੱਗ ਗਿਆ ਸੀ, ਜਿਸ ਕਾਰਨ ਉਸ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਸਨ। ਉਦੋਂ ਤੋਂ ਹੀ ਉਹ ਕੋਮਾ ਵਿੱਚ ਸੀ ਅਤੇ ਮਸ਼ੀਨੀ ਸਹਾਇਤਾ ਰਾਹੀਂ ਜ਼ਿੰਦਾ ਸੀ। ਅਦਾਲਤ ਦੇ ਹੁਕਮਾਂ ਤੋਂ ਬਾਅਦ ਏਮਜ਼ ਦੇ ਮਾਹਿਰ ਡਾਕਟਰਾਂ ਦੀ ਟੀਮ ਨੇ ਉਸ ਦੀ ਜੀਵਨ ਰੱਖਿਅਕ ਸਹਾਇਤਾ (ਨਿਊਟ੍ਰੀਸ਼ਨ ਸਪੋਰਟ) ਨੂੰ ਹੌਲੀ-ਹੌਲੀ ਹਟਾਉਣ ਦੀ ਪ੍ਰਕਿਰਿਆ ਪੂਰੀ ਕੀਤੀ।ਸੁਪਰੀਮ ਕੋਰਟ ਨੇ 11 ਮਾਰਚ ਨੂੰ ਹਰੀਸ਼ ਰਾਣਾ ਦੇ ਹੱਕ ਵਿੱਚ ਫੈਸਲਾ ਸੁਣਾਉਂਦੇ ਹੋਏ ਉਸ ਦੀ ਮਸ਼ੀਨੀ ਸਹਾਇਤਾ ਹਟਾਉਣ ਦੀ ਇਜਾਜ਼ਤ ਦਿੱਤੀ ਸੀ। ਅਦਾਲਤ ਨੇ ਦਿੱਲੀ ਦੇ ਏਮਜ਼ ਹਸਪਤਾਲ ਨੂੰ ਹਦਾਇਤ ਕੀਤੀ ਸੀ ਕਿ ਇਹ ਪ੍ਰਕਿਰਿਆ ਬਹੁਤ ਹੀ ਸਨਮਾਨਜਨਕ ਤਰੀਕੇ ਨਾਲ ਨੇਪਰੇ ਚਾੜ੍ਹੀ ਜਾਵੇ ਤਾਂ ਜੋ ਮਰੀਜ਼ ਨੂੰ ਕੋਈ ਤਕਲੀਫ ਨਾ ਹੋਵੇ। ਇਸ ਫੈਸਲੇ ਤੋਂ ਬਾਅਦ ਹਰੀਸ਼ ਨੂੰ ਉਸ ਦੇ ਗਾਜ਼ੀਆਬਾਦ ਵਾਲੇ ਘਰ ਤੋਂ ਏਮਜ਼ ਲਿਆਂਦਾ ਗਿਆ ਸੀ, ਜਿੱਥੇ ਡਾਕਟਰਾਂ ਦੀ ਇੱਕ ਵਿਸ਼ੇਸ਼ ਟੀਮ ਨੇ ਉਸ ਦੀ ਦੇਖਭਾਲ ਕੀਤੀ ਅਤੇ ਹੌਲੀ-ਹੌਲੀ ਉਸ ਦੀ ਜੀਵਨ ਰੱਖਿਅਕ ਸਹਾਇਤਾ ਨੂੰ ਵਾਪਸ ਲੈ ਲਿਆ ਗਿਆ, ਜਿਸ ਕਾਰਨ ਮੰਗਲਵਾਰ ਨੂੰ ਉਸ ਦਾ ਦੇਹਾਂਤ ਹੋ ਗਿਆ।ਇਹ ਮਾਮਲਾ ਭਾਰਤੀ ਕਾਨੂੰਨ ਦੇ ਇਤਿਹਾਸ ਵਿੱਚ ਬਹੁਤ ਅਹਿਮ ਹੈ, ਕਿਉਂਕਿ ਇਹ ਸਨਮਾਨ ਨਾਲ ਮਰਨ ਦੇ ਅਧਿਕਾਰ ਦੀ ਵਕਾਲਤ ਕਰਦਾ ਹੈ। ਹਰੀਸ਼ ਦੇ ਮਾਪਿਆਂ ਨੇ ਸਾਲਾਂ ਤੱਕ ਉਸ ਦੀ ਸੇਵਾ ਕੀਤੀ, ਪਰ ਜਦੋਂ ਡਾਕਟਰਾਂ ਨੇ ਉਸ ਦੇ ਠੀਕ ਹੋਣ ਦੀ ਸਾਰੀ ਉਮੀਦ ਛੱਡ ਦਿੱਤੀ ਸੀ ਤਾਂ ਉਨ੍ਹਾਂ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ।

# 11 ਸਾਲਾਂ ਦੌਰਾਨ ਦੇਸ਼ ਭਰ 'ਚ 18,000 ਤੋਂ ਵੱਧ ਔਸ਼ਧੀ ਕੇਂਦਰ ਖੋਲ੍ਹੇ : ਨੱਢਾ



ਨਵੀਂ ਦਿੱਲੀ, 24 ਮਾਰਚ (ਚ.ਨ.ਸ.) : ਕੇਂਦਰੀ ਰਸਾਇਣ ਅਤੇ ਖਾਦ ਮੰਤਰੀ ਜੇਪੀ ਨੱਡਾ ਨੇ ਰਾਜ ਸਭਾ ਵਿੱਚ ਇੱਕ ਅਹਿਮ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਦੇਸ਼ ਭਰ ਵਿੱਚ 18,646 ਜਨ ਔਸ਼ਧੀ ਕੇਂਦਰ ਸੰਚਾਲਿਤ ਹੋ ਰਹੇ ਹਨ, ਜੋ ਆਮ ਲੋਕਾਂ ਨੂੰ ਕਿਫਾਇਤੀ ਦਰਾਂ 'ਤੇ ਜੈਨਰਿਕ ਦਵਾਈਆਂ ਮੁਹੱਈਆ ਕਰਵਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜਿੱਥੇ 2014 ਤੱਕ ਦੇਸ਼ ਵਿੱਚ ਸਿਰਫ਼ 80 ਜਨ ਔਸ਼ਧੀ ਕੇਂਦਰ ਸਨ, ਉੱਥੇ ਹੀ ਫਰਵਰੀ 2026 ਤੱਕ ਇਨ੍ਹਾਂ ਦੀ ਗਿਣਤੀ ਵੱਧ ਕੇ 18,646 ਹੋ ਗਈ ਹੈ।

ਇਨ੍ਹਾਂ ਕੇਂਦਰਾਂ 'ਤੇ ਦਵਾਈਆਂ ਬ੍ਰਾਂਡਿਡ ਦਵਾਈਆਂ ਦੀ ਤੁਲਨਾ ਵਿੱਚ 50 ਤੋਂ 80 ਪ੍ਰਤੀਸ਼ਤ ਤੱਕ ਸਸਤੀਆਂ ਮਿਲ ਰਹੀਆਂ ਹਨ। ਇਨ੍ਹਾਂ ਵਿੱਚੋਂ 2,370 ਕੇਂਦਰ ਸਿੱਧੇ ਤੌਰ 'ਤੇ ਸਰਕਾਰੀ ਹਸਪਤਾਲਾਂ ਵਿੱਚ ਖੋਲ੍ਹੇ ਗਏ ਹਨ। ਇਸ ਯੋਜਨਾ ਵਿੱਚ ਹੁਣ ਤੱਕ 2,110 ਦਵਾਈਆਂ ਅਤੇ 315 ਸਰਜੀਕਲ ਉਪਕਰਨ ਸ਼ਾਮਲ ਕੀਤੇ ਜਾ ਚੁੱਕੇ ਹਨ, ਜੋ ਦਿਲ ਦੀਆਂ ਬਿਮਾਰੀਆਂ, ਕੈਂਸਰ, ਸ਼ੂਗਰ (ਡਾਇਬੀਟੀਜ਼), ਇਨਫੈਕਸ਼ਨ ਅਤੇ ਐਲਰਜੀ ਵਰਗੀਆਂ ਗੰਭੀਰ ਸ਼੍ਰੇਣੀਆਂ ਨਾਲ ਸਬੰਧਤ ਹਨ।

ਸਰਕਾਰ ਨੇ ਦਵਾਈਆਂ ਦੀ ਪਹੁੰਚ ਯਕੀਨੀ ਬਣਾਉਣ ਲਈ ਦੇਸ਼ ਭਰ ਵਿੱਚ 5 ਵੇਅਰਹਾਊਸ ਅਤੇ 41 ਵਿਤਰਕਾਂ ਦਾ ਇੱਕ ਆਧੁਨਿਕ ਆਈਟੀ-ਸਮਰੱਥ ਸਿਸਟਮ ਤਿਆਰ ਕੀਤਾ ਹੈ। ਇਸ ਤੋਂ ਇਲਾਵਾ, ਰਾਸ਼ਟਰੀ ਸਿਹਤ ਮਿਸ਼ਨ ਦੇ ਤਹਿਤ 'ਮੁਫ਼ਤ ਦਵਾਈ ਸੇਵਾ ਪਹਿਲ' ਰਾਹੀਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮਰੀਜ਼ਾਂ ਦਾ ਖਰਚਾ ਘਟਾਉਣ ਲਈ ਵਿੱਤੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ।

# ਮੱਧ ਪੂਰਬ ਦੇ ਤਣਾਅ ਕਾਰਨ ਵੱਧ ਸਕਦੇ ਨੇ ਹਵਾਈ ਕਿਰਾਏ: ਇੰਡੀਗੋ

**ਤੇਲ ਦੀਆਂ ਵਧਦੀਆਂ ਕੀਮਤਾਂ ਦਾ ਦਿੱਤਾ ਹਵਾਲਾ; ਕੌਮਾਂਤਰੀ ਉਡਾਣਾਂ ਘਟਾਉਣ ਦੀ ਵੀ ਯੋਜਨਾ**

ਨਵੀਂ ਦਿੱਲੀ, 24 ਮਾਰਚ (ਚ.ਨ.ਸ.) : ਦੇਸ਼ ਦੀ ਸਭ ਤੋਂ ਵੱਡੀ ਏਅਰਲਾਈਨ ਇੰਡੀਗੋ ਨੇ ਅੱਜ ਕਿਹਾ ਹੈ ਕਿ ਮੱਧ ਪੂਰਬ (ਮਿਡਲ ਈਸਟ) ਵਿੱਚ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਾਲੇ ਵਧ ਰਹੇ ਟਕਰਾਅ ਕਾਰਨ ਹਵਾਈ ਜਹਾਜ਼ ਦੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆਇਆ ਹੈ। ਕੰਪਨੀ ਮੁਤਾਬਕ ਜੇਕਰ ਸੰਚਾਲਨ ਖਰਚੇ ਇਸੇ ਤਰ੍ਹਾਂ ਵੱਧਦੇ ਰਹੇ ਤਾਂ ਹਵਾਈ ਕਿਰਾਏ ਹੋਰ ਵਧਾਉਣੇ ਪੈਣਗੇ, ਜਿਸ ਨਾਲ ਯਾਤਰੀਆਂ ਦੀ ਮੰਗ ਘਟ ਸਕਦੀ ਹੈ। ਇੰਡੀਗੋ ਦੇ ਬੁਲਾਰੇ ਨੇ ਦੱਸਿਆ ਕਿ ਭਾਰਤੀ ਏਅਰਲਾਈਨਾਂ ਲਈ ਤੇਲ ਦਾ ਖਰਚਾ ਕੁੱਲ ਲਾਗਤ ਦਾ ਲੱਗਭੱਗ 40 ਫੀਸਦੀ ਹੁੰਦਾ ਹੈ ਅਤੇ ਮੌਜੂਦਾ ਹਾਲਾਤ ਕਾਰਨ ਅੰਤਰਰਾਸ਼ਟਰੀ ਉਡਾਣਾਂ ਦੇ ਸ਼ਡਿਊਲ ਵਿੱਚ ਵੀ ਬਦਲਾਅ ਹੋ ਸਕਦਾ ਹੈ।ਇੰਡੀਗੋ ਨੇ ਅਪਰੈਲ ਤੋਂ ਸ਼ੁਰੂ ਹੋ ਰਹੇ ਗਰਮੀਆਂ ਦੇ ਸੀਜ਼ਨ ਲਈ ਰੋਜ਼ਾਨਾ ਲੱਗਭੱਗ 2,000 ਘਰੇਲੂ ਉਡਾਣਾਂ ਚਲਾਉਣ ਦੀ ਯੋਜਨਾ ਬਣਾਈ ਹੈ ਪਰ ਅੰਤਰਰਾਸ਼ਟਰੀ ਰੂਟਾਂ 'ਤੇ ਸਥਿਤੀ ਅਜੇ ਵੀ ਅਸਪੱਸ਼ਟ ਹੈ। ਕੰਪਨੀ ਨੇ 14 ਮਾਰਚ ਤੋਂ ਪਹਿਲਾਂ ਹੀ ਟਿਕਟਾਂ 'ਤੇ 425 ਰੁਪਏ ਤੋਂ ਲੈ ਕੇ 2,300 ਰੁਪਏ ਤੱਕ ਦਾ ਫਿਊਲ ਸਰਚਾਰਜ (ਤੇਲ ਟੈਕਸ) ਲਗਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਏਅਰ ਇੰਡੀਆ ਸਮੇਤ ਹੋਰ ਕੰਪਨੀਆਂ ਵੀ ਅਜਿਹਾ ਹੀ ਕਰ ਰਹੀਆਂ ਹਨ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਅਮਨ ਅਰੋੜਾ ਵੱਲੋਂ ਡੀ.ਏ.ਵੀ. ਕਾਲਜ ਵਿਖੇ 3-ਰੋਜ਼ਾ "ਕਾਰਵਾਂ 2026" ਦੀ ਸ਼ੁਰੂਆਤ

## ਅਮਨ ਅਰੋੜਾ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ, ਨੌਜਵਾਨਾਂ ਨੂੰ ਇਨਕਲਾਬੀ ਯੋਧੇ ਦੀ ਵਿਚਾਰਧਾਰਾ ਅਪਣਾਉਣ ਲਈ ਕੀਤਾ ਪ੍ਰੇਰਿਤ

ਚੰਡੀਗੜ੍ਹ, 24 ਮਾਰਚ (ਚ.ਨ.ਸ.): ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਮੰਤਰੀ ਤੇ ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਇਥੇ ਡੀ.ਏ.ਵੀ. ਕਾਲਜ, ਸੈਕਟਰ-10 ਵਿਖੇ ਤਿੰਨ ਰੋਜ਼ਾ ਸੱਭਿਆਚਾਰਕ ਸਮਾਗਮ "ਕਾਰਵਾਂ 2026" ਦੀ ਸ਼ੁਰੂਆਤ ਕੀਤੀ। ਇਸ ਪ੍ਰੋਗਰਾਮ ਦੀ ਉਦਘਾਟਨੀ ਦਿਨ ਸੰਸਥਾ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, ਜਿਸ ਨਾਲ ਸਮੁੱਚਾ ਮਾਹੌਲ ਦੇਸ਼ ਭਗਤੀ ਦੇ ਰੰਗ ਵਿੱਚ ਰੰਗਿਆ ਗਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਸੱਭਿਆਚਾਰਕ ਮਹੱਤਤਾ ਤੇ ਰਾਸ਼ਟਰਵਾਦੀ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਲਈ ਸੰਸਥਾ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਅੱਜ ਦੇ ਸੰਦਰਭ ਵਿੱਚ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੀ ਸਾਰਥਕਤਾ 'ਤੇ ਜ਼ੋਰ ਦਿੰਦਿਆਂ ਵਿਦਿਆਰਥੀਆਂ ਨੂੰ ਜ਼ਬਰ ਵਿਰੁੱਧ ਇਸ ਇਨਕਲਾਬੀ ਯੋਧੇ ਦੀ ਵਿਚਾਰਧਾਰਾ ਅਪਣਾਉਣ ਲਈ ਪ੍ਰੇਰਿਆ ਤੇ ਪਾਠ ਪੁਸਤਕਾਂ ਦੇ ਨਾਲ ਨਾਲ ਹੋਰ ਗਿਆਨ ਹਾਸਲ ਕਰਨ ਲਈ ਵੀ ਉਤਸ਼ਾਹਿਤ ਕੀਤਾ।

ਉਨ੍ਹਾਂ ਕਿਹਾ ਕਿ ਇਸ ਪਵਿੱਤਰ ਦਿਹਾੜੇ ਅਸੀਂ ਸਿਰਫ਼ ਸ਼ਹੀਦਾਂ ਨੂੰ ਨਹੀਂ, ਸਗੋਂ ਉਨ੍ਹਾਂ ਦੇ ਸੰਕਲਪਾਂ ਨੂੰ ਯਾਦ ਕਰਦੇ ਹਾਂ। ਸ਼ਹੀਦ ਭਗਤ ਸਿੰਘ ਨੇ ਬਸਤੀਵਾਦੀ ਸ਼ਾਸਨ ਤੋਂ ਆਜ਼ਾਦੀ ਲਈ ਲੜਾਈ ਲੜੀ ਅਤੇ ਸੋਸ਼ਣ, ਭੁੱਖਮਰੀ ਤੇ ਅਸਮਾਨਤਾ ਤੋਂ ਮੁਕਤ ਸਮਾਜ ਦਾ ਸੁਪਨਾ ਸਿਰਜਿਆ। 'ਕਾਰਵਾਂ 2026' ਦਰਸਾਉਂਦਾ ਹੈ ਕਿ ਡੀਏਵੀ ਕਾਲਜ ਅਜਿਹੇ ਨਾਗਰਿਕਾਂ ਦਾ ਨਿਰਮਾਣ ਕਰ ਰਿਹਾ ਹੈ, ਜਿਨ੍ਹਾਂ ਵਿੱਚ ਸਹੀ-ਗਲਤ ਦੀ ਪਛਾਣ ਕਰਨ ਦੇ ਗੁਣ ਹੋਣ। ਉਨ੍ਹਾਂ ਨੌਜਵਾਨਾਂ ਨੂੰ ਇਸ 'ਕਾਰਵਾਂ' ਨੂੰ ਅੱਗੇ ਵਧਾਉਣ ਲਈ ਕਿਹਾ, ਤਾਂ ਜੋ 'ਰੰਗਲਾ ਪੰਜਾਬ' ਤੇ ਇੱਕ ਮਜ਼ਬੂਤ ਭਾਰਤ ਦਾ ਨਿਰਮਾਣ ਕੀਤਾ ਜਾ ਸਕੇ, ਜਿਸ ਦਾ ਸਾਡੇ ਸ਼ਹੀਦਾਂ ਨੇ ਸੁਪਨਾ ਦੇਖਿਆ ਸੀ। ਸ਼ਹੀਦ ਭਗਤ ਸਿੰਘ ਦੀ ਭਾਣਜੀ ਗੁਰਜੀਤ ਕੌਰ ਢੱਟ ਦੀ ਮੌਜੂਦਗੀ ਨੇ ਇਸ ਸਮਾਰੋਹ ਦੇ ਮਾਣ ਨੂੰ ਹੋਰ ਵਧਾ ਦਿੱਤਾ ਤੇ ਉਨ੍ਹਾਂ ਆਪਣੇ ਮਾਮੇ ਵੱਲੋਂ ਦਿੱਤੀਆਂ ਕੁਰਬਾਨੀਆਂ ਤੇ ਸਥਾਈ ਆਦਰਸ਼ਾਂ ਨੂੰ ਦਰਸਾਉਂਦਿਆਂ ਇੱਕ ਭਾਵਨਾਤਮਕ ਸ਼ਰਧਾਂਜਲੀ ਦਿੱਤੀ, ਜਿਸ ਨੇ ਦਰਸ਼ਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ।



ਪ੍ਰਿੰਸੀਪਲ ਡਾ. ਮੋਨਾ ਨਾਰੰਗ ਨੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਇੱਕ ਅਜਿਹੀ ਸ਼ਾਮ ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਇਤਿਹਾਸ ਦੀ ਸੰਜੀਦਗੀ ਦਾ ਨੌਜਵਾਨਾਂ ਦੀ ਊਰਜਾ ਨਾਲ ਬਿਹਤਰ ਸੰਤੁਲਿਤ ਦੇਖਣ ਨੂੰ ਮਿਲਿਆ। ਸੱਭਿਆਚਾਰਕ ਪ੍ਰਦਰਸ਼ਨਾਂ ਦੌਰਾਨ ਸਪਤਕ ਦੇ ਦੇਸ਼ ਭਗਤੀ ਗੀਤਾਂ ਦੇ ਸੁਮੇਲ ਨਾਲ ਦੇਸ਼ ਦੀਆਂ ਮੂਲ ਕਦਰਾਂ-ਕੀਮਤਾਂ ਦੀ ਝਲਕ ਦੇਖਣ ਨੂੰ ਮਿਲੀ। ਗੁਰਵਿੰਦਰ ਅਤੇ ਕਰਸ਼ੁਭਜੀਤ ਸਿੰਘ ਦੀ "ਭਗਤ ਸਿੰਘ ਦੀ ਵਾਰ" ਦੀ ਵਿਸ਼ੇਸ਼ ਪੇਸ਼ਕਾਰੀ ਨੇ ਇਨਕਲਾਬੀ ਦੀ ਭਾਵਨਾ ਨੂੰ ਜੀਵਤ ਕਰ ਦਿੱਤਾ। ਦਿਲ ਖਿੱਚਵਾਂ ਦੇਸ਼ ਭਗਤੀ ਨਾਚ-ਨਾਟਕ, ਗੁਰਪ੍ਰੀਤ ਕੌਰ ਅਤੇ ਗੁਰਕਮਲ ਸਿੰਘ ਦੁਆਰਾ ਦਿਲ ਖਿੱਚਵੀਂ ਕਵਿਤਾ ਤੇ ਗਾਇਕ ਮੰਨਾ ਮੰਡ ਦੇ ਜੋਸ਼ੀਲੇ ਪ੍ਰਦਰਸ਼ਨ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। ਇਸ ਮੌਕੇ ਗਵਰਨਿੰਗ ਬਾਡੀ ਦੇ ਮੈਂਬਰ ਪ੍ਰਿੰਸੀਪਲ ਆਰ. ਸੀ. ਜੀਵਨ ਵੀ ਮੌਜੂਦ ਸਨ। ਇਸ ਪ੍ਰੋਗਰਾਮ ਦਾ ਸੰਚਾਲਨ ਡਾ. ਸੁਮਿਤਾ ਬਖਸ਼ੀ (ਡੀ.ਐਸ.ਡਬਲਯੂ), ਡਾ. ਪੂਰਨਿਮਾ ਸਹਿਗਲ (ਵਧੀਕ ਡੀ.ਐਸ.ਡਬਲਯੂ) ਤੇ ਡਾ. ਮਨਮਿੰਦਰ ਸਿੰਘ ਆਨੰਦ (ਡਿਪਟੀ ਡੀ.ਐਸ.ਡਬਲਯੂ) ਦੀ ਅਗਵਾਈ ਹੇਠ ਕੀਤਾ ਗਿਆ ਸੀ।

## ਦੁਨੀਆਂ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਪਾਕਿਸਤਾਨ ਤੇ ਭਾਰਤ ਛੇਵੇਂ ਨੰਬਰ 'ਤੇ

ਨਵੀਂ ਦਿੱਲੀ, 24 ਮਾਰਚ (ਚ.ਨ.ਸ.): ਦੁਨੀਆ ਭਰ ਵਿੱਚ ਹਵਾ ਦੀ ਗੁਣਵੱਤਾ 'ਤੇ ਜਾਰੀ ਕੀਤੀ ਗਈ ਵਿਸ਼ਵ ਹਵਾ ਗੁਣਵੱਤਾ ਰਿਪੋਰਟ 2025 ਨੇ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਰੱਖੇ ਹਨ। ਰਿਪੋਰਟ ਮੁਤਾਬਕ, ਭਾਰਤ ਦੁਨੀਆ ਦਾ ਛੇਵਾਂ ਸਭ ਤੋਂ ਪ੍ਰਦੂਸ਼ਿਤ ਦੇਸ਼ ਹੈ। ਉੱਤਰ ਪ੍ਰਦੇਸ਼ ਦਾ ਲੋਨੀ ਸ਼ਹਿਰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਐਲਾਨ ਕੀਤਾ ਗਿਆ ਹੈ, ਜਦਕਿ ਦਿੱਲੀ ਚੌਥੇ ਸਥਾਨ 'ਤੇ ਹੈ। ਸਵਿਟਜ਼ਰਲੈਂਡ ਦੀ ਕੰਪਨੀ ਆਈ.ਕਿਊ.ਏਅਰ ਵੱਲੋਂ ਤਿਆਰ ਕੀਤੀ ਇਸ ਰਿਪੋਰਟ ਨੇ 143 ਦੇਸ਼ਾਂ ਦੇ 9,446 ਸ਼ਹਿਰਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ। ਰਿਪੋਰਟ ਵਿੱਚ ਦਰਸਾਇਆ ਗਿਆ ਕਿ ਲੋਨੀ ਵਿੱਚ ਪੀਐਮ2.5 ਦੀ ਸਾਲਾਨਾ ਔਸਤ ਸੰਘਣਤਾ 112.5 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਰਹੀ, ਜੋ ਕਿ ਵਿਸ਼ਵ ਸਿਹਤ ਸੰਸਥਾ ਦੇ ਮਾਪਦੰਡ ਤੋਂ 22 ਗੁਣਾ ਵੱਧ ਹੈ। ਰਿਪੋਰਟ ਅਨੁਸਾਰ ਪਾਕਿਸਤਾਨ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਦੇਸ਼ ਹੈ। ਇਸ ਤੋਂ ਬਾਅਦ ਬੰਗਲਾਦੇਸ਼ੀ, ਤਜ਼ਾਕਿਸਤਾਨ, ਚਾਡ ਅਤੇ ਕਾਂਗੋ ਦਾ ਨੰਬਰ ਹੈ। ਆਈ.ਕਿਊ.ਏਅਰ ਦੇ ਆਲਮੀ ਸੀ.ਈ.ਓ. ਫਰੈਂਕ ਹੈਮਸ ਨੇ ਕਿਹਾ, "ਹਵਾ ਦੀ ਗੁਣਵੱਤਾ ਇਕ ਨਾਜ਼ੁਕ ਸੰਪਤੀ ਹੈ ਜਿਸ ਦੀ ਰੱਖਿਆ ਲਈ ਸਰਗਰਮ ਯਤਨ ਲਾਜ਼ਮੀ ਹਨ। ਬਿਨਾਂ ਨਿਗਰਾਨੀ ਦੇ ਅਸੀਂ ਨਹੀਂ ਜਾਣ ਸਕਦੇ ਕਿ ਅਸੀਂ ਕੀ ਸਾਹ ਲੈ ਰਹੇ ਹਾਂ।" ਜਦਕਿ ਗ੍ਰੀਨਪੀਸ ਇੰਟਰਨੈਸ਼ਨਲ ਦੇ ਸੀਨੀਅਰ ਵਿਗਿਆਨੀ ਐਡਨ ਫੈਰੋ ਨੇ ਕਿਹਾ, "ਇਹ ਖੁੱਲ੍ਹੇ ਤੇ ਪਾਰਦਰਸ਼ੀ ਡਾਟਾ ਪ੍ਰਦੂਸ਼ਨ ਕਰਨ ਵਾਲਿਆਂ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਬਹੁਤ ਜ਼ਰੂਰੀ ਹੈ।" ਰਿਪੋਰਟ ਨੇ ਇਹ ਵੀ ਦਰਸਾਇਆ ਕਿ 2025 ਵਿੱਚ ਜੰਗਲਾਂ ਦੀਆਂ ਅੱਗਾਂ ਤੇ ਉਦਯੋਗਿਕ ਖੇਤੀਬਾੜੀ ਨੇ ਹਵਾ ਦੀ ਗੁਣਵੱਤਾ ਨੂੰ ਹੋਰ ਖਰਾਬ ਕੀਤਾ। ਭਾਰਤ ਦੇ ਪੰਜ ਸ਼ਹਿਰ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਦਸ ਸ਼ਹਿਰਾਂ ਵਿੱਚ ਸ਼ਾਮਲ ਹਨ,ਜਿਨ੍ਹਾਂ 'ਚ ਲੋਨੀ, ਬਿਰਨਿਹਾਟ, ਦਿੱਲੀ, ਗਾਜ਼ੀਆਬਾਦ ਅਤੇ ਉਲਾ ਸ਼ਾਮਲ ਹਨ। ਇਹ ਅੰਕੜੇ ਸਪਸ਼ਟ ਕਰਦੇ ਹਨ ਕਿ ਹਵਾ ਪ੍ਰਦੂਸ਼ਣ ਸਿਰਫ਼ ਵਾਤਾਵਰਣੀ ਨਹੀਂ, ਸਿਹਤ ਸੰਕਟ ਵੀ ਹੈ, ਜਿਸ 'ਤੇ ਤੁਰੰਤ ਕਾਰਵਾਈ ਦੀ ਲੋੜ ਹੈ।

### ਪੱਛਮੀ ਬੰਗਾਲ ਚੋਣਾਂ ਲਈ ਭਾਜਪਾ ਦੀ ਚੱਕਰਵਿਊ ਰਣਨੀਤੀ

# ਕੌਮੀ ਪ੍ਰਧਾਨ ਨਿਤਿਨ ਨਵੀਨ ਵੱਲੋਂ ਮੀਟਿੰਗਾਂ ਦਾ ਦੌਰ ਸ਼ੁਰੂ

ਨਵੀਂ ਦਿੱਲੀ, 24 ਮਾਰਚ (ਚ.ਨ.ਸ.): ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਪੱਛਮੀ



ਬੰਗਾਲ ਵਿਧਾਨ ਸਭਾ ਚੋਣਾਂ ਲਈ ਆਪਣੀਆਂ ਤਿਆਰੀਆਂ ਨੂੰ ਅੰਤਿਮ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ। ਪਾਰਟੀ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਦੋ ਦਿਨਾਂ ਦੌਰੇ 'ਤੇ ਬੰਗਾਲ ਪਹੁੰਚੇ ਹਨ, ਜਿੱਥੇ ਉਹ ਚੋਣ ਤਿਆਰੀਆਂ ਨੂੰ ਨਵੀਂ ਧਾਰ ਦੇਣ ਲਈ ਲਗਾਤਾਰ ਜਥੇਬੰਦਕ ਮੀਟਿੰਗਾਂ ਕਰ ਰਹੇ ਹਨ।

ਸੂਤਰਾਂ ਅਨੁਸਾਰ ਨਿਤਿਨ ਨਵੀਨ ਦਾ ਇਹ ਦੌਰਾ ਸਿਰਫ਼ ਕੰਮ ਦੀ ਸਮੀਖਿਆ ਕਰਨ ਲਈ ਨਹੀਂ ਹੈ, ਸਗੋਂ ਰਾਜ ਵਿੱਚ ਭਾਜਪਾ ਦੀ ਚੋਣ ਮੁਹਿੰਮ ਨੂੰ ਇੱਕ ਵਿਸ਼ੇਸ਼ 'ਚੱਕਰਵਿਊ' ਰਣਨੀਤੀ ਵਿੱਚ ਢਾਲਣ ਲਈ ਹੈ। ਇਸ ਰਣਨੀਤੀ ਤਹਿਤ ਉਹ ਪਾਰਟੀ ਦੇ ਵੱਖ-ਵੱਖ ਪੱਧਰਾਂ ਦੇ ਨੇਤਾਵਾਂ ਅਤੇ ਵਰਕਰਾਂ ਨਾਲ ਗੰਭੀਰ ਵਿਚਾਰ-ਵਟਾਂਦਰਾ ਕਰ ਰਹੇ ਹਨ।

**ਡਿਜੀਟਲ ਤੇ ਜ਼ਮੀਨੀ ਪੱਧਰ 'ਤੇ ਮਜ਼ਬੂਤੀ :** ਆਪਣੇ ਦੌਰੇ ਦੌਰਾਨ, ਉਨ੍ਹਾਂ ਨੇ ਰਾਜ ਇਕਾਈ ਦੇ ਨੇਤਾਵਾਂ ਨਾਲ ਕਈ ਉੱਚ-ਪੱਧਰੀ ਰਣਨੀਤਕ ਮੀਟਿੰਗਾਂ ਕੀਤੀਆਂ ਹਨ, ਜਿਨ੍ਹਾਂ ਦਾ ਮੁੱਖ ਉਦੇਸ਼ ਪਾਰਟੀ ਦੀ ਡਿਜੀਟਲ, ਸੋਸ਼ਲ ਅਤੇ ਜ਼ਮੀਨੀ ਪੱਧਰ 'ਤੇ ਪਹੁੰਚ ਨੂੰ ਹੋਰ ਮਜ਼ਬੂਤ ਕਰਨਾ ਹੈ। ਰਾਜ ਦੇ ਚੋਟੀ ਦੇ ਨੇਤਾਵਾਂ, ਕੇਂਦਰੀ ਮੰਤਰੀਆਂ ਅਤੇ ਸੰਗਠਨ ਦੇ ਅਹੁਦੇਦਾਰਾਂ ਨਾਲ ਕੀਤੀਆਂ ਗਈਆਂ ਇਨ੍ਹਾਂ ਮੀਟਿੰਗਾਂ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਭਾਜਪਾ ਇਸ ਵਾਰ ਜਿੱਤ ਲਈ ਕੋਈ ਕਸਰ ਨਹੀਂ ਛੱਡਣਾ ਚਾਹੁੰਦੀ।

**ਮਾਈਕਰੋ-ਪੱਧਰ ਦੀ ਯੋਜਨਾਬੰਦੀ :** ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਨਵੀਨ ਦੀ ਰਣਨੀਤਕ ਸੋਚ ਨਾਲ ਪਾਰਟੀ ਨੂੰ ਨਵੀਂ ਦਿਸ਼ਾ ਮਿਲ ਸਕਦੀ ਹੈ। ਇਸ ਵਾਰ ਬੂਥ ਪ੍ਰਬੰਧਨ, ਮਾਈਕਰੋ-ਪੱਧਰ ਦੀ ਯੋਜਨਾਬੰਦੀ ਅਤੇ ਸਥਾਨਕ ਮੁੱਦਿਆਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਖਾਸ ਤੌਰ 'ਤੇ ਉਨ੍ਹਾਂ ਖੇਤਰਾਂ 'ਤੇ ਵੱਧ ਕੰਮ ਕੀਤਾ ਜਾ ਰਿਹਾ ਹੈ ਜਿੱਥੇ ਪਹਿਲਾਂ ਪਾਰਟੀ ਕਮਜ਼ੋਰ ਰਹੀ ਸੀ। ਚੋਣ ਕਮਿਸ਼ਨ ਵੱਲੋਂ ਤਰੀਕਾਂ ਦੇ ਐਲਾਨ ਤੋਂ ਬਾਅਦ ਭਾਜਪਾ ਆਪਣੀ ਮੁਹਿੰਮ ਨੂੰ ਹੋਰ ਤੇਜ਼ ਕਰਨ ਦੀ ਤਿਆਰੀ ਵਿੱਚ ਹੈ, ਜਿਸ ਨਾਲ ਰਾਜ ਦਾ ਸਿਆਸੀ ਸੰਤੁਲਨ ਬਦਲਣ ਦੀ ਉਮੀਦ ਜਤਾਈ ਜਾ ਰਹੀ ਹੈ।

# ਸਾਂਸਦ ਅੰਮ੍ਰਿਤਪਾਲ ਸਿੰਘ ਦੀ ਪੈਰੋਲ ਪਟੀਸ਼ਨ 'ਤੇ ਹਾਈ ਕੋਰਟ ਵੱਲੋਂ ਫ਼ੈਸਲਾ ਸੁਰੱਖਿਅਤ

## ਸੰਸਦ ਦੇ ਬਜਟ ਸੈਸ਼ਨ 'ਚ ਹਿੱਸਾ ਲੈਣ ਲਈ ਪਾਈ ਸੀ ਪੈਰੋਲ ਪਟੀਸ਼ਨ



ਚੰਡੀਗੜ੍ਹ, 24 ਮਾਰਚ (ਚ.ਨ.ਸ.): ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਵੱਲੋਂ ਸੰਸਦ ਦੇ ਬਜਟ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਦਾਇਰ ਕੀਤੀ ਗਈ ਪੈਰੋਲ ਪਟੀਸ਼ਨ 'ਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਆਪਣਾ ਫ਼ੈਸਲਾ ਸੁਰੱਖਿਅਤ ਰੱਖ ਲਿਆ ਹੈ। ਅੱਜ ਚੀਫ਼ ਜਸਟਿਸ ਦੀ ਅਦਾਲਤ ਵਿੱਚ ਦੋਵਾਂ ਧਿਰਾਂ ਦੀਆਂ ਦਲੀਲਾਂ ਮੁਕੰਮਲ ਹੋਣ ਤੋਂ ਬਾਅਦ ਅਦਾਲਤ ਨੇ ਇਹ ਫ਼ੈਸਲਾ ਰਿਜ਼ਰਵ ਰੱਖਣ ਦਾ ਐਲਾਨ ਕੀਤਾ। ਅੰਮ੍ਰਿਤਪਾਲ ਸਿੰਘ ਨੇ ਸੰਸਦ ਮੈਂਬਰ ਵਜੋਂ ਬਜਟ ਸੈਸ਼ਨ ਵਿੱਚ ਹਿੱਸਾ ਲੈਣ ਲਈ ਅਸਥਾਈ ਰਿਹਾਈ (ਪੈਰੋਲ) ਦੀ ਮੰਗ ਕੀਤੀ ਸੀ। ਚੀਫ਼ ਜਸਟਿਸ ਦੀ ਅਗਵਾਈ ਵਾਲੇ ਬੈਂਚ ਨੇ ਅੱਜ ਲੰਬੀ ਬਹਿਸ ਤੋਂ ਬਾਅਦ ਸੁਣਵਾਈ ਮੁਕੰਮਲ ਕੀਤੀ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਤੀਜੀ ਵਾਰ ਲਗਾਏ ਗਏ ਐਨ.ਐਸ.ਏ. ਵਿਰੁੱਧ ਦਾਇਰ ਪਟੀਸ਼ਨ 'ਤੇ ਵੀ ਹਾਈਕੋਰਟ ਨੇ 11 ਮਾਰਚ ਨੂੰ ਫ਼ੈਸਲਾ ਸੁਰੱਖਿਅਤ ਰੱਖਿਆ ਸੀ, ਜੋ ਅਜੇ ਤੱਕ ਲੰਬਿਤ ਹੈ।

# ਰੇਲਵੇ ਨੇ ਟਿਕਟ ਕੈਂਸਲ ਕਰਨ ਦੇ ਬਦਲੇ ਨਿਯਮ; 8 ਘੰਟੇ ਪਹਿਲਾਂ ਟਿਕਟ ਰੱਦ ਕਰਨ 'ਤੇ ਹੀ ਮਿਲੇਗਾ ਰਿਫੰਡ

ਨਵੀਂ ਦਿੱਲੀ, 24 ਮਾਰਚ (ਚ.ਨ.ਸ.): ਰੇਲਵੇ ਨੇ ਟਿਕਟ ਕੈਂਸਲ ਕਰਨ ਦੇ ਸਮੇਂ ਵਿੱਚ ਵੱਡਾ ਬਦਲਾਅ



ਕੀਤਾ ਹੈ। ਹੁਣ ਜੇਕਰ ਕੋਈ ਯਾਤਰੀ ਟਰੇਨ ਚੱਲਣ ਦੇ ਸਮੇਂ ਤੋਂ 8 ਘੰਟੇ ਪਹਿਲਾਂ ਆਪਣੀ ਟਿਕਟ ਕੈਂਸਲ ਕਰਦਾ ਹੈ ਤਾਂ ਹੀ ਉਸ ਨੂੰ ਪੈਸੇ ਵਾਪਸ ਮਿਲਣਗੇ। ਜੇਕਰ ਟਿਕਟ 8 ਘੰਟੇ ਤੋਂ ਘੱਟ ਸਮੇਂ ਵਿੱਚ ਕੈਂਸਲ ਕੀਤੀ ਜਾਂਦੀ ਹੈ ਤਾਂ ਕੋਈ ਰਿਫੰਡ ਨਹੀਂ ਮਿਲੇਗਾ। ਮਾਹਿਰਾਂ ਨੇ ਦੱਸਿਆ ਕਿ ਜੇਕਰ ਤੁਹਾਡੀ ਟਰੇਨ ਸ਼ਾਮ 6 ਵਜੇ ਹੈ ਤਾਂ ਤੁਹਾਨੂੰ ਸਵੇਰੇ 10 ਵਜੇ ਤੋਂ ਪਹਿਲਾਂ ਟਿਕਟ ਕੈਂਸਲ ਕਰਨੀ ਪਵੇਗੀ। ਪਹਿਲਾਂ ਇਹ ਸਮਾਂ 4 ਘੰਟੇ ਸੀ ਅਤੇ 50 ਫੀਸਦੀ ਰਿਫੰਡ ਮਿਲਦਾ ਸੀ ਪਰ ਹੁਣ 4 ਘੰਟੇ ਵਾਲਾ ਨਿਯਮ ਖਤਮ ਕਰ ਦਿੱਤਾ ਗਿਆ ਹੈ ਅਤੇ 24 ਤੋਂ 8 ਘੰਟੇ ਦੇ ਵਿਚਕਾਰ ਕੈਂਸਲ ਕਰਨ 'ਤੇ ਵੀ ਸਿਰਫ 50 ਫੀਸਦੀ ਪੈਸੇ ਹੀ ਵਾਪਸ ਮਿਲਣਗੇ। ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਅੱਜ ਦੱਸਿਆ ਕਿ ਇਹ ਬਦਲਾਅ ਏਜੰਟਾਂ ਅਤੇ ਦਲਾਲਾਂ ਵੱਲੋਂ ਟਿਕਟਾਂ ਦੀ ਜਮ੍ਹਾਂਖੋਰੀ ਨੂੰ ਰੋਕਣ ਲਈ ਕੀਤੇ ਗਏ ਹਨ। ਇੱਕ ਚੰਗੀ ਖ਼ਬਰ ਇਹ ਵੀ ਹੈ ਕਿ ਹੁਣ ਯਾਤਰੀ ਟਰੇਨ ਚੱਲਣ ਤੋਂ 30 ਮਿੰਟ ਪਹਿਲਾਂ ਤੱਕ ਆਪਣਾ ਬੋਰਡਿੰਗ ਸਟੇਸ਼ਨ (ਜਿੱਥੋਂ ਟਰੇਨ ਫੜਨੀ ਹੈ) ਬਦਲ ਸਕਦੇ ਹਨ। ਇਹ ਨਵੇਂ ਨਿਯਮ 1 ਅਪ੍ਰੈਲ ਤੋਂ 15 ਅਪ੍ਰੈਲ, 2026 ਦੇ ਵਿਚਕਾਰ ਵੱਖ-ਵੱਖ ਪੜਾਵਾਂ ਵਿੱਚ ਲਾਗੂ ਕੀਤੇ ਜਾਣਗੇ। ਇਸ ਫੈਸਲੇ ਨਾਲ ਜਿੱਥੇ ਯਾਤਰੀਆਂ ਨੂੰ ਬੋਰਡਿੰਗ ਸਟੇਸ਼ਨ ਬਦਲਣ ਵਿੱਚ ਸਹੂਲਤ ਮਿਲੇਗੀ, ਉੱਥੇ ਹੀ ਟਿਕਟ ਕੈਂਸਲ ਕਰਨ ਵੇਲੇ ਵਧੇਰੇ ਸਾਵਧਾਨ ਰਹਿਣਾ ਪਵੇਗਾ।

# ਹਰਦੀਪ ਸਿੰਘ ਮੁੰਡੀਆਂ ਨੇ 14 ਉਮੀਦਵਾਰਾਂ ਨੂੰ ਤਰਸ ਦੇ ਆਧਾਰ 'ਤੇ ਨਿਯੁਕਤੀ ਪੱਤਰ ਸੌਂਪੇ



ਚੰਡੀਗੜ੍ਹ, 24 ਮਾਰਚ (ਚ.ਨ.ਸ.): ਪੰਜਾਬ ਦੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪੰਜਾਬ ਭਵਨ ਵਿਖੇ ਵਿਭਾਗ ਵਿੱਚ ਤਰਸ ਦੇ ਅਧਾਰ 'ਤੇ 14 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ। ਵਿਭਾਗ ਵਿੱਚ ਸ਼ਾਮਲ ਹੋਏ ਨਵੇਂ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਵਿਭਾਗ ਵਿੱਚ ਗਰੁੱਪ 'ਸੀ' ਤੇ 'ਡੀ' ਦੀਆਂ ਇਹ ਨਿਯੁਕਤੀਆਂ ਸੂਬਾ ਸਰਕਾਰ ਦੀ ਨੀਤੀ ਤਹਿਤ ਕੀਤੀਆਂ ਗਈਆਂ ਹਨ, ਜੋ ਪ੍ਰਭਾਵਿਤ ਪਰਿਵਾਰਾਂ ਨੂੰ ਸਹਾਇਤਾ ਦੇਣ ਅਤੇ ਇਨ੍ਹਾਂ ਪਰਿਵਾਰਾਂ ਦੇ ਯੋਗ ਆਸ਼ਰਿਤਾਂ ਨੂੰ ਸਮੇਂ ਸਿਰ ਰੁਜ਼ਗਾਰ ਮੁਹੱਈਆ ਕਰਵਾਉਣ 'ਤੇ ਆਧਾਰਤ ਹੈ।

ਉਨ੍ਹਾਂ ਦੱਸਿਆ ਕਿ ਕੁੱਲ 14 ਉਮੀਦਵਾਰਾਂ ਵਿੱਚੋਂ ਦੋ ਨੂੰ ਕਲਰਕ, 9 ਨੂੰ ਸੇਵਾਦਾਰ, ਇੱਕ ਨੂੰ ਸਹਾਇਕ ਸੇਵਾਦਾਰ, ਇੱਕ ਨੂੰ ਜੂਨੀਅਰ ਟੈਕਨੀਸ਼ੀਅਨ ਅਤੇ ਇੱਕ ਨੂੰ ਸਹਾਇਕ (ਤਕਨੀਕੀ) ਵਜੋਂ ਨਿਯੁਕਤ ਕੀਤਾ ਗਿਆ ਹੈ। ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਦ੍ਰਿੜ੍ਹਤਾ ਨਾਲ ਵਚਨਬੱਧ ਹੈ ਅਤੇ ਸਮੁੱਚਿਤ ਵਿਕਾਸ ਲਈ ਨਿਰੰਤਰ ਕੰਮ ਕਰ ਰਹੀ ਹੈ।

ਨਿਯੁਕਤੀ ਪੱਤਰਾਂ ਦੀ ਵੰਡ 'ਤੇ ਤਸੱਲੀ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਕਿ ਇਹ ਉਮੀਦਵਾਰ ਸੂਬੇ ਦੀ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਨਵ-ਨਿਯੁਕਤ ਉਮੀਦਵਾਰਾਂ ਨੂੰ ਇਮਾਨਦਾਰੀ, ਸਮਰਪਣ ਅਤੇ ਤਨਦੇਹੀ ਨਾਲ ਆਪਣੇ ਫ਼ਰਜ਼ ਨਿਭਾਉਣ ਦੀ ਅਪੀਲ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਰੁਜ਼ਗਾਰ ਦੇ ਕੇ ਆਪਣੀ ਜ਼ਿੰਮੇਵਾਰੀ ਨਿਭਾਅ ਦਿੱਤੀ ਹੈ, ਹੁਣ ਇਨ੍ਹਾਂ ਨਵ-ਨਿਯੁਕਤ ਉਮੀਦਵਾਰਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨ ਤੇ ਇਮਾਨਦਾਰੀ ਨਾਲ ਕੰਮ ਕਰਨ। ਇਸ ਮੌਕੇ ਵਿਭਾਗ ਦੇ ਪ੍ਰਮੁੱਖ ਸਕੱਤਰ ਨੀਲਕੰਠ ਐਸ. ਅਵਹਦ, ਵਿਭਾਗ ਮੁਖੀ ਸਈਦ ਸਹਿਰੀਸ਼ ਅਸਗਰ ਤੇ ਹੋਰ ਅਧਿਕਾਰੀ ਮੌਜੂਦ ਸਨ।

# ਸੰਧਵਾਂ ਵੱਲੋਂ ਪੰਜਾਬ ਵਿਧਾਨ ਸਭਾ ਡਾਇਰੀ-2026 ਦਾ ਉਦਘਾਟਨ

ਚੰਡੀਗੜ੍ਹ, 24 ਮਾਰਚ (ਚ.ਨ.ਸ.): ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਧਾਨ ਸਭਾ ਸਕੱਤਰੇਤ ਵਿਖੇ ਸਾਲ 2026 ਲਈ ਪੰਜਾਬ ਵਿਧਾਨ ਸਭਾ ਡਾਇਰੀ ਦਾ ਅਧਿਕਾਰਤ ਉਦਘਾਟਨ ਕੀਤਾ। ਸਪੀਕਰ ਸੰਧਵਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਸਕੱਤਰੇਤ ਨੇ ਸਾਲ 2026 ਦੀ ਡਾਇਰੀ ਦੇ ਇਸ ਐਡੀਸ਼ਨ ਨੂੰ ਇੱਕ ਵਿਆਪਕ ਸੰਸਥਾਗਤ ਸਰੋਤ ਵਜੋਂ ਤਿਆਰ ਕੀਤਾ ਹੈ। ਉਨ੍ਹਾਂ ਕਿਹਾ ਕਿ ਡਾਇਰੀ ਵਿਧਾਨਕ ਜ਼ਿੰਮੇਵਾਰੀਆਂ ਦੇ ਯੋਜਨਾਬੱਧ ਢੰਗ ਨਾਲ ਸੰਗਠਿਤ ਕਰਨ ਲਈ ਤਿਆਰ ਕੀਤੀ ਗਈ ਹੈ ਤਾਂ ਜੋ ਮੈਂਬਰਾਂ ਤੇ ਅਧਿਕਾਰੀਆਂ ਨੂੰ ਰੋਜ਼ਾਨਾ ਸੰਸਦੀ ਕਾਰਜਾਂ ਦੇ ਨਾਲ-ਨਾਲ ਲੰਬੇ ਸਮੇਂ ਦੀ ਰਣਨੀਤਕ ਯੋਜਨਾਬੰਦੀ ਲਈ ਇੱਕ ਸੁਚਾਰੂ ਸਾਧਨ ਉਪਲਬਧ ਕਰਵਾਇਆ ਜਾ ਸਕੇ।



ਸਪੀਕਰ ਨੇ ਕਿਹਾ, "ਇਹ ਪ੍ਰਕਾਸ਼ਨ ਇੱਕ ਰੋਜ਼ਾਨਾ ਯੋਜਨਾਕਾਰ ਵਜੋਂ ਆਪਣੀ ਭੂਮਿਕਾ ਨਿਭਾਏਗੀ। ਇਹ ਮਹੱਤਵਪੂਰਨ ਜਾਣਕਾਰੀ ਦਾ ਲੋੜੀਂਦਾ ਸੰਗ੍ਰਹਿ ਹੈ, ਜੋ ਆਉਣ ਵਾਲੇ ਸਾਲ ਦੌਰਾਨ ਵਿਧਾਨਕ ਮਾਮਲਿਆਂ ਦੇ ਕੁਸ਼ਲ ਸੰਚਾਲਨ ਲਈ ਕਾਰਗਰ ਸਿੱਧ ਹੋਵੇਗਾ।" ਇਸ ਸਮਾਰੋਹ ਵਿੱਚ ਕੁਲਵੰਤ ਸਿੰਘ ਪੰਡੋਰੀ, ਵਿਧਾਨ ਸਭਾ ਮੈਂਬਰ (ਐਮ.ਐਲ.ਏ.), ਰਾਮ ਲੋਕ ਖਟਾਨਾ, ਸਕੱਤਰ, ਪੰਜਾਬ ਵਿਧਾਨ ਸਭਾ, ਸਪੀਕਰ ਦੇ ਸਕੱਤਰ ਸੁਰਿੰਦਰ ਸਿੰਘ ਮੋਤੀ ਤੇ ਸਪੀਕਰ ਦੇ ਓ.ਐਸ.ਡੀ. ਮਨਿੰਦਰ ਸਿੰਘ ਤੇ ਕਈ ਹੋਰ ਪਤਵੰਤਿਆਂ ਨੇ ਸ਼ਿਰਕਤ ਕੀਤੀ। ਉਨ੍ਹਾਂ ਆਸ ਪ੍ਰਗਟਾਈ ਕਿ ਡਾਇਰੀ- 2026, ਪੰਜਾਬ ਵਿਧਾਨ ਸਭਾ ਦੇ ਇੱਕ ਸਾਲ ਦੇ ਸਾਰੇ ਪ੍ਰਸ਼ਾਸਕੀ ਅਤੇ ਵਿਧਾਨਕ ਸ਼ਡਿਊਲਜ਼ ਲਈ ਅਹਿਮ ਤੇ ਸਹੂਲਤ ਸਿੱਧ ਹੋਵੇਗੀ।

# "ਗੈਂਗਸਟਰਾਂ 'ਤੇ ਵਾਰ" ਦੇ 63ਵੇਂ ਦਿਨ 501 ਥਾਵਾਂ ਉੱਤੇ ਛਾਪੇਮਾਰੀ ਦੌਰਾਨ 181 ਕਾਬੂ

ਚੰਡੀਗੜ੍ਹ, 24 ਮਾਰਚ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ "ਗੈਂਗਸਟਰਾਂ 'ਤੇ ਵਾਰ" ਮੁਹਿੰਮ ਦੇ 63ਵੇਂ ਦਿਨ ਪੰਜਾਬ ਪੁਲਿਸ ਨੇ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 501 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ"- ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁਰੂ ਕੀਤੀ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।

63ਵੇਂ ਦਿਨ, ਪੁਲਿਸ ਟੀਮਾਂ ਨੇ 181 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 16,678 ਹੋ ਗਈ ਹੈ। ਇਸ ਤੋਂ ਇਲਾਵਾ 68 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 50 ਵਿਅਕਤੀਆਂ ਨੂੰ ਤਫਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 3 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ। ਲੋਕ ਐਂਟੀ ਗੈਂਗਸਟਰ ਹੈਲਪਲਾਈਨ 93946-93946 ਰਾਹੀਂ ਗੁਪਤ ਰੂਪ ਵਿਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਜਾਣਕਾਰੀ ਦੇ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ /ਜਾਣਕਾਰੀ ਵੀ ਸਾਂਝੇ ਕਰ ਸਕਦੇ ਹਨ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 388ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 104 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.3 ਕਿਲੋ ਅਫੀਮ, 5 ਕਿਲੋ ਭੁੱਕੀ, 557 ਨਸ਼ੀਲੀਆਂ ਗੋਲੀਆਂ/ਕੈਪਸੂਲ ਤੇ 17,740 ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਸ ਨਾਲ ਸਿਰਫ 388 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਡਰੱਗ ਤਸਕਰਾਂ ਦੀ ਗਿਣਤੀ 55,297 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 40 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਡਾ. ਬਲਜੀਤ ਕੌਰ ਵੱਲੋਂ ਮਲੋਟ 'ਚ 16.25 ਕਰੋੜ ਦਾ ਵਾਟਰ ਸਪਲਾਈ ਪ੍ਰੋਜੈਕਟ ਸ਼ੁਰੂ



ਚੰਡੀਗੜ੍ਹ/ਮਲੋਟ, 24 ਮਾਰਚ (ਅੰਮ੍ਰਿਤਪਾਲ ਸਿੰਘ): ਮਲੋਟ ਹਲਕੇ ਦੀ ਵਿਧਾਇਕ ਅਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੇ ਯਤਨਾਂ ਸਦਕਾ ਮਲੋਟ ਸ਼ਹਿਰ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਵੱਡਾ ਕਦਮ ਚੁੱਕਿਆ ਗਿਆ ਹੈ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਮਰੁਤ 2 ਸਕੀਮ ਅਧੀਨ ₹16.25 ਕਰੋੜ ਦੀ ਲਾਗਤ ਨਾਲ ਮਲੋਟ ਸ਼ਹਿਰ ਲਈ ਵਾਟਰ ਸਪਲਾਈ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਲਗਭਗ ਇੱਕ ਲੱਖ ਆਬਾਦੀ ਨੂੰ ਸਿੱਧਾ ਲਾਭ ਮਿਲੇਗਾ। ਉਨ੍ਹਾਂ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਸਰਹਿੰਦ ਫੀਡਰ 'ਤੇ ਨਵੀਂ ਪੰਪਿੰਗ ਮਸ਼ੀਨਰੀ ਲਗਾਈ ਜਾਵੇਗੀ ਤੇ ਪੁਰਾਣੀ ਤੇ ਲੀਕੇਜ ਕਾਰਨ ਖਰਾਬ ਹੋ ਚੁੱਕੀ 8300 ਮੀਟਰ ਪਾਇਪ ਲਾਈਨ ਨੂੰ ਬਦਲ ਕੇ ਨਵੀਂ ਲਾਈਨ ਵਿਛਾਈ ਜਾਵੇਗੀ। ਇਸ ਦੇ ਨਾਲ ਹੀ ਸ਼ਹਿਰ ਦੇ ਹਰ ਨੁੱਕਰ ਤੱਕ ਪਾਣੀ ਪਹੁੰਚਾਉਣ ਲਈ ਕਰੀਬ 20 ਕਿਲੋਮੀਟਰ ਨਵੀਂ ਪਾਇਪ ਲਾਈਨ ਵੀ ਵਿਛਾਈ ਜਾਵੇਗੀ।

ਉਨ੍ਹਾਂ ਨੇ ਹੋਰ ਦੱਸਿਆ ਕਿ ਇਸ ਯੋਜਨਾ ਤਹਿਤ ਲਗਭਗ 3000 ਘਰਾਂ ਨੂੰ ਨਵੇਂ ਹਾਊਸ ਕਨੈਕਸ਼ਨ ਮੁਹੱਈਆ ਕਰਵਾਏ ਜਾਣਗੇ, ਜਿਸ ਨਾਲ ਲੋਕਾਂ ਨੂੰ ਸਾਫ਼ ਅਤੇ ਪੂਰੀ ਮਾਤਰਾ ਵਿੱਚ ਪੀਣ ਵਾਲਾ ਪਾਣੀ ਮਿਲੇਗਾ। ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਪ੍ਰੋਜੈਕਟ ਇੱਕ ਸਾਲ ਦੇ ਅੰਦਰ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਹੈ ਤੇ ਇਸ ਨਾਲ ਮਲੋਟ ਦੇ ਨਿਵਾਸੀਆਂ ਨੂੰ ਪਾਣੀ ਦੀ ਸਮੱਸਿਆ ਤੋਂ ਵੱਡੀ ਰਾਹਤ ਮਿਲੇਗੀ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।

## ਸਾਂਸਦ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਹਰਮੀਤ ਸਿੰਘ ਕਾਲਕਾ ਨਾਲ ਦੁੱਖ ਦਾ ਪ੍ਰਗਟਾਵਾ



ਨਵੀਂ ਦਿੱਲੀ 24 ਮਾਰਚ (ਅੰਮ੍ਰਿਤਪਾਲ ਸਿੰਘ): ਪੰਜਾਬ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਸਤਿਕਾਰਯੋਗ ਮਾਤਾ ਪ੍ਰੀਤ ਮੋਹੀਨੀ ਕੌਰ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਰੰਧਾਵਾ ਨੇ ਕਿਹਾ ਕਿ ਮਾਤਾ ਪ੍ਰੀਤ ਮੋਹੀਨੀ ਕੌਰ ਦਾ ਸੰਸਾਰ ਤੋਂ ਵਿਛੋੜਾ ਸਿਰਫ਼ ਪਰਿਵਾਰ ਲਈ ਹੀ ਨਹੀਂ, ਸਗੋਂ ਸਮਾਜ ਲਈ ਵੀ ਇੱਕ ਵੱਡੀ ਘਾਟ ਹੈ। ਉਨ੍ਹਾਂ ਨੇ ਇਸ ਦੁਖਦਾਈ ਘੜੀ ਵਿੱਚ ਹਰਮੀਤ ਸਿੰਘ ਕਾਲਕਾ ਤੇ ਸਮੂਹ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕਰਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਤੇ ਪਰਿਵਾਰ ਨੂੰ ਇਹ ਅਸਹਿਣਯੋਗ ਦੁੱਖ ਸਹਿਣ ਦਦਾ ਬਲ ਬਖਸ਼ਣ। ਇਸ ਮੌਕੇ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਮਾਤਾ ਜੀ ਦੀ ਆਤਮਿਕ ਸ਼ਾਂਤੀ ਲਈ ਗੁਰੂ ਚਰਨਾਂ ਵਿੱਚ ਅਰਦਾਸ ਵੀ ਕੀਤੀ।

# ਮਾਨ ਸਰਕਾਰ ਨੇ ਸਾਹਨੇਵਾਲ ਲਈ 23.99 ਕਰੋੜ ਦੇ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਨੂੰ ਦਿੱਤੀ ਮਨਜ਼ੂਰੀ

## ਲੁਧਿਆਣਾ ਜ਼ਿਲ੍ਹੇ 'ਚ ਸਫ਼ਾਈ ਸਹੂਲਤਾਂ 'ਚ ਸੁਧਾਰ ਤੇ ਪ੍ਰਸ਼ਾਸਨਿਕ ਕਾਰਗੁਜ਼ਾਰੀ ਨੂੰ ਮਜ਼ਬੂਤੀ ਦੇਣਗੇ ਪ੍ਰਾਜੈਕਟ : ਮੁੰਡੀਆਂ

ਚੰਡੀਗੜ੍ਹ/ਲੁਧਿਆਣਾ, 24 ਮਾਰਚ (ਚ.ਨ.ਸ.): ਪਿੰਡਾਂ ਦੇ ਬੁਨਿਆਦੀ ਢਾਂਚੇ ਅਤੇ ਲੋਕ ਸੇਵਾਵਾਂ ਨੂੰ ਮਜ਼ਬੂਤ ਕਰਨ ਵੱਲ ਇੱਕ ਵੱਡਾ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਲੁਧਿਆਣਾ ਜ਼ਿਲ੍ਹੇ ਦੇ ਸਾਹਨੇਵਾਲ ਹਲਕੇ ਲਈ 23.99 ਕਰੋੜ ਰੁਪਏ ਦੇ ਦੋ ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ਵਿੱਚ ਇਤਿਹਾਸਕ ਪਿੰਡ ਸ੍ਰੀ ਭੈਣੀ ਸਾਹਿਬ ਲਈ ਮੈਗਾ ਸੀਵਰੇਜ ਯੋਜਨਾ ਤੇ ਸਾਹਨੇਵਾਲ ਲਈ ਆਧੁਨਿਕ ਸਬ-ਤਹਿਸੀਲ ਕੰਪਲੈਕਸ ਦੀ ਉਸਾਰੀ ਸ਼ਾਮਲ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਅਤੇ ਸਾਹਨੇਵਾਲ ਤੋਂ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਸ੍ਰੀ ਭੈਣੀ ਸਾਹਿਬ ਪਿੰਡ ਲਈ 13.36 ਕਰੋੜ ਰੁਪਏ ਦੀ ਸੀਵਰੇਜ ਯੋਜਨਾ ਮਨਜ਼ੂਰ ਕੀਤੀ ਗਈ ਹੈ। ਇਸ ਪ੍ਰਾਜੈਕਟ ਤਹਿਤ 1.80 ਕਿ.ਮੀ. ਲੰਮਾ ਮੁੱਖ ਜਾਂ ਇੰਟਰਸੈਪਟਿੰਗ ਸੀਵਰ ਅਤੇ 18.13 ਕਿ.ਮੀ. ਲੈਟਰਲ ਸੀਵਰ ਨੈੱਟਵਰਕ ਵਿਛਾਇਆ ਜਾਵੇਗਾ ਅਤੇ 670 ਘਰਾਂ ਨੂੰ ਕੁਨੈਕਸ਼ਨ ਦਿੱਤੇ ਜਾਣਗੇ। ਇਸ ਦੇ ਨਾਲ ਇੱਕ ਮੁੱਖ ਪੰਪਿੰਗ ਸਟੇਸ਼ਨ ਦੀ ਉਸਾਰੀ ਅਤੇ 1.0 ਐਮ.ਐਲ.ਡੀ. ਸਮਰੱਥਾ ਵਾਲਾ ਸੀਵਰੇਜ ਟ੍ਰੀਟਮੈਂਟ ਪਲਾਂਟ ਵੀ ਲਗਾਇਆ ਜਾਵੇਗਾ।



ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹ ਮੰਗ ਪਿੰਡ ਦੀ ਪੰਚਾਇਤ ਤੇ ਸ੍ਰੀ ਭੈਣੀ ਸਾਹਿਬ ਸੰਪ੍ਰਦਾਇ ਪ੍ਰਬੰਧਕ ਕਮੇਟੀ ਵੱਲੋਂ ਸਾਂਝੇ ਤੌਰ 'ਤੇ ਰੱਖੀ ਗਈ ਸੀ ਕਿਉਂਕਿ ਵਧਦੀ ਆਬਾਦੀ ਅਤੇ ਪੁਰਾਣੀ ਹੋ ਚੁੱਕੀ ਸੀਵਰੇਜ ਸਹੂਲਤਾਂ ਕਾਰਨ ਨਵੇਂ ਸੀਵਰੇਜ ਅਤੇ ਪਾਣੀ ਸਪਲਾਈ ਪ੍ਰਣਾਲੀ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ। ਦੱਸ ਦੇਈਏ ਕਿ 9 ਜਨਵਰੀ, 2026 ਨੂੰ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਸੀਨੀਅਰ ਅਧਿਕਾਰੀਆਂ ਸਮੇਤ ਪਿੰਡ ਦਾ ਦੌਰਾ ਕੀਤਾ ਸੀ, ਜਿੱਥੇ ਇਹ ਗੱਲ ਸਾਹਮਣੇ ਆਈ ਸੀ ਕਿ 2001-02 ਵਿੱਚ ਵਿਛਾਇਆ ਮੌਜੂਦਾ ਸੀਵਰੇਜ ਸਿਸਟਮ ਆਪਣੀ ਮਿਆਦ ਪੂਰੀ ਕਰ ਚੁੱਕਾ ਹੈ ਤੇ ਪਿੰਡ ਵਿੱਚ ਕਿਸੇ ਵੀ ਕਿਸਮ ਦੀ ਟ੍ਰੀਟਮੈਂਟ ਸਹੂਲਤ ਮੌਜੂਦ ਨਹੀਂ ਹੈ।

ਇਸੇ ਤਰ੍ਹਾਂ, ਇਕ ਹੋਰ ਅਹਿਮ ਫ਼ੈਸਲੇ ਤਹਿਤ ਪੰਜਾਬ ਸਰਕਾਰ ਨੇ ਸਾਹਨੇਵਾਲ ਵਿੱਚ ਨਵਾਂ ਸਬ-ਤਹਿਸੀਲ ਕੰਪਲੈਕਸ ਬਣਾਉਣ ਲਈ 10.64 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਇਹ ਪ੍ਰਾਜੈਕਟ ਪ੍ਰਸ਼ਾਸਨਿਕ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਨੂੰ ਨਾਗਰਿਕ ਸੇਵਾਵਾਂ ਸੁਖਾਲੇ ਤਰੀਕੇ ਨਾਲ ਪ੍ਰਦਾਨ ਕਰਨ ਵੱਲ ਕੇਂਦ੍ਰਿਤ ਹੈ। ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਨਵਾਂ ਕੰਪਲੈਕਸ ਸਾਹਨੇਵਾਲ ਅਤੇ ਆਸ-ਪਾਸ ਦੇ ਇਲਾਕਿਆਂ ਦੇ ਵਸਨੀਕਾਂ ਨੂੰ ਮਾਲ ਵਿਭਾਗ ਨਾਲ ਸਬੰਧਤ ਅਤੇ ਪ੍ਰਸ਼ਾਸਨਿਕ ਸੇਵਾਵਾਂ ਲਈ ਲੁਧਿਆਣਾ ਜਾਣ ਦੀ ਲੋੜ ਤੋਂ ਮੁਕਤ ਕਰੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਕੇਸਾਂ ਦਾ ਤੇਜ਼ ਨਿਪਟਾਰਾ, ਪ੍ਰਸ਼ਾਸਨਿਕ ਕਾਰਗੁਜ਼ਾਰੀ ਵਿੱਚ ਸੁਧਾਰ ਅਤੇ ਆਧੁਨਿਕ ਪ੍ਰਣਾਲੀ ਰਾਹੀਂ ਮਾਲੀਆ ਇਕੱਠਾ ਕਰਨ ਵਿੱਚ ਵੀ ਵਾਧਾ ਹੋਵੇਗਾ।

ਕੈਬਨਿਟ ਮੰਤਰੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਦੋਵੇਂ ਪ੍ਰਾਜੈਕਟ ਸਾਹਨੇਵਾਲ ਹਲਕੇ ਦੇ ਵਿਕਾਸ ਨੂੰ ਨਵੀਂ ਦਿਸ਼ਾ ਦੇਣਗੇ ਅਤੇ ਜ਼ਮੀਨੀ ਪੱਧਰ 'ਤੇ ਪ੍ਰਸ਼ਾਸਨਿਕ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨਗੇ। ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਪਿੰਡਾਂ ਅਤੇ ਅਰਧ-ਸ਼ਹਿਰੀ ਇਲਾਕਿਆਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਲੋਕਾਂ ਨੂੰ ਬਿਹਤਰ ਨਾਗਰਿਕ ਸਹੂਲਤਾਂ ਅਤੇ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ।



## ਸੰਪਾਦਕੀ

# ਕੂਟਨੀਤੀ ਦਾ ਰਸਤਾ

ਭਾਵੇਂ ਕਿਸੇ ਜੰਗ ਵਿੱਚ ਦੋ ਦੇਸ਼ ਜਾਂ ਧਿਰਾਂ ਸ਼ਾਮਲ ਹੋਣ, ਇਸਦੇ ਨਤੀਜੇ ਇੰਨੇ ਵਿਆਪਕ ਹੋ ਸਕਦੇ ਹਨ ਕਿ ਉਹ ਕਈ ਹੋਰ ਦੇਸ਼ਾਂ ਦੇ ਲੋਕਾਂ ਲਈ ਮੁਸ਼ਕਲਾਂ ਦਾ ਕਾਰਨ ਬਣ ਸਕਦੇ ਹਨ। ਉਦਾਹਰਣ ਵਜੋਂ, ਇਜ਼ਰਾਈਲ ਅਤੇ ਅਮਰੀਕਾ ਦੁਆਰਾ ਈਰਾਨ 'ਤੇ ਕੀਤੇ ਗਏ ਸਾਂਝੇ ਹਮਲੇ ਨੇ ਨਾ ਸਿਰਫ਼ ਪੱਛਮੀ ਏਸ਼ੀਆ ਵਿੱਚ ਸਗੋਂ ਦੁਨੀਆ ਭਰ ਵਿੱਚ ਮੁਸ਼ਕਲਾਂ ਵਧਾ ਦਿੱਤੀਆਂ ਹਨ। ਇਹ ਕੋਈ ਭੇਤ ਨਹੀਂ ਹੈ ਕਿ ਬਹੁਤ ਸਾਰੇ ਦੇਸ਼ ਆਪਣੀ ਜ਼ਿਆਦਾਤਰ ਊਰਜਾ ਜ਼ਰੂਰਤਾਂ, ਜਿਸ ਵਿੱਚ ਤੇਲ ਅਤੇ ਗੈਸ ਸ਼ਾਮਲ ਹੈ, ਲਈ ਮੱਧ ਪੂਰਬ 'ਤੇ ਨਿਰਭਰ ਕਰਦੇ ਹਨ। ਹਾਲਾਂਕਿ, ਇਸ ਜੰਗ ਦੇ ਸ਼ੁਰੂ ਹੋਣ ਤੋਂ ਬਾਅਦ, ਸਥਿਤੀ ਹੌਲੀ-ਹੌਲੀ ਵਿਗੜਦੀ ਗਈ ਹੈ। ਹਾਲਾਂਕਿ ਭਾਰਤ ਸਮੇਤ ਬਹੁਤ ਸਾਰੇ ਦੇਸ਼ਾਂ ਨੇ ਸਪੱਸ਼ਟ ਤੌਰ 'ਤੇ ਜੰਗ ਦੀ ਬਜਾਏ ਕੂਟਨੀਤੀ ਰਾਹੀਂ ਕਿਸੇ ਵੀ ਮੁੱਦੇ ਨੂੰ ਹੱਲ ਕਰਨ ਦੀ ਵਕਾਲਤ ਕੀਤੀ ਹੈ ਪਰ ਯੁੱਧ ਵਿੱਚ ਸ਼ਾਮਲ ਦੇਸ਼ ਅਕਸਰ ਇਸ ਸਭ ਤੋਂ ਮਹੱਤਵਪੂਰਨ ਜ਼ਰੂਰੀ ਨੂੰ ਸਮਝਣ ਵਿੱਚ ਦੇਰੀ ਕਰਦੇ ਹਨ। ਵਿਆਪਕ ਹਮਲਿਆਂ ਅਤੇ ਜਾਨ-ਮਾਲ ਦੇ ਭਾਰੀ ਨੁਕਸਾਨ ਦੇ ਵਿਚਕਾਰ, ਈਰਾਨ ਦੁਆਰਾ ਹੋਰਮੁਜ਼ ਜਲਡਮਰੂ ਦੀ ਨਾਕਾਬੰਦੀ ਨੇ ਦੁਨੀਆ ਭਰ ਦੇ ਕਈ ਦੇਸ਼ਾਂ ਨੂੰ ਤੇਲ ਅਤੇ ਗੈਸ ਦੀ ਸਪਲਾਈ ਨੂੰ ਸੀਮਤ ਜਾਂ ਮਹੱਤਵਪੂਰਨ ਤੌਰ 'ਤੇ ਘਟਾ ਦਿੱਤਾ ਹੈ। ਇਹ ਇੱਕ ਅਜਿਹਾ ਸੰਕਟ ਹੈ ਜੋ ਹਰ ਕਿਸੇ ਨੂੰ ਪ੍ਰਭਾਵਿਤ ਕਰੇਗਾ। ਸਮੱਸਿਆ ਇਹ ਹੈ ਕਿ ਜੇਕਰ ਇਹ ਟਕਰਾਅ ਲੰਬੇ ਸਮੇਂ ਤੱਕ ਜਾਰੀ ਰਿਹਾ, ਤਾਂ ਇਹ ਆਮ ਲੋਕਾਂ ਲਈ ਬਹੁਪੱਖੀ ਸੰਕਟ ਪੈਦਾ ਕਰੇਗਾ ਅਤੇ ਸਰਕਾਰ ਦੇ ਸਾਹਮਣੇ ਚੁਣੌਤੀਆਂ ਨੂੰ ਤੇਜ਼ ਕਰੇਗਾ। ਆਉਣ ਵਾਲੇ ਦਿਨਾਂ ਵਿੱਚ ਜੰਗ ਦੇ ਵਧਣ ਦੀ ਸੰਭਾਵਨਾ ਅਤੇ ਇਸਦੇ ਲੰਬੇ ਸਮੇਂ ਤੱਕ ਚੱਲਣ ਵਾਲੇ ਪ੍ਰਭਾਵ ਨੂੰ ਦੇਖਦੇ ਹੋਏ ਪ੍ਰਧਾਨ ਮੰਤਰੀ ਨੇ ਸੋਮਵਾਰ ਨੂੰ ਲੋਕ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਰਤ ਬੇਮਿਸਾਲ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਸਪੱਸ਼ਟ ਤੌਰ 'ਤੇ ਮੌਜੂਦਾ ਹਾਲਾਤਾਂ ਵਿੱਚ, ਇੱਕੋ ਇੱਕ ਵਿਕਲਪ ਉਨ੍ਹਾਂ ਦਾ ਸਾਹਮਣਾ ਕਰਨਾ ਹੈ। ਅਜਿਹੀ ਸਥਿਤੀ ਵਿੱਚ ਸਰਕਾਰ ਨੂੰ ਜ਼ਰੂਰੀ ਰੋਜ਼ਾਨਾ ਜ਼ਰੂਰਤਾਂ ਦੀ ਸੰਤੋਸ਼ਜਨਕ ਸਪਲਾਈ ਬਣਾਈ ਰੱਖਣ ਲਈ ਹਰ ਸੰਭਵ ਕਦਮ ਚੁੱਕਣੇ ਚਾਹੀਦੇ ਹਨ, ਨਾਲ ਹੀ ਪ੍ਰਤੀਕੂਲ ਹਾਲਤਾਂ ਵਿੱਚ ਵਿਸ਼ਵਾਸ ਵੀ ਬਣਾਈ ਰੱਖਣਾ ਚਾਹੀਦਾ ਹੈ। ਸ਼ਾਇਦ ਇਸ ਸੰਦਰਭ ਵਿੱਚ ਪ੍ਰਧਾਨ ਮੰਤਰੀ ਨੇ ਯਾਦ ਕੀਤਾ ਕਿ ਕੋਵਿਡ ਮਹਾਂਮਾਰੀ ਦੌਰਾਨ ਸਪਲਾਈ ਲੜੀ ਸੰਕਟ ਵੀ ਪੈਦਾ ਹੋਇਆ ਸੀ ਅਤੇ ਦੇਸ਼ ਨੇ ਇਸਦਾ ਮੁਕਾਬਲਾ ਏਕਤਾ ਨਾਲ ਕੀਤਾ ਸੀ। ਇਹ ਧਿਆਨ ਦੇਣ ਯੋਗ ਹੈ ਕਿ ਹੋਰਮੁਜ਼ ਜਲਡਮਰੂ ਰਾਹੀਂ ਜਹਾਜ਼ਰਾਨੀ ਦੇ ਲਗਭਗ ਬੰਦ ਹੋਣ ਨੇ ਭਾਰਤ ਦੀ ਤੇਲ ਅਤੇ ਕੁਦਰਤੀ ਗੈਸ ਸਪਲਾਈ ਵਿੱਚ ਕਾਫ਼ੀ ਵਿਘਨ ਪਾਇਆ ਹੈ, ਜਿਸ ਨਾਲ ਦੇਸ਼ ਨੂੰ ਵਿਕਲਪਕ ਕੱਚੇ ਤੇਲ ਅਤੇ ਗੈਸ ਦੀ ਖਰੀਦ ਲਈ ਰੂਸ ਅਤੇ ਹੋਰ ਦੇਸ਼ਾਂ ਵੱਲ ਦੇਖਣ ਲਈ ਮਜਬੂਰ ਹੋਣਾ ਪਿਆ ਹੈ। ਇਹ ਨਿਸ਼ਚਿਤ ਹੈ ਕਿ ਦੁਨੀਆ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਪੈਦਾ ਹੋ ਰਹੇ ਊਰਜਾ ਅਤੇ ਖ਼ੁਰਾਕ ਸੰਕਟ ਦੇ ਪੈਮਾਨੇ, ਹਥਿਆਰਾਂ ਦੇ ਹਮਲਿਆਂ ਕਾਰਨ ਹੋਏ ਨੁਕਸਾਨ ਦੇ ਸਮਾਨਾਂਤਰ, ਲੰਬੇ ਸਮੇਂ ਦੇ ਪ੍ਰਭਾਵ ਪਾਉਣਗੇ। ਯੁੱਧ ਸ਼ੁਰੂ ਹੋਣ ਦੇ ਕਾਰਨ ਜੋ ਵੀ ਹੋਣ, ਇਸਦਾ ਅੰਤਮ ਹੱਲ ਕੂਟਨੀਤਕ ਪਹਿਲਕਦਮੀਆਂ, ਗੱਲਬਾਤ ਅਤੇ ਸਮਝੌਤੇ ਰਾਹੀਂ ਹੀ ਸੰਭਵ ਹੈ। ਹਾਲਾਂਕਿ, ਗੱਲਬਾਤ ਰਾਹੀਂ ਹੱਲ ਤੱਕ ਪਹੁੰਚਣ ਵਿੱਚ ਲੱਗਣ ਵਾਲੇ ਸਮੇਂ ਦੇ ਨਤੀਜੇ ਵਜੋਂ ਅਕਸਰ ਨਿਰਦੋਸ਼ ਲੋਕਾਂ ਦੀਆਂ ਜਾਨਾਂ ਜਾਂਦੀਆਂ ਹਨ, ਜਿਨ੍ਹਾਂ ਦਾ ਯੁੱਧ ਨਾਲ ਕੋਈ ਸਬੰਧ ਨਹੀਂ ਹੁੰਦਾ, ਅਤੇ ਅਣਗਿਣਤ ਸਰੋਤਾਂ ਦੀ ਤਬਾਹੀ ਹੁੰਦੀ ਹੈ। ਇਸ ਸੰਦਰਭ ਵਿੱਚ ਪ੍ਰਧਾਨ ਮੰਤਰੀ ਨੇ ਈਰਾਨ ਅਤੇ ਇਜ਼ਰਾਈਲ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਟਕਰਾਅ ਵਿੱਚ ਗੱਲਬਾਤ ਅਤੇ ਕੂਟਨੀਤੀ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਭਾਰਤ ਦੇ ਸਾਹਮਣੇ ਇਸ ਸਮੇਂ ਸਭ ਤੋਂ ਵੱਡੀ ਚੁਣੌਤੀ ਦੇਸ਼ ਵਿੱਚ ਤੇਲ, ਰਸੋਈ ਗੈਸ ਅਤੇ ਖਾਣ-ਪੀਣ ਦੀਆਂ ਚੀਜ਼ਾਂ ਦੀ ਸਪਲਾਈ ਨੂੰ ਆਮ ਬਣਾਉਣਾ ਹੈ, ਤਾਂ ਜੋ ਮਹਿੰਗਾਈ ਕਾਬੂ ਵਿੱਚ ਰਹੇ ਅਤੇ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਵਿਘਨ ਨਾ ਪਵੇ। ਕਿਸੇ ਵੀ ਪ੍ਰਤੀਕੂਲ ਸਥਿਤੀ ਵਿੱਚ ਆਮ ਲੋਕਾਂ ਦੀਆਂ ਉਮੀਦਾਂ ਸਰਕਾਰ ਅਤੇ ਉਸਦੇ ਰੁਖ਼ 'ਤੇ ਟਿੱਕੀਆਂ ਹੁੰਦੀਆਂ ਹਨ।

**-ਜਗਜੀਤ ਸਿੰਘ ਦਰਦੀ**

## ਅੱਜ ਪੰਜਾਬ ਦੇ ਕਿਸਾਨਾਂ ਦਾ ਦੁੱਖ ਕੌਣ ਸਮਝੇ ?

# ਪੰਜਾਬ ਦਾ ਕਿਸਾਨੀ ਸੰਕਟ ਰਾਜਨੀਤਿਕ ਪਾਰਟੀਆਂ ਲਈ ਵੋਟਾਂ ਦਾ ਤਮਾਸ਼ਾ ਜਾਂ ਭਵਿੱਖ ਦੀ ਲੜਾਈ ?



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**ਅੱਜ ਪੰਜਾਬ ਦਾ ਕਿਸਾਨ ਸੰਕਟ ਵਿੱਚ ਹੈ ।**

**ਕੀ ਕਦੀ ਕੋਈ ਉਸ ਦੀ ਬਾਂਹ ਫੜੇਗਾ ।**

ਕੀ ਕਦੇ ਕੋਈ ਉਸਦੀ ਮਾਨਸਿਕ ਹਾਲਤ ਨੂੰ ਧੁਰ ਅੰਦਰ ਤੱਕ ਸਮਝੇਗਾ । ਅੱਜ ਲਚਾਰੀ ਵਿੱਚ ਕਿਸਾਨ ਉਦਾਸ ਹੈ । ਸਰਕਾਰਾਂ ਆਉਂਦੀਆਂ ਹਨ, ਸਰਕਾਰਾਂ ਜਾਂਦੀਆਂ ਹਨ। ਕੇਂਦਰ ਵਿੱਚ ਵੀ ਕਿਸਾਨਾਂ ਲਈ ਐੱਮਐੱਸਪੀ (Minimum Support Price) ਨੂੰ ਲੈ ਕੇ ਚਰਚਾਵਾਂ ਹੁੰਦੀਆਂ ਹਨ, ਕਿਸਾਨ ਨਿਧੀਆਂ ਚੱਲਦੀਆਂ ਹਨ, ਯੋਜਨਾਵਾਂ ਐਲਾਨੀਆਂ ਜਾਂਦੀਆਂ ਹਨ ਪਰ ਪੰਜਾਬ ਵਿੱਚ ਉਸ ਅਣਖ ਵਾਲੇ ਖੇਤਰ ਵਿੱਚ ਜਿੱਥੇ ਇੱਕ ਵਾਰ ਲਹਿਰਾਂ ਉੱਠਦੀਆਂ ਸਨ ਅਤੇ ਰਾਸ਼ਟਰ ਨੂੰ ਅੰਨ ਦਿੰਦਾ ਸੀ, ਉੱਥੇ ਕਿਸਾਨ ਪਿਛਲੇ ਇੱਕ ਦਹਾਕੇ ਤੋਂ ਲਗਾਤਾਰ ਰੇਲਵੇ ਲਾਈਨਾਂ 'ਤੇ ਧਰਨੇ ਦਿੰਦੇ ਹਨ, ਰੇਲਾਂ ਰੁਕਦੀਆਂ ਹਨ, ਸੜਕਾਂ 'ਤੇ ਟਰੈਕਟਰ ਖੜ੍ਹੇ ਹੁੰਦੇ ਹਨ।

ਅੱਜ ਇਹ ਸੰਘਰਸ਼ ਕਿਉਂ ?

ਅੱਜ ਕੀ ਇਹ ਸਿਰਫ਼ ਵੋਟਾਂ ਦਾ ਤਮਾਸ਼ਾ ਹੈ ਜਾਂ ਇੱਕ ਗਹਿਰੀ ਵਿਆਕੁਲਤਾ ਦੀ ਆਵਾਜ਼ ਹੈ ? ਪੰਜਾਬ ਦਾ ਕਿਸਾਨ ਅੱਜ ਆਪਣੀ ਜ਼ਮੀਨ ਨੂੰ 'ਮਾਂ' ਆਖਣ ਤੋਂ ਡਰਦਾ ਹੈ ਕਿਉਂਕਿ ਉਹ ਵਿਕਾਊ ਹੋ ਚੁੱਕੀ ਹੈ। ਗਰੀਬ ਕਿਸਾਨ ਕੱਟ ਰਿਹਾ ਹੈ ਜੋਤਾਂ, ਧਨੀ ਲਾਭ ਲੈ ਰਹੇ ਹਨ ਅਤੇ ਰਾਜਨੀਤਿਕ ਪਾਰਟੀਆਂ ਇਸ ਨੂੰ ਆਪਣੇ ਏਜੰਡੇ ਵਿੱਚ ਬਦਲ ਰਹੀਆਂ ਹਨ।

ਇਹ ਸਵਾਲ ਉਸ ਵਿਸ਼ਾਲ ਤ੍ਰਾਸਦੀ ਨੂੰ ਛੂਹਣ ਦੀ ਕੋਸ਼ਿਸ਼ ਹੈ - ਇੱਕ ਭਾਵਪੂਰਨ, ਤਿੱਖਾ ਵਿਸ਼ਲੇਸ਼ਣ। ਪੰਜਾਬ ਦੀ ਖੇਤੀ ਇੱਕ ਵਾਰ ਭਾਰਤ ਦੀ ਅੰਨ-ਭੰਡਾਰ ਸੀ। ਹਰੀ ਕ੍ਰਾਂਤੀ ਨੇ ਇਸਨੂੰ ਉੱਚਾ ਚੁੱਕਿਆ, ਗੰਨਿਆਂ ਅਤੇ ਝੋਨੇ ਨੇ ਰਾਸ਼ਟਰ ਨੂੰ ਭੁੱਖ ਤੋਂ ਬਚਾਇਆ। ਪਰ ਉਸੇ ਹਰੀ ਕ੍ਰਾਂਤੀ ਦੀ ਛਾਇਆ ਵਿੱਚ ਇੱਕ ਭਿਆਨਕ ਚੱਕਰਵਾਤ ਬਣ ਗਿਆ। ਝੋਨਾ-ਗੰਨਾ ਦਾ ਚੱਕਰ, ਮੁਫ਼ਤ ਬਿਜਲੀ ਅਤੇ ਪਾਣੀ ਨੇ ਭੂਗਰਭੀ ਜਲ ਨੂੰ ਖਾਲੀ ਕਰ ਦਿੱਤਾ। ਪੰਜਾਬ ਵਿੱਚ 79 ਫੀਸਦੀ ਭੂਗਰਭੀ ਜਲ ਓਵਰ-ਐਕਸਪਲਾਈਟਿਡ ਹੈ।

ਕੀ ਤੁਹਾਨੂੰ ਪਤਾ ਹੈ ਕਿ ਇੱਕ ਕਿਲੋ ਝੋਨੇ ਲਈ 3000-5000 ਲੀਟਰ ਪਾਣੀ ਲੱਗਦਾ ਹੈ, ਅਤੇ ਇਸ ਨੂੰ ਉਤਸ਼ਾਹਿਤ ਕਰਨ ਵਾਲੀਆਂ ਯੋਜਨਾਵਾਂ ਨੇ ਧਰਤੀ ਨੂੰ ਖੋਖਲਾ ਕਰ ਦਿੱਤਾ। ਇਸ ਤੋਂ ਵੀ ਵੱਡੀ ਤ੍ਰਾਸਦੀ ਇਹ ਹੈ ਕਿ ਇਹ ਲਾਭ ਧਨੀ ਕਿਸਾਨਾਂ, ਰਾਜਨੀਤਿਕ ਪਰਿਵਾਰਾਂ ਅਤੇ ਵੱਡੀਆਂ ਜ਼ਮੀਨਾਂ ਵਾਲਿਆਂ ਤੱਕ ਹੀ ਸੀਮਤ ਰਿਹਾ। ਛੋਟੇ ਅਤੇ ਗਰੀਬ ਕਿਸਾਨ ਇਸ ਚੱਕਰ ਵਿੱਚ ਫਸ ਗਏ। ਉਨ੍ਹਾਂ ਲਈ ਇਹ ਮੁਫ਼ਤ ਸੁਵਿਧਾਵਾਂ ਇੱਕ ਫੰਦਾ ਬਣ ਗਈਆਂ - ਉਧਾਰ ਲੈ ਕੇ ਬੀਜ ਖਰੀਦਣਾ, ਖਾਦ ਖਰੀਦਣਾ ਅਤੇ ਫਿਰ ਝੋਨਾ ਵੇਚ ਕੇ ਵੀ ਲਾਭ ਨਾ ਹੋਣਾ। ਪੰਜਾਬ ਵਿੱਚ ਲਗਭਗ 89 ਫੀਸਦੀ ਖੇਤੀਬਾੜੀ ਘਰਾਣੇ ਕਰਜ਼ੇ ਵਿੱਚ ਹਨ। ਔਸਤਨ ਇੱਕ ਘਰਾਣੇ ਉੱਤੇ ਲਗਭਗ ਤਿੰਨ ਲੱਖ ਰੁਪਏ ਦਾ ਕਰਜ਼ਾ ਹੈ ਅਤੇ ਰਾਜ ਦਾ ਕੁੱਲ ਖੇਤੀ ਕਰਜ਼ਾ ਇੱਕ ਲੱਖ ਕਰੋੜ ਤੋਂ ਵੀ ਵੱਧ ਹੈ।

ਅੱਜ ਇਸ ਵਿੱਚੋਂ ਬਹੁਤਾ ਹਿੱਸਾ ਛੋਟੀਆਂ ਜੋਤਾਂ ਵਾਲੇ ਕਿਸਾਨਾਂ ਉੱਤੇ ਹੈ ਜੋ ਬੈਂਕਾਂ ਤੋਂ ਉਧਾਰ ਲੈਂਦੇ ਹਨ ਅਤੇ ਫਿਰ ਮਹਿੰਗੇ ਬੀਜ-ਖਾਦਾਂ ਅਤੇ ਬਿਜਲੀ ਬਿਲਾਂ ਦੇ ਚੱਕਰ ਵਿੱਚ ਫਸ ਜਾਂਦੇ ਹਨ। ਇੱਥੇ ਇੱਕ ਵੱਡਾ ਫਰਕ ਹੈ - ਧਨੀ ਕਿਸਾਨ, ਜਿਨ੍ਹਾਂ ਵਿੱਚ ਰਾਜਨੀਤਿਕ ਪਾਰਟੀਆਂ ਦੇ ਆਗੂ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਸ਼ਾਮਲ ਹਨ, ਉਹ ਘੱਟ ਵਿਆਜ 'ਤੇ ਲੋਨ ਲੈਂਦੇ ਹਨ, ਮੁਫ਼ਤ ਬਿਜਲੀ ਅਤੇ ਪਾਣੀ ਦਾ ਵੱਧ ਲਾਭ ਉਠਾਉਂਦੇ ਹਨ ਅਤੇ ਵੱਡੀਆਂ ਜੋਤਾਂ ਉੱਤੇ ਆਧੁਨਿਕ ਤਕਨੀਕ ਵਰਤਦੇ ਹਨ। ਉਨ੍ਹਾਂ ਲਈ ਇਹ ਰਿਆਇਤਾਂ ਇੱਕ ਵਧੀਆ ਲਾਭ ਹਨ, ਪਰ ਗਰੀਬ ਕਿਸਾਨ ਲਈ ਇਹ ਇੱਕ ਭਾਰੀ ਬੋਝ ਬਣ ਜਾਂਦਾ ਹੈ।

ਅੱਜ ਉਹ ਆਪਣੀਆਂ ਛੋਟੀਆਂ ਜੋਤਾਂ ਉੱਤੇ ਝੋਨਾ ਬੀਜਦਾ ਹੈ, ਫਸਲ ਖਰਾਬ ਹੋਵੇ ਤਾਂ ਕਰਜ਼ਾ ਵਧਦਾ ਹੈ ਅਤੇ ਅੰਤ ਵਿੱਚ ਜ਼ਮੀਨ ਵੇਚਣੀ ਪੈਂਦੀ ਹੈ। ਪਾਕਿਸਤਾਨ ਵਾਂਗ ਪੰਜਾਬ ਵੀ ਅੱਜ ਜ਼ਮੀਨ ਵੇਚ ਕੇ ਮਜ਼ਦੂਰੀ ਵੱਲ ਵਧ ਰਿਹਾ ਹੈ - ਨਿਰਾਸ਼ਾ, ਕੱਲ ਅਤੇ ਬਿਮਾਰੀਆਂ ਨਾਲ ਲੜਦਾ ਹੋਇਆ। ਇਸ ਤ੍ਰਾਸਦੀ ਦਾ ਸਭ ਤੋਂ ਦਰਦਨਾਕ ਪਹਿਲੂ ਹੈ ਕਿਸਾਨਾਂ ਦੀਆਂ ਆਤਮਹੱਤਿਆਵਾਂ।

ਅੱਜ ਇਹ ਅਧਿਕਾਰਤ ਡਾਟਾ ਅਨੁਸਾਰ ਪੰਜਾਬ ਵਿੱਚ ਖੇਤੀਬਾੜੀ ਆਤਮਹੱਤਿਆਵਾਂ ਦੀ ਗਿਣਤੀ ਘਟੀ ਹੈ - 2019 ਵਿੱਚ 302 ਤੋਂ 2023 ਵਿੱਚ 174 ਤੱਕ - ਪਰ ਯੂਨੀਅਨਾਂ ਅਤੇ ਖੇਤੀਬਾੜੀ ਵਰਕਰ ਇਸਨੂੰ ਅੰਡਰ-ਰਿਪੋਰਟਿਡ ਮੰਨਦੇ ਹਨ। ਬਹੁਤ ਸਾਰੀਆਂ ਆਤਮਹੱਤਿਆਵਾਂ ਨੂੰ 'ਹੋਰ ਕਾਰਨਾਂ' ਵਜੋਂ ਦਰਜ ਕੀਤਾ ਜਾਂਦਾ ਹੈ। ਕਰਜ਼ਾ, ਫਸਲੀ ਨੁਕਸਾਨ ਅਤੇ ਘਰੇਲੂ ਤਣਾਅ ਇਸ ਦੀਆਂ ਮੁੱਖ ਵਜ੍ਹਾ ਹਨ। ਇੱਕ ਰਿਪੋਰਟ ਅਨੁਸਾਰ 51 ਫੀਸਦੀ ਆਤਮਹੱਤਿਆਵਾਂ ਕਰਜ਼ੇ ਕਾਰਨ ਹੁੰਦੀਆਂ ਹਨ। ਅੱਜ ਛੋਟਾ ਕਿਸਾਨ ਆਪਣੀ ਜ਼ਮੀਨ ਬਚਾਉਣ ਲਈ ਲੜਦਾ ਹੈ, ਪਰ ਜਦੋਂ ਉਹ ਹਾਰ ਜਾਂਦਾ ਹੈ ਤਾਂ ਉਸਦੀ ਔਰਤ ਅਤੇ ਬੱਚੇ ਉਸੇ ਚੱਕਰ ਵਿੱਚ ਫਸ ਜਾਂਦੇ ਹਨ। ਇਹ ਸਿਰਫ਼ ਅੰਕੜੇ ਨਹੀਂ, ਇੱਕ ਪੂਰੀ ਪੀੜ੍ਹੀ ਦੀ ਤਬਾਹੀ ਹੈ। ਇਸ ਸਭ ਵਿੱਚ ਰਾਜਨੀਤੀ ਦਾ ਰੋਲ ਸਭ ਤੋਂ ਤਿੱਖਾ ਹੈ। ਅਕਾਲੀ ਦਲ ਨੇ 1997-2002 ਵਿੱਚ ਮੁਫ਼ਤ ਬਿਜਲੀ ਸ਼ੁਰੂ ਕੀਤੀ-ਵੋਟਾਂ ਲਈ ਇੱਕ ਪਾਪੂਲਿਸਟ ਫੈਸਲਾ। ਫਿਰ ਕਾਂਗਰਸ ਅਤੇ ਆਪ ਨੇ ਇਸਨੂੰ ਜਾਰੀ ਰੱਖਿਆ। ਆਪ ਸਰਕਾਰ ਵੀ ਇਸ ਤੋਂ ਬਾਹਰ ਨਹੀਂ ਰਹੀ। ਇਹ ਰਿਆਇਤਾਂ ਧਨੀਆਂ ਨੂੰ ਵੱਧ ਫਾਇਦਾ ਦਿੰਦੀਆਂ ਹਨ ਕਿਉਂਕਿ ਉਨ੍ਹਾਂ ਕੋਲ ਵੱਡੀਆਂ ਜੋਤਾਂ ਹਨ ਅਤੇ ਉਹ ਵੱਧ ਬਿਜਲੀ ਵਰਤਦੇ ਹਨ।

ਅੱਜ ਛੋਟੇ ਕਿਸਾਨ ਲਈ ਇਹ ਇੱਕ ਫੰਦਾ ਬਣ ਜਾਂਦਾ ਹੈ ਕਿਉਂਕਿ ਉਹ ਆਪਣੀਆਂ ਛੋਟੀਆਂ ਜੋਤਾਂ ਉੱਤੇ ਵੀ ਉਸੇ ਤਰ੍ਹਾਂ ਝੋਨਾ ਬੀਜਦਾ ਹੈ ਅਤੇ ਭੂਜਲ ਖਤਮ ਕਰਦਾ ਹੈ। ਐੱਮਐੱਸਪੀ ਦੀ ਮੰਗ ਵੀ ਇਸੇ ਤਰ੍ਹਾਂ ਇੱਕ ਰਾਜਨੀਤਿਕ ਟੂਲ ਬਣ ਗਈ ਹੈ। ਪੰਜਾਬ ਅਤੇ ਹਰਿਆਣਾ ਦੇ ਕਿਸਾਨ ਇਸ ਤੋਂ ਸਭ ਤੋਂ ਵੱਧ ਲਾਭ ਉਠਾਉਂਦੇ ਹਨ ਕਿਉਂਕਿ ਉੱਥੇ ਸਰਕਾਰੀ ਖਰੀਦ ਵੱਧ ਹੈ। 2022-23 ਵਿੱਚ ਪੰਜਾਬ ਨੂੰ ਗੰਨਿਆਂ ਲਈ 19,300 ਕਰੋੜ ਤੋਂ ਵੱਧ ਐੱਮਐੱਸਪੀ ਮਿਲਿਆ। ਪਰ ਇਸ ਨਾਲ ਝੋਨਾ-ਗੰਨਾ ਚੱਕਰ ਵਧਿਆ, ਭੂਜਲ ਘਟਿਆ ਅਤੇ ਛੋਟੇ ਕਿਸਾਨਾਂ ਦੀ ਸਮੱਸਿਆ ਹੱਲ ਨਾ ਹੋਈ। 2020-21 ਦਾ ਵੱਡਾ ਕਿਸਾਨ ਅੰਦੋਲਨ ਯਾਦ ਹੈ ?

ਤਿੰਨ ਖੇਤੀ ਕਾਨੂੰਨਾਂ ਵਿਰੋਧ ਵਿੱਚ ਪੰਜਾਬੀ ਕਿਸਾਨਾਂ ਨੇ ਦਿੱਲੀ ਦੀਆਂ ਸੜਕਾਂ ਰੋਕੀਆਂ, ਰੇਲਾਂ ਰੋਕੀਆਂ। ਅੰਦੋਲਨ ਜਿੱਤਿਆ ਗਿਆ, ਕਾਨੂੰਨ ਵਾਪਸ ਲਏ ਗਏ, ਪਰ ਐੱਮਐੱਸਪੀ ਦੀ ਗਾਰੰਟੀ ਨਾ ਮਿਲੀ। 2024 ਵਿੱਚ ਫਿਰ ਉਹੀ ਅੰਦੋਲਨ - ਸ਼ੰਭੂ ਬਾਰਡਰ 'ਤੇ ਧਰਨੇ, ਪੁਲਿਸ ਨਾਲ ਟਕਰਾਅ, ਮੌਤਾਂ। ਰੇਲ ਰੋਕੋ ਅੰਦੋਲਨ ਚੱਲ ਰਿਹਾ ਹੈ। ਇਹ ਸੰਘਰਸ਼ ਇੱਕ ਗੱਲ ਸਾਫ਼ ਕਰਦਾ ਹੈ - ਕਿਸਾਨ ਆਪਣੀਆਂ ਮੰਗਾਂ ਲਈ ਲੜ ਰਿਹਾ ਹੈ, ਪਰ ਰਾਜਨੀਤਿਕ ਪਾਰਟੀਆਂ ਇਸਨੂੰ ਵੋਟ ਬੈਂਕ ਵਜੋਂ ਵਰਤ ਰਹੀਆਂ ਹਨ।

ਅੱਜ ਪੰਜਾਬ ਵਿੱਚ ਅਕਾਲੀ ਦਲ 2027 ਲਈ ਫਰੀ ਟਿਊਬਵੈੱਲ ਕੁਨੈਕਸ਼ਨ ਅਤੇ ਕੈਨਾਲ ਵਾਟਰ ਦੀਆਂ ਗੱਲਾਂ ਕਰ ਰਿਹਾ ਹੈ। ਆਪ ਸਰਕਾਰ ਔਰਤਾਂ ਲਈ 1000 ਰੁਪਏ ਅਤੇ ਖੇਤੀ ਡਾਇਵਰਸੀਫਿਕੇਸ਼ਨ ਦੀਆਂ ਯੋਜਨਾਵਾਂ ਐਲਾਨ ਰਹੀ ਹੈ। ਕਾਂਗਰਸ ਐੱਮਐੱਸਪੀ ਗਾਰੰਟੀ ਅਤੇ ਲੋਨ ਵੇਵਰ ਦੀਆਂ ਗੱਲਾਂ ਕਰ ਰਹੀ ਹੈ। ਬੀਜੇਪੀ ਆਪਣਾ ਏਜੰਡਾ ਲੈ ਕੇ ਆ ਰਹੀ ਹੈ ਪਰ ਇਸ ਸਭ ਵਿੱਚ ਗਰੀਬ ਕਿਸਾਨ ਦੀ ਆਵਾਜ਼ ਕਿੱਥੇ ਹੈ ? ਉਸ ਲਈ ਕੋਈ ਠੋਸ ਏਜੰਡਾ ਨਹੀਂ - ਸਿਰਫ਼ ਵਾਅਦੇ ਅਤੇ ਧਰਨੇ।

ਹੁਣ 2027 ਦੀਆਂ ਚੋਣਾਂ ਵਿੱਚ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਕੋਲ ਇੱਕ ਵੱਡਾ ਮੌਕਾ ਹੈ। ਕੀ ਉਹ ਇੱਕ ਏਜੰਡਾ ਲੈ ਕੇ ਆਉਣਗੀਆਂ, ਜਿਸ ਵਿੱਚ ਛੋਟੇ ਕਿਸਾਨਾਂ ਲਈ ਰਿਹਾਇਸ਼ੀ ਲੋਨ ਵੇਵਰ, ਫਸਲੀ ਬੀਮਾ ਦੀ ਅਸਲ ਲਾਗੂ, ਝੋਨਾ-ਗੰਨਾ ਤੋਂ ਬਾਹਰ ਨਿਕਲਣ ਲਈ ਸਬਜ਼ੀਆਂ ਅਤੇ ਫਲਾਂ ਲਈ ਐੱਮਐੱਸਪੀ ਅਤੇ ਮਾਰਕੀਟ, ਭੂਜਲ ਬਚਾਉਣ ਲਈ ਡਰਿਪ ਇਰੀਗੇਸ਼ਨ ਅਤੇ ਲੇਜ਼ਰ ਲੈਵਲਿੰਗ ਉੱਤੇ ਸਬਸਿਡੀ ਅਤੇ ਖੇਤੀਬਾੜੀ ਤੋਂ ਬਾਹਰ ਨਿਕਲਣ ਵਾਲੇ ਯੁਵਕਾਂ ਲਈ ਸਕਿੱਲ ਡਿਵੈਲਪਮੈਂਟ ? ਜਾਂ ਫਿਰ ਉਹੀ ਪੁਰਾਣਾ ਖੇਲ- ਮੁਫ਼ਤ ਰਿਆਇਤਾਂ, ਧਰਨੇ ਅਤੇ ਵੋਟਾਂ ਦਾ ਤਮਾਸ਼ਾ ? ਅੱਜ ਪੰਜਾਬ ਦਾ ਕਿਸਾਨ ਅੱਜ ਇੱਕ ਵਿਸ਼ਾਲ ਸੰਕਟ ਵਿੱਚ ਹੈ। ਉਸਦੀ ਜ਼ਮੀਨ ਖੋਖਲੀ ਹੋ ਰਹੀ ਹੈ, ਉਸਦਾ ਕਰਜ਼ਾ ਵਧ ਰਿਹਾ ਹੈ, ਉਸਦੀਆਂ ਔਲਾਦਾਂ ਨਿਰਾਸ਼ ਹੋ ਰਹੀਆਂ ਹਨ। ਉਹ ਆਪਣੀ ਜ਼ਮੀਨ ਨੂੰ ਮਾਂ ਆਖਣਾ ਚਾਹੁੰਦਾ ਹੈ, ਪਰ ਉਹ ਵਿਕਾਊ ਹੋ ਚੁੱਕੀ ਹੈ। ਰਾਜਨੀਤਿਕ ਪਾਰਟੀਆਂ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ - ਨਾ ਸਿਰਫ਼ ਵੋਟਾਂ ਲਈ, ਬਲਕਿ ਇੱਕ ਰਾਸ਼ਟਰੀ ਧਰੋਹਰ ਨੂੰ ਬਚਾਉਣ ਲਈ। ਜੇਕਰ ਇਸ ਵਾਰ ਵੀ ਉਹੀ ਤਮਾਸ਼ਾ ਚੱਲਿਆ ਤਾਂ ਪੰਜਾਬ ਨਾ ਸਿਰਫ਼ ਆਪਣੀਆਂ ਜੋਤਾਂ ਗਵਾਏਗਾ, ਬਲਕਿ ਆਪਣੀ ਆਤਮਾ ਵੀ ਗਵਾਏਗਾ। ਅੱਜ ਕਿਸਾਨਾਂ ਦੀ ਲੜਾਈ ਇੱਕ ਵਿਅਕਤੀਗਤ ਲੜਾਈ ਨਹੀਂ, ਇੱਕ ਸਮਾਜਿਕ ਲੜਾਈ ਹੈ। ਇਸ ਵਿੱਚ ਧਨੀ ਅਤੇ ਗਰੀਬ ਵਿਚਕਾਰ ਫਰਕ ਨੂੰ ਖਤਮ ਕਰਨਾ ਪਵੇਗਾ। ਛੋਟੇ ਕਿਸਾਨ ਲਈ ਵਿਸ਼ੇਸ਼ ਯੋਜਨਾਵਾਂ ਚਾਹੀਦੀਆਂ ਹਨ - ਜਿਵੇਂ ਕਿ ਆਯਾਤੀ ਖਾਦਾਂ 'ਤੇ ਸਬਸਿਡੀ, ਫਸਲੀ ਵਿਭਿੰਨਤਾ ਲਈ ਟਰੇਨਿੰਗ ਅਤੇ ਮਾਰਕੀਟ ਲਿੰਕੇਜ। ਐੱਮਐੱਸਪੀ ਨੂੰ ਸਾਰੀਆਂ ਫਸਲਾਂ ਲਈ ਲਾਗੂ ਕਰਨਾ ਚਾਹੀਦਾ ਹੈ, ਨਾ ਕਿ ਸਿਰਫ਼ ਝੋਨਾ-ਗੰਨਾ ਲਈ। ਭੂਜਲ ਬਚਾਉਣ ਲਈ ਡਰਿਪ ਅਤੇ ਸਪਰਿੰਕਲਰ ਉੱਤੇ ਭਾਰੀ ਸਬਸਿਡੀ ਅਤੇ ਝੋਨਾ ਬੀਜਣ ਤੋਂ ਪਹਿਲਾਂ ਸਖ਼ਤੀ ਨਾਲ ਪਾਬੰਦੀ ਲਾਗੂ ਕਰਨੀ ਚਾਹੀਦੀ ਹੈ। ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਆਪਣੇ ਏਜੰਡੇ ਵਿੱਚ ਇਸਨੂੰ ਸਥਾਨ ਦੇਣਾ ਚਾਹੀਦਾ ਹੈ - ਨਾ ਕਿ ਸਿਰਫ਼ ਧਰਨਿਆਂ ਵਿੱਚ ਆ ਕੇ ਫੋਟੋ ਖਿਚਵਾਉਣ ਲਈ। ਪੰਜਾਬ ਦਾ ਭਵਿੱਖ ਇਸ ਉੱਤੇ ਨਿਰਭਰ ਕਰਦਾ ਹੈ ਕਿ ਉਸਦਾ ਕਿਸਾਨ ਆਪਣੀ ਜ਼ਮੀਨ ਨਾਲ ਕਿਵੇਂ ਜੁੜਿਆ ਰਹਿੰਦਾ ਹੈ। ਜੇਕਰ ਉਹ ਆਪਣੀ ਜ਼ਮੀਨ ਨੂੰ ਮਾਂ ਆਖ ਸਕਦਾ ਹੈ, ਤਾਂ ਉਸਦਾ ਘਰ ਰੋਟੀ ਨਾਲ ਭਰਿਆ ਰਹੇਗਾ ਅਤੇ ਉਸਦਾ ਭਵਿੱਖ ਚਮਕਦਾਰ ਹੋਵੇਗਾ। ਨਹੀਂ ਤਾਂ ਇਹ ਨਿਰਾਸ਼ਾ ਅਤੇ ਵਿਕਾਊ ਜ਼ਮੀਨਾਂ ਦਾ ਚੱਕਰ ਚੱਲਦਾ ਰਹੇਗਾ। ਅੱਜ ਹੁਣ ਇਹ ਸਮਾਂ ਹੈ ਸੋਚਣ ਦਾ - ਕੀ ਅਸੀਂ ਵੋਟਾਂ ਦਾ ਤਮਾਸ਼ਾ ਚਲਾਉਣਾ ਹੈ ਜਾਂ ਇੱਕ ਨਵੀਂ ਖੇਤੀ ਬਚਾਉਣ ਵਾਲੀ ਲੜਾਈ ਸ਼ੁਰੂ ਕਰਨੀ ਹੈ ? ਪੰਜਾਬ ਦਾ ਕਿਸਾਨ ਉਡੀਕ ਰਿਹਾ ਹੈ - ਉਸਦੀ ਆਵਾਜ਼ ਸੁਣੋ।

# ਭਗਵੰਤ ਮਾਨ ਦਾ ਸਿਆਸੀ ਫੋਕਸ ਹਿਲਿਆ !



ਕਮਲਜੀਤ ਸਿੰਘ ਬਨਵੈਤ
98147 34035

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਬਜਟ ਦੌਰਾਨ ਮਾਵਾਂ ਧੀਆਂ ਸਤਿਕਾਰ ਯੋਜਨਾ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਦਸ ਲੱਖ ਦੇ ਮੁਫ਼ਤ ਇਲਾਜ ਰਾਹੀਂ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਬਣਾਏ ਹਾਂ ਪੱਖੀ ਮਾਹੌਲ ਉੱਤੇ ਕਾਟਾ ਫੇਰ ਦਿੱਤਾ ਹੈ। ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਅਧਿਕਾਰੀ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਦਾ ਮਾਮਲਾ ਮੁਲਕ ਦੀ ਪਾਰਲੀਮੈਂਟ ਵਿੱਚ ਗੂੰਜਣ ਤੋਂ ਬਾਅਦ ਪੰਜਾਬ ਸਰਕਾਰ ਕੋਲ ਉਸ ਨੂੰ ਗ੍ਰਿਫ਼ਤਾਰ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਬਚਿਆ। ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 300 ਯੂਨਿਟ ਬਿਜਲੀ ਮੁਫ਼ਤ ਦੇਣ ਦੀ ਸਕੀਮ ਨੇ ਹਾਲਾਤ ਕਾਫੀ ਸਕਾਰਾਤਮਕ ਬਣਾ ਦਿੱਤੇ ਸਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਲਾਲਜੀਤ ਸਿੰਘ ਭੁੱਲਰ ਤੋਂ ਫੌਰੀ ਤੌਰ 'ਤੇ ਅਸਤੀਫਾ ਲੈ ਲਿਆ ਗਿਆ। ਵਿਰੋਧੀ ਧਿਰਾਂ ਦੇ ਦਬਾਅ ਪਾਉਣ ਤੋਂ ਬਾਅਦ ਉਸ ਦੇ ਖਿਲਾਫ਼ ਅੰਮ੍ਰਿਤਸਰ ਥਾਣੇ ਵਿੱਚ ਪਰਚਾ ਵੀ ਦਰਜ ਕਰ ਲਿਆ ਗਿਆ। ਸੂਤਰ ਦਾਅਵਾ ਕਰਦੇ ਹਨ ਕਿ ਆਮ ਆਦਮੀ ਪਾਰਟੀ ਪੁਲਿਸ ਕੇਸ ਦਰਜ ਕਰਨ ਤੋਂ ਮਗਰੋਂ ਭੁੱਲਰ ਨੂੰ ਤਫਤੀਸ਼ ਵਿੱਚ ਸ਼ਾਮਿਲ ਕਰਵਾ ਕੇ ਲੋਕਾਂ ਦਾ ਗੁੱਸਾ ਠੰਡਾ ਕਰਨ ਦੀ ਯੋਜਨਾ ਬਣਾ ਰਹੀ ਸੀ ਕਿ ਇੱਕ ਦਮ ਫੈਸਲਾ ਬਦਲਣਾ ਪਿਆ। ਵਿਰੋਧੀ ਧਿਰਾਂ ਦੇ ਪ੍ਰਦਰਸ਼ਨਾਂ ਨੇ ਸਰਕਾਰ ਨੂੰ ਚਾਰੇ ਪਾਸੇ ਤੋਂ ਘੇਰਾ ਪਾਇਆ ਸੀ ਪਰ ਪਾਰਲੀਮੈਂਟ ਵਿੱਚ ਮੁਲਕ ਦੇ ਗ੍ਰਿਹ ਮੰਤਰੀ ਅਮਿਤ ਸ਼ਾਹ ਦੀ ਗਰਜ਼ ਨੇ ਪੰਜਾਬ ਸਰਕਾਰ ਮੂੰਹ 'ਤੇ ਤਾਲਾ ਲਾ ਕੇ ਰੱਖ ਦਿੱਤਾ। ਉੱਤੋਂ ਖਰੀਦ ਏਜੰਸੀਆਂ ਦੇ ਮੁਲਾਜ਼ਮਾਂ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਣਕ ਦੀ ਖ਼ਰੀਦ ਕਰਨ ਤੋਂ ਨਾ ਕਰ ਦਿੱਤੀ ਹੈ।

ਮੁਲਕ ਦੀ ਪਾਰਲੀਮੈਂਟ ਦੇ ਚੱਲ ਰਹੇ ਸੈਸ਼ਨ ਵਿੱਚ ਅੰਮ੍ਰਿਤਸਰ ਤੋਂ ਲੋਕ ਸਭਾ ਦੇ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਦਾ ਮਾਮਲਾ ਉਠਾਉਂਦੇ ਹਨ ਤਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਵਿੱਚੋਂ ਹੀ ਟੋਕ ਕੇ ਕਹਿ ਦਿੰਦੇ ਹਨ ਕਿ ਜੇ ਪੰਜਾਬ ਦੇ ਮੈਂਬਰ ਪਾਰਲੀਮੈਂਟ ਲਿਖ ਕੇ ਦੇਣ ਤਾਂ ਉਹ ਜਾਂਚ ਸੀਬੀਆਈ ਨੂੰ ਸੌਂਪ ਦੇਣਗੇ। ਇਸ ਦਾ ਮਤਲਬ ਇਹ ਹੋਇਆ ਕਿ ਅਮਿਤ ਸ਼ਾਹ ਨੂੰ ਮਾਮਲੇ ਦੀ ਪੂਰੀ ਜਾਣਕਾਰੀ ਪਹਿਲਾਂ ਹੀ ਸੀ। ਪੰਜਾਬ ਨਾਲ ਸਬੰਧਤ ਕੁੱਲ 13 ਮੈਂਬਰ ਪਾਰਲੀਮੈਂਟਾਂ ਵਿੱਚੋਂ ਪੰਜ ਨੇ ਲਿਖਤੀ ਮੰਗ ਰੱਖ ਦਿੱਤੀ। ਆਮ ਹਾਲਾਤਾਂ ਵਿੱਚ ਸੂਬਾ ਸਰਕਾਰ ਜਾਂ ਅਦਾਲਤ ਕੋਲ ਹੀ ਕੇਸ ਸੀਬੀਆਈ ਨੂੰ ਦੇਣ ਦਾ ਅਖ਼ਤਿਆਰ ਹੁੰਦਾ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿੱਚ ਸੀਬੀਆਈ ਦੀ ਐਂਟਰੀ ਲਈ ਹਾਮੀ ਨਹੀਂ ਸੀ ਭਰੀ ਹੁਣ ਦੇਖਣਾ ਪਵੇਗਾ ਕਿ ਗ੍ਰਹਿ ਮੰਤਰੀ ਵੱਲੋਂ ਦਿੱਤੇ ਜਾਂਚ ਦੇ ਆਦੇਸ਼ ਕਿੱਥੇ ਖੜ੍ਹਦੇ ਹਨ।

ਪੰਜਾਬ ਇਸ ਵੇਲੇ ਚੋਣਾਂ ਦਾ ਰੰਗ ਫੜ ਰਿਹਾ ਹੈ ਅਤੇ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਇੱਕ ਸਾਲ ਤੋਂ ਵੀ ਘੱਟ ਸਮਾਂ ਬਚਿਆ ਹੈ, ਜਿਸ ਕਰਕੇ ਆਮ ਆਦਮੀ ਪਾਰਟੀ ਨੇ ਲੋਕਾਂ ਦਾ ਗੁੱਸਾ ਹੋਰ ਸਹੇੜਨ ਦੀ ਥਾਂ ਭੁੱਲਰ ਨੂੰ ਗ੍ਰਿਫਤਾਰ ਕਰਨ ਵਿੱਚ ਹੀ ਭਲਾ ਸਮਝਿਆ।

ਇਸ ਮਾਮਲੇ ਨੇ ਜਿੱਥੇ ਆਪ ਲਈ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ, ਉੱਥੇ ਦੂਜੇ ਪਾਸੇ ਮੰਤਰੀਆਂ ਤੇ ਵਿਧਾਇਕਾਂ ਦੀ ਵੀ ਰਾਤ ਦੀ ਨੀਂਦ ਖ਼ਰਾਬ ਹੋ ਗਈ ਹੈ। ਚੋਣਾਂ ਵਾਲੇ ਸਾਲ ਵਿਧਾਇਕਾਂ ਅਤੇ ਮੰਤਰੀਆਂ ਦੇ ਹੱਥ ਬੰਨੇ ਗਏ ਹਨ ਅਤੇ ਉਹਨਾਂ ਨੂੰ ਬੋਚ ਬੋਚ ਕੇ ਪੱਬ ਧਰਨਾ ਪਵੇਗਾ।

ਦਿਲਚਸਪ ਗੱਲ ਇਹ ਹੈ ਕਿ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ 23 ਮਾਰਚ ਨੂੰ ਹੁੰਦੀ ਹੈ। ਅਤੇ ਪੂਰੇ ਚਾਰ ਸਾਲ ਪਹਿਲਾਂ ਇਸ ਦਿਨ ਭਗਵੰਤ ਸਿੰਘ ਮਾਨ ਪਿੰਡ ਖੱਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਦੇ ਦਿਨ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦੀ ਸਹੁੰ ਚੁੱਕਦੇ ਹਨ। ਉਹਨਾਂ ਨੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਆਪਣੇ ਪੱਧਰ ਉੱਤੇ ਵਾਹ ਵੀ ਲਾਈ ਪਰ ਸਾਥੀਆਂ ਵੱਲੋਂ ਪੂਰਾ ਸਹਿਯੋਗ ਨਾ ਮਿਲਣ ਕਰਕੇ ਕਈ ਮਾਮਲੇ ਅੱਧ ਵਿਚਾਲੇ ਰਹਿ ਗਏ। ਭਗਵੰਤ ਸਿੰਘ ਮਾਨ ਕਿਸੇ ਤੋਂ ਇਕ ਰੁਪਿਆ ਲੈਣ ਦਾ ਦਾਅਵਾ ਕਰਦਿਆਂ ਕਿਸੇ ਨੂੰ ਵੀ ਨਾ ਬਖਸ਼ਣ ਦਾ ਹੋਕਾ ਦਿੰਦੇ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਆਪਣੇ ਆਪ ਨੂੰ ਸ਼ਹੀਦ ਭਗਤ ਸਿੰਘ ਦਾ ਵਾਰਿਸ ਕਹਿਣ ਵਾਲੀ ਪਾਰਟੀ ਦਾ ਇੱਕ ਪਾਵਰਫੁੱਲ ਮੰਤਰੀ ਉਸੇ ਸ਼ਹੀਦ ਦੇ ਸ਼ਹੀਦੀ ਸਮਾਗਮ ਦੇ ਦਿਨ ਫੜਿਆ ਜਾਂਦਾ ਹੈ। ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਦਫ਼ਤਰਾਂ ਵਿੱਚ ਸ਼ਹੀਦ ਭਗਤ ਸਿੰਘ ਦੀ ਤਸਵੀਰ ਲਾਉਣ ਦੀ ਨਵੀਂ ਪਿਰਤ ਪਾਈ ਸੀ। ਪਰ ਹਾਲਾਤ ਦੇਖ ਕੇ ਇੰਝ ਲੱਗਦਾ ਹੈ ਕਿ ਪੰਜਾਬ ਦੇ ਵਜ਼ੀਰ ਪਿੰਡ ਖਟਕੜ ਕਲਾਂ ਕੋਲ ਦੀ ਕੰਨ ਵਲੇਟ ਕੇ ਲੰਘ ਜਾਂਦੇ ਹਨ।

ਇਸ ਤੋਂ ਪਹਿਲਾਂ ਮਈ 2022 ਨੂੰ ਪੰਜਾਬ ਸਰਕਾਰ ਬਣਨ ਤੋਂ ਤਿੰਨ ਮਹੀਨੇ ਦੇ ਬਾਅਦ ਹੀ ਉਸ ਵੇਲੇ ਦੇ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਠੇਕਿਆਂ ਵਿੱਚ ਕਮਿਸ਼ਨ ਮੰਗਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਕਿਹਾ ਜਾ ਸਕਦਾ ਹੈ ਕਿ ਮੁੱਖ ਮੰਤਰੀ ਨੇ ਉਸ ਦੀ ਗ੍ਰਿਫਤਾਰੀ ਆਪਣੇ ਘਰੋਂ ਕਰਵਾਈ ਸੀ। ਉਸ ਤੋਂ ਬਾਅਦ ਬਠਿੰਡਾ ਦਿਹਾਤੀ ਦੇ ਵਿਧਾਇਕ ਮਈ 2022 ਨੂੰ ਅੰਮ੍ਰਿਤ ਰਤਨ ਇੱਕ ਪਿੰਡ ਦੇ ਸਰਪੰਚ ਤੋਂ ਰਿਸ਼ਵਤ ਮੰਗਣ ਦੇ ਦੋਸ਼ਾਂ ਵਿੱਚ ਵਿਜੀਲੈਂਸ ਦੇ ਧੱਕੇ ਚੜ੍ਹ ਜਾਂਦੇ ਹਨ। ਨਵੰਬਰ 2023 ਨੂੰ ਜਸਵੰਤ ਸਿੰਘ ਗੱਜਣਮਾਜਰਾ ਨੂੰ 40 ਕਰੋੜ ਰੁਪਏ ਦੀ ਬੈਂਕ ਧੋਖਾਧੜੀ ਦੇ ਦੋਸ਼ਾਂ ਵਿੱਚ ਈਡੀ ਨੇ ਗਿਰਫਤਾਰ ਕਰ ਲਿਆ ਸੀ। ਉਸ ਤੋਂ ਬਾਅਦ ਮਈ 2025 ਨੂੰ ਜਲੰਧਰ ਸੈਂਟਰਲ ਦੇ ਵਿਧਾਇਕ ਅਮਨ ਅਰੋੜਾ ਨੂੰ ਨਿਗਮ ਦੇ ਅਫਸਰਾਂ ਦੀ ਮਿਲੀਭੁਗਤ ਨਾਲ ਫਰਜ਼ੀ ਨੋਟਿਸ ਜਾਰੀ ਕਰਨ ਅਤੇ ਉਗਰਾਹੀ ਕਰਨ ਦੇ ਦੋਸ਼ਾਂ ਹੇਠ ਪੰਜਾਬ ਵਿਜੀਲੈਂਸ ਨੇ ਫੜ ਲਿਆ ਸੀ। ਉਸ ਤੋਂ ਬਾਅਦ ਖ਼ੁਰਾਕ ਤੇ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ 'ਤੇ ਥੋੜ੍ਹੇ ਸਮੇਂ ਲਈ ਸਥਾਨਕ ਸਰਕਾਰ ਰਹੇ ਮੰਤਰੀ ਬਲਕਾਰ ਸਿੰਘ ਸਿੱਧੂ ਖ਼ਿਲਾਫ਼ ਮਿਲੀਆਂ ਸ਼ਿਕਾਇਤਾਂ ਨੇ ਸਰਕਾਰ ਨੂੰ ਚੱਕਰ ਵਿੱਚ ਪਾਈ ਰੱਖਿਆ। ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਦੇ ਵਿਵਾਦਾਂ ਵਿੱਚ ਘਿਰਨ ਤੋਂ ਬਾਅਦ ਉਨ੍ਹਾਂ ਹੱਥੋਂ ਝੰਡੀ ਵਾਲੀ ਕਾਰ ਜਾਂਦੀ ਰਹੀ। ਹਰਮੀਤ ਸਿੰਘ ਪਠਾਣਮਾਜਰਾ ਦੀ ਸਰਕਾਰ ਲਈ ਸਿਰਦਰਦੀ ਬਣੇ ਰਹੇ। ਹੁਣ ਲਾਲਜੀਤ ਸਿੰਘ ਭੁੱਲਰ ਉੱਤੇ ਲੱਗੇ ਗੰਭੀਰ ਦੋਸ਼ਾਂ ਤੋਂ ਬਾਅਦ ਸਰਕਾਰ ਲਈ ਵੱਡੀ ਮੁਸੀਬਤ ਆ ਖੜ੍ਹੀ ਹੈ।

ਲਾਲਜੀਤ ਸਿੰਘ ਭੁੱਲਰ ਅਤੇ ਗਗਨਦੀਪ ਸਿੰਘ ਰੰਧਾਵਾ ਨਾਲ ਜੁੜੇ ਮਾਮਲੇ ਦੀ ਗੱਲ ਕਰੀਏ ਤਾਂ ਇਹ ਕਿ ਪੰਜਾਬ ਵਿੱਚ ਹਾੜੀ ਅਤੇ ਸੌਣੀ ਦੀ ਜਿਨਸ ਦੀ ਖ਼ਰੀਦ ਐਫਸੀਆਈ ਸਮੇਤ ਵੱਖ-ਵੱਖ ਏਜੰਸੀਆਂ ਵੱਲੋਂ ਕੀਤੀ ਜਾਂਦੀ ਹੈ। ਖ਼ਰੀਦ ਲਈ ਸਾਰਾ ਪੈਸਾ ਕੇਂਦਰ ਸਰਕਾਰ ਤੋਂ ਆਉਂਦਾ ਹੈ। ਖ਼ਰੀਦ ਕੀਤੀ ਜਿਨਸ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਐਫਸੀਆਈ ਦੀ ਹੁੰਦੀ ਹੈ, ਜਿਸ ਲਈ ਪੰਜਾਬ ਵਿੱਚ ਵੱਡੇ ਵੱਡੇ ਗੋਦਾਮ ਬਣਾਏ ਗਏ ਹਨ। ਜ਼ਿਆਦਾਤਰ ਗੋਦਾਮ ਸਿਆਸੀ ਲੀਡਰਾਂ ਦੇ ਹਨ। ਲਾਲਜੀਤ ਸਿੰਘ ਭੁੱਲਰ ਦੇ ਪਿਤਾ ਸੁਖਦੇਵ ਸਿੰਘ ਅਗਲੀ ਹਾੜੀ ਤੋਂ ਪਹਿਲਾਂ ਨਿਕਲੇ ਟੈਂਡਰਾਂ ਵਿੱਚ ਆਪਣਾ ਗੁਦਾਮ ਸ਼ਾਮਿਲ ਕਰਾਉਣਾ ਚਾਹੁੰਦੇ ਸਨ ਤਾਂ ਕਿ ਉਹਨਾਂ ਨੂੰ ਹਰ ਮਹੀਨੇ ਲੱਖਾਂ ਦੀ ਹੋਰ ਆਮਦਨ ਹੋਣ ਲੱਗ ਪਵੇ। ਗਗਨਦੀਪ ਸਿੰਘ ਰੰਧਾਵਾ ਜਿਹੜੇ ਕਿ ਇੱਕ ਇਮਾਨਦਾਰ ਅਫਸਰ ਮੰਨੇ ਜਾਂਦੇ ਹਨ ਨੇ ਨਿਯਮਾਂ ਦੇ ਉਲਟ ਜਾ ਕੇ ਲਾਲਜੀਤ ਸਿੰਘ ਭੁੱਲਰ ਨੂੰ ਖੁਸ਼ ਕਰਨ ਤੋਂ ਨਾਂਹ ਕਰ ਦਿੱਤੀ। ਇਹ ਸੂਚਨਾ ਭੁੱਲਰ ਕੋਲ ਪੁੱਜੀ ਤਾਂ ਉਹਨਾਂ ਨੇ ਗਗਨਦੀਪ ਨੂੰ ਘਰੇ ਬੁਲਾ ਕੇ ਉਸ ਦੀ ਕਥਿਤ ਤੌਰ 'ਤੇ ਜਿੱਥੇ ਕੁੱਟਮਾਰ ਕੀਤੀ, ਉੱਥੇ ਉਹ ਧੀਆਂ ਭੈਣਾਂ ਤੱਕ ਵੀ ਜਾ ਪੁੱਜੇ। ਕਿਹਾ ਜਾ ਰਿਹਾ ਹੈ ਕਿ ਇੱਕ ਵੀਡੀਓ ਵੀ ਬਣਾਈ ਜਿਸ ਵਿੱਚ ਉਹਨਾਂ ਤੋਂ ਕਬੂਲ ਕਰਵਾਇਆ ਗਿਆ ਕਿ ਗੁਦਾਮ ਦੀ ਅਲਾਟਮੈਂਟ ਲਈ 10 ਲੱਖ ਰੁਪਏ ਦੀ ਰਿਸ਼ਵਤ ਲਈ ਗਈ ਸੀ। ਗਗਨਦੀਪ ਕੋਲੋਂ ਤਸ਼ੱਦਦ ਨਾ ਸਹਿਆ ਗਿਆ ਤਾਂ ਉਸ ਨੇ ਮਰ ਮਰ ਕੇ ਜਿਉਣ ਨਾਲੋਂ ਮੌਤ ਨੂੰ ਗਲੇ ਲਗਾਣਾ ਬਿਹਤਰ ਸਮਝਿਆ।

ਹੈਰਾਨੀ ਇਹ ਹੈ ਕਿ ਇਕ ਆਮ ਅਜਿਹੇ ਬੰਦੇ ਲਾਲਜੀਤ ਸਿੰਘ ਭੁੱਲਰ ਦਾ ਵਿਧਾਇਕ ਅਤੇ ਇੱਕ ਪਾਵਰਫੁੱਲ ਮੰਤਰੀ ਬਣ ਕੇ ਢਿੱਡ ਨਹੀਂ ਭਰਿਆ ਤਾਂ ਉਸ ਦੀ ਹੋਰ ਪੈਸਾ ਇਕੱਠਾ ਕਰਨ ਦੀ ਲਲਕ ਹੀ ਸੀ ਕਿ ਉਹ ਆਪਣੇ ਬਾਪ ਦੇ ਨਾਂ ਉੱਤੇ ਹੋਰ ਮਾਲ ਇਕੱਠਾ ਕਰਨਾ ਚਾਹੁੰਦਾ ਸੀ।

ਪੰਜਾਬ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵਿਰੋਧ ਵਿੱਚ ਆ ਖੜੀਆਂ ਹਨ। ਸਾਰੀਆਂ ਸੜਕਾਂ 'ਤੇ ਉਤਰ ਆਈਆਂ ਹਨ। ਇਹ ਬਣਦਾ ਵੀ ਸੀ। ਪਰ ਵਾਰ ਵਾਰ ਸਵਾਲ ਉੱਠ ਰਿਹਾ ਹੈ ਕਿ ਕੀ ਇਹ ਪਾਰਟੀਆਂ ਪੰਜਾਬ ਦੇ ਮਸਲਿਆਂ ਨੂੰ ਲੈ ਕੇ ਵੀ ਇੱਕਜੁੱਟ ਹੋ ਕੇ ਤੁਰ ਸਕਣਗੀਆਂ। ਪੰਜਾਬ ਦੇ ਪਾਣੀਆਂ ਦਾ ਮਸਲਾ ਹੋਵੇ ਜਾਂ ਚੰਡੀਗੜ੍ਹ ਦਾ ਸਾਰੀਆਂ ਵਿਰੋਧੀ ਧਿਰਾਂ ਮੋਢੇ ਨਾਲ ਮੋਢਾ ਮਿਲਾ ਕੇ ਅੱਗੇ ਤੁਰ ਪੈਣ ਤਾਂ ਬਿਨਾਂ ਸ਼ੱਕ ਨਤੀਜੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਹੱਕ ਵਿੱਚ ਆਉਣ ਲੱਗ ਪੈਣਗੇ। ਸਾਨੂੰ ਉਸ ਦਿਨ ਦੀ ਉਡੀਕ ਰਹੇਗੀ।



ਵਿੰਕਲਜੀਤ ਸਿੰਘ ਸਰਾ
9501477889

## ਇੱਕ ਗੰਭੀਰ ਪ੍ਰਸ਼ਾਸਕੀ ਅਤੇ ਸਮਾਜਿਕ ਚੁਣੌਤੀ

# ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਜਲ ਪ੍ਰਦੂਸ਼ਨ ਅਤੇ ਸਫ਼ਾਈ ਸੰਕਟ

ਪੰਜਾਬ, ਜਿਸ ਨੂੰ ਭਾਰਤ ਦਾ ਅੰਨਦਾਤਾ ਹੋਣ ਦਾ ਮਾਣ ਹਾਸਲ ਹੈ, ਅੱਜ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ, ਜਿੱਥੇ ਇਸਦੀ ਹਰਿਆਵਲ ਦੇ ਪਿੱਛੇ ਇੱਕ ਗੰਭੀਰ ਵਾਤਾਵਰਣਕ ਸੰਕਟ ਛੁਪਿਆ ਹੋਇਆ ਹੈ। ਖੇਤੀਬਾੜੀ ਦੇ ਖੇਤਰ ਵਿੱਚ ਮੋਹਰੀ ਰਹਿਣ ਵਾਲਾ ਇਹ ਸੂਬਾ ਹੁਣ ਆਪਣੇ ਪਿੰਡਾਂ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਕਿੱਲਤ ਅਤੇ ਸਫ਼ਾਈ ਦੇ ਨਾਜ਼ੁਕ ਪ੍ਰਬੰਧਾਂ ਕਾਰਨ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਹਾਲ ਹੀ ਵਿੱਚ ਸੰਸਦੀ ਕਮੇਟੀ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਨੇ ਸਰਕਾਰੀ ਦਾਅਵਿਆਂ ਦੀ ਫੋਕੀ ਤਸਵੀਰ ਨੂੰ ਨੰਗਾ ਕਰਦਿਆਂ ਇਹ ਸਪੱਸ਼ਟ ਕੀਤਾ ਹੈ ਕਿ ਫੰਡਾਂ ਦੀ ਉਪਲਬਧਤਾ ਦੇ ਬਾਵਜੂਦ, ਉਹਨਾਂ ਦਾ ਸਹੀ ਇਸਤੇਮਾਲ ਨਾ ਹੋਣਾ ਪੰਜਾਬ ਦੇ ਪੇਂਡੂ ਜੀਵਨ ਲਈ ਘਾਤਕ ਸਾਬਤ ਹੋ ਰਿਹਾ ਹੈ। ਇਹ ਲੇਖ ਇਸ ਗੰਭੀਰ ਸਮੱਸਿਆ ਦੇ ਵੱਖ-ਵੱਖ ਪਹਿਲੂਆਂ, ਸਰਕਾਰੀ ਨਾਕਾਮੀਆਂ ਅਤੇ ਇਸ ਦੇ ਮਨੁੱਖੀ ਸਿਹਤ 'ਤੇ ਪੈਣ ਵਾਲੇ ਪ੍ਰਭਾਵਾਂ ਦਾ ਇੱਕ ਵਿਸਤ੍ਰਿਤ ਵਿਸ਼ਲੇਸ਼ਣ ਕਰਦਾ ਹੈ।

**ਪਾਣੀ ਵਿੱਚ ਰਸਾਇਣਕ ਪ੍ਰਦੂਸ਼ਣ ਦੀ ਵਧ ਰਹੀ ਭਿਆਨਕਤਾ** : ਪੰਜਾਬ ਦੇ ਪਿੰਡਾਂ ਵਿੱਚ ਪਾਣੀ ਦਾ ਪ੍ਰਦੂਸ਼ਣ ਕੋਈ ਨਵੀਂ ਗੱਲ ਨਹੀਂ ਹੈ ਪਰ ਇਸ ਦਾ ਮੌਜੂਦਾ ਸਰੂਪ ਬੇਹੱਦ ਖ਼ਤਰਨਾਕ ਹੋ ਚੁੱਕਾ ਹੈ। ਰਿਪੋਰਟਾਂ ਅਨੁਸਾਰ ਪੰਜਾਬ ਦੇ ਹਜ਼ਾਰਾਂ ਪਿੰਡ ਅਜਿਹੇ ਹਨ ਜਿੱਥੇ ਧਰਤੀ ਹੇਠਲਾ ਪਾਣੀ ਹੁਣ ਪੀਣ ਦੇ ਯੋਗ ਨਹੀਂ ਰਿਹਾ। ਪਾਣੀ ਵਿੱਚ ਲੋਹੇ ਦੀ ਮਾਤਰਾ ਵਧਣ ਦੇ ਨਾਲ-ਨਾਲ ਨਮਕੀਨਪੁਣਾ ਅਤੇ ਨਾਈਟਰੇਟ ਵਰਗੇ ਤੱਤਾਂ ਦਾ ਮਿਸ਼ਰਣ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਿਹਾ ਹੈ। ਸਭ ਤੋਂ ਚਿੰਤਾਜਨਕ ਪਹਿਲੂ ਭਾਰੀ ਧਾਤਾਂ ਦੀ ਮੌਜੂਦਗੀ ਹੈ, ਜਿਸ ਵਿੱਚ ਪਾਰਾ, ਯੂਰੇਨੀਅਮ, ਸੇਲੀਨੀਅਮ ਅਤੇ ਕੈਡਮੀਅਮ ਵਰਗੇ ਜ਼ਹਿਰੀਲੇ ਤੱਤ ਸ਼ਾਮਲ ਹਨ। ਖ਼ਾਸ ਕਰਕੇ ਮਾਲਵਾ ਖੇਤਰ ਦੇ ਜ਼ਿਲ੍ਹਿਆਂ ਜਿਵੇਂ ਫਾਜ਼ਿਲਕਾ, ਫਿਰੋਜ਼ਪੁਰ ਅਤੇ ਪਟਿਆਲਾ ਵਿੱਚ ਪਾਣੀ ਦੀ ਗੁਣਵੱਤਾ ਇੰਨੀ ਗਿਰ ਚੁੱਕੀ ਹੈ ਕਿ ਇਹ ਸਿੱਧੇ ਤੌਰ 'ਤੇ ਕੈਂਸਰ ਅਤੇ ਗੁਰਦਿਆਂ ਦੀਆਂ ਬਿਮਾਰੀਆਂ ਨੂੰ ਸੱਦਾ ਦੇ ਰਹੀ ਹੈ। ਇਹ ਪ੍ਰਦੂਸ਼ਣ ਸਿਰਫ਼ ਉਦਯੋਗਿਕ ਇਕਾਈਆਂ ਤੱਕ ਸੀਮਤ ਨਹੀਂ ਹੈ ਸਗੋਂ ਖੇਤੀ ਵਿੱਚ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਨੇ ਵੀ ਪਾਣੀ ਦੇ ਕੁਦਰਤੀ ਸੋਮਿਆਂ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ।

**ਮਨੁੱਖੀ ਸਿਹਤ ਅਤੇ ਸਮਾਜਿਕ ਢਾਂਚੇ 'ਤੇ ਮਾਰੂ ਪ੍ਰਭਾਵ** : ਪਾਣੀ ਦੇ ਇਸ ਪ੍ਰਦੂਸ਼ਣ ਦਾ ਸਿੱਧਾ ਅਸਰ ਪੰਜਾਬ ਦੀ ਆਉਣ ਵਾਲੀ ਪੀੜ੍ਹੀ 'ਤੇ ਦੇਖਣ ਨੂੰ ਮਿਲ ਰਿਹਾ ਹੈ। ਪਿੰਡਾਂ ਵਿੱਚ ਚਮੜੀ ਦੇ ਰੋਗ ਅਤੇ ਪੇਟ ਦੀਆਂ ਬਿਮਾਰੀਆਂ ਹੁਣ ਆਮ ਹੋ ਗਈਆਂ ਹਨ। ਸਭ ਤੋਂ ਵੱਧ ਦੁਖਦਾਈ ਪਹਿਲੂ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਆ ਰਹੀ ਰੁਕਾਵਟ ਹੈ ਜੋ ਕਿ ਪਾਣੀ ਵਿੱਚ ਮੌਜੂਦ ਭਾਰੀ ਧਾਤਾਂ ਦਾ ਸਿੱਧਾ ਨਤੀਜਾ ਹੈ। ਜਦੋਂ ਇੱਕ ਪਰਿਵਾਰ ਦਾ ਮੁਖੀ ਜਾਂ ਕੋਈ ਮੈਂਬਰ ਗੰਭੀਰ ਬਿਮਾਰੀ ਦਾ ਸ਼ਿਕਾਰ ਹੁੰਦਾ ਹੈ ਤਾਂ ਉਸ ਦਾ ਅਸਰ ਸਿਰਫ਼ ਸਿਹਤ ਤੱਕ ਸੀਮਤ ਨਹੀਂ ਰਹਿੰਦਾ ਸਗੋਂ ਉਹ ਪਰਿਵਾਰ ਆਰਥਿਕ ਤੌਰ 'ਤੇ ਵੀ ਟੁੱਟ ਜਾਂਦਾ ਹੈ। ਹਸਪਤਾਲਾਂ ਦੇ ਵਧਦੇ ਖਰਚੇ ਗਰੀਬ ਅਤੇ ਮੱਧਵਰਗੀ ਪਰਿਵਾਰਾਂ ਨੂੰ ਕਰਜ਼ੇ ਦੇ ਜਾਲ ਵਿੱਚ ਫਸਾ ਰਹੇ ਹਨ। ਇਸ ਤਰ੍ਹਾਂ ਪਾਣੀ ਦਾ ਪ੍ਰਦੂਸ਼ਣ ਸਿਰਫ਼ ਇੱਕ ਵਾਤਾਵਰਣਕ ਮੁੱਦਾ ਨਹੀਂ ਸਗੋਂ ਇੱਕ ਗੰਭੀਰ ਸਮਾਜਿਕ ਅਤੇ ਆਰਥਿਕ ਸੰਕਟ ਬਣ ਕੇ ਉੱਭਰਿਆ ਹੈ ਜੋ ਸੂਬੇ ਦੀ ਉਤਪਾਦਕਤਾ ਨੂੰ ਘਟਾ ਰਿਹਾ ਹੈ।

**ਸਰਕਾਰੀ ਯੋਜਨਾਵਾਂ ਦੀ ਕਾਰਗੁਜ਼ਾਰੀ ਅਤੇ ਫੰਡਾਂ ਦੀ ਨਾਕਾਮੀ** : ਭਾਰਤ ਸਰਕਾਰ ਵੱਲੋਂ 'ਸਵੱਛ ਭਾਰਤ ਮਿਸ਼ਨ' ਅਤੇ 'ਜਲ ਜੀਵਨ ਮਿਸ਼ਨ' ਵਰਗੀਆਂ ਵੱਡੀਆਂ ਯੋਜਨਾਵਾਂ ਚਲਾਈਆਂ ਗਈਆਂ ਹਨ, ਜਿਨ੍ਹਾਂ ਦਾ ਉਦੇਸ਼ ਹਰ ਘਰ ਨੂੰ ਸਾਫ਼ ਪਾਣੀ ਅਤੇ ਸਫ਼ਾਈ ਦੀ ਸਹੂਲਤ ਦੇਣਾ ਸੀ। ਪਰ ਪੰਜਾਬ ਵਿੱਚ ਇਹਨਾਂ ਯੋਜਨਾਵਾਂ ਦਾ ਲਾਗੂਕਰਨ ਬਹੁਤ ਹੀ ਨਿਰਾਸ਼ਾਜਨਕ ਰਿਹਾ ਹੈ। ਅੰਕੜੇ ਦੱਸਦੇ ਹਨ ਕਿ ਸਵੱਛ ਭਾਰਤ ਮਿਸ਼ਨ ਲਈ ਜਾਰੀ ਕੀਤੇ ਗਏ ਫੰਡਾਂ ਵਿੱਚੋਂ ਅੱਧੇ ਤੋਂ ਵੀ ਘੱਟ ਹਿੱਸਾ ਵਰਤਿਆ ਗਿਆ ਹੈ। ਇਹ ਸਥਿਤੀ ਪ੍ਰਸ਼ਾਸਨਿਕ ਸੁਸਤੀ ਅਤੇ ਦੂਰਅੰਦੇਸ਼ੀ ਦੀ ਕਮੀ ਨੂੰ ਦਰਸਾਉਂਦੀ ਹੈ। ਜਦੋਂ ਫੰਡ ਉਪਲਬਧ ਹੋਣ ਦੇ ਬਾਵਜੂਦ ਕੰਮ ਨਹੀਂ ਹੁੰਦਾ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਨੀਤੀਆਂ ਬਣਾਉਣ ਅਤੇ ਉਹਨਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿੱਚ ਇੱਕ ਵੱਡਾ ਪਾੜਾ ਮੌਜੂਦ ਹੈ। ਪੰਜਾਬ ਦੇ ਬਹੁਤ ਸਾਰੇ ਪਿੰਡ ਅਜੇ ਵੀ 'ਹਰ ਘਰ ਜਲ' ਦੇ ਟੀਚੇ ਤੋਂ ਬਹੁਤ ਦੂਰ ਹਨ, ਜੋ ਕਿ ਸਰਕਾਰੀ ਮਸ਼ੀਨਰੀ ਦੀ ਕਾਰਗੁਜ਼ਾਰੀ 'ਤੇ ਇੱਕ ਵੱਡਾ ਸਵਾਲੀਆ ਚਿੰਨ੍ਹ ਲਗਾਉਂਦਾ ਹੈ।

**ਪ੍ਰਸ਼ਾਸਨਿਕ ਰੁਕਾਵਟਾਂ ਅਤੇ ਤਕਨੀਕੀ ਖਾਮੀਆਂ** : ਯੋਜਨਾਵਾਂ ਦੀ ਨਾਕਾਮੀ ਦੇ ਪਿੱਛੇ ਕਈ ਤਕਨੀਕੀ ਅਤੇ ਪ੍ਰਸ਼ਾਸਨਿਕ ਕਾਰਨ ਜ਼ਿੰਮੇਵਾਰ ਹਨ। ਪ੍ਰੋਜੈਕਟਾਂ ਦੀ ਸਹੀ ਰੂਪ-ਰੇਖਾ ਨਾ ਉਲੀਕਣਾ ਅਤੇ ਮੈਨੇਜਮੈਂਟ ਵਿੱਚ ਤਜਰਬੇ ਦੀ ਕਮੀ ਕਾਰਨ ਕਈ ਮਹੱਤਵਪੂਰਨ ਪ੍ਰੋਜੈਕਟ ਅੱਧ ਵਿਚਾਲੇ ਲਟਕੇ ਹੋਏ ਹਨ। ਅਧਿਕਾਰੀਆਂ ਵਿੱਚ ਜਵਾਬਦੇਹੀ ਦੀ ਕਮੀ ਅਤੇ ਨਿਗਰਾਨੀ ਪ੍ਰਣਾਲੀ ਦਾ ਕਮਜ਼ੋਰ ਹੋਣਾ ਵੀ ਇੱਕ ਮੁੱਖ ਕਾਰਨ ਹੈ। ਪਿੰਡਾਂ ਵਿੱਚ ਬਣਾਏ ਗਏ ਵਾਟਰ ਟਰੀਟਮੈਂਟ ਪਲਾਂਟ ਕਈ ਥਾਵਾਂ 'ਤੇ ਮੁਰੰਮਤ ਦੀ ਘਾਟ ਕਾਰਨ ਬੰਦ ਪਏ ਹਨ। ਇਸ ਤੋਂ ਇਲਾਵਾ ਹੇਠਲੇ ਪੱਧਰ 'ਤੇ ਕੰਮ ਕਰਨ ਵਾਲੇ ਸਟਾਫ ਨੂੰ ਆਧੁਨਿਕ ਤਕਨੀਕਾਂ ਦੀ ਸਿਖਲਾਈ ਨਾ ਦੇਣਾ ਵੀ ਇੱਕ ਵੱਡੀ ਰੁਕਾਵਟ ਸਾਬਤ ਹੋ ਰਿਹਾ ਹੈ। ਜਿੰਨੀ ਦੇਰ ਤੱਕ ਪ੍ਰਸ਼ਾਸਨਿਕ ਅਧਿਕਾਰੀ ਇਹਨਾਂ ਯੋਜਨਾਵਾਂ ਨੂੰ ਸਿਰਫ਼ ਅੰਕੜਿਆਂ ਦੀ ਖੇਡ ਸਮਝਣਗੇ ਉਨੀ ਦੇਰ ਤੱਕ ਜ਼ਮੀਨੀ ਹਕੀਕਤ ਬਦਲਣੀ ਮੁਸ਼ਕਲ ਹੈ।

**ਪੇਂਡੂ ਸਫ਼ਾਈ ਅਤੇ ਕਚਰਾ ਪ੍ਰਬੰਧਨ ਦੀ ਤਰਸਯੋਗ ਸਥਿਤੀ** : ਜੇਕਰ ਪੰਜਾਬ ਦੀ ਸਫ਼ਾਈ ਵਿਵਸਥਾ ਦੀ ਤੁਲਨਾ ਰਾਸ਼ਟਰੀ ਪੱਧਰ ਨਾਲ ਕੀਤੀ ਜਾਵੇ ਤਾਂ ਸੂਬੇ ਦੀ ਤਸਵੀਰ ਕਾਫੀ ਫਿੱਕੀ ਨਜ਼ਰ ਆਉਂਦੀ ਹੈ। ਜਿੱਥੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਠੋਸ ਅਤੇ ਤਰਲ ਕਚਰਾ ਪ੍ਰਬੰਧਨ ਵਿੱਚ ਤੇਜ਼ੀ ਆਈ ਹੈ, ਉੱਥੇ ਪੰਜਾਬ ਦੇ ਸਿਰਫ਼ ਇੱਕ ਤਿਹਾਈ ਪਿੰਡਾਂ ਵਿੱਚ ਹੀ ਅਜਿਹੀ ਕੋਈ ਪ੍ਰਣਾਲੀ ਮੌਜੂਦ ਹੈ। ਪਿੰਡਾਂ ਦੇ ਬਾਹਰ ਲੱਗੇ ਕੂੜੇ ਦੇ ਢੇਰ ਅਤੇ ਗਲੀਆਂ ਵਿੱਚ ਵਗਦਾ ਗੰਦਾ ਪਾਣੀ ਸੂਬੇ ਦੇ ਸਫ਼ਾਈ ਪ੍ਰਬੰਧਾਂ ਦੀ ਪੋਲ ਖੋਲ੍ਹਦਾ ਹੈ। ਖੁੱਲ੍ਹੇ ਵਿੱਚ ਪਿਆ ਕੂੜਾ ਨਾ ਸਿਰਫ਼ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦਾ ਹੈ ਸਗੋਂ ਮੱਛਰਾਂ ਅਤੇ ਹੋਰ ਬਿਮਾਰੀਆਂ ਦੇ ਕੀਟਾਣੂਆਂ ਲਈ ਇੱਕ ਸੁਰੱਖਿਅਤ ਪਨਾਹਗਾਹ ਬਣ ਜਾਂਦਾ ਹੈ। ਸਵੱਛਤਾ ਗ੍ਰੀਨ ਲੀਫ ਰੇਟਿੰਗ (SGLR) ਵਰਗੀਆਂ ਪ੍ਰਣਾਲੀਆਂ ਵਿੱਚ ਪੰਜਾਬ ਦੀ ਨਾਮਾਤਰ ਸ਼ਮੂਲੀਅਤ ਇਹ ਸਾਬਤ ਕਰਦੀ ਹੈ ਕਿ ਸਫ਼ਾਈ ਦੇ ਮਾਪਦੰਡਾਂ ਨੂੰ ਅਜੇ ਵੀ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ।

**ਆਕਾਂਸ਼ੀ ਜ਼ਿਲ੍ਹਿਆਂ ਵਿੱਚ ਨਾਕਾਮੀ ਦਾ ਮੰਜ਼ਰ** : ਸਰਕਾਰ ਵੱਲੋਂ ਪੱਛੜੇ ਜ਼ਿਲ੍ਹਿਆਂ ਦੇ ਵਿਕਾਸ ਲਈ ਚਲਾਏ ਗਏ ਵਿਸ਼ੇਸ਼ ਪ੍ਰੋਗਰਾਮਾਂ ਦੇ ਨਤੀਜੇ ਵੀ ਉਮੀਦ ਅਨੁਸਾਰ ਨਹੀਂ ਰਹੇ। ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਓ.ਡੀ.ਐਫ. ਪਲੱਸ (ODF Plus) ਦੇ ਦਾਅਵੇ ਤਾਂ ਕੀਤੇ ਗਏ ਹਨ ਪਰ ਹਕੀਕਤ ਵਿੱਚ ਇਹ ਦਰਜਾ ਹਾਸਲ ਕਰਨ ਵਾਲੇ ਪਿੰਡਾਂ ਦੀ ਗਿਣਤੀ ਬਹੁਤ ਘੱਟ ਹੈ। ਕਾਗਜ਼ੀ ਕਾਰਵਾਈ ਅਤੇ ਜ਼ਮੀਨੀ ਸੱਚਾਈ ਵਿੱਚ ਵੱਡਾ ਫਰਕ ਹੋਣ ਕਾਰਨ ਅਸਲ ਲੋੜਵੰਦਾਂ ਤੱਕ ਸੁਵਿਧਾਵਾਂ ਨਹੀਂ ਪਹੁੰਚ ਰਹੀਆਂ। ਆਕਾਂਸ਼ੀ ਜ਼ਿਲ੍ਹਿਆਂ ਵਿੱਚ ਸਿਹਤ ਅਤੇ ਸਫ਼ਾਈ ਦੀ ਸਥਿਤੀ ਹੋਰ ਵੀ ਨਾਜ਼ੁਕ ਹੈ, ਜਿਸ ਕਾਰਨ ਇੱਥੋਂ ਦੇ ਵਸਨੀਕਾਂ ਦਾ ਜੀਵਨ ਪੱਧਰ ਸੁਧਰਨ ਦੀ ਬਜਾਏ ਹੋਰ ਡਿੱਗਦਾ ਜਾ ਰਿਹਾ ਹੈ। ਇਹ ਸਥਿਤੀ ਪ੍ਰਸ਼ਾਸਨ ਲਈ ਇੱਕ ਚੇਤਾਵਨੀ ਹੈ ਕਿ ਸਿਰਫ਼ ਨੀਤੀਆਂ ਬਣਾਉਣ ਨਾਲ ਵਿਕਾਸ ਨਹੀਂ ਹੁੰਦਾ ਸਗੋਂ ਉਹਨਾਂ ਦੇ ਸਾਰਥਕ ਨਤੀਜੇ ਵੀ ਸਾਹਮਣੇ ਆਉਣੇ ਚਾਹੀਦੇ ਹਨ।

**ਜਾਗਰੂਕਤਾ ਦੀ ਕਮੀ ਅਤੇ ਜਨਤਕ ਭਾਗੀਦਾਰੀ ਦੀ ਲੋੜ** : ਕਿਸੇ ਵੀ ਸਰਕਾਰੀ ਮੁਹਿੰਮ ਦੀ ਸਫ਼ਲਤਾ ਲਈ ਲੋਕਾਂ ਦੀ ਭਾਗੀਦਾਰੀ ਸਭ ਤੋਂ ਅਹਿਮ ਹੁੰਦੀ ਹੈ। ਪੰਜਾਬ ਦੇ ਪਿੰਡਾਂ ਵਿੱਚ ਅਜੇ ਵੀ ਸਫ਼ਾਈ ਅਤੇ ਸ਼ੁੱਧ ਪਾਣੀ ਦੇ ਮਹੱਤਵ ਬਾਰੇ ਜਾਗਰੂਕਤਾ ਦੀ ਵੱਡੀ ਕਮੀ ਹੈ। ਪਿੰਡਾਂ ਦੇ ਲੋਕ ਅਕਸਰ ਸਰਕਾਰੀ ਯੋਜਨਾਵਾਂ ਬਾਰੇ ਪੂਰੀ ਜਾਣਕਾਰੀ ਨਹੀਂ ਰੱਖਦੇ, ਜਿਸ ਕਾਰਨ ਉਹ ਇਹਨਾਂ ਦਾ ਲਾਭ ਨਹੀਂ ਉਠਾ ਪਾਉਂਦੇ। ਪੰਚਾਇਤਾਂ ਦੀ ਭੂਮਿਕਾ ਵੀ ਇਸ ਮਾਮਲੇ ਵਿੱਚ ਕਾਫੀ ਸੀਮਤ ਰਹੀ ਹੈ। ਜਦੋਂ ਤੱਕ ਪਿੰਡਾਂ ਦੇ ਲੋਕ ਸਫ਼ਾਈ ਨੂੰ ਆਪਣੀ ਨਿੱਜੀ ਜ਼ਿੰਮੇਵਾਰੀ ਨਹੀਂ ਸਮਝਣਗੇ ਅਤੇ ਸਰਕਾਰੀ ਮਸ਼ੀਨਰੀ 'ਤੇ ਸਵਾਲ ਨਹੀਂ ਉਠਾਉਣਗੇ, ਉਦੋਂ ਤੱਕ ਸਥਾਈ ਸੁਧਾਰ ਸੰਭਵ ਨਹੀਂ ਹੈ। ਸਮਾਜਿਕ ਸੰਸਥਾਵਾਂ ਅਤੇ ਸਿੱਖਿਆ ਸ਼ਾਸਤਰੀਆਂ ਨੂੰ ਅੱਗੇ ਆ ਕੇ ਪਿੰਡਾਂ ਦੇ ਲੋਕਾਂ ਨੂੰ ਵਾਤਾਵਰਣ ਦੀ ਸੰਭਾਲ ਅਤੇ ਸਫ਼ਾਈ ਪ੍ਰਤੀ ਜਾਗਰੂਕ ਕਰਨ ਦੀ ਲੋੜ ਹੈ।

**ਭਵਿੱਖ ਦੀ ਰਾਹ, ਸੁਝਾਅ ਅਤੇ ਹੱਲ** : ਇਸ ਸੰਕਟ ਵਿੱਚੋਂ ਨਿਕਲਣ ਲਈ ਇੱਕ ਬਹੁ-ਪੱਖੀ ਰਣਨੀਤੀ ਦੀ ਲੋੜ ਹੈ। ਸਭ ਤੋਂ ਪਹਿਲਾਂ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਿਹੜੇ ਫੰਡ ਜਾਰੀ ਕੀਤੇ ਗਏ ਹਨ, ਉਹਨਾਂ ਦੀ ਪੂਰੀ ਪਾਰਦਰਸ਼ਤਾ ਨਾਲ ਵਰਤੋਂ ਹੋਵੇ। ਤਕਨੀਕੀ ਮਾਹਿਰਾਂ ਦੀ ਸਲਾਹ ਨਾਲ ਹਰ ਪਿੰਡ ਲਈ ਇੱਕ ਵਿਸ਼ੇਸ਼ ਕੂੜਾ ਪ੍ਰਬੰਧਨ ਅਤੇ ਪਾਣੀ ਸ਼ੁੱਧੀਕਰਨ ਪਲਾਨ ਤਿਆਰ ਕੀਤਾ ਜਾਣਾ ਚਾਹੀਦਾ ਹੈ। ਨਿਗਰਾਨੀ ਲਈ ਡਿਜੀਟਲ ਪ੍ਰਣਾਲੀ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਰੀਅਲ-ਟਾਈਮ ਜਾਇਜ਼ਾ ਲਿਆ ਜਾ ਸਕੇ। ਪਿੰਡਾਂ ਦੀਆਂ ਪੰਚਾਇਤਾਂ ਨੂੰ ਵਧੇਰੇ ਅਧਿਕਾਰ ਅਤੇ ਫੰਡ ਦਿੱਤੇ ਜਾਣੇ ਚਾਹੀਦੇ ਹਨ ਤਾਂ ਜੋ ਉਹ ਸਥਾਨਕ ਪੱਧਰ 'ਤੇ ਸਮੱਸਿਆਵਾਂ ਦਾ ਹੱਲ ਕਰ ਸਕਣ। ਇਸ ਦੇ ਨਾਲ ਹੀ, ਸਕੂਲਾਂ ਅਤੇ ਕਾਲਜਾਂ ਰਾਹੀਂ ਵਿਦਿਆਰਥੀਆਂ ਨੂੰ ਇਸ ਮੁਹਿੰਮ ਦਾ ਹਿੱਸਾ ਬਣਾਉਣਾ ਚਾਹੀਦਾ ਹੈ ਤਾਂ ਜੋ ਇੱਕ ਨਵੀਂ ਸੋਚ ਵਾਲੀ ਪੀੜ੍ਹੀ ਤਿਆਰ ਹੋ ਸਕੇ।

ਪੰਜਾਬ ਦੇ ਪਿੰਡਾਂ ਵਿੱਚ ਪਾਣੀ ਦਾ ਪ੍ਰਦੂਸ਼ਣ ਅਤੇ ਸਫ਼ਾਈ ਦੀ ਮਾੜੀ ਹਾਲਤ ਸਿਰਫ਼ ਪ੍ਰਸ਼ਾਸਨਿਕ ਨਾਕਾਮੀ ਨਹੀਂ ਹੈ ਸਗੋਂ ਇਹ ਸਾਡੀ ਆਉਣ ਵਾਲੀ ਨਸਲ ਦੀ ਸਿਹਤ ਅਤੇ ਸੁਰੱਖਿਆ ਨਾਲ ਜੁੜਿਆ ਮੁੱਦਾ ਹੈ। ਪੰਜਾਬ ਨੂੰ ਫਿਰ ਤੋਂ ਖੁਸ਼ਹਾਲ ਬਣਾਉਣ ਲਈ ਸਿਰਫ਼ ਅਨਾਜ ਪੈਦਾ ਕਰਨਾ ਹੀ ਕਾਫ਼ੀ ਨਹੀਂ ਹੈ, ਸਗੋਂ ਸਿਹਤਮੰਦ ਵਾਤਾਵਰਣ ਦੇਣਾ ਵੀ ਜ਼ਰੂਰੀ ਹੈ। ਸਰਕਾਰ, ਪ੍ਰਸ਼ਾਸਨ ਅਤੇ ਆਮ ਜਨਤਾ ਨੂੰ ਮਿਲ ਕੇ ਇਸ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ। ਜੇਕਰ ਅੱਜ ਅਸੀਂ ਪਾਣੀ ਦੇ ਸੋਮਿਆਂ ਨੂੰ ਬਚਾਉਣ ਅਤੇ ਪਿੰਡਾਂ ਨੂੰ ਸਾਫ਼-ਸੁਥਰਾ ਬਣਾਉਣ ਲਈ ਹੰਭਲਾ ਨਾ ਮਾਰਿਆ ਤਾਂ ਪੰਜਾਬ ਦੀ ਹਰਿਆਵਲ ਸਿਰਫ਼ ਕਿਤਾਬਾਂ ਦਾ ਹਿੱਸਾ ਰਹਿ ਜਾਵੇਗੀ। ਇਹ ਸਮਾਂ ਗੰਭੀਰਤਾ ਨਾਲ ਚਿੰਤਨ ਕਰਨ ਅਤੇ ਠੋਸ ਕਾਰਵਾਈ ਕਰਨ ਦਾ ਹੈ ਤਾਂ ਜੋ ਪੰਜਾਬ ਨੂੰ ਫਿਰ ਤੋਂ ਅਸਲੀ ਅਰਥਾਂ ਵਿੱਚ 'ਪੰਜਾਂ ਪਾਣੀਆਂ ਦੀ ਧਰਤੀ' ਕਿਹਾ ਜਾ ਸਕੇ।

# ਖਾਲਿਸਤਾਨ ਰੈਫਰੈਂਡਮ ਲਈ ਸਿਏਟਲ 'ਚ ਸਿੱਖਾਂ ਨੇ ਵੋਟਾਂ ਪਾਈਆਂ

ਸਿਏਟਲ, 24 ਮਾਰਚ (ਚ.ਨ.ਸ): ਖਾਲਿਸਤਾਨ ਰੈਫਰੈਂਡਮ ਲਈ ਸਿਏਟਲ ਵਿੱਚ ਵੋਟਾਂ ਪਾਈਆਂ ਗਈਆਂ। ਇਸ ਮੌਕੇ 27,000 ਤੋਂ ਵੱਧ ਸਿੱਖਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ, ਜੋ ਲੰਬੀਆਂ ਲਾਈਨਾਂ ਦੇ ਬਾਵਜੂਦ ਸ਼ਾਮ 5 ਵਜੇ ਤੱਕ ਜਾਰੀ ਰਿਹਾ। ਇਸ ਮੌਕੇ 96 ਸਾਲਾ ਜਸਵੰਤ ਸਿੰਘ ਛੱਜੇਵਾਲ ਆਪਣੀ ਬੇਟੀ ਨਾਲ ਆਏ ਤੇ ਵੋਟ ਪਾਈ। ਉਨ੍ਹਾਂ ਕਿਹਾ ਕਿ ਖਾਲਿਸਤਾਨ ਤੋਂ ਬਿਨਾਂ ਭਾਰਤ ਵਿੱਚ ਸਿੱਖਾਂ ਦਾ ਕਤਲੇਆਮ ਨਹੀਂ ਰੁਕੇਗਾ। ਰੈਫਰੈਂਡਮ ਦੇ ਕਮਿਸ਼ਨਰ ਡੈਨ ਵਾਟਰਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖਾਲਿਸਤਾਨ ਰੈਫਰੈਂਡਮ ਦੇ ਅਗਲੇ ਸੈਂਟਰ 16 ਅਗਸਤ ਨੂੰ ਇੰਡੀਆਨਾਪੋਲਿਸ ਤੇ 18 ਅਕਤੂਬਰ ਨੂੰ ਐਡਮੰਟਨ (ਕੈਨੇਡਾ) ਵਿੱਚ ਹੋਣਗੇ। 5 ਉਨ੍ਹਾਂ ਨੇ ਸ਼ਾਂਤੀਪੂਰਵਕ ਵੋਟਿੰਗ ਲਈ ਸਿੱਖ-1 ਭਾਈਚਾਰੇ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਗੁਰਪਤਵੰਤ ਸਿੰਘ ਪੰਨੂੰ ਨੇ ਇੱਕ ਵਾਰ ਫਿਰ ਭਾਰਤ ਨੂੰ ਧਮਕੀ ਦਿੱਤੀ ਹੈ ਤੇ ਭਾਰਤ ਵਿਰੁੱਧ ਭੜਕਾਊ ਬਿਆਨ ਦਿੱਤੇ ਹਨ। ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਨਾਲ ਜੁੜੇ ਪੰਨੂੰ ਨੇ ਇੱਕ ਵੀਡੀਓ ਜਾਰੀ ਕਰਕੇ ਦੇਸ਼ ਨੂੰ ਤੋੜਨ ਦੀ ਗੱਲ ਦੁਹਰਾਈ ਹੈ। ਪੰਨੂੰ ਨੇ ਆਪਣੇ ਬਿਆਨ ਵਿੱਚ ਪੰਜਾਬ ਪੁਲਸ ਨੂੰ ਵੀ ਨਿਸ਼ਾਨੇ 'ਤੇ ਲਿਆ। ਉਸ ਨੇ ਦੋਸ਼ ਲਗਾਇਆ ਕਿ ਸੂਬੇ ਵਿੱਚ ਨੌਜਵਾਨਾਂ ਨੂੰ ਫਰਜ਼ੀ ਮੁਕਾਬਲਿਆਂ ਵਿੱਚ ਮਾਰਿਆ ਜਾ ਰਿਹਾ ਹੈ ਤੇ ਇਸ ਦਾ ਜਵਾਬ ਏ.ਕੇ.-47 ਨਾਲ ਦੇਣ ਦੀ ਧਮਕੀ ਦਿੱਤੀ। ਪੰਨੂੰ ਨੇ ਭਾਰਤ ਦੇ ਉੱਤਰ-ਪੂਰਬੀ ਸੂਬਿਆਂ (ਸੇਵਨ ਸਿਸਟਰਜ਼) ਨੂੰ ਵੱਖ ਕਰ ਕੇ ਕ੍ਰਿਸਚੀਅਨ ਬੋਮਲੈਂਡ ਬਣਾਉਣ ਦੀ ਗੱਲ ਵੀ ਕਹੀ ਹੈ। ਉਸ ਨੇ ਨਾਰਥ-ਈਸਟ ਵਿੱਚ ਅਸ਼ਾਂਤੀ ਫੈਲਾਉਣ ਦੇ ਦੋਸ਼ ਵਿੱਚ ਫੜੇ ਗਏ ਵਿਦੇਸ਼ੀ ਨਾਗਰਿਕਾਂ ਦਾ ਬਚਾਅ ਕਰਦਿਆਂ ਉਨ੍ਹਾਂ ਨੂੰ ਆਜ਼ਾਦੀ ਦੀ ਮੁਹਿੰਮ ਦਾ ਸਮਰਥਕ ਦੱਸਿਆ ਹੈ।

## ਸਾਡੀ ਜਨਗਣਨਾ ਸਾਡਾ ਵਿਕਾਸ-2026

# ਹਾਊਸ ਲਿਸਟਿੰਗ ਦੀ ਪ੍ਰਕਿਰਿਆ 15 ਮਈ ਤੋਂ 13 ਜੂਨ ਤੱਕ

ਗੁਰਦਾਸਪੁਰ, 24 ਮਾਰਚ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਡਿਪਟੀ ਈ.ਐਸ.ਏ. ਗੁਰਦਾਸਪੁਰ ਰਾਜੇਸ਼ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਦੀ ਸਭ ਤੋਂ ਵੱਡੀ ਜਨ ਭਾਗੀਦਾਰੀ ਪ੍ਰਕਿਰਿਆ, ਜਨਗਣਨਾ 2027 ਸ਼ੁਰੂ ਹੋਣ ਵਾਲੀ ਹੈ। ਇਹ ਕੇਵਲ ਇੱਕ ਗਿਣਤੀ ਨਹੀਂ ਹੈ, ਇਹ ਵਿਕਸਿਤ ਭਾਰਤ 2047 ਦੀ ਨੀਂਹ ਹੈ। ਉਨ੍ਹਾਂ ਦੱਸਿਆ ਕਿ ਹਾਊਸ ਲਿਸਟਿੰਗ ਦੀ ਪ੍ਰਕਿਰਿਆ 15 ਮਈ ਤੋਂ 13 ਜੂਨ 2026 ਤੱਕ ਕੀਤੀ ਜਾਵੇਗੀ ਤੇ ਸੈਲਫ ਇਨਯੂਮਰੇਸ਼ਨ ਦੀ ਸੁਵਿਧਾ ਵੀ ਉਪਲੱਬਧ ਰਹੇ, ਜਿਸ ਸਬੰਧੀ ਪੋਰਟਲ 30 ਅਪ੍ਰੈਲ ਤੋਂ 13 ਮਈ 2026 ਤੱਕ ਖੋਲ੍ਹਿਆ ਜਾਵੇਗਾ, ਜਿਸ ਰਾਹੀਂ ਹਰ ਵਿਅਕਤੀ ਆਪਣੇ ਪਰਿਵਾਰ ਦੀ ਜਾਣਕਾਰੀ ਆਨਲਾਈਨ ਦਰਜ ਕਰ ਸਕੇਗਾ। ਉਨ੍ਹਾਂ ਅੱਗੇ ਦੱਸਿਆ ਕਿ ਜਨਗਣਨਾ ਦਾ ਪਹਿਲਾ ਪੜਾਅ, ਮਕਾਨ ਸੂਚੀਕਰਨ ਤੇ ਮਕਾਨਾਂ ਦੀ ਜਨਗਣਨਾ ਹੈ। ਉਨ੍ਹਾਂ ਦੱਸਿਆ ਕਿ ਅਪ੍ਰੈਲ ਤੋਂ ਸਤੰਬਰ, 2026 ਤੱਕ ਜਨਗਣਨਾ ਹੋਵੇਗੀ। ਹਰ ਇੱਕ ਮਕਾਨ ਬਾਰੇ ਜਾਣਕਾਰੀ ਦਰਜ ਕੀਤੀ ਜਾਵੇਗੀ। ਘਰ ਦੀਆਂ ਸਹੂਲਤਾਂ, ਅਸਾਸੇ ਤੇ ਮੁੱਢਲੀ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਸਵੈ-ਗਣਨਾ ਆਨਲਾਈਨ ਪੋਰਟਲ (se.census.gov.in) ਉੱਤੇ ਜਾ ਕੇ ਤੇ ਐਸ.ਈ.ਆਈ.ਡੀ. ਪ੍ਰਾਪਤ ਕਰੋ। ਜਦੋਂ ਗਣਨਾਕਾਰ ਤੁਹਾਡੇ ਘਰ ਆਉਂਦਾ ਹੈ ਤਾਂ ਆਪਣੀ ਐਸਈਆਈਡੀ ਗਣਨਾਕਾਰ ਨਾਲ ਸਾਂਝੀ ਕਰੋ। ਉਨ੍ਹਾਂ ਅੱਗੇ ਦੱਸਿਆ ਕਿ ਜਣਗਣਨਾ ਦੇ ਬਹੁਤ ਸਾਰੇ ਲਾਭ ਹਨ ਜਿਵੇਂ ਭਵਿੱਖ ਦੀਆਂ ਨੀਤੀਆਂ ਲਈ ਸਹੀ ਆਧਾਰ ਤੇ ਸਰੋਤਾਂ ਦੀ ਉਚਿੱਤ ਵੰਡ, ਸਹੀ ਜਗ੍ਹਾ 'ਤੇ ਸਹੀ ਯੋਜਨਾਵਾਂ, ਬਿਹਤਰ ਸਕੂਲ, ਹਸਪਤਾਲ ਤੇ ਸੜਕਾਂ, ਹਰੇਕ ਵਰਗ ਤੇ ਹਰੇਕ ਖੇਤਰ ਦਾ ਉਚਿੱਤ ਵਿਕਾਸ ਹੋਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਜਨਗਣਨਾ ਦਾ ਦੂਸਰਾ ਪੜਾਅ ਫਰਵਰੀ, 2027 ਵਿੱਚ ਕੀਤਾ ਜਾਵੇਗਾ। ਆਓ ਅਸੀਂ ਆਪਣੀ ਜ਼ਿੰਮੇਵਾਰੀ ਨਿਭਾਈਏ ਤੇ ਜਨਗਣਨਾ ਵਿੱਚ ਹਿੱਸਾ ਲਈਏ। ਤੁਹਾਡੀ ਜਾਣਕਾਰੀ ਪੂਰੀ ਤਰ੍ਹਾਂ ਸੁਰੱਖਿਅਤ ਹੈ ਤੁਹਾਡੀ ਜਾਣਕਾਰੀ ਜਨਗਣਨਾ ਐਕਟ, 1948 ਦੇ ਅਨੁਸਾਰ ਗੁਪਤ ਰੱਖੀ ਜਾਂਦੀ ਹੈ। ਨਾਂਅ ਤੇ ਪਛਾਣ ਦਾ ਖੁਲਾਸਾ ਨਹੀਂ ਕੀਤਾ ਜਾਂਦਾ। ਡਾਟਾ ਕਿਸੇ ਵੀ ਟੈਕਸ ਜਾਂ ਕਿਸੇ ਵੀ ਜਾਂਚ ਦੇ ਉਦੇਸ਼ ਲਈ ਨਹੀਂ ਵਰਤਿਆ ਗਿਆ। ਤੁਹਾਡੇ ਸਹਿਯੋਗ ਦੀ ਲੋੜ ਹੈ ਜਦੋਂ ਗਣਨਾਕਾਰ ਆਵੇ ਤਾਂ ਸਹੀ ਤੇ ਪੂਰੀ ਜਾਣਕਾਰੀ ਦਿਓ।ਤੁਹਾਡੀ ਸਹੀ ਜਾਣਕਾਰੀ ਆਉਣ ਵਾਲੇ ਕਈ ਸਾਲਾਂ ਲਈ ਵਿਕਾਸ ਨਿਰਧਾਰਿਤ ਕਰਦੀ ਹੈ।



# ਵਿਧਾਇਕ ਕਲਸੀ ਨੇ ਲੋਕਾਂ ਦੀ ਸਮੱਸਿਆ ਦਾ ਨਿਪਟਾਰਾ ਕਰਦਿਆਂ ਗਲੀ ਬਣਾਉਣ ਦਾ ਨੀਂਹ ਪੱਥਰ ਰੱਖਿਆ

ਬਟਾਲਾ, 24 ਮਾਰਚ (ਡਾ. ਨਰਿੰਦਰ ਸਿੰਘ ਘੁਮਾਣ/ ਡਾ. ਸਤਨਾਮ ਸਿੰਘ ਸੰਧੂ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਨੇ ਵਾਰਡ ਨੰਬਰ 33 ਵਿਖੇ ਲੋਕਾਂ ਦੀ ਮੌਜੂਦਗੀ ਵਿੱਚ ਗਲੀਆਂ ਬਣਾਉਣ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਹਨੀਲਾਹ ਚੌਹਾਨ ਤੇ ਵਾਰਡ ਵਾਸੀ ਮੌਜੂਦ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਲਗਾਤਾਰ ਬਟਾਲਾ ਹਲਕੇ ਅੰਦਰ ਚਹੁੰਪੱਖੀ ਵਿਕਾਸ ਲਈ ਯਤਨਸ਼ੀਲ ਹਨ ਤੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਇਥੋਂ ਦੇ ਲੋਕਾਂ ਦੀਆਂ ਮੁਸ਼ਕਿਲਾਂ ਦੂਰ ਕਰਦਿਆਂ ਗਲੀ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ। ਪੱਤਰਕਾਰਾਂ ਦੇ ਸਵਾਲ ਦਾ ਜਵਾਬ ਦਿੰਦਿਆਂ ਵਿਧਾਇਕ ਸ਼ੈਰੀ ਕਲਸੀ ਦੱਸਿਆ ਕਿ ਬਟਾਲਾ ਵਾਸੀਆਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦਾ ਮੁੱਖ ਮੰਤਰੀ ਪੰਜਾਬ ਵੱਲੋਂ ਉਦਘਾਟਨ ਕਰਨ ਉਪਰੰਤ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ ਤੇ ਬੀਤੇ ਕੱਲ੍ਹ ਹੀ ਬਟਾਲਾ ਸ਼ਹਿਰ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ ਹੈ।ਇਸੇ ਤਰ੍ਹਾਂ ਸ਼ਹਿਰ ਦੀਆਂ ਪ੍ਰਮੁੱਖ ਸੜਕਾਂ 'ਤੇ ਲਾਈਟਾਂ ਲਗਾਈਆਂ ਗਈਆਂ ਹਨ। ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀਂ ਇਮਾਰਤ ਉਸਾਰੀ ਗਈ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ ਵਿਖੇ ਸ਼ਾਨਦਾਰ ਕਲਾਕ ਟਾਵਰ ਲਗਾ ਕੇ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ। ਲੋਕਾਂ ਨੂੰ ਸਾਫ਼ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕਰੀਬ 24 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕੰਮ ਸ਼ੁਰੂ ਕਰ ਦਿੱਤਾ ਗਿਆ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਉਹ ਦਿਨ-ਰਾਤ ਬਟਾਲਾ ਵਾਸੀਆਂ ਦੀ ਸੇਵਾ ਵਿੱਚ ਹਾਜ਼ਰ ਹਨ ਤੇ ਸ਼ਹਿਰ ਵਿੱਚ ਲੋਕ ਹਿੱਤ ਲਈ ਵੱਖ-ਵੱਖ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।



# ਜ਼ਿਲ੍ਹਾ ਗੁਰਦਾਸਪੁਰ ਦੇ ਚੜ੍ਹਦੀਕਲਾ ਅਦਾਰੇ ਦੇ ਮੀਡੀਆ ਗਰੁੱਪ ਵੱਲੋਂ ਬਟਾਲਾ ਵਿਖੇ ਸਾਲਾਨਾ ਮੀਟਿੰਗ



ਬਟਾਲਾ, 24 ਮਾਰਚ (ਬਲਵਿੰਦਰ ਸਿੰਘ ਪੰਜਗਰਾਈਂ): ਜ਼ਿਲ੍ਹਾ ਗੁਰਦਾਸਪੁਰ ਦੇ ਸਰਹੱਦੀ ਖੇਤਰ ਅੰਦਰ ਕੰਮ ਕਰਦੇ ਚੜ੍ਹਦੀਕਲਾ ਮੀਡੀਆ ਗਰੁੱਪ ਦੇ ਸਾਰੇ ਪੱਤਰਕਾਰਾਂ ਦੀ ਇੱਕ ਅਹਿਮ ਮੀਟਿੰਗ ਜ਼ਿਲ੍ਹਾ ਇੰਚਾਰਜ ਜਗੀਰ ਸਿੰਘ ਮੰਡ ਤੇ ਬਟਾਲਾ ਦੇ ਇੰਚਾਰਜ ਡਾ. ਨਰਿੰਦਰ ਸਿੰਘ ਘੁਮਾਣ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਪੱਤਰਕਾਰਾਂ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ ਤੇ ਇਸ ਮੌਕੇ ਪੱਤਰਕਾਰੀ ਖੇਤਰ ਵਿੱਚ ਵਿਚਰਦਿਆਂ ਹੋਇਆਂ ਪੱਤਰਕਾਰਾਂ ਨੂੰ ਦਰਪੇਸ਼ ਮੁਸ਼ਕਿਲਾਂ/ਚੁਣੌਤੀਆਂ ਬਾਰੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਇੰਚਾਰਜ ਜਗੀਰ ਸਿੰਘ ਮੰਡ ਤੇ ਜ਼ਿਲ੍ਹਾ ਬਟਾਲਾ ਦੇ ਇੰਚਾਰਜ ਡਾ. ਨਰਿੰਦਰ ਸਿੰਘ ਘੁਮਾਣ ਨੇ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਸਾਨੂੰ ਸਮਾਜ ਅੰਦਰ ਫੈਲ ਰਹੀਆਂ ਕੁਰੀਤੀਆਂ ਬਾਰੇ, ਨਸ਼ਿਆਂ 'ਚ ਗਰਕ ਹੋ ਰਹੇ ਲੋਕਾਂ ਬਾਰੇ, ਸਮਾਜ ਅੰਦਰ ਫੈਲ ਰਹੀ ਅਰਾਜਕਤਾ ਬਾਰੇ, ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਬਾਰੇ ਤੇ ਸਰਕਾਰ ਵੱਲੋਂ ਪੰਜਾਬ ਵਿੱਚ ਕੀਤੇ ਕੰਮਾਂ ਬਾਰੇ ਨਿਰਪੱਖਤਾ ਨਾਲ ਤੇ ਪ੍ਰਮੁੱਖਤਾ ਨਾਲ ਲਿਖਣਾ ਚਾਹੀਦਾ ਹੈ। ਉਨ੍ਹਾਂ ਹੋਰ ਕਿਹਾ ਕਿ ਬਿਨਾਂ ਕਿਸੇ ਡਰ ਭੈਅ ਦੇ, ਬਿਨਾਂ ਕਿਸੇ ਲੋਭ ਲਾਲਚ, ਬਿਨਾਂ ਕਿਸੇ ਪੱਖਪਾਤ ਤੋਂ ਤੇ ਪਾਰਟੀਬਾਜ਼ੀ ਤੋਂ ਪਾਸੇ ਰਹਿ ਕੇ ਲਿਖਣਾ ਹੀ ਅਸਲ ਪੱਤਰਕਾਰੀ ਹੁੰਦਾ ਹੈ। ਇਸ ਮੌਕੇ ਜ਼ਿਲ੍ਹਾ ਇੰਚਾਰਜ ਜਗੀਰ ਸਿੰਘ ਮੰਡ ਤੇ ਬਟਾਲਾ ਇੰਚਾਰਜ ਡਾ. ਨਰਿੰਦਰ ਸਿੰਘ ਘੁਮਾਣ ਤੋਂ ਇਲਾਵਾ ਬਲਵਿੰਦਰ ਸਿੰਘ ਪੰਜਗਰਾਈਂ, ਡਾ. ਸਰਵਣ ਸਿੰਘ, ਸਿਕੰਦਰ ਸਿੰਘ ਸੰਧੂ, ਰਾਜਨ ਸ਼ਰਮਾ ਫਤਹਿਗੜ੍ਹ ਚੂੜੀਆਂ, ਮਨਿੰਦਰ ਸਿੰਘ ਹੈਪੀ ਕੋਟਲੀ, ਐਮ.ਨਾਹਰ ਗੁਰਦਾਸਪੁਰ, ਸਰਪੰਚ ਬਚਿਤਰ ਸਿੰਘ, ਧੰਨਪਾਲ ਸਿੰਘ ਕਲਸੀ, ਸੁੱਖ ਅੰਮ੍ਰਿਤ ਸਿੰਘ ਸੋਨੂੰ, ਡਾ. ਸਰਬਜੀਤ ਸਿੰਘ ਭਿੰਡਰ, ਕੁਲਜੀਤ ਸਿੰਘ ਖੋਖਰ, ਸੁਖਦੇਵ ਸਿੰਘ ਖ਼ਾਲਸਾ ਚੇਤਨਪੁਰ ਦਲਜਿੰਦਰ ਸਿੰਘ ਸੰਧੂ, ਗੁਰਦਾਸਪੁਰ, ਸੁਰਿੰਦਰ ਸਿੰਘ ਬਸਰਾ ਗੁਰਦਾਸਪੁਰ ਸਮੇਤ ਵੱਡੀ ਗਿਣਤੀ ਵਿੱਚ ਪੱਤਰਕਾਰ ਇਸ ਮੀਟਿੰਗ ਵਿੱਚ ਹਾਜ਼ਰ ਸਨ।

# ਦੁਕਾਨ 'ਤੇ ਡਾਕਾ ਮਾਰ ਕੇ ਲੁੱਟਣ ਦੀ ਯੋਜਨਾ ਬਣਾ ਰਹੇ 7 ਲੋਕ ਹਥਿਆਰਾਂ ਸਮੇਤ ਕਾਬੂ

ਗੜ੍ਹਦੀਵਾਲਾ, 24 ਮਾਰਚ (ਗੌਰਵ): ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਸੀਨੀਅਰ ਪੁਲਿਸ ਕਪਤਾਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਇਲਾਕਾ ਥਾਣਾ ਵਿੱਚ ਵੱਧ ਰਹੀਆਂ ਲੁੱਟਾਂ, ਖੋਹਾਂ, ਠੱਗੀਆਂ, ਨਸ਼ਿਆਂ ਤੇ ਗੈਂਸਟਰਾਂ ਨੂੰ ਠੱਲ ਪਾਉਣ ਲਈ ਚਲਾਈ ਸਪੈਸ਼ਲ ਮੁਹਿੰਮ ਤਹਿਤ ਡਾ. ਮਨਪ੍ਰੀਤ ਸ਼ੀਮਾਰ ਪੀ.ਪੀ.ਐਸ. ਐਸ.ਪੀ (ਤਫਤੀਸ਼) ਦੀ ਰਹਿਨੁਮਾਈ ਹੇਠ ਤੇ ਦਵਿੰਦਰ ਸਿੰਘ ਪੀ.ਪੀ.ਐਸ ਉਪ-ਕਪਤਾਨ ਪੁਲਿਸ ਸਬ-ਡਵੀਜ਼ਨ ਟਾਂਡਾ ਦੀਆਂ ਹਦਾਇਤਾਂ ਮੁਤਾਬਿਕ ਐਸ.ਆਈ. ਸਤਪਾਲ ਸਿੰਘ ਮੁੱਖ ਅਫਸਰ ਥਾਣਾ ਗੜ੍ਹਦੀਵਾਲਾ ਦੀ ਨਿਗਰਾਨੀ ਹੇਠ ਥਾਣਾ ਗੜ੍ਹਦੀਵਾਲਾ ਦੇ ਇਲਾਕਾ ਵਿੱਚ ਚੱਲ ਰਹੀ ਚੈਕਿੰਗ ਦੌਰਾਨ ਅੱਡਾ ਰਾਮ ਟਟਵਾਲੀ ਥਾਣਾ ਗੜ੍ਹਦੀਵਾਲਾ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਨਕੀਰਤ ਸਿੰਘ ਉਰਫ ਕੀਰਤ ਪੁੱਤਰ ਜਸਵਿੰਦਰ ਸਿੰਘ ਵਾਸੀ ਨੰਗਲ ਥਾਣਾ ਕਿਲਾ ਲਾਲ ਸਿੰਘ ਜ਼ਿਲ੍ਹਾ ਗੁਰਦਾਸਪੁਰ (ਬਟਾਲਾ), ਜਸਕੀਰਤ ਸਿੰਘ ਉਰਫ ਜੱਸ ਪੁੱਤਰ ਸੁਰਿੰਦਰ ਸਿੰਘ ਵਾਸੀ ਧੁਰੀਆ ਥਾਣਾ ਗੜ੍ਹਦੀਵਾਲਾ ਜ਼ਿਲ੍ਹਾ ਹੁਸ਼ਿਆਰਪੁਰ, ਜਗਜੀਤ ਸਿੰਘ ਉਰਫ ਰਿੱਕੀ ਪੁੱਤਰ ਸੁਰਜੀਤ ਸਿੰਘ ਵਾਸੀ ਅੱਭੋਵਾਲ ਥਾਣਾ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ, ਤਰਨਜੀਤ ਸਿੰਘ ਉਰਫ ਤਰਨ ਉਰਫ ਤਨੂੰ ਪੁੱਤਰ ਸਤਨਾਮ ਸਿੰਘ ਵਾਸੀ ਕੋਟਲਾ ਨੋਧ ਸਿੰਘ ਥਾਣਾ ਬੁੱਲੋਵਾਲ ਜ਼ਿਲ੍ਹਾ ਹੁਸ਼ਿਆਰਪੁਰ, ਗੁਰਸ਼ਰਨ ਸਿੰਘ ਉਰਫ ਗੋਰਾ ਪੁੱਤਰ ਜਗਜੀਵਨ ਸਿੰਘ ਵਾਸੀ ਕੋਟਲਾ ਨੋਧ ਸਿੰਘ ਥਾਣਾ ਬੁੱਲੋਵਾਲ ਜ਼ਿਲ੍ਹਾ ਹੁਸ਼ਿਆਰਪੁਰ, ਹਰਵਿੰਦਰ ਸਿੰਘ ਉਰਫ ਮੈਨੂੰ ਪੁੱਤਰ ਕਮਲਜੀਤ ਸਿੰਘ ਵਾਸੀ ਕਰਨਾਨਾ ਥਾਣਾ ਸਦਰ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੇ ਲਵਪ੍ਰੀਤ ਸਿੰਘ ਉਰਫ ਲਵੀ ਪੁੱਤਰ ਕੁਲਵਿੰਦਰ ਸਿੰਘ ਵਾਸੀ ਕਰਨਾਨਾ ਥਾਣਾ ਸਦਰ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਜੋ ਮਾਰੂ ਹਥਿਆਰਾਂ ਦੀ ਨੋਕ 'ਤੇ ਸੰਗਠਿਤ ਅਪਰਾਧ ਕਰਨ ਦੇ ਆਦੀ ਹਨ ਤੇ ਇਸ ਵਕਤ ਆਪਣੇ ਜੇਲ੍ਹ ਵਿੱਚ ਬੈਠੇ ਸਾਥੀ ਦੇ ਕਹਿਣ 'ਤੇ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਮੁਹੱਲਾ ਰਣਜੀਤਗੜ੍ਹ ਧੂਸੀ ਬੰਨ ਜੰਗਲ ਵਾਲੇ ਪਾਸੇ ਬੈਠੇ ਹਨ ਤੇ ਸ਼ਹਿਰ ਵਿੱਚ ਡਾਕਾ ਮਾਰ ਕੇ ਕਿਸੇ ਦੁਕਾਨ ਨੂੰ ਲੁੱਟਣ ਦੀ ਯੋਜਨਾ ਬਣਾ ਰਹੇ ਹਨ ਜਿਸ 'ਤੇ ਐਸ.ਆਈ. ਸਤਪਾਲ ਸਿੰਘ ਮੁੱਖ ਅਫਸਰ ਥਾਣਾ ਗੜ੍ਹਦੀਵਾਲਾ ਸਮੇਤ ਪੁਲਿਸ ਪਾਰਟੀ ਦੇ ਮੁੱਖਬਰ ਖਾਸ ਵੱਲੋਂ ਦੱਸੀ ਜਗ੍ਹਾ 'ਤੇ ਰੇਡ ਕੀਤਾ। ਗ੍ਰਿਫਤਾਰ ਕੀਤੇ ਗਏ ਦੋਸ਼ੀ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾਵੇਗੀ।



# ਜ਼ਿਲ੍ਹੇ 'ਚ ਮੂੰਹ ਢੱਕ ਕੇ ਡਰਾਈਵਿੰਗ ਕਰਨ 'ਤੇ ਲਗਾਈ ਪਾਬੰਦੀ

ਨਵਾਂਸ਼ਹਿਰ, 24 ਮਾਰਚ (ਸੁਖਦੇਵ ਸਿੰਘ ਉੜਾਪੜ): ਜ਼ਿਲ੍ਹਾ ਮੈਜਿਸਟ੍ਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਆਮ ਨਾਗਰਿਕਾਂ ਨੂੰ ਦੋਪਹੀਆ ਵਾਹਨ ਚਲਾਉਂਦੇ ਹੋਏ ਮੂੰਹ ਢੱਕ ਕੇ/ਮੂੰਹ ਬੰਨ੍ਹ ਕੇ ਡਰਾਈਵਿੰਗ ਕਰਨ 'ਤੇ ਪਾਬੰਦੀ ਲਗਾਈ ਹੈ। ਇਹ ਪਾਬੰਦੀ ਉਨ੍ਹਾਂ ਵਿਅਕਤੀਆਂ 'ਤੇ ਲਾਗੂ ਨਹੀਂ ਹੋਵੇਗੀ, ਜਿਨ੍ਹਾਂ ਨੇ ਕਿਸੇ ਬਿਮਾਰੀ ਜਾਂ ਅਲਰਜੀ ਦੀ ਵਜ੍ਹਾ ਕਾਰਨ ਮੈਡੀਕਲ ਸੁਪਰਵੀਜ਼ਨ ਦੇ ਹੇਠਾਂ ਮਾਸਕ ਜਾਂ ਕੋਈ ਹੋਰ ਚੀਜ਼ ਪਹਿਨੀ ਹੋਵੇ। ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮ ਵਿੱਚ ਦੱਸਿਆ ਕਿ ਬਾਜ਼ਾਰਾਂ ਵਿੱਚ ਆਮ ਤੌਰ 'ਤੇ ਮੂੰਹ ਢੱਕ ਕੇ ਵਾਹਨ ਚਾਲਕਾਂ (ਖਾਸ ਤੌਰ 'ਤੇ ਦੋਪਹੀਆ ਵਾਹਨ ਚਾਲਕਾਂ) ਵੱਲੋਂ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਮੂੰਹ ਢੱਕਣ ਨਾਲ ਅਪਰਾਧ ਕਰਨ ਵਾਲਿਆਂ ਦੀ ਪਹਿਚਾਣ ਕਰਨ ਵਿੱਚ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਜ਼ਿਲ੍ਹੇ ਅੰਦਰ ਮੂੰਹ ਢੱਕ ਕੇ ਅਪਰਾਧਿਕ ਵਾਰਦਾਤਾਂ ਨੂੰ ਰੋਕਣ ਲਈ ਉਕਤ ਹੁਕਮ ਜਾਰੀ ਕੀਤੇ ਗਏ ਹਨ। ਇਸੇ ਤਰ੍ਹਾਂ ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਤੇ ਆਮ ਨਾਗਰਿਕਾਂ ਦੀ ਸਿਹਤ ਦੀ ਸੁਰੱਖਿਆ ਦੇ ਲਈ ਦੋਪਹੀਆ ਵਾਹਨਾਂ ਦੇ ਸਾਈਲੈਂਸਰ ਬਦਲਣ ਤੇ ਸਾਇਲੈਂਸਰ ਨਾਲ ਪਟਾਕੇ ਵਜਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ ਸਾਇਲੈਂਸਰ ਬਦਲਣ ਵਾਲੇ ਦੁਕਾਨਦਾਰਾਂ/ਮਕੈਨਿਕਾਂ ਤੇ ਪਟਾਕੇ ਵਜਾਉਣ ਵਾਲੇ ਵਾਹਨ ਮਾਲਕਾਂ 'ਤੇ ਵੀ ਲਾਗੂ ਹੋਣਗੇ। ਉਪਰੋਕਤ ਦੋਵੇਂ ਹੁਕਮ 16 ਮਈ , 2026 ਤੱਕ ਲਾਗੂ ਰਹਿਣਗੇ।



# ਕੱਪੜਾ ਵਪਾਰੀ ਦੇ ਘਰ 'ਤੇ ਅਣਪਛਾਤਿਆਂ ਨੇ ਚਲਾਈਆਂ ਗੋਲੀਆਂ

ਗੜ੍ਹਦੀਵਾਲਾ, 24 ਮਾਰਚ (ਗੌਰਵ): ਬੀਤੀ ਰਾਤ 8.30 ਵਜੇ ਦੇ ਕਰੀਬ ਜੈਨ ਕਲੋਨੀ ਵਿਖੇ ਇੱਕ ਕੱਪੜਾ ਵਪਾਰੀ ਦੇ ਘਰ 'ਤੇ ਕੁਝ ਅਣਪਛਾਤਿਆਂ ਨੇ ਗੋਲੀਆਂ ਚਲਾ ਦਿੱਤੀਆਂ। ਜਿਸ ਨਾਲ ਜੈਨ ਕਲੋਨੀ ਦੇ ਵਸਨੀਕਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੜ੍ਹਦੀਵਾਲਾ ਪੁਲਿਸ ਨੇ ਦੱਸਿਆ ਮਿਤੀ 23.03.2026 ਨੂੰ ਏ.ਐਸ.ਆਈ. ਬਲਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਜੈਨ ਕਲੋਨੀ ਗੜ੍ਹਦੀਵਾਲਾ ਥਾਣਾ ਗੜ੍ਹਦੀਵਾਲਾ ਮੌਜੂਦ ਸੀ ਤਾਂ ਚੰਦਰ ਕੌਸ਼ਲ ਪੁੱਤਰ ਸੁਰਿੰਦਰ ਪਾਲ ਵਾਸੀ ਜੈਨ ਕਲੋਨੀ ਥਾਣਾ ਗੜ੍ਹਦੀਵਾਲਾ ਜ਼ਿਲ੍ਹਾ ਹੁਸ਼ਿਆਰਪੁਰ ਨੇ ਪੁਲਿਸ ਪਾਰਟੀ ਕੋਲ ਹਾਜ਼ਰ ਹੋ ਕੇ ਇਤਲਾਹ ਦਿੱਤੀ ਕਿ ਮਿਤੀ 23.03.2026 ਨੂੰ ਵਕਤ ਕਰੀਬ 08:30 ਵਜੇ ਉਹ ਆਪਣੀ ਦੁਕਾਨ ਬੰਦ ਕਰਕੇ ਘਰ ਬੈਠਾ ਸੀ ਤਾਂ ਉਨ੍ਹਾਂ ਨੂੰ ਗੋਲੀ ਚੱਲਣ ਦੀ ਆਵਾਜ਼ ਸੁਣਾਈ ਦਿੱਤੀ ਜੋ ਉਨ੍ਹਾਂ ਨੇ ਆਪਣੇ ਗੇਟ ਲਾਗੇ ਖੜ੍ਹੇ ਹੋ ਕੇ ਦੇਖਿਆ ਤਾਂ ਦੋ ਨਾ-ਮਲੂਮ ਵਿਅਕਤੀ ਜਿਨ੍ਹਾਂ ਨੇ ਆਪਣੇ ਮੂੰਹ ਬੰਨ੍ਹੇ ਹੋਏ ਸੀ ਨੇ ਆਪਣੇ ਦਸਤੀ ਪਿਸਟਲ ਨਾਲ ਉਨ੍ਹਾਂ ਦੇ ਘਰ ਵੱਲ ਫਾਈਰ ਕੀਤੇ ਜੋ ਇੱਕ ਫਾਈਰ ਉਨ੍ਹਾਂ ਦੇ ਘਰ ਦੇ ਸ਼ੀਸ਼ੇ ਤੇ ਇੱਕ ਫਾਈਰ ਘਰ ਦੇ ਮੇਨ ਗੇਟ 'ਤੇ ਲੱਗਾ। ਜੋ ਮੁਦੱਈ ਚੰਦਰ ਕੌਸ਼ਲ ਉਕਤ ਦੇ ਬਿਆਨਾਂ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਤੇ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।



## ਵਿਧਾਇਕ ਸ਼ੈਰੀ ਕਲਸੀ ਨੇ ਬਟਾਲਾ ਦੇ ਇਤਿਹਾਸ 'ਚ ਨਵਾਂ ਚੈਪਟਰ ਜੋੜਿਆ

# ਸ਼ਹਿਰ 'ਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦਾ ਉਦਘਾਟਨ

ਬਟਾਲਾ, 24 ਮਾਰਚ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਦੇ ਇਤਿਹਾਸ ਵਿੱਚ ਇੱਕ ਹੋਰ ਚੈਪਟਰ ਜੋੜਦਿਆਂ ਬਟਾਲਾ ਸ਼ਹਿਰ ਵਿੱਚ ਸੀਸੀਟੀਵੀ ਕੈਮਰੇ ਲਗਾਉਣ ਦਾ ਉਦਘਾਟਨ ਕੀਤਾ ਗਿਆ ਹੈ। ਅੱਜ ਗਾਂਧੀ ਚੌਕ ਨੇੜੇ ਬਣ ਰਹੇ ਨਵੇਂ ਚੌਕ ਵਿਖੇ ਸੀਸੀਟੀਵੀ ਕੈਮਰੇ ਲਗਾਉਣ ਲਈ ਰੱਖੇ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਪ੍ਰੈਸ ਨਾਲ ਗੱਲਬਾਤ ਦੌਰਾਨ ਵਿਧਾਇਕ ਸ਼ੈਰੀ ਕਲਸੀ ਨੇ ਸਭ ਤੋਂ ਅੱਜ ਦੇ ਮਹਾਨ ਸ਼ਹੀਦੀ ਦਿਵਸ ਮੌਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾ ਦੇ ਫੁੱਲ ਅਰਪਨ ਕੀਤੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਵਿਖੇ ਕਰਵਾਏ ਜਾ ਰਹੇ ਰਿਕਾਰਡ ਵਿਕਾਸ ਕਾਰਜਾਂ ਦੀ ਲੜੀ ਤਹਿਤ ਬਟਾਲਾ ਸ਼ਹਿਰ ਦੇ ਪ੍ਰਮੁੱਖ 32 ਸਥਾਨਾਂ/ਚੌਕਾਂ 'ਤੇ ਅੱਜ ਸੀ.ਸੀ.ਟੀ.ਵੀ ਕੈਮਰੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ ਹੈ ਤੇ ਮਈ 2026 ਤੱਕ ਇਸ ਪ੍ਰੋਜੈਕਟ ਨੂੰ ਮੁਕੰਮਲ ਕਰ ਲਿਆ ਜਾਵੇਗਾ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਸੀਸੀਟੀਵੀ ਕੈਮਰੇ ਲਗਾਉਣ ਦਾ ਮੁੱਖ ਮੰਤਵ ਲੋਕ ਸੁਰੱਖਿਅਤ ਰਹਿਣ ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਹੋਰ ਨਕੇਲ ਕੱਸੀ ਜਾਵੇ। ਉਨ੍ਹਾਂ ਦੱਸਿਆ ਕਿ ਇੱਕ ਕੰਟਰੋਲ ਰੂਮ ਸਥਾਪਤ ਕੀਤਾ ਜਾਵੇਗਾ ਤੇ ਦਫਤਰ ਐਸ.ਐਸ.ਪੀ ਬਟਾਲਾ ਵੱਲੋਂ ਕੰਟਰੋਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਪ੍ਰੋਜੈਕਟ ਚੇਅਰਮੈਨ ਯਸ਼ਪਾਲ ਦੀ ਨਿਗਰਾਨੀ ਹੇਠ ਮੁਕੰਮਲ ਕੀਤਾ ਜਾਵੇਗਾ।ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਅੰਮ੍ਰਿਤ ਕਲਸੀ, ਚੇਅਰਮੈਨ ਮਾਨਿਕ ਮਹਿਤਾ, ਚੇਅਰਮੈਨ ਚਰਨਜੀਤ ਸਿੰਘ ਪਾਰੋਵਾਲ, ਰਮਨਦੀਪ ਸਿੰਘ ਐਸਪੀ ਬਟਾਲਾ, ਗੁਰਮੀਤ ਸਿੰਘ ਡੀਐਸਪੀ, ਲਾਇਨ ਰਾਜੀਵ ਵਿੱਗ, ਰਾਜੀਵ ਬਟਾਲਵੀ, ਸੀਨੀਅਰ ਆਗੂ ਮਾਸਟਰ ਤਿਲਕ ਰਾਜ, ਗੁਰਪ੍ਰੀਤ ਸਿੰਘ ਰਾਜੂ, ਸੰਜੀਵ ਕੁਮਾਰ ਟਰੱਸਟੀ ਸੰਨੀ ਮਸੀਹ, ਪਰਦੀਪ ਕੁਮਾਰ, ਭੁਪਿੰਦਰ ਸਿੰਘ, ਬਲਵਿੰਦਰ ਸਿੰਘ, ਹੈਪੀ ਸਰਪੰਚ, ਦਵਿੰਦਰ ਸਿੰਘ ਮੌਜੂਦ ਸਨ।



# ਅਕਾਲੀ ਦਲ ਦੀ 27 ਨੂੰ 'ਪੰਜਾਬ ਬਚਾਓ' ਰੈਲੀ ਨੂੰ ਸਫ਼ਲ ਬਣਾਉਣ ਲਈ ਰਾਜਨਬੀਰ ਘੁਮਾਣ ਵੱਲੋਂ ਕੀਤੀਆਂ ਜਾ ਰਹੀਆਂ ਨੇ ਮੀਟਿੰਗਾਂ

ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 24 ਮਾਰਚ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਬਚਾਓ ਰੈਲੀਆਂ ਪੰਜਾਬ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਕੀਤੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਵਿਧਾਨ ਸਭਾ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿਖੇ 27 ਮਾਰਚ ਨੂੰ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਦੀ ਅਗਵਾਈ ਹੇਠ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਇਸ ਸਬੰਧੀ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਰੈਲੀ ਨੂੰ ਸਫ਼ਲ ਬਣਾਉਣ ਲਈ ਅਕਾਲੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਰਾਜਨਬੀਰ ਸਿੰਘ ਘੁਮਾਣ ਵੱਲੋਂ ਕੌਮੀ ਜਨਰਲ ਸਕੱਤਰ ਬੀਸੀ ਵਿੰਗ ਤੇ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ ਵੱਲੋਂ ਪਿੰਡ ਲੱਧਾ ਮੁੰਡਾ ਵਿਖੇ ਰੱਖੀ ਗਈ, ਅਕਾਲੀ ਆਗੂਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ 27 ਮਾਰਚ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੀ ਦਾਣਾ ਮੰਡੀ ਵਿਖੇ ਪਹੁੰਚ ਕੇ ਇਸ ਵਿਸ਼ਾਲ ਰੈਲੀ ਨੂੰ ਸਫ਼ਲ ਬਣਾਇਆ ਜਾਵੇ।ਉਨ੍ਹਾਂ ਆਖਿਆ ਕਿ ਇਸ ਵਿਸ਼ਾਲ ਰੈਲੀ ਨੂੰ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸੀਨੀਅਰ ਅਕਾਲੀ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਸਮੇਤ ਸੂਬੇ ਦੀ ਸੀਨੀਅਰ ਲੀਡਰਸ਼ਿਪ ਤੇ ਜ਼ਿਲ੍ਹਾ ਗੁਰਦਾਸਪੁਰ ਦੀ ਸੀਨੀਅਰ ਲੀਡਰਸ਼ਿਪ ਪਹੁੰਚ ਕੇ ਸੰਬੋਧਨ ਕਰਨਗੇ। ਇਸ ਮੌਕੇ ਉਨ੍ਹਾਂ ਹਲਕੇ ਦੇ ਆਗੂਆਂ ਤੇ ਵਰਕਰਾਂ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ। ਉਨ੍ਹਾਂ ਆਖਿਆ ਕਿ ਇਸ ਵਿਸ਼ਾਲ ਰੈਲੀ ਨੂੰ ਲੈਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ। ਇਸ ਮੌਕੇ ਕਵੀਸ਼ਰ ਹੀਰਾ ਸਿੰਘ, ਗੁਰਬੀਰ ਸਿੰਘ ਰੰਧਾਵਾ, ਗੁਰਪ੍ਰੀਤ ਸਿੰਘ, ਪ੍ਰਕਾਸ਼ ਸਿੰਘ ਕਾਲਾ, ਅਮਰਜੀਤ ਸਿੰਘ, ਭੁਪਿੰਦਰ ਸਿੰਘ, ਤਰਸੇਮ ਸਿੰਘ, ਹਰਭਜਨ ਸਿੰਘ, ਬਲਜਿੰਦਰ ਸਿੰਘ, ਇਕਬਾਲ ਸਿੰਘ, ਕੁਲਵੰਤ ਸਿੰਘ ਡੇਅਰੀਵਾਲਾ, ਸੰਤੋਖ ਸਿੰਘ, ਸੰਦੀਪ ਸਿੰਘ, ਸ਼ਰਵਣ ਸਿੰਘ, ਬਲਜਿੰਦਰ ਸਿੰਘ, ਕੁਲਦੀਪ ਸਿੰਘ, ਬਾਬਾ ਜੋਗਾ ਸਿੰਘ, ਕਸ਼ਮੀਰ ਸਿੰਘ, ਸਰਬਜੀਤ ਸਿੰਘ ਤੇ ਸਰਬਜੀਤ ਸਿੰਘ ਸਹੋਤਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਹਾਜ਼ਰ ਸਨ।



# ਦਾ ਮਿਲੇਨੀਅਮ ਸੀਨੀਅਰ ਸੈਕੰਡਰੀ ਸਕੂਲ ਵਿਖੇ ਨਾਮ ਸਿਮਰਨ ਨਾਲ ਹੋਈ ਨਵੇਂ ਸ਼ੈਸਨ ਦੀ ਸ਼ੁਰੂਆਤ

ਬਟਾਲਾ, 24 ਮਾਰਚ (ਬਲਵਿੰਦਰ ਸਿੰਘ ਪੰਜਗਰਾਈਂ): ਸਥਾਨਕ ਜਲੰਧਰ ਰੋਡ ਉਪਰ ਸਥਿਤ ਦਾ ਮਿਲੇਨੀਅਮ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਨਵੇਂ ਸੈਸ਼ਨ ਦੀ ਸ਼ੁਰੂਆਤ ਪ੍ਰਭੂ ਦੇ ਨਾਮ ਸਿਮਰਨ ਨਾਲ ਕੀਤੀ ਗਈ। ਇਸ ਸ਼ੁਭ ਮੌਕੇ 'ਤੇ ਪੂਰੇ ਸਕੂਲ ਪਰਿਵਾਰ ਨੇ ਸ਼ਰਧਾ ਤੇ ਉਤਸ਼ਹ ਨਾਲ ਹਿੱਸਾ ਲਿਆ। ਇਸ ਸਮਾਗਮ ਵਿੱਚ ਸਕੂਲ ਦੇ ਚੇਅਰਮੈਨ ਵਰੁਣ ਖੋਸਲਾ, ਡਾਇਰੈਕਟਰ ਪਾਇਲ ਖੋਸਲਾ, ਪ੍ਰਿੰਸੀਪਲ ਗੁਰਮੀਤ ਸਿੰਘ, ਸਾਰੇ ਅਧਿਆਪਕ, ਸਟਾਫ ਮੈਂਬਰ ਤੇ ਵਿਦਿਆਰਥੀ ਵੀ ਮੌਜੂਦ ਸਨ। ਇਸ ਮੌਕੇ ਸਾਰੀ ਸੰਗਤ ਨੇ ਪਰਮਾਤਮਾ ਦਾ ਨਾਮ ਲਿਆ ਉਸਦੇ ਚਰਨਾਂ ਵਿੱਚ ਸਕੂਲ ਦੇ ਚਮਕਦਾਰ ਭਵਿੱਖ ਦੀ ਕਾਮਨਾ ਕੀਤੀ, ਬੱਚਿਆਂ ਦੀ ਜ਼ਿੰਦਗੀ ਖੁਸ਼ਹਾਲ ਤੇ ਸਫਲ ਬਣੇ ਸਕੂਲ ਵਿੱਚ ਹਵਨ ਵੀ ਕਰਵਾਇਆ ਗਿਆ, ਹਵਨ ਤੋਂ ਬਾਅਦ ਸਾਰਿਆਂ ਨੂੰ ਪ੍ਰਸ਼ਾਦ ਵੰਡਿਆ ਗਿਆ ਤੇ ਸਕੂਲ ਵੱਲੋਂ ਦੱਸਿਆ ਗਿਆ ਕਿ ਇਸ ਤਰ੍ਹਾਂ ਦੇ ਧਾਰਮਿਕ ਤੇ ਅਧਿਆਤਮਿਕ ਪ੍ਰੋਗਰਾਮ ਸਕੂਲ ਦੇ ਵਾਤਾਵਰਨ ਨੂੰ ਸਕਾਰਾਤਮਕ ਬਣਾਉਂਦੇ ਹਨ ਤੇ ਬੱਚਿਆਂ ਨੂੰ ਚੰਗੇ ਸੰਸਕਾਰ ਦਿੰਦੇ ਹਨ। ਸਕੂਲ ਚੇਅਰਮੈਨ ਵਰੁਣ ਖੋਸਲਾ ਨੇ ਵਿਦਿਆਰਥੀਆਂ ਨੂੰ ਚੰਗੇ ਸੰਸਕਾਰ ਅਪਣਾਉਣ ਵੱਡਿਆਂ ਦਾ ਆਦਰ ਕਰਨ ਤੇ ਜੀਵਨ ਵਿੱਚ ਇਮਾਨਦਾਰ ਬਣਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਸਾਰੇ ਬੱਚਿਆਂ ਦੇ ਭਵਿੱਖ ਤੇ ਸਕੂਲ ਦੀ ਤਰੱਕੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਡਾਇਰੈਕਟਰ ਪਾਇਲ ਖੋਸਲਾ ਨੇ ਬੱਚਿਆਂ ਨੂੰ ਆਪਣੇ ਸੁਪਨਿਆਂ ਨੂੰ ਪਛਾਣ ਕੇ ਪੂਰਾ ਕਰਨ ਲਈ ਆਤਮ ਵਿਸ਼ਵਾਸ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਤੁਹਾਡੀ ਸਾਕਾਰਾਤਮਕ ਸੋਚ ਤੇ ਲਗਾਤਾਰ ਸਖਤ ਮਿਹਨਤ ਹੀ ਸਫਲਤਾ ਦੀ ਕੁੰਜੀ ਹੈ। ਪ੍ਰਿੰਸੀਪਲ ਗੁਰਮੀਤ ਸਿੰਘ ਨੇ ਵਿਦਿਆਰਥੀਆਂ ਨੂੰ ਅਨੁਸ਼ਾਸਨ ਵਿੱਚ ਰਹਿਣ, ਲਗਨ ਨਾਲ ਪੜ੍ਹਾਈ ਕਰਨ ਤੇ ਸਮੇਂ ਦਾ ਸਹੀ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਮਿਹਨਤ ਤੇ ਲਗਨ ਨਾਲ ਹਰ ਮੁਕਾਮ ਨੂੰ ਹਾਸਲ ਕੀਤਾ ਜਾ ਸਕਦਾ ਹੈ। ਇਸ ਮੌਕੇ ਸਕੂਲ ਮੈਨੇਜਮੈਂਟ ਤੇ ਸਮੁੱਚਾ ਸਕੂਲ ਸਟਾਫ ਵਿਦਿਆਰਥੀਆਂ ਸਮੇਤ ਹਾਜ਼ਰ ਸੀ।



# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਤੋਂ ਆਏ ਮਾਹਿਰਾਂ ਨੇ ਸੈਮੀਨਾਰ ਲਗਾਇਆ



ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 24 ਮਾਰਚ (ਸੁੱਖ ਅੰਮ੍ਰਿਤ ਘੁਮਾਣ/ਡਾ. ਸਰਬਜੀਤ ਸਿੰਘ ਭਿੰਡਰ): ਅੱਜ ਚੀਫ਼ ਖ਼ਾਲਸਾ ਦੀਵਾਨ ਵੱਲੋਂ ਚਲਾਈ ਜਾ ਰਹੀ ਸੰਸਥਾ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿੱਚ ਪ੍ਰਿੰਸੀਪਲ ਮਧੂ ਸਾਵਲ ਦੀ ਯੋਗ ਅਗਵਾਈ ਹੇਠ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਤੋਂ ਆਏ ਵਿੱਦਿਅਕ ਮਾਹਿਰਾਂ ਕ੍ਰਿਸ਼ਮਾ ਚੱਢਾ ਤੇ ਸੁਰਿੰਦਰ ਸਿੰਘ ਵੱਲੋਂ ਕਲਾਸ ਰੂਮ ਮੈਨੇਜਮੈਂਟ ਵਿਸ਼ੇ 'ਤੇ ਸੈਮੀਨਾਰ ਲਗਾਇਆ ਤੇ ਸਕੂਲ ਦੇ ਅਧਿਆਪਕਾਂ ਨੂੰ ਕਲਾਸ ਵਿੱਚ ਵਿਦਿਆਰਥੀਆਂ ਨੂੰ ਡਿਜੀਟਲ ਤਰੀਕੇ ਨਾਲ ਪੜ੍ਹਾਉਣ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਿੰਸੀਪਲ ਮਧੂ ਸਾਵਲ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਤ ਕੀਤਾ ਤੇ ਸਕੂਲ ਦੇ ਅਧਿਆਪਕਾਂ ਨੂੰ ਟ੍ਰੇਨਿੰਗ ਦੇਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਸਮੂਹ ਅਧਿਆਪਕ ਸਾਹਿਬਾਨ ਹਾਜ਼ਰ ਸਨ।

# ਚੇਅਰਪਰਸਨ ਰਾਜਵਿੰਦਰ ਕੌਰ ਦਾ ਪੰਚਾਂ-ਸਰਪੰਚਾਂ ਵੱਲੋਂ ਸਨਮਾਨ



ਡੇਰਾ ਬਾਬਾ ਨਾਨਕ, 24 ਮਾਰਚ (ਹੈਪੀ ਕੋਟਲੀ): ਨਵ-ਨਿਯੁਕਤ ਬਲਾਕ ਸੰਮਤੀ ਡੇਰਾ ਬਾਬਾ ਨਾਨਕ ਦੇ ਚੇਅਰਪਰਸਨ ਬੀਬੀ ਰਾਜਵਿੰਦਰ ਕੌਰ ਭਗਵਾਨਪੁਰ ਦਾ ਇਲਾਕੇ ਦੇ ਪੰਚਾਂ-ਸਰਪੰਚਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਕੁਹਾਲੀ ਤੋਂ ਸਾਬਕਾ ਸਰਪੰਚ ਬਿਕਰਮਜੀਤ ਸਿੰਘ ਬਿੱਕਾ ਪਿੰਡ ਢੇਸੀਆਂ ਤੋਂ ਸਰਪੰਚ ਗੁਰਮੁਖ ਸਿੰਘ ਸੀਨੀਅਰ ਆਗੂ ਦਲਬੀਰ ਸਿੰਘ ਭਿੱਲਾ, ਸਰਪੰਚ ਸੁਖਵਿੰਦਰ ਸਿੰਘ ਤੇ ਹੋਰ ਪਿੰਡਾਂ ਤੋਂ ਪਹੁੰਚੇ ਪੰਚਾਂ-ਸਰਪੰਚਾਂ ਤੇ ਹੋਰ ਮੋਹਤਬਰ ਆਗੂਆਂ ਵੱਲੋਂ ਚੇਅਰਪਰਸਨ ਬੀਬੀ ਰਾਜਵਿੰਦਰ ਕੌਰ ਭਗਵਾਨਪੁਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਚੇਅਰਪਰਸਨ ਰਾਜਵਿੰਦਰ ਕੌਰ ਭਗਵਾਨਪੁਰ ਨੇ ਕਿਹਾ ਕਿ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡਾਂ ਸ਼ਹਿਰਾਂ ਦੇ ਵਿਕਾਸ ਕਾਰਜ ਬਿਨਾਂ ਕਿਸੇ ਭੇਦ-ਭਾਵ ਦੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਮਕਸਦ ਲੋੜਵੰਦ, ਬੇਸਹਾਰਾ ਗਰੀਬ ਲੋਕਾਂ ਜੀਵਨ ਪੱਧਰ ਉਚਾ ਚੁੱਕਣ ਦਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਵੱਖ-ਵੱਖ ਪਿੰਡਾਂ 'ਚ ਖੇਡਾਂ ਦੇ ਟੂਰਨਾਮੈਂਟ ਕਰਵਾਏ ਜਾਣਗੇ।

# ਖੇਤੀਬਾੜੀ ਯੂਨੀਵਰਸਿਟੀ ਦੇ ਰਿਜ਼ਨਲ ਸਟੇਸ਼ਨ ਵਿਖੇ ਕਿਸਾਨ ਮੇਲਾ 27 ਨੂੰ

ਗੁਰਦਾਸਪੁਰ, 24 ਮਾਰਚ (ਜਗੀਰ ਸਿੰਘ ਮੰਡ/ਨਾਹਰ): ਖੇਤੀ ਵਿਭਿੰਨਤਾ ਅਪਨਾਉ, ਵਡਮੁੱਲਾ ਵਾਤਾਵਰਨ ਬਚਾਉ ਦੇ ਉਦੇਸ਼ ਨਾਲ ਕਿਸਾਨ ਮੇਲਾ ਖੇਤੀਬਾੜੀ ਯੂਨੀਵਰਸਿਟੀ ਦੇ ਰਿਜ਼ਨਲ ਸਟੇਸ਼ਨ ਗੁਰਦਾਸਪੁਰ ਵਿਖੇ 27 ਮਾਰਚ ਨੂੰ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਰਿਜ਼ਨਲ ਸਟੇਸ਼ਨ ਦੇ ਡਾਇਰੈਕਟਰ ਡਾ. ਹਰਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਮੇਲੇ ਵਿੱਚ ਸਾਉਣੀ ਦੀਆਂ ਫ਼ਸਲਾਂ/ ਸਬਜ਼ੀਆਂ ਦੇ ਸੁਧਰੇ ਬੀਜ ਤੇ ਸਦਾਬਹਾਰ ਫ਼ਲਦਾਰ ਬੂਟੇ ਉਪਲਬਧ ਕਰਵਾਏ ਜਾਣਗੇ। ਖੇਤੀ ਵਿਸ਼ਾ ਮਾਹਿਰਾਂ ਵੱਲੋਂ ਸਾਉਣੀ ਦੀਆਂ ਫ਼ਸਲਾਂ ਦੀ ਕਾਸ਼ਤ ਬਾਰੇ ਤਕਨੀਕੀ ਜਾਣਕਾਰੀ ਦਿੱਤੀ ਜਾਵੇਗੀ ਤੇ ਕਿਸ਼ਾਨਾਂ ਦੀਆਂ ਖੇਤੀ ਮੁਸ਼ਕਿਲਾਂ ਬਾਰੇ ਸਵਾਲ-ਜਵਾਬ ਵੀ ਹੋਣਗੇ। ਇਸ ਤੋਂ ਇਲਾਵਾ ਪੀਏਯੂ, ਸਰਕਾਰੀ ਵਿਭਾਗਾਂ ਤੇ ਪ੍ਰਾਈਵੇਟ ਕੰਪਨੀਆਂ ਵੱਲੋਂ ਖੇਤੀ ਆਧਾਰਿਤ ਸਟਾਲ/ਪ੍ਰਦਰਸ਼ਨੀਆਂ ਵੀ ਲਗਾਏ ਜਾਣਗੇ, ਮੇਲੇ ਵਿੱਚ ਹਾੜ੍ਹੀ ਦੀਆਂ ਫ਼ਸਲਾਂ ਦੀਆਂ ਕਿਸਮਾਂ ਤੇ ਹੋਰ ਖੇਤੀ ਤਕਨੀਕਾਂ ਦੀਆਂ ਲਾਈਵ ਪ੍ਰਦਰਸ਼ਨੀਆਂ ਵੀ ਦਿਖਾਈਆਂ ਜਾਣਗੀਆਂ, ਜਿਸ ਵਿੱਚ ਕਿਸਾਨ ਵੀਰਾਂ ਤੇ ਬੀਬੀਆਂ ਲਈ ਬਹੁਤ ਕੀਮਤੀ ਜਾਣਕਾਰੀ ਹੋਏਗੀ। ਉਨ੍ਹਾਂ ਦੱਸਿਆ ਕਿ ਇਸ ਮੇਲੇ ਵਿੱਚ ਪੰਜਾਬ ਸਰਕਾਰ ਦੇ ਮੰਤਰੀ ਸਾਹਿਬਾਨ ਤੇ ਡਾ. ਸਤਬੀਰ ਸਿੰਘ ਗੋਸ਼ਲ ਕੁਲਪਤੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।

# ਸੜਕ ਹਾਦਸੇ 'ਚ ਆਟੋ ਚਾਲਕ ਗੰਭੀਰ ਜ਼ਖ਼ਮੀ, ਟਰੱਕ ਡਰਾਈਵਰ ਮੌਕੇ ਤੋਂ ਫਰਾਰ

ਫਿਲੌਰ, 24 ਮਾਰਚ (ਅਜੇ ਸਿੰਘ ਨਾਗੀ): ਬੀਤੀ ਰਾਤ ਫਿਲੌਰ ਤੋਂ ਨਵਾਂਸ਼ਹਿਰ ਰੋਡ 'ਤੇ ਪਿੰਡ ਰਸੂਲਪੁਰ ਦੇ ਨੇੜੇ ਭਿਆਨਕ ਹਾਦਸਾ ਵਾਪਰਿਆ, ਜਿਸ ਵਿੱਚ ਇੱਕ ਟਰੱਕ ਤੇ ਆਟੋ ਰਿਕਸ਼ਾ ਦੀ ਜ਼ੋਰਦਾਰ ਟੱਕਰ ਹੋ ਗਈ। ਇਸ ਹਾਦਸੇ ਵਿੱਚ ਆਟੋ ਚਾਲਕ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਤੇ ਉਸ ਦਾ ਆਟੋ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ, ਹਾਦਸੇ ਤੋਂ ਬਾਅਦ ਟਰੱਕ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਫਿਲੌਰ 112 ਨੰਬਰ 'ਤੇ ਤਾਇਨਾਤ ਥਾਣੇਦਾਰ ਲਖਵਿੰਦਰ ਸਿੰਘ ਪੁਲਿਸ ਟੀਮ ਤੁਰੰਤ ਮੌਕੇ 'ਤੇ ਪਹੁੰਚੇ ਤੇ ਸਥਿਤੀ ਨੂੰ ਕਾਬੂ ਵਿੱਚ ਕੀਤਾ। ਜ਼ਖ਼ਮੀ ਆਟੋ ਚਾਲਕ ਨੂੰ ਤੁਰੰਤ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਫਿਲੌਰ ਭੇਜਿਆ ਗਿਆ, ਜਿੱਥੇ ਉਸਦਾ ਇਲਾਜ ਜਾਰੀ ਹੈ। ਪੁਲਿਸ ਵੱਲੋਂ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਤੇ ਫਰਾਰ ਟਰੱਕ ਡਰਾਈਵਰ ਦੀ ਤਲਾਸ਼ ਕੀਤੀ ਜਾ ਰਹੀ ਹੈ। ਮੌਕੇ 'ਤੇ ਆਵਾਜਾਈ ਨੂੰ ਵੀ ਜਲਦੀ ਸੁਚਾਰੂ ਢੰਗ ਨਾਲ ਚਾਲੂ ਕਰਵਾਇਆ ਗਿਆ।



# ਸੰਤ ਸੰਮੇਲਨ ਦੌਰਾਨ ਲਗਾਏ ਖ਼ੂਨਦਾਨ ਕੈਂਪ 'ਚ 60 ਯੂਨਿਟ ਖ਼ੂਨ ਇਕੱਤਰ

ਦਸੂਹਾ, 24 ਮਾਰਚ (ਰਾਜਿੰਦਰ ਸਿੰਘ ਦਸੂਹਾ): ਡੇਰਾ ਬਾਬਾ ਬੰਨਾ ਰਾਮ ਓਡਰਾ ਦੇ ਗੱਦੀਨਸ਼ੀਨ ਤੇ ਸ੍ਰੀ ਗੁਰੂ ਰਵਿਦਾਸ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸੰਤ ਬਾਬਾ ਜਸਪਾਲ ਸਿੰਘ ਓਡਰਾ ਦੀ ਯੋਗ ਅਗਵਾਈ ਹੇਠ ਪੰਚਾਇਤ ਸੰਮਤੀ ਸਟੇਡੀਅਮ ਦਸੂਹਾ ਵਿਖੇ ਆਯੋਜਿਤ ਅੰਤਰਰਾਸ਼ਟਰੀ ਸੰਤ ਸੰਮੇਲਨ ਤੇ ਕੀਰਤਨ ਦਰਬਾਰ ਕਰਵਾਇਆ ਗਿਆ। ਇਸ ਸੰਤ ਸੰਮੇਲਨ ਦੌਰਾਨ 205ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਮਾਨਵਤਾ ਦੀ ਸੇਵਾ ਨੂੰ ਸਮਰਪਿਤ ਬਲੱਡ ਡੋਨਰ ਐਂਡ ਵੈਲਫੇਅਰ ਸੁਸਾਇਟੀ, ਦਸੂਹਾ ਨੇ ਟਰੱਸਟ ਦੇ ਸਹਿਯੋਗ ਨਾਲ ਇਹ ਖ਼ੂਨਦਾਨ ਕੈਂਪ ਲਗਾਇਆ।ਇਸ ਕੈਂਪ ਦੌਰਾਨ 60 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ ਤੇ ਖ਼ੂਨਦਾਨੀਆਂ ਵਿੱਚ ਬਹੁਤ ਉਤਸ਼ਾਹ ਪਾਇਆ ਗਿਆ। ਇਸ ਮੌਕੇ 'ਤੇ ਗੁਰਪ੍ਰੀਤ ਸਿੰਘ ਓਡਰਾ, ਪਰਮਿੰਦਰ ਸਿੰਘ ਬਬਲੂ ਪ੍ਰਧਾਨ, ਸਿਮਰਨ ਸੰਧੂ, ਬਲਵਿੰਦਰ ਕੌਰ ਲਾਗਾਨਾ, ਅਭਿਸ਼ੇਕ ਸ਼ਰਮਾ, ਸੰਨੀ ਅਰੋੜਾ, ਤਜਿੰਦਰ ਸਿੰਘ, ਦੀਪ ਰੌਣੀ ਤੇ ਹੋਰ ਮੌਜੂਦ ਸਨ।



# ਦਸਮੇਸ਼ ਸਕੂਲ ਵਿਖੇ ਲੀਡ ਪ੍ਰੋਗਰਾਮ ਦੀ ਸ਼ੁਰੂਆਤ

ਚੌਕ ਮਹਿਤਾ, 24 ਮਾਰਚ (ਬਲਜਿੰਦਰ ਸਿੰਘ ਰੰਧਾਵਾ): ਇਲਾਕੇ ਦੀ ਨਾਮਵਰ ਸੰਸਥਾ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਬੱਚਿਆਂ ਦੇ ਸਰਬਪੱਖੀ ਵਿਕਾਸ ਦਾ ਪੱਧਰ ਉਚਾ ਚੁੱਕਣ ਲਈ ਸੈਸ਼ਨ 2026-27 ਵਿੱਚ ਇੱਕ ਵਿਸ਼ੇਸ਼ ਪਹਿਲਕਦਮੀ ਕੀਤੀ ਜਾ ਰਹੀ ਹੈ। ਇਸ ਸਾਲ ਬੱਚਿਆਂ ਲਈ ਲੀਡ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿੱਚ ਮਾਤਾ-ਪਿਤਾ ਲਈ ਇੱਕ ਓਰੀਐਂਟੇਸ਼ਨ ਪ੍ਰੋਗਰਾਮ ਵੀ ਆਯੋਜਿਤ ਕੀਤਾ ਕੀਤਾ ਗਿਆ। ਜਿਸਦਾ ਆਯੋਜਨ ਸਕੂਲ ਗਰਾਊਂਡ ਵਿੱਚ ਕੀਤਾ ਗਿਆ ਸੀ। ਅਦਿਤੀ ਰਤਨ, ਮਾਨਵ ਸਰੀਨ, ਅਮੀਤ ਨੇ ਮਾਪਿਆਂ ਨੂੰ ਸੰਬੋਧਨ ਕਰਦੇ ਹੋਏ ਲੀਡ ਪ੍ਰੋਗਰਾਮ ਦੀ ਜਾਣਕਾਰੀ ਦਿੱਤੀ ਕਿ ਕਿਸ ਤਰ੍ਹਾਂ ਲੀਡ ਦੇ ਤਹਿਤ ਬੱਚੇ ਵਿਦਿਆ ਦੇ ਮਿਆਰ ਨੂੰ ਉਚਾ ਚੁੱਕ ਸਕਦੇ ਹਨ ਤੇ ਭਵਿੱਖ ਵਿੱਚ ਕਾਮਯਾਬੀ ਹਾਸਲ ਕਰ ਸਕਦੇ ਹਨ। ਇਸ ਤੋਂ ਇਲਾਵਾ ਕਿੰਡਰ ਗਾਰਡਨ ਕਲਾਸਾਂ ਨਰਸਰੀ ਐਲ.ਕੇ.ਜੀ, ਯੂ.ਕੇ.ਜੀ. ਦਾ ਨਤੀਜਾ ਵੀ ਐਲਾਨਿਆ ਗਿਆ ਤੇ ਪੁਜੀਸ਼ਨ ਪ੍ਰਾਪਤ ਕਰ ਚੁੱਕੇ ਵਿਦਿਆਰਥੀਆਂ ਨੂੰ ਟਰਾਫੀਆਂ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਦਸਮੇਸ਼ ਸੰਸਥਾਵਾਂ ਦੇ ਡਾਇਰੈਕਟਰ ਲਛਮਣ ਸਿੰਘ ਰਾਵਤ, ਪ੍ਰਿੰਸੀਪਲ ਗੁਰਬੀਰ ਕੌਰ, ਹਰਪ੍ਰੀਤ ਕੌਰ, ਰਵਿੰਦਰ ਕੌਰ, ਅੰਮ੍ਰਿਤਪਾਲ ਸਿੰਘ, ਸੁਧਾ ਸ਼ਰਮਾ, ਰਕੇਸ਼ ਬਾਵਾ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।



## ਕਾਂਗਰਸ ਦਫ਼ਤਰ 'ਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤਾ ਯਾਦ




ਅਮਲੋਹ, 24 ਮਾਰਚ (ਜਸਵੰਤ ਸਿੰਘ): ਜੰਗ-ਏ-ਆਜ਼ਾਦੀ ਦੇ ਮਹਾਨਾਇਕ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦਿਆਂ ਕਾਂਗਰਸ ਦਫਤਰ ਅਮਲੋਹ ਵਿਖੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਬਲਾਕ ਪ੍ਰਧਾਨ ਜਗਵੀਰ ਸਿੰਘ ਸਲਾਣਾ ਨੇ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਦਰਸਾਏ ਮਾਰਗ ਉਪਰ ਚੱਲਣ ਦੀ ਅਪੀਲ ਕੀਤੀ। ਇਸ ਮੌਕੇ ਬਲਾਕ ਪ੍ਰਧਾਨ ਜਗਵੀਰ ਸਿੰਘ ਸਲਾਣਾ, ਹਰਪ੍ਰੀਤ ਸਿੰਘ ਗੁਰਧਨਪੁਰ, ਗੁਰਪ੍ਰੀਤ ਸਿੰਘ ਗਰੇਵਾਲ, ਐਡ. ਯਾਦਵਿੰਦਰ ਪਾਲ ਸਿੰਘ, ਰਾਕੇਸ਼ ਕੁਮਾਰ ਗੋਗੀ, ਮਹਿੰਦਰ ਪਜਨੀ, ਰਿਟ. ਤਹਿਸੀਲਦਾਰ ਕੁਲਭੂਸ਼ਨ ਸ਼ਰਮਾ, ਗੰਗਾ ਪੁਰੀ, ਕੌਂਸਲਰ ਕੁਲਵਿੰਦਰ ਸਿੰਘ, ਕੌਂਸਲਰ ਜਸਵਿੰਦਰ ਸਿੰਘ ਬਿੰਦਰ, ਬਲਜੀਤ ਮਰਾੜੂ, ਬਲਵੀਰ ਸਿੰਘ ਮਿੰਟੂ, ਗੁਰਚਰਨ ਤੰਦਾ ਬੱਧਾ, ਜਗਤਾਰ ਅਲੀਪੁਰ, ਸੁੱਖਾ ਖੁੰਮਣਾ, ਪਰਮਜੀਤ ਭੱਦਲਥੂਹਾ, ਜਵਾਹਰ ਭੱਦਲਥੂਹਾ, ਕਰਮਜੀਤ ਤੇ ਪੀਏ ਮਨਪ੍ਰੀਤ ਸਿੰਘ ਮਿੰਟਾ ਮੌਜੂਦ ਸਨ।

## ਟਰੰਪ ਦੀਆਂ ਸਖ਼ਤ ਵੀਜ਼ਾ ਨੀਤੀਆਂ ਦਾ ਭਾਰਤ, ਚੀਨ 'ਤੇ ਸਭ ਤੋਂ ਵੱਧ ਅਸਰ

ਵਾਸ਼ਿੰਗਟਨ, 24 ਮਾਰਚ (ਚ.ਨ.ਸ): ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਦੇ ਪ੍ਰਸ਼ਾਸਨ ਦੀਆਂ ਸਖ਼ਤ ਆਵਾਸ ਨੀਤੀਆਂ ਦਾ ਸਭ ਤੋਂ ਵੱਧ ਅਸਰ ਭਾਰਤ ਤੇ ਚੀਨ ਉਤੇ ਪਿਆ ਹੈ। ਇੱਕ ਮੀਡੀਆ ਰਿਪੋਰਟ ਅਨੁਸਾਰ, 2025 ਦੇ ਪਹਿਲੇ ਅੱਠ ਮਹੀਨਿਆਂ ਵਿੱਚ 2024 ਦੇ ਪਹਿਲੇ 8 ਮਹੀਨਿਆਂ ਦੀ ਤੁਲਨਾ ਵਿੱਚ ਲਗਭਗ 2.5 ਲੱਖ ਘੱਟ ਵੀਜ਼ੇ ਜਾਰੀ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਟਰੰਪ ਵੱਲੋਂ ਸੱਤਾ ਸੰਭਾਲਣ ਤੋਂ ਬਾਅਦ ਅਮਰੀਕਾ ਵਿੱਚ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਵੱਡੀ ਗਿਣਤੀ ਵਿੱਚ ਹਿਰਾਸਤ 'ਚ ਲਿਆ ਗਿਆ ਹੈ। ਇਸੇ ਲੜੀ ਤਹਿਤ ਹੁਣ 'ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈਸੀਈ) ਦੇ ਏਜੰਟਾਂ ਨੂੰ ਹਵਾਈ ਅੱਡਿਆਂ 'ਤੇ ਤਾਇਨਾਤ ਕੀਤਾ ਗਿਆ ਹੈ। ਹਾਲਾਂਕਿ ਇਸ ਪਿਛਲਾ ਕਾਰਨ ਅਮਲੇ ਦੀ ਘਾਟ ਪੂਰੀ ਕਰਨਾ ਦੱਸਿਆ ਗਿਆ ਹੈ। ਟਰੰਪ ਨੇ ਇਮੀਗ੍ਰੇਸ਼ਨ ਦੇ ਮੁੱਦੇ 'ਤੇ ਵੱਧ ਨੁਕਸਾਨ ਕੀਤਾ: ਨਵੇਂ 'ਏਏਪੀ ਆਈ ਡੇਟਾ/ਏਪੀ-ਐਨਓਆਰਸੀ' ਸਰਵੇਖਣ ਅਨੁਸਾਰ, ਜ਼ਿਆਦਾਤਰ ਏਸ਼ਿਆਈ ਅਮਰੀਕੀ, ਮੂਲ




ਹਵਾਈਅਨ ਤੇ ਪ੍ਰਸ਼ਾਂਤ ਟਾਪੂ ਵਾਸੀ (ਏਏਪੀਆਈ) ਇਹ ਮੰਨਦੇ ਹਨ ਕਿ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਵਿੱਚ ਹੁਣ ਤੱਕ ਇਮੀਗ੍ਰੇਸ਼ਨ ਤੇ ਸਰਹੱਦੀ ਸੁਰੱਖਿਆ ਦੇ ਮੁੱਦੇ 'ਤੇ ਫਾਇਦੇ ਨਾਲੋਂ ਨੁਕਸਾਨ ਜ਼ਿਆਦਾ ਕੀਤਾ ਹੈ। ਏਏਪੀਆਈ ਡੇਟਾ ਤੇ 'ਐਸੋਸੀਏਟਿਡ ਪ੍ਰੈਸ-ਐਨਓਆਰਸੀ ਸੈਂਟਰ ਫਾਰ ਪਬਲਿਕ ਅਫੇਅਰਜ਼ ਰਿਸਰਚ' ਦੇ ਸਰਵੇਖਣ ਮੁਤਾਬਿਕ ਲਗਭਗ 10 ਵਿੱਚੋਂ ਛੇਏਏਪੀਆਈ ਬਾਲਗ ਕਹਿੰਦੇ ਹਨ ਕਿ ਟਰੰਪ ਨੇ ਇਮੀਗ੍ਰੇਸ਼ਨ ਤੇ ਸਰਹੱਦੀ ਸੁਰੱਖਿਆ ਨੂੰ ਬਹੁਤ ਜ਼ਿਆਦਾ ਜਾਂ ਘੱਟ ਨੁਕਸਾਨ ਪਹੁੰਚਾਇਆ ਹੈ। ਇਸ ਦੇ ਉਲਟ, ਜਨਵਰੀ ਦੇ ਇੱਕ ਸਰਵੇਖਣ ਵਿੱਚ ਲਗਭਗ 10 ਵਿੱਚੋਂ ਚਾਰ ਆਮ ਅਮਰੀਕੀ ਬਾਲਗਾਂ ਨੇ ਅਜਿਹੀ ਸਲਾਹ ਦਿੱਤੀ ਸੀ। ਲਗਭਗ ਦੋ-ਤਿਹਾਈ ਏਏਪੀਆਈ ਬਾਲਗ ਜੋ ਆਮ ਅਮਰੀਕੀਆਂ ਦੇ ਮੁਕਾਬਲੇ ਡੈਮੋਕਰੈਟਿਕ ਪਾਰਟੀ ਦੇ ਜ਼ਿਆਦਾ ਸਮਰਥਕ ਹੁੰਦੇ ਹਨ, ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਮਾਮਲੇ ਵਿੱਚ ਟਰੰਪ ਬਹੁਤ ਅੱਗੇ ਨਿਕਲ ਗਏ ਹਨ।

## ਦੇਸ਼ ਭਗਤ ਯੂਨੀਵਰਸਿਟੀ ਵਿਖੇ ਗਲੋਬਲ ਵਿਸ਼ਵ ਪ੍ਰਸਿੱਧ ਵਿਗਿਆਨੀ ਪ੍ਰੋ. ਅਨਿਲ ਸ਼ਰਮਾ ਨੇ ਖੋਜਕਰਤਾਵਾਂ ਨੂੰ ਕੀਤਾ ਪ੍ਰੇਰਿਤ



ਮੰਡੀ ਗੋਬਿੰਦਗੜ੍ਹ, 24 ਮਾਰਚ (ਅੰਮ੍ਰਿਤਪਾਲ ਸਿੰਘ/ਸੂਦ): ਗਲੋਬਲ ਰਿਸਰਚ ਆਈਕਨ ਪ੍ਰੋ. ਅਨਿਲ ਕੇ. ਸ਼ਰਮਾ ਨੇ ਦੇਸ਼ ਭਗਤ ਯੂਨੀਵਰਸਿਟੀ ਵਿਖੇ ਵਿਸ਼ੇਸ਼ ਭਾਸ਼ਣ ਦਿੱਤਾ, ਜਿਸ ਵਿੱਚ ਵਿਦਿਆਰਥੀਆਂ ਤੇ ਖੋਜਕਰਤਾਵਾਂ ਨੂੰ ਅਕਾਦਮਿਕ ਉੱਤਮਤਾ ਤੇ ਵਿਗਿਆਨਕ ਇਮਾਨਦਾਰੀ ਬਾਰੇ ਆਪਣੀ ਸੂਝ ਨਾਲ ਪ੍ਰੇਰਿਤ ਕੀਤਾ। 'ਇੱਕ ਉਤਸੁਕ ਮਨ ਤੋਂ ਇੱਕ ਪ੍ਰਭਾਵਸ਼ਾਲੀ ਵਿਗਿਆਨੀ ਤੱਕ: ਪ੍ਰਭਾਵਸ਼ਾਲੀ ਖੋਜ ਲਈ ਰਣਨੀਤੀਆਂ' ਸਿਰਲੇਖ ਵਾਲੇ ਇਸ ਭਾਸ਼ਣ ਨੇ ਵਿਦਵਾਨਾਂ ਤੇ ਫੈਕਲਟੀ ਮੈਂਬਰਾਂ ਤੇ ਸਰੋਤਿਆਂ ਨੂੰ ਆਕਰਸ਼ਿਤ ਕੀਤਾ। ਐਮਿਟੀ ਯੂਨੀਵਰਸਿਟੀ ਪੰਜਾਬ ਵਿਖੇ ਖੋਜ ਤੇ ਵਿਕਾਸ ਦੇ ਡੀਨ ਵਜੋਂ ਸੇਵਾ ਨਿਭਾ ਰਹੇ ਪ੍ਰੋ. ਸ਼ਰਮਾ ਨੇ ਧੋਖੇਵਾਜ਼ੀ ਪ੍ਰਕਾਸ਼ਨ ਦੀ ਵਧਦੀ ਸਮੱਸਿਆ ਨੂੰ ਸੰਬੋਧਤ ਕੀਤਾ, ਖੋਜਕਰਤਾਵਾਂ ਨੂੰ ਉੱਚ-ਪ੍ਰਭਾਵ ਵਾਲੇ ਜਰਨਲਾਂ ਦੀ ਪਛਾਣ ਕਰਨ ਤੇ ਕਲੋਨ ਕੀਤੇ ਪ੍ਰਕਾਸ਼ਨਾਂ ਤੋਂ ਬਚਣ ਲਈ ਮਾਰਗਦਰਸ਼ਨ ਕੀਤਾ। ਉਨ੍ਹਾਂ ਵਿਦਵਾਨਾਂ ਨੂੰ ਉਨ੍ਹਾਂ ਦੇ ਖੋਜ ਕਾਰਜ ਦੀ ਰੱਖਿਆ ਕਰਨ ਵਿੱਚ ਮਦਦ ਕਰਨ ਲਈ ਹਵਾਲਾ ਟੂਲ ਤੇ ਜਰਨਲ ਤਸਦੀਕ ਪਲੇਟਫਾਰਮਾਂ ਦਾ ਪ੍ਰਦਰਸ਼ਨ ਕੀਤਾ, 12,000 ਤੋਂ ਵੱਧ ਹਵਾਲੇ, ਐਚ-ਇੰਡੈਕਸ 51, 360 ਤੋਂ ਵੱਧ ਪ੍ਰਕਾਸ਼ਨਾਂ ਤੇ 1285 ਤੋਂ ਵੱਧ ਸੰਚਤ ਪ੍ਰਭਾਵ ਕਾਰਕ ਦੇ ਆਪਣੇ ਸ਼ਾਨਦਾਰ ਕਰੀਅਰ ਤੋਂ ਲੈ ਕੇ ਪ੍ਰੋ. ਸ਼ਰਮਾ ਨੇ ਸੋਰਾਇਸਿਸ ਤੇ ਛਾਤੀ ਦੇ ਕੈਂਸਰ 'ਤੇ ਆਪਣੀ ਮੋਹਰੀ ਖੋਜ ਤੋਂ ਸੂਝ ਸਾਂਝੀ ਕੀਤੀ। ਸਟੈਨਫੋਰਡ ਯੂਨੀਵਰਸਿਟੀ ਦੁਆਰਾ ਉਨ੍ਹਾਂ ਨੂੰ ਲਗਾਤਾਰ ਪੰਜ ਸਾਲਾਂ ਤੋਂ ਦੁਨੀਆਂ ਦੇ ਚੋਟੀ ਦੇ 2 ਪ੍ਰਤੀਸ਼ਤ ਉਚ ਹਵਾਲਾ ਦਿੱਤੇ ਗਏ ਖੋਜਕਰਤਾਵਾਂ ਵਿੱਚ ਦਰਜਾ ਦਿੱਤਾ ਗਿਆ ਹੈ। ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ ਤੇ ਵਾਈਸ ਚਾਂਸਲਰ ਡਾ ਹਰਸ਼ ਸਦਾਵਰਤੀ ਆਦਿ ਨੇ ਵੀ ਇਸ ਮੌਕੇ ਸ਼ਿਰਕਤ ਕੀਤੀ। ਰਾਇਲ ਸੁਸਾਇਟੀ ਆਫ਼ ਬਾਇਓਲੋਜੀ ਤੇ ਰਾਇਲ ਸੁਸਾਇਟੀ ਆਫ਼ ਕੈਮਿਸਟਰੀ ਦੇ ਫੈਲੋ ਪ੍ਰੋ. ਸ਼ਰਮਾ ਕੋਲ 23 ਪੇਟੈਂਟ ਹਨ ਤੇ ਉਨ੍ਹਾਂ ਨੇ 19 ਕਿਤਾਬਾਂ ਲਿਖੀਆਂ ਹਨ। ਸ਼ਿਕਾਗੋ ਵਿਖੇ ਇਲੀਨੋਇਸ ਯੂਨੀਵਰਸਿਟੀ ਦੇ ਸੀਨੀਅਰ ਰਿਸਰਚ ਸਾਇੰਟਿਸਟ ਤੋਂ ਲੈ ਕੇ ਇੱਕ ਗਲੋਬਲ ਬਾਇਓਟੈਕਨਾਲੋਜੀ ਲੀਡਰ ਤੱਕ ਦਾ ਉਨ੍ਹਾਂ ਦਾ ਸਫ਼ਰ ਭਾਰਤੀ ਵਿਗਿਆਨੀਆਂ ਲਈ ਇੱਕ ਸ਼ਕਤੀਸ਼ਾਲੀ ਬਲੂਪ੍ਰਿੰਟ ਵਜੋਂ ਕੰਮ ਕਰਦਾ ਹੈ।

## ਵਿਧਾਇਕ ਗੈਰੀ ਬੜਿੰਗ ਨੇ 5 ਲੱਖ ਰੁਪਏ ਦੀ ਗ੍ਰਾਂਟ ਤੇ ਰਾਮਗੜ੍ਹੀਆ ਭਵਨ ਲਈ ਜਗ੍ਹਾ ਦੇਣ ਦਾ ਕੀਤਾ ਐਲਾਨ



ਅਮਲੋਹ, 24 ਮਾਰਚ (ਜਸਵੰਤ ਸਿੰਘ): ਰਾਮਗੜ੍ਹੀਆ ਵੈਲਫੇਅਰ ਫੈਡਰੇਸ਼ਨ (ਰਜਿ.) ਪੰਜਾਬ ਵੱਲੋਂ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਪ੍ਰਧਾਨਗੀ ਹੇਠ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਦੂਸਰਾ ਵਿਸ਼ਾਲ ਮੁਫ਼ਤ ਅੱਖਾਂ ਦਾ ਚੈਕਅੱਪ ਕੈਂਪ ਲਗਾਇਆ ਗਿਆ। ਇਸ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੇ ਮਾਤਾ ਸੁਖਵਿੰਦਰ ਕੌਰ ਸੌਂਦ ਤੇ ਵੱਡੇ ਭਰਾ ਰਮਨਜੀਤ ਸਿੰਘ ਸੌਂਦ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ। ਕੈਂਪ ਦਾ ਉਦਘਾਟਨ ਚਰਨ ਸਿੰਘ ਤੇ ਸਮ੍ਹਾਂ ਰੋਸ਼ਨ ਹਰੀ ਸਿੰਘ ਪ੍ਰੀਤ ਗਰੁੱਪ ਨਾਭਾ, ਭਗਵੰਤ ਸਿੰਘ ਮਨਕੂ ਤੇ ਇੰਦਰਜੀਤ ਸਿੰਘ ਮੁੰਡੇ ਨੇ ਕੀਤੀ। ਇਸ ਮੌਕੇ ਸ਼ੰਕਰਾ ਅੱਖਾਂ ਦੇ ਹਸਪਤਾਲ ਦੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ ਗਈ। ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸੇਵਾ ਭਾਵ ਨਾਲ ਕੀਤੇ ਜਾਂਦੇ ਕਾਰਜ ਸਮਾਜ ਲਈ ਲਾਹੇਵੰਦ ਹੁੰਦੇ ਹਨ। ਉਨ੍ਹਾਂ ਰਾਮਗੜ੍ਹੀਆ ਵੈਲਫੇਅਰ ਫੈਡਰੇਸ਼ਨ ਪੰਜਾਬ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾਂਦੇ ਕੰਮਾਂ ਦੀ ਸ਼ਲਾਘਾ ਕਰਦਿਆਂ 5 ਲੱਖ ਰੁਪਏ ਦੀ ਗ੍ਰਾਂਟ ਤੇ ਰਾਮਗੜ੍ਹੀਆ ਭਵਨ ਲਈ ਜਗ੍ਹਾ ਲੈ ਕੇ ਦੇਣ ਦਾ ਐਲਾਨ ਕੀਤਾ। ਸ੍ਰੀ ਸੌਂਦ ਵੱਲੋਂ ਵੀ 2 ਲੱਖ ਰੁਪਏ ਦੀ ਸਹਾਇਤਾ ਦਾ ਐਲਾਨ ਕੀਤਾ ਗਿਆ। ਫੈਡਰੇਸ਼ਨ ਦੇ ਪ੍ਰਧਾਨ ਜਤਿੰਦਰ ਸਿੰਘ ਰਾਮਗੜ੍ਹੀਆ ਨੇ ਮੁੱਖ-ਮਹਿਮਾਨ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਕੈਂਪ ਵਿੱਚ 575 ਮਰੀਜ਼ਾਂ ਦਾ ਚੈਕਅੱਪ ਕੀਤਾ ਗਿਆ ਤੇ 75 ਮਰੀਜ਼ ਆਪ੍ਰੇਸ਼ਨ ਲਈ ਚੁਣੇ ਗਏ। ਇਸ ਮੌਕੇ ਚੇਅਰਮੈਨ ਡਾ. ਅਮਰਜੀਤ ਸਿੰਘ ਅਨੇਤਾ, ਪ੍ਰਧਾਨ ਜਤਿੰਦਰ ਸਿੰਘ ਰਾਮਗੜ੍ਹੀਆ, ਚੇਅਰਪਰਸਨ ਸੁਖਵਿੰਦਰ ਕੌਰ ਗਹਿਲੋਤ, ਸਰਪ੍ਰਸਤ ਪਰਮਜੀਤ ਸਿੰਘ ਗੋਲੂ, ਸਰਪ੍ਰਸਤ ਹਰਮੇਸ਼ ਸਿੰਘ, ਮੀਤ ਪ੍ਰਧਾਨ ਰਜਿੰਦਰ ਸਿੰਘ ਬੱਬੀ, ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ, ਜਨਰਲ ਸਕੱਤਰ ਕੁਲਵਿੰਦਰ ਸਿੰਘ, ਖਜ਼ਾਨਚੀ ਜਗਦੀਸ਼ ਸਿੰਘ ਲੌਟੇ, ਸਕੱਤਰ ਜਗਤਾਰ ਸਿੰਘ ਸੌਨੀ, ਪ੍ਰਚਾਰ ਸਕੱਤਰ ਗਗਨ ਰੂਪ ਰਾਏ, ਭਗਵਾਨ ਸਿੰਘ, ਭਗਵਾਨ ਦਾਸ ਮਾਜਰੀ, ਗੁਰਦੀਪ ਸਿੰਘ ਬੰਟੀ, ਡਾ. ਕਮਲਪ੍ਰੀਤ ਕੌਰ ਅਨੇਤਾ, ਰੁਪਿੰਦਰ ਕੌਰ ਰਾਮਗੜ੍ਹੀਆ, ਮਨਜੀਤ ਕੌਰ ਲੌਟੇ, ਨਵਜੋਤ ਕੌਰ, ਸਰਗੁਣ ਲੌਟੇ, ਨਵੀਨ ਕੁਮਾਰ ਨੀਟੀ, ਕਰਮਜੀਤ ਸਿੰਘ ਬੌਬੀ, ਅਵਤਾਰ ਸਿੰਘ, ਗੁਰਜੰਟ ਸਿੰਘ, ਸੁਖਬੀਰ ਸਿੰਘ, ਗੁਰਤੇਜ ਸਿੰਘ, ਪ੍ਰਗਟ ਚੰਨ, ਜਸਵੀਰ ਸਿੰਘ, ਗੁਰਜੀਤ ਸਿੰਘ, ਕੁਲਦੀਪ ਸਿੰਘ ਬੌਬੀ, ਦਵਿੰਦਰ ਸਿੰਘ ਤੇ ਪ੍ਰੀਤ ਕੈਨੇਡਾ ਮੌਜੂਦ ਸਨ।

## ਹੋਰਮੁਜ਼ ਜਲਡਮਰੂ ਮੱਧ ਦੋਸਤਾਨਾ ਦੇਸ਼ਾਂ ਲਈ ਖੁੱਲ੍ਹੈ

ਕੋਲੰਬੋ, 24 ਮਾਰਚ (ਚ.ਨ.ਸ): ਸ੍ਰੀਲੰਕਾ 'ਚ ਈਰਾਨ ਦੇ ਰਾਜਦੂਤ ਨੇ ਕਿਹਾ ਕਿ ਹੋਰਮੁਜ਼ ਜਲਡਮਰੂ ਮੱਧ ਮਿੱਤਰ ਦੇਸ਼ਾਂ ਲਈ ਖੁੱਲ੍ਹਾ ਰਹੇਗਾ ਤੇ ਜੇਕਰ ਲੋੜ ਪਈ ਤਾਂ ਤਹਿਰਾਨ ਤੇਲ ਜਾਂ ਹੋਰ ਜ਼ਰੂਰੀ ਵਸਤਾਂ ਦੀ ਸਪਲਾਈ ਕਰਨ ਲਈ ਤਿਆਰ ਹੈ। ਪੱਛਮੀ ਏਸ਼ੀਆ ਵਿੱਚ ਸੰਘਰਸ਼, ਜਿਸ ਵਿੱਚ ਅਮਰੀਕਾ, ਇਜ਼ਰਾਈਲ ਤੇ ਈਰਾਨ ਸ਼ਾਮਲ ਹਨ, ਨੇ ਸਟ੍ਰੇਟ ਆਫ਼ ਹੋਰਮੁਜ਼ ਦੀ ਨਾਕਾਬੰਦੀ ਕਰ ਦਿੱਤੀ ਹੈ, ਜੋ ਇੱਕ ਪ੍ਰਮੁੱਖ ਸਮੁੰਦਰੀ ਜਹਾਜ਼ ਦਾ ਰਸਤਾ ਹੈ ਜਿਸ ਰਾਹੀਂ ਵਿਸ਼ਵ ਦੀ 20 ਪ੍ਰਤੀਸ਼ਤ ਊਰਜਾ ਦੀ ਢੋਆ-ਢੁਆਈ ਕੀਤੀ ਜਾਂਦੀ ਹੈ। ਈਰਾਨ, ਜੋ ਹੋਰਮੁਜ਼ ਜਲਡਮਰੂਮੱਧ ਨੂੰ ਨਿਯੰਤਰਿਤ ਕਰਦਾ ਹੈ, ਨੇ 28 ਫਰਵਰੀ ਨੂੰ ਸੰਘਰਸ਼ ਸ਼ੁਰੂ ਹੋਣ ਤੋਂ ਬਾਅਦ ਬਹੁਤ ਘੱਟ ਸਮੁੰਦਰੀ ਜਹਾਜ਼ਾਂ ਨੂੰ ਇਸ ਨੂੰ ਪਾਰ ਕਰਨ ਦੀ ਆਗਿਆ ਦਿੱਤੀ ਹੈ। ਇੱਥੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸ੍ਰੀਲੰਕਾ ਵਿੱਚ ਈਰਾਨ ਦੇ ਰਾਜਦੂਤ ਅਲੀਰੇਜ਼ਾ ਡੇਲਖੋਸ਼ ਨੇ ਕਿਹਾ ਕਿ ਮੁੱਖ ਪਣਜੋੜ ਦੋਸਤਾਨਾ ਦੇਸ਼ ਦੇ ਸਮੁੰਦਰੀ ਜਹਾਜ਼ਾਂ ਦੇ ਲੰਘਣ ਲਈ ਖੁੱਲ੍ਹਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀਲੰਕਾ ਸਾਡਾ ਮਿੱਤਰ ਦੇਸ਼ ਹੈ ਤੇ ਜਿਵੇਂ ਕਿ ਮੈਂ ਤੁਹਾਨੂੰ ਦੱਸਿਆ, ਹੋਰਮੁਜ਼ ਸ੍ਰੀਲੰਕਾ ਵਰਗੇ ਸਾਡੇ ਮਿੱਤਰਾਂ ਦੇ ਨੇੜੇ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਸ੍ਰੀਲੰਕਾ ਤੇਲ ਜਾਂ ਹੋਰ ਜ਼ਰੂਰੀ ਵਸਤਾਂ ਦੀ ਮੰਗ ਕਰਦਾ ਹੈ ਤਾਂ ਈਰਾਨ ਸਪਲਾਈ ਕਰੇਗਾ। ਸੰਘਰਸ਼ ਜਿਸ ਨੇ ਵਿਸ਼ਵਵਿਆਪੀ ਤੇਲ ਬਾਜ਼ਾਰਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ, ਚੌਥੇ ਹਫ਼ਤੇ ਵਿੱਚ ਦਾਖਲ ਹੋ ਗਿਆ ਹੈ, ਜਿਸ ਦੇ ਨਾਲ ਹੀ ਸ੍ਰੀਲੰਕਾ ਸਰਕਾਰ ਨੇ ਐਤਵਾਰ ਨੂੰ ਤੇਲ ਦੀਆਂ ਕੀਮਤਾਂ ਵਿੱਚ 25 ਪ੍ਰਤੀਸ਼ਤ ਦਾ ਵਾਧਾ ਕੀਤਾ ਹੈ। 1 ਮਾਰਚ ਤੋਂ ਬਾਅਦ ਸਰਕਾਰ ਵੱਲੋਂ ਤੇਲ ਦੀਆਂ ਕੀਮਤਾਂ ਵਿੱਚ ਕੀਤਾ ਗਿਆ ਇਹ ਤੀਜਾ ਵਾਧਾ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਇੱਕ ਅਮਰੀਕੀ ਪਣਡੁੱਬੀ ਦੁਆਰਾ ਸ੍ਰੀਲੰਕਾ ਦੇ ਤੱਟ ਤੋਂ ਅੰਤਰਰਾਸ਼ਟਰੀ ਪਾਣੀਆਂ ਵਿੱਚ ਟਾਰਪੀਡੋ ਕੀਤੇ ਜਾਣ ਤੇ ਡੁੱਬਣ ਵਾਲੇ ਇੱਕ ਈਰਾਨੀ ਜਹਾਜ਼ ਬਾਰੇ ਗੱਲ ਕਰਦਿਆਂ ਰਾਜਦੂਤ ਨੇ ਕਿਹਾ ਕਿ ਇਹ ਇੱਥੇ ਯੁੱਧ ਲਈ ਨਹੀਂ ਸੀ। ਦੇਨਾ ਜੰਗ ਲਈ ਤਿਆਰ ਨਹੀਂ ਸੀ। ਇਹ ਇੱਥੇ ਜੰਗ ਲਈ ਨਹੀਂ ਸੀ। ਇਹ ਇੱਥੇ ਟਕਰਾਅ ਲਈ ਨਹੀਂ ਸੀ। ਇਹ ਭਾਰਤ ਵਿੱਚ ਇੱਕ ਸ਼ਾਂਤੀਪੂਰਨ ਅਭਿਆਸ ਵਿੱਚ ਹਿੱਸਾ ਲੈ ਰਿਹਾ ਸੀ, ਉਸਨੇ ਮਨੁੱਖਤਾਵਾਦੀ ਕਾਨੂੰਨ ਦੀ ਉਲੰਘਣਾ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ। ਈਰਾਨ ਦਾ ਜੰਗੀ ਬੇੜਾ ਆਈਆਰਆਈਐਸ ਦੇਨਾ ਮਿਲਾਨ ਜਲ ਸੈਨਾ ਅਭਿਆਸ ਵਿੱਚ ਹਿੱਸਾ ਲੈਣ ਤੋਂ ਬਾਅਦ ਵਾਪਸ ਆ ਰਿਹਾ ਸੀ, ਜਦੋਂ ਇਹ ਭਾਰਤ ਦੁਆਰਾ ਆਯੋਜਿਤ ਇੱਕ ਬਹੁਪੱਖੀ ਯੁੱਧ ਅਭਿਆਸ ਸੀ। ਇਸ ਹਮਲੇ ਵਿੱਚ ਘੱਟੋ-ਘੱਟ 87 ਈਰਾਨੀ ਮਲਾਹ ਮਾਰੇ ਗਏ ਸਨ। ਡੇਲਖੋਸ਼ ਨੇ ਕਿਹਾ ਕਿ ਸ੍ਰੀਲੰਕਾ ਸਰਕਾਰ ਨੇ ਮਿਲਾਨ ਅਭਿਆਸ ਵਿੱਚ ਸ਼ਾਮਲ ਤਿੰਨ ਈਰਾਨੀ ਜਹਾਜ਼ਾਂ ਨੂੰ ਟਾਪੂ ਦੇਸ਼ ਦਾ ਦੌਰਾ ਕਰਨ ਲਈ ਸੱਦਾ ਦਿੱਤਾ ਸੀ। ਇਸ ਜਹਾਜ਼ ਨੂੰ ਦੋ ਹੋਰ ਜਹਾਜ਼ਾਂ ਦੇ ਨਾਲ ਸ੍ਰੀਲੰਕਾਈ ਪੱਖ ਨੇ ਇੱਥੇ ਆਉਣ ਦਾ ਸੱਦਾ ਦਿੱਤਾ ਸੀ। ਅਤੇ ਉਹ ਉਨ੍ਹਾਂ ਦੇ ਸੱਦੇ 'ਤੇ ਇੱਥੇ ਆਏ ਸਨ। ਈਰਾਨੀ ਜੰਗੀ ਜਹਾਜ਼ ਉਤੇ ਹੋਏ ਹਮਲੇ ਨੇ ਫਾਰਸ ਦੀ ਖਾੜੀ ਤੋਂ ਬਾਹਰ ਅਮਰੀਕਾ ਤੇ ਈਰਾਨ ਦਰਮਿਆਨ ਸੰਘਰਸ਼ ਵਿੱਚ ਇੱਕ ਵੱਡਾ ਵਾਧਾ ਦਰਸਾਇਆ ਤੇ ਹਿੰਦ ਮਹਾਂਸਾਗਰ ਵਿੱਚ ਸਮੁੰਦਰੀ ਸੁਰੱਖਿਆ ਨਾਲ ਸਬੰਧਤ ਸਵਾਲ ਖੜੇ ਕੀਤੇ।

## ਜੱਜਾਂ ਨੇ ਆਪਣੀ 'ਰੂਹ' ਵੇਚੀ: ਇਮਰਾਨ

### ☛ ਅਦਾਲਤਾਂ 'ਚੋਂ ਇਨਸਾਫ਼ ਨਾ ਮਿਲਣ ਦਾ ਦਾਅਵਾ

ਲਾਹੌਰ, 24 ਮਾਰਚ (ਚ.ਨ.ਸ): ਜੇਲ੍ਹ 'ਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਦੋਸ਼ ਲਗਾਇਆ ਕਿ ਦੇਸ਼ ਦੇ ਜੱਜਾਂ ਨੇ 'ਨਿੱਜੀ ਮੁਫਾਦਾਂ ਲਈ ਆਪਣੀ ਰੂਹ ਵੇਚ' ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹੀ ਵਜ੍ਹਾ ਹੈ ਕਿ ਉਨ੍ਹਾਂ ਤੇ ਉਨ੍ਹਾਂ ਦੀ ਬੇਗਮ ਨੂੰ ਅਦਾਲਤਾਂ 'ਚੋਂ ਇਨਸਾਫ਼ ਨਹੀਂ ਮਿਲ ਰਿਹਾ। ਸਾਬਕਾ ਕ੍ਰਿਕਟਰ ਅਗਸਤ 2023 ਤੋਂ ਜੇਲ੍ਹ ਵਿੱਚ ਹੈ ਤੇ ਮੌਜੂਦਾ ਸਮੇਂ ਉਸ ਨੂੰ ਰਾਵਲਪਿੰਡੀ ਦੀ ਉਚ ਸੁਰੱਖਿਆ ਵਾਲੀ ਅਡਿਆਲਾ ਜੇਲ੍ਹ 'ਚ ਰੱਖਿਆ ਗਿਆ ਹੈ। ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਬਾਨੀ ਆਗੂ ਨੇ ਲੰਘੇ ਦਿਨੀਂ ਈਦ ਮੌਕੇ ਆਪਣੇ ਪੁੱਤਰਾਂ ਨਾਲ ਟੈਲੀਫੋਨ 'ਤੇ ਹੋਈ ਗੱਲਬਾਤ ਦੌਰਾਨ ਇਹ ਦੋਸ਼ ਲਗਾਏ। ਮਗਰੋਂ ਦੋਵਾਂ ਪੁੱਤਰਾਂ ਨੇ ਐਕਸ 'ਤੇ ਪੋਸਟ ਰਾਹੀਂ ਇਨ੍ਹਾਂ ਦੋਸ਼ਾਂ ਨੂੰ ਜਨਤਕ ਕੀਤਾ। ਇਮਰਾਨ ਖ਼ਾਨ ਦੇ ਪੁੱਤਰ ਕਾਸਿਮ ਖ਼ਾਨ ਨੇ ਕਿਹਾ ਕਿ ਉਹ (ਇਮਰਾਨ ਖ਼ਾਨ) ਚਾਹੁੰਦੇ ਹਨ ਕਿ ਇਹ ਸੁਨੇਹਾ ਲੋਕਾਂ ਤੱਕ ਪੁੱਜੇ। ਪੋਸਟ ਵਿੱਚ ਉਨ੍ਹਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ, "ਇਸ ਦੇਸ਼ ਵਿੱਚ ਜੱਜਾਂ ਨੂੰ ਖ਼ੁਦ 'ਤੇ ਸ਼ਰਮ ਆਉਣੀ ਚਾਹੀਦੀ ਹੈ। ਸਾਨੂੰ ਵਾਰ-ਵਾਰ ਨਿਆਂਪਾਲਿਕਾ ਜਾਣਾ ਪੈ ਰਿਹਾ ਹੈ ਪਰ ਉਹ ਆਪਣੇ ਨਿੱਜੀ ਮੁਫ਼ਾਦਾਂ ਲਈ ਆਪਣੀਆਂ ਰੂਹਾਂ ਵੇਚ ਚੁੱਕੇ ਹਨ। ਉਨ੍ਹਾਂ ਆਪਣੀ ਦਿਆਨਤਦਾਰੀ ਵੇਚ ਦਿੱਤੀ ਹੈ।" ਇਸ ਦੌਰਾਨ ਇਮਰਾਨ ਖ਼ਾਨ ਨੇ ਅੱਜ ਆਪਣੀ ਸੱਜੀ ਅੱਖ ਦੀ ਤੀਜੀ ਵਾਰ ਸਰਜਰੀ ਕਰਵਾਈ। ਉਨ੍ਹਾਂ ਨੂੰ ਸਰਜਰੀ ਲਈ ਇਸਲਾਮਾਬਾਦ ਵਿੱਚ ਪਾਕਿਸਤਾਨ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਵਿੱਚ ਦਾਖ਼ਲ ਕਰਵਾਇਆ ਗਿਆ।

## ਮੀਟ ਵਾਲੀਆਂ ਦੁਕਾਨਾਂ ਕਰ ਰਹੀਆਂ ਨੇ ਲੋਕਾਂ ਦੀ ਸਿਹਤ ਨਾਲ ਖਿਲਵਾੜ

ਮੋਗਾ, 24 ਮਾਰਚ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਮੋਗਾ ਵਿੱਚ ਮੀਟ ਵਾਲੀਆਂ ਦੁਕਾਨਾਂ ਲੋਕਾਂ ਦੀਆਂ ਸਿਹਤ ਨਾਲ ਖਿਲਵਾੜ ਕਰ ਰਹੀਆਂ ਹਨ ਕਿਉਂਕਿ ਇਹ ਦੁਕਾਨਾਂ ਵਾਲੇ ਸਫਾਈ ਦਾ ਬਿਲਕੁਲ ਧਿਆਨ ਨਹੀਂ ਦੇ ਰਹੇ ਹਨ ਤੇ ਸਿਹਤ ਵਿਭਾਗ ਵੀ ਬਿਲਕੁਲ ਚੁੱਪ ਬੈਠਾ ਹੈ। ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕਈ ਗ੍ਰਾਹਕਾਂ ਨੇ ਕਿਹਾ ਕਿ ਮੀਟ ਦੁਕਾਨਦਾਰ ਬਿਲਕੁਲ ਸਫਾਈ ਦਾ ਧਿਆਨ ਨਹੀਂ ਦੇ ਰਹੇ ਜੋ ਕਿ ਸਰਾਸਰ ਗਲਤ ਹੈ ਕਿਉਂਕਿ ਮੀਟ ਵਾਲੀਆਂ ਦੁਕਾਨਾਂ ਨੂੰ ਮੀਟ ਵੇਚਣ ਲਈ ਕਈ ਤਰ੍ਹਾਂ ਦੇ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ, ਪਰ ਮੋਗਾ ਦੇ ਮੀਟ ਵਾਲੇ ਦੁਕਾਨਦਾਰ ਇਸ ਦੇ ਬਿਲਕੁਲ ਉਲਟ ਹਨ, ਕਿਸੇ ਵੀ ਨਿਯਮ ਦੀ ਪਾਲਣਾ ਨਹੀਂ ਕਰ ਰਹੇ ਹਨ ਤੇ ਅਧਿਕਾਰੀ ਵੀ ਬਹੁਤ ਟਾਈਮ ਤੋਂ ਚੁੱਪ ਬੈਠੇ ਹਨ, ਇੱਥੋਂ ਤੱਕ ਕੋਈ ਵੀ ਅਧਿਕਾਰੀ ਇਨ੍ਹਾਂ ਦੀ ਦੁਕਾਨਾਂ 'ਤੇ ਨਾ ਤਾਂ ਚੈਕਿੰਗ ਕਰਨ ਜਾਂਦਾ ਹੈ ਤੇ ਨਾ ਕੋਈ ਸੈਂਪਲ ਭਰਦਾ ਹੈ, ਪਤਾ ਨਹੀਂ ਕੀ ਇਨ੍ਹਾਂ ਦੀ ਆਪਸ ਵਿੱਚ ਕੀ ਰਜ਼ਾਮੰਦੀ ਕੀਤੀ ਹੋਈ ਹੈ ਹੈ। ਅਗਰ ਅਕਾਲਸਰ ਰੋਡ, ਅੰਮ੍ਰਿਤਸਰ ਰੋਡ ਤੇ ਮੱਛੀ ਮਾਰਕੀਟ ਵਿੱਚ ਚੈਕਿੰਗ ਕੀਤੀ ਜਾਵੇ ਤਾਂ ਸਭ ਕੁਝ ਅਧਿਕਾਰੀਆਂ ਦੇ ਸਾਹਮਣੇ ਆ ਜਾਵੇਗਾ ਤੇ ਅਧਿਕਾਰੀਆਂ ਦੀਆਂ ਵੀ ਅੱਖਾਂ ਖੁੱਲ੍ਹ ਜਾਣਗੀਆਂ, ਲੋਕਾਂ ਦੀ ਪ੍ਰਸ਼ਾਸਨ ਅੱਗੇ ਮੰਗ ਹੈ ਕਿ ਜੋ ਮੀਟ ਦੇ ਦੁਕਾਨਦਾਰ ਨਿਯਮਾਂ ਦੀ ਪਾਲਣਾ ਨਹੀਂ ਕਰ ਰਹੇ, ਉਨ੍ਹਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਹੁਣ ਆਪਾਂ ਵੀ ਇਹ ਦੇਖਦੇ ਹਾਂ ਕਿ ਅਧਿਕਾਰੀ ਇਨ੍ਹਾਂ ਵਿਰੁੱਧ ਕੀ ਕਾਰਵਾਈ ਕਰਦੇ ਹਨ।

## ਕਿਸਾਨ-ਮਜ਼ਦੂਰ ਜਥੇਬੰਦੀ ਦੇ ਆਗੂਆਂ ਵੱਲੋਂ ਨਾਅਰੇਬਾਜ਼ੀ ਕਰਦੇ ਅੰਮ੍ਰਿਤਸਰ 'ਚ ਲੱਗੇ ਧਰਨੇ ਨੂੰ ਜਬਰੀ ਚੁੱਕਣ ਦੇ ਵਿਰੋਧ 'ਚ ਪ੍ਰਦਰਸ਼ਨ

ਜ਼ੀਰਾ, 24 ਮਾਰਚ (ਦੀਪਕ ਭਾਰਗੋ): ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜਥੇਬੰਦੀ ਦੇ ਜ਼ੋਨ ਮੱਖੂ ਦੇ ਪ੍ਰਧਾਨ ਵੀਰ ਸਿੰਘ ਨਿਜ਼ਾਮਦੀਨ ਵਾਲਾ ਦੀ ਅਗਵਾਈ ਹੇਠ ਅੱਜ ਵੱਖ-ਵੱਖ ਇਕਾਈਆਂ ਦੇ ਆਗੂਆਂ ਵੱਲੋਂ ਨੈਸ਼ਨਲ ਹਾਈਵੇ-54 ਬਠਿੰਡਾ-ਅੰਮ੍ਰਿਤਸਰ ਰੋਡ 'ਤੇ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਸਰਕਾਰ ਦਾ ਪੁਤਲਾ ਫੂਕਿਆ ਗਿਆ। ਲਿਖਤੀ ਪ੍ਰੈਸ ਨੋਟ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਜ਼ੋਨ ਸਕੱਤਰ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਦੱਸਿਆ ਕਿ ਕਿਸਾਨ-ਮਜ਼ਦੂਰ ਆਪਣੀਆਂ ਹੱਕੀ ਮੰਗਾਂ ਲਈ ਦਿੱਲੀ ਜਾ ਰਹੇ ਸਨ, ਪਰ ਭਾਜਪਾ ਦੀ ਹਕੂਮਤ ਵੱਲੋਂ ਜਬਰੀ ਰੋਕਾਂ ਲਗਾ ਕੇ ਕਿਸਾਨਾਂ-ਮਜ਼ਦੂਰਾਂ ਨੂੰ ਹਰਿਆਣਾ ਦੇ ਬਾਰਡਰਾਂ ਸ਼ੰਭੂ, ਖਨੌਰੀ 'ਤੇ ਰੋਕਿਆ ਗਿਆ ਸੀ ਅੱਗ ਵਿੱਚ ਘਿਉ ਦਾ ਕੰਮ ਕਰਦੇ ਹੋਏ ਸਰਕਾਰ ਵੱਲੋਂ 14 ਮਹੀਨੇ ਚੱਲੇ ਮੋਰਚਿਆਂ ਨੂੰ ਜਬਰੀ ਚੁੱਕ ਕੇ ਕਿਸਾਨਾਂ ਮਜ਼ਦੂਰਾਂ ਦੇ ਸਮਾਨ ਦੀ



ਭੰਨਤੋੜ ਕੀਤੀ ਤੇ ਟਰਾਲੀਆਂ ਤੱਕ ਚੋਰੀ ਕਰ ਲਈਆਂ ਸਨ। ਕਿਸਾਨ-ਮਜ਼ਦੂਰ ਮੋਰਚੇ ਵੱਲੋਂ ਮੀਟਿੰਗ ਕਰਕੇ ਆਪਣੇ ਕੀਤੇ ਸਮਾਨ ਦੀ ਭੰਨਤੋੜ ਦੀ ਭਰਪਾਈ ਲਈ ਅੰਮ੍ਰਿਤਸਰ ਡੀਸੀ ਦਫ਼ਤਰ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਜਾਣਾ ਸੀ ਪਰ ਲੋਕਤੰਤਰ ਦਾ ਘਾਣ ਕਰਦਿਆਂ ਸਰਕਾਰ ਦੇ ਇਸ਼ਾਰੇ 'ਤੇ ਪੁਲਿਸ ਪ੍ਰਸ਼ਾਸਨ ਵੱਲੋਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਹਨ ਕਿਸਾਨਾਂ ਮਜ਼ਦੂਰਾਂ ਨੂੰ ਜਬਰੀ ਚੁੱਕਿਆ ਗਿਆ ਤੇ ਗ੍ਰਿਫਤਾਰ ਕੀਤਾ ਗਿਆ। ਕਿਸਾਨ ਆਗੂਆਂ ਨੇ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਸਰਕਾਰ ਕਿਸਾਨੀ ਮਸਲਿਆਂ ਦਾ ਹੱਲ ਕਰੇ ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਦੀ ਰੂਪ ਰੇਖਾ ਹੋਰ ਹੋਵੇਗੀ, ਜਿਸ ਦੀ ਜ਼ਿੰਮੇਵਾਰੀ ਪੰਜਾਬ ਦੀ ਸਰਕਾਰ ਹੋਵੇਗੀ। ਇਸ ਮੌਕੇ ਲਖਵਿੰਦਰ ਸਿੰਘ ਵਸਤੀ ਨਾਮਦੇਵ, ਬਲਕਾਰ ਸਿੰਘ ਸ਼ਾਮੇ ਵਾਲੀ ਵਸਤੀ, ਸਤਨਾਮ ਸਿੰਘ ਜਗਰੂਪ ਸਿੰਘ ਟਿੱਬੇ ਰਾਈਆਂ, ਸਾਹਿਬ ਸਿੰਘ, ਨਿਸ਼ਾਨ ਸਿੰਘ ਤਲਵੰਡੀ ਨੇਪਾਲਾਂ, ਜਰਨੈਲ ਸਿੰਘ ਵਾਰਸ ਵਾਲਾ ਜੱਟਾਂ, ਪਿਆਰਾ ਸਿੰਘ ਘੁੱਦੂਵਾਲਾ, ਸੁਖਚੈਨ ਸਿੰਘ ਲੱਲੇ, ਲਖਵਿੰਦਰ ਸਿੰਘ, ਗੁਰਮੀਤ ਸਿੰਘ ਬੂਹ, ਹਰਪ੍ਰੀਤ ਸਿੰਘ ਨਿਜ਼ਾਮੀਵਾਲਾ ਹਾਜ਼ਰ ਸਨ।

## ਖ਼ਾਲਸਾ ਕਾਲਜ ਨੂੰ ਚੇਂਜਮੇਕਰ ਐਵਾਰਡ ਨਾਲ ਸਨਮਾਨਤ ਕੀਤਾ

ਗੜ੍ਹਦੀਵਾਲਾ, 24 ਮਾਰਚ (ਗੌਰਵ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਕੱਤਰ (ਵਿੱਦਿਆ) ਸੁਖਮਿੰਦਰ ਸਿੰਘ ਦੀ ਰਹਿਨੁਮਾਈ ਸਦਕਾ ਖ਼ਾਲਸਾ ਕਾਲਜ ਗੜ੍ਹਦੀਵਾਲਾ ਨੂੰ ਬੇਕਾਰ ਪਈ ਜ਼ਮੀਨ ਨੂੰ ਸੁੰਦਰ ਤੇ ਹਰੇ-ਭਰੇ ਬੋਟੈਨੀਕਲ ਗਾਰਡਨ ਵਿੱਚ ਤਬਦੀਲ ਕਰਨ ਦੇ ਸਲਾਹਣਯੋਗ ਉਪਰਾਲੇ ਲਈ ਚੇਂਜਮੇਕਰ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਹ ਐਵਾਰਡ ਕੌਮੀ ਸੈਮੀਨਾਰ ਦੌਰਾਨ ਕਾਲਜ ਦੇ ਮਾਣਯੋਗ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੂੰ ਪ੍ਰਮੁੱਖ ਅਕਾਦਮਿਕ ਸ਼ਖ਼ਸੀਅਤਾਂ ਕੁਲਵੰਤ ਰਾਣਾ (ਸਹਾਇਕ ਪ੍ਰੋਫ਼ੈਸਰ, ਡੀ.ਏ.ਵੀ. ਕਾਲਜ ਹੁਸ਼ਿਆਰਪੁਰ) ਤੇ ਪ੍ਰਸ਼ਾਂਤ ਸੇਠੀ (ਐਸੋਸੀਏਟ ਪ੍ਰੋਫ਼ੈਸਰ, ਐਸ.ਡੀ. ਕਾਲਜ ਹੁਸ਼ਿਆਰਪੁਰ) ਵੱਲੋਂ ਪ੍ਰਦਾਨ ਕੀਤਾ ਗਿਆ। ਇਸ ਮੌਕੇ ਨੈਸ਼ਨਲ ਐਜੂਟਰੱਸਟ ਆਫ਼ ਇੰਡੀਆ ਦੇ ਸਹਿਯੋਗ ਨਾਲ ਗ੍ਰੀਨ ਭਾਰਤ-ਦੋ ਹਫ਼ਤਿਆਂ ਦੀ ਚੁਣੌਤੀ ਸਬੰਧੀ ਇੱਕ ਪੋਸਟਰ ਵੀ ਜਾਰੀ ਕੀਤਾ




ਗਿਆ। ਜਿਸਦਾ ਮਕਸਦ ਵਿਦਿਆਰਥੀਆਂ ਤੇ ਸਮਾਜ ਵਿੱਚ ਪਰਿਆਵਰਨ ਸੰਰੱਖਣ, ਹਰੀ-ਭਰੀ ਸੋਚ ਤੇ ਟਿਕਾਊ ਵਿਕਾਸ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ। ਸਨਮਾਨ ਸਮਾਰੋਹ ਦੌਰਾਨ ਪ੍ਰੋਜੈਕਟ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀ ਨੋਡਲ ਅਫ਼ਸਰ ਕੁਸ਼ਮਾ, ਪ੍ਰੋਜੈਕਟ ਕੋਆਰਡੀਨੇਟਰ ਡਾ. ਅਮਨਦੀਪ ਸਿੰਘ ਤੇ ਵਿਦਿਆਰਥੀਆਂ ਦੀ ਸਾਂਝੀ ਮਿਹਨਤ ਦੀ ਵੀ ਵਿਸ਼ੇਸ਼ ਤੌਰ 'ਤੇ ਸਰਾਹਨਾ ਕੀਤੀ ਗਈ। ਇਸ ਮੌਕੇ 'ਤੇ ਨੈਸ਼ਨਲ ਐਜੂਟਰੱਸਟ ਆਫ਼ ਇੰਡੀਆ ਦੇ ਮੁੱਖ ਕਾਰਜਕਾਰੀ ਅਧਿਕਾਰੀ ਸਮਰੱਥ ਸ਼ਰਮਾ ਦੀ ਦੂਰਦਰਸ਼ੀ ਅਗਵਾਈ ਤੇ ਪ੍ਰੇਰਨਾਦਾਇਕ ਨੇਤ੍ਰਿਤਵ ਦੀ ਵੀ ਖ਼ਾਸ ਤੌਰ 'ਤੇ ਪ੍ਰਸ਼ੰਸਾ ਕੀਤੀ ਗਈ, ਜਿਨ੍ਹਾਂ ਦੇ ਮਾਰਗਦਰਸ਼ਨ ਹੇਠ ਅਜਿਹੀਆਂ ਰਚਨਾਤਮਕ ਤੇ ਸਮਾਜ ਹਿਤੈਸ਼ੀ ਪਹਿਲੂਆਂ ਨੂੰ ਉਤਸ਼ਾਹ ਮਿਲ ਰਿਹਾ ਹੈ। ਪ੍ਰਬੰਧਕਾਂ ਨੇ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਵੀ ਅਜਿਹੇ ਸਮਾਜਿਕ, ਅਕਾਦਮਿਕ ਤੇ ਪਰਿਆਵਰਨਕ ਉਪਰਾਲੇ ਲਗਾਤਾਰ ਜਾਰੀ ਰੱਖੇ ਜਾਣਗੇ।

## ਦੇਸ਼ ਕੌਮ ਦੇ ਮਹਾਨ ਸ਼ਹੀਦਾਂ ਨੂੰ ਯਾਦ ਰੱਖਦੇ ਹੋਏ ਉਨ੍ਹਾਂ ਦੇ ਪੂਰਨਿਆਂ 'ਤੇ ਚੱਲਣਾ ਚਾਹੀਦੈ: ਇੰਦਰਪ੍ਰੀਤ ਸਿੰਘ ਬੜੂੰਗਰ



ਮੰਡੀ ਗੋਬਿੰਦਗੜ੍ਹ 24, ਮਾਰਚ (ਸੂਦ): ਲੋੜਵੰਦਾਂ ਦੀ ਹਰ ਸਮੇਂ ਮਦਦ ਲਈ ਅਹਿਮ ਯੋਗਦਾਨ ਪਾ ਰਹੀ ਨਿਸ਼ਕਾਮ ਕੀਰਤਨ ਸੇਵਾ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਸ਼ਹੀਦ-ਏ-ਆਜ਼ਮ ਸ਼ਹੀਦ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਸੁਸਾਇਟੀ ਦੇ ਬ੍ਰਾਂਚ ਦਫਤਰ ਨੇੜੇ ਲਾਲ ਬੱਤੀ ਚੌਕ ਮੰਡੀ ਗੋਬਿੰਦਗੜ੍ਹ ਵਿਖੇ ਸਮਾਗਮ ਕੀਤਾ ਗਿਆ। ਇਸ ਮੌਕੇ ਡੀਐਸਪੀ ਕ੍ਰਾਈਮ ਇਦਰਪ੍ਰੀਤ ਸਿੰਘ ਬੜੂੰਗਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਕਿਹਾ ਕਿ ਸਾਨੂੰ ਦੇਸ਼ ਕੌਮ ਦੇ ਮਹਾਨ ਸ਼ਹੀਦਾਂ ਨੂੰ ਹਮੇਸ਼ਾ ਯਾਦ ਰੱਖਦੇ ਹੋਏ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਪਣੀਆ ਜਾਨਾਂ ਵਾਰ ਕੇ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਆਪਣੇ ਆਲੇ-ਦੁਆਲੇ ਫੈਲੀਆਂ ਸਮਾਜਿਕ ਕੁਰੀਤੀਆਂ ਜਿਵੇਂ ਕਿ ਨਸ਼ੇ, ਭਰੂਣ ਹੱਤਿਆ ਤੇ ਦਾਜ ਪ੍ਰਥਾ ਆਦਿ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਲਈ ਅੱਗੇ ਆਈਏ ਤਾਂ ਜੋ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਦੇ ਹੋਏ ਵਧੀਆ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਮੌਕੇ ਸੁਸਾਇਟੀ ਪ੍ਰਧਾਨ ਕਰਮਜੀਤ ਸਿੰਘ ਬਿੱਟੂ, ਪ੍ਰੈਸ ਸਕੱਤਰ ਅਸ਼ੋਕ ਚੋਪੜਾ, ਜੁਆਇੰਟ ਸਕੱਤਰ ਮਨਜੀਤ ਸਿੰਘ, ਕੈਸ਼ੀਅਰ ਰਵਿੰਦਰ ਸਿੰਘ ਧੰਨਾ, ਮੈਂਬਰ ਕਮਲੇਸ਼ ਕੁਮਾਰ, ਯਾਦਵਿੰਦਰ ਸਿੰਘ ਕੰਗ, ਕਮਲਜੀਤ ਸਿੰਘ ਕਲਸੀ, ਸੁਖਦੇਵ ਸਿੰਘ ਸੁੱਖਾ, ਅਜੈ ਅਗਰਵਾਲ, ਗੁਰਬਚਨ ਸਿੰਘ, ਕਮਲਜੀਤ ਸਿੰਘ, ਨਵਦੀਪ ਸਿੰਘ, ਯਸਪਾਲ ਸਿੰਘ, ਰਜਿੰਦਰ ਕੁਮਾਰ, ਸੁਖਦੇਵ ਸਿੰਘ ਤੇ ਰਜਿੰਦਰ ਕਪਿਲਸ ਹਾਜ਼ਰ ਸਨ।

## ਦਸਮੇਸ਼ ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਨੇ ਅੰਤਰ ਰਾਜ ਯੁਵਕ ਐਕਸਚੇਂਜ ਪ੍ਰੋਗਰਾਮ ਕੈਂਪ 'ਚ ਹਿੱਸਾ ਲਿਆ



ਮੁਕੇਰੀਆਂ, 24 ਮਾਰਚ (ਧਰਮ ਚੰਦ): ਦਸਮੇਸ਼ ਗਰਲਜ਼ ਕਾਲਜ ਚੱਕ ਅੱਲਾ ਬਖ਼ਸ਼ ਮੁਕੇਰੀਆਂ ਵਿਦਿਆਰਥਣਾਂ ਦੇ ਸਰਬ ਪੱਖੀ ਵਿਕਾਸ ਲਈ ਯਤਨਸ਼ੀਲ ਹੈ। ਇਸੇ ਤਹਿਤ ਕਾਲਜ ਪ੍ਰਿੰਸੀਪਲ ਡਾ. ਕਰਮਜੀਤ ਕੌਰ ਬਰਾੜ ਦੀ ਅਗਵਾਈ ਹੇਠ ਖੇਡ ਵਿਭਾਗ ਦੇ ਮੁਖੀ ਡਾ. ਰਾਜਵਿੰਦਰ ਕੌਰ ਤੇ ਸਹਾਇਕ ਪ੍ਰੋ. ਤਮੰਨਾ ਦੇਵੀ ਦੇ ਸਹਿਯੋਗ ਨਾਲ ਖੇਡ ਵਿਭਾਗ ਦੀਆਂ ਪੰਜ ਵਿਦਿਆਰਥਣਾਂ (ਅਪਾਰਜੀਤ ਕੌਰ, ਸਿਮਰਨ ਕੌਰ, ਗੀਤਿਕਾ ਸਲੋਚਨਾ ਦੇਵੀ, ਦੀਕਸ਼ਾ) ਨੇ ਭਾਰਤ ਸਰਕਾਰ ਦੁਆਰਾ ਗਵਾਲੀਅਰ (ਮੱਧ ਪ੍ਰਦੇਸ਼) ਵਿਖੇ ਆਯੋਜਿਤ ਅੰਤਰ ਰਾਜ ਯੁਵਾ ਐਕਸਚੇਂਜ ਪ੍ਰੋਗਰਾਮ ਦੇ ਕੈਂਪ ਵਿੱਚ ਹਿੱਸਾ ਲਿਆ। ਇਸ ਪ੍ਰੋਗਰਾਮ ਦਾ ਮੁੱਖ ਮੰਤਵ ਵੱਖ-ਵੱਖ ਰਾਜਾਂ ਦੇ ਨੌਜਵਾਨ ਵਿਦਿਆਰਥੀਆਂ ਨੂੰ ਇੱਕ ਦੂਜੇ ਨਾਲ ਸਮਾਜਿਕ ਤੇ ਸਭਿਆਚਾਰਕ ਵਿਚਾਰ-ਵਟਾਂਦਰੇ ਦਾ ਮੌਕਾ ਪ੍ਰਧਾਨ ਕਰਨਾ ਰਿਹਾ। ਕੈਂਪ ਦੇ ਦੌਰਾਨ ਵਿਦਿਆਰਥੀਆਂ ਨੇ ਪਹਿਲੇ ਦਿਨ ਯੋਗਾ ਦਾ ਮਹੱਤਵ ਸਮਝਿਆ ਤੇ ਨਸ਼ਾ ਮੁਕਤ ਭਾਰਤ ਦੀ ਸਿਰਜਣਾ ਦਾ ਪ੍ਰਣ ਲਿਆ। ਦੂਸਰੇ ਦਿਨ ਦੀ ਸ਼ੁਰੂਆਤ ਯੋਗਾ ਨਾਲ ਕੀਤੀ ਗਈ ਤੇ ਵਿਦਿਆਰਥਣਾਂ ਨੇ ਗਵਾਲੀਅਰ ਕਿਲ੍ਹੇ ਦਾ ਦੌਰਾ ਕੀਤਾ, ਜਿਸ ਵਿੱਚ ਕਲਾ ਦੇ ਸੁੰਦਰ ਨਮੂਨੇ ਦੇਖਣ ਨੂੰ ਮਿਲੇ ਤੇ ਇਸ ਪਿੱਛੋਂ ਸਾਰੇ ਵਿਦਿਆਰਥੀਆਂ ਨੇ ਬੰਦੀ ਛੋੜ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ। ਇਸ ਤੋਂ ਇਲਾਵਾ ਕਿੱਤਾ ਮੁਖੀ ਕੋਰਸਾਂ ਦੀ ਜਾਣਕਾਰੀ ਦਾ ਸੈਸ਼ਨ ਲਗਾਇਆ ਗਿਆ। ਸੱਭਿਆਚਾਰਕ ਪ੍ਰੋਗਰਾਮ ਦੌਰਾਨ ਦੂਜੇ ਰਾਜਾਂ ਦੇ ਸੱਭਿਆਚਾਰ ਨੂੰ ਦੇਖਣ ਦਾ ਮੌਕਾ ਵੀ ਮਿਲਿਆ। ਕੈਂਪ ਦੇ ਅੰਤਿਮ ਦਿਨ ਵਿਦਾਇਗੀ ਸਮਾਰੋਹ ਦੌਰਾਨ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਵਿਦਿਆਰਥਣਾਂ ਦੀ ਇਸ ਭਾਗੀਦਾਰੀ ਨੂੰ ਸਲਾਹੁੰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਰਵਿੰਦਰ ਸਿੰਘ ਚੱਕ ਤੇ ਸਮੂਹ ਕਮੇਟੀ ਮੈਂਬਰ ਸਾਹਿਬਾਨ ਨੇ ਪ੍ਰੋਗਰਾਮ ਆਯੋਜਕਾਂ ਤੇ ਭਾਗੀਦਾਰ ਵਿਦਿਆਰਥਣਾਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਭਵਿੱਖ ਵਿੱਚ ਵੀ ਅਜਿਹੇ ਗਿਆਨਮਈ ਪ੍ਰੋਗਰਾਮ ਦਾ ਹਿੱਸਾ ਬਣਨ ਲਈ ਪ੍ਰੇਰਿਤ ਕੀਤਾ।

## ਲਾਲਜੀਤ ਭੁੱਲਰ ਤੋਂ ਬਾਅਦ ਬਾਕੀ ਦੋਸ਼ੀਆਂ ਨੂੰ ਵੀ ਕੀਤਾ ਜਾਵੇ ਜਲਦ ਗ੍ਰਿਫ਼ਤਾਰ: ਜਥੇ. ਰਿਆ

ਸ੍ਰੀ ਫਤਹਿਗੜ੍ਹ ਸਾਹਿਬ, 24 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ ਨੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫਤਾਰੀ 'ਤੇ ਸਵਾਲ ਖੜ੍ਹੇ ਕਰਦੇ ਭਾਵੇਂ ਪੰਜਾਬ ਪੁਲਿਸ ਵੱਲੋਂ ਲਾਲਜੀਤ ਸਿੰਘ ਭੁੱਲਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਪ੍ਰੰਤੂ ਇਸ ਕੇਸ ਵਿੱਚ ਰਹਿੰਦੇ ਦੋ ਹੋਰ ਬਾਕੀ ਕਥਿਤ ਵਿਅਕਤੀਆਂ ਨੂੰ ਵੀ ਗ੍ਰਿਫਤਾਰ ਕੀਤਾ ਜਾਵੇ ਤਾਂ ਜੋ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ, ਅੰਮ੍ਰਿਤਸਰ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੇ ਪਰਿਵਾਰ ਨੂੰ ਇਨਸਾਫ ਮਿਲ ਸਕੇ। ਜਥੇਦਾਰ ਅਵਤਾਰ ਸਿੰਘ ਰਿਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਰਾਜ ਦੀ ਜਨਤਾ ਨੂੰ ਨਿਰਪੱਖ ਸ਼ਾਸਨ ਦੇਣ ਦੇ ਕੀਤੇ ਗਏ ਦਾਅਵਿਆਂ ਦੀ ਫੂਕ ਨਿਕਲ ਕੇ ਰਹਿ ਗਈ ਹੈ, ਕਿਉਂਕਿ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਕੇਸ ਵਿੱਚ ਕਿਸ ਤਰ੍ਹਾਂ ਟੈਂਡਰ ਦੇ ਮਾਮਲੇ ਵਿੱਚ ਜਲੀਲ ਕਰਕੇ ਮਰਨ ਲਈ ਮਜਬੂਰ ਕੀਤਾ ਗਿਆ। ਜਥੇਦਾਰ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਵਿਰੋਧ ਅੱਗੇ ਝੁਕਦਿਆ ਹੀ ਪੰਜਾਬ ਪੁਲਿਸ ਵੱਲੋਂ ਲਾਲਜੀਤ ਭੁੱਲਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਕਿਉਂਕਿ ਮ੍ਰਿਤਕ ਜ਼ਿਲ੍ਹਾ ਮੈਨੇਜਰ ਦੇ ਪਰਿਵਾਰ ਵੱਲੋਂ ਵੀ ਇਹ ਐਲਾਨ ਕੀਤਾ ਗਿਆ ਸੀ ਕਿ ਜਦੋਂ ਤੱਕ ਲਾਲਜੀਤ ਭੁੱਲਰ ਤੇ ਬਾਕੀ ਦੋਸ਼ੀ ਗ੍ਰਿਫਤਾਰ ਨਹੀਂ ਕੀਤੇ ਜਾਂਦੇ ਉਦੋਂ ਤੱਕ ਮ੍ਰਿਤਕ ਦਾ ਸਸਕਾਰ ਨਹੀਂ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵੰਤ ਸਿੰਘ ਮੰਡੋਫਲ, ਰਿਪੀ ਗਰੇਵਾਲ, ਗੁਰਦੀਪ ਸਿੰਘ ਨੌਲੱਖਾ ਤੇ ਹੋਰ ਵੀ ਆਗੂ ਸ਼ਾਮਲ ਸਨ।



## ਸੁਖਬੀਰ ਸਿੰਘ ਬਾਦਲ ਨੇ ਸੁਖਚੈਨ ਸਿੰਘ ਰਾਮੂਵਾਲੀਆ ਨਾਲ ਮੁਲਾਕਾਤ ਕੀਤੀ

ਮੋਗਾ, 24 ਮਾਰਚ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਬਚਾਓ ਰੈਲੀ ਦੌਰਾਨ ਅਕਾਲੀ ਦਲ ਦੇ ਸੀਨੀਅਰ ਆਗੂ ਬੀ.ਸੀ.ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਸੁਖਚੈਨ ਸਿੰਘ ਰਾਮੂਵਾਲੀਆ ਨਾਲ ਮੁਲਾਕਾਤ ਕੀਤੀ ਤੇ ਸੁਖਚੈਨ ਸਿੰਘ ਰਾਮੂਵਾਲੀਆ ਨੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਇਸ ਮੌਕੇ ਹਲਕਾ ਇੰਚਾਰਜ ਸੰਜੀਤ ਸਿੰਘ ਸੰਨੀ ਤੇ ਸੀਨੀਅਰ ਆਗੂ ਬੂਟਾ ਸਿੰਘ ਦੌਲਤਪੁਰਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਉਨ੍ਹਾਂ ਨੇ ਦੱਸਿਆ ਕਿ ਲੋਕ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਤੋਂ ਬਹੁਤ ਦੁੱਖੀ ਹਨ, ਗੈਂਗਸਟਰ, ਲੁੱਟਾਂ-ਖੋਹਾਂ ਤੇ ਨਸ਼ਿਆਂ ਨੇ ਪੰਜਾਬ ਦੀ ਨੌਜਵਾਨੀ ਨੂੰ ਖਤਮ ਕਰ ਛੱਡਿਆ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਸਾਰੇ ਪੰਜਾਬ ਵਿੱਚ ਅਕਾਲੀ ਦਲ ਦੀ ਹਨ੍ਹੇਰੀ ਚੱਲੀ ਰਹੀ ਹੈ, ਅਕਾਲੀ ਦਲ ਦੀ ਸਰਕਾਰ ਆਉਣ 'ਤੇ ਸਖਤੀ ਨਾਲ ਫੈਸਲੇ ਲੈ ਕੇ ਪੰਜਾਬ ਦੀ ਨਸਲ ਤੇ ਫ਼ਸਲ ਨੂੰ ਬਚਾਉਣ ਲਈ ਠੋਸ ਕਦਮ ਚੁੱਕੇ ਜਾਣਗੇ ਤਾਂ ਜੋ ਫਿਰ ਤੋਂ ਹਰਿਆ-ਭਰਿਆ ਪੰਜਾਬ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕੇ। ਉਨ੍ਹਾਂ ਨੇ ਪਾਰਟੀ ਦੀ ਮਜ਼ਬੂਤੀ ਲਈ ਤਕੜੇ ਹੋ ਕੰਮ ਕਰਨ ਦਾ ਥਾਪੜਾ ਦਿੱਤਾ।



## ਲਾਰੈਂਸ ਇੰਟਰਨੈਸ਼ਨਲ ਸਕੂਲ ਵਿਖੇ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਬਿਕ੍ਰਮੀ ਸੰਮਤ ਪਹਿਲੇ ਨਰਾਤੇ 'ਤੇ ਅੱਖਰ ਨਾਲ ਆਰੰਭ

ਕਲਾਨੌਰ, 24 ਮਾਰਚ (ਇਕਬਾਲ ਵਾਲੀਆ ਕਮਲਜੀਤ ਸਿੰਘ): ਲਾਰੈਂਸ ਇੰਟਰਨੈਸ਼ਨਲ ਸਕੂਲ, ਤਾਰਾਗੜ੍ਹ (ਡੇਰਾ ਬਾਬਾ ਨਾਨਕ ਰੋਡ) ਬਟਾਲਾ ਵਿਖੇ ਨਵੇਂ ਅਕਾਦਮਿਕ ਸੈਸ਼ਨ (2026-27) ਦੀ ਸਫਲਤਾਪੂਰਵਕ ਸ਼ੁਰੂਆਤ ਬਿਕ੍ਰਮੀ ਸੰਮਤ ਦੇ ਪਹਿਲੇ ਨਰਾਤੇ ਦੇ ਪਵਿੱਤਰ ਦਿਹਾੜੇ ਉੱਤੇ ਵਿੱਦਿਆ ਦੀ ਦੇਵੀ ਮਾਂ ਸਰਸਵਤੀ ਦੇ ਆਸ਼ੀਰਵਾਦ ਨਾਲ ਅਕਸ਼ਰ ਆਰੰਭ ਦੇ ਨਾਲ ਹੋਈ। ਵਿਦਿਆਰਥੀਆਂ ਦੇ ਉਜਵੱਲ ਭਵਿੱਖ ਲਈ ਵਿਸ਼ੇਸ਼ ਹਵਨ ਯੱਗ ਦਾ ਆਯੋਜਨ ਕੀਤਾ ਗਿਆ। ਇਸ ਪਵਿੱਤਰ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਡਾ. ਉਪਮਾ ਮਹਾਜਨ ਵੱਲੋਂ ਵਿਸ਼ੇਸ਼ ਤੌਰ 'ਤੇ ਪੂਜਾ ਵਿੱਚ ਹਾਜ਼ਰੀ ਭਰੀ ਗਈ। ਸਮਾਗਮ ਦੀ ਸ਼ੁਰੂਆਤ ਵਿੱਦਿਆ ਦੀ ਦੇਵੀ ਮਾਂ ਸਰਸਵਤੀ ਦਾ ਆਸ਼ੀਰਵਾਦ ਲੈਂਦੇ ਹੋਏ ਪੂਰੀ ਸ਼ਰਧਾ ਤੇ ਮਰਿਆਦਾ ਨਾਲ ਮੰਤਰ ਉਚਾਰਨ ਦੇ ਨਾਲ ਨਾਲ ਹਵਨ ਕੁੰਡ ਵਿੱਚ ਆਹੂਤੀਆਂ ਪਾ ਕੇ ਕੀਤੀ ਗਈ। ਇਸ ਉਪਰੰਤ ਸਕੂਲ ਦੇ ਨੰਨ੍ਹੇ-ਨੰਨ੍ਹੇ ਵਿਦਿਆਰਥੀਆਂ ਵੱਲੋਂ ਅੱਖਰ ਲਿਖ ਕੇ ਆਪਣੇ ਨਵੇਂ ਅਕਾਦਮਿਕ ਸਾਲ ਦੀ ਸ਼ੁਰੂਆਤ ਕੀਤੀ। ਇਸ ਮੌਕੇ ਪ੍ਰਿੰਸੀਪਲ ਡਾ. ਉਪਮਾ ਮਹਾਜਨ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਨਵੇਂ ਸੈਸ਼ਨ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਸਕੂਲ ਚੇਅਰਮੈਨ ਬਲਜਿੰਦਰ ਸਿੰਘ ਬੈਂਸ ਮੱਲਿਆਂਵਾਲ, ਗੁਰਜੀਤ ਸਿੰਘ ਬੈਂਸ, ਡਾਇਰੈਕਟਰ ਡਾ. ਗੁਰਿੰਦਰ ਕੌਰ ਮਾਨ, ਪ੍ਰਿੰਸੀਪਲ ਡਾ. ਉਪਮਾ ਮਹਾਜਨ, ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ। ਸਮਾਗਮ ਦੇ ਅੰਤ ਵਿੱਚ ਸਾਰਿਆਂ ਨੂੰ ਪ੍ਰਸ਼ਾਦ ਵੰਡਿਆ ਗਿਆ ਤੇ ਨਵੇਂ ਸੈਸ਼ਨ ਦੀਆਂ ਕਲਾਸਾਂ ਦਾ ਰਸਮੀ ਆਗਾਜ਼ ਹੋਇਆ।



## ਸਾਂਝਾ ਮੋਰਚਾ ਯੂਥ ਪੰਜਾਬ ਸੰਸਥਾ ਵੱਲੋਂ ਕ੍ਰਿਕਟ ਟੂਰਨਾਮੈਂਟ

ਭੋਗਪੁਰ, 24 ਮਾਰਚ (ਜੰਡੀਰ ਸੈਣੀ): ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਖੇਡ ਸਟੇਡੀਅਮ ਡੱਲੀ ਭੋਗਪੁਰ ਵਿਖੇ ਸਾਂਝਾ ਮੋਰਚਾ ਯੂਥ ਪੰਜਾਬ ਸੰਸਥਾ ਵੱਲੋਂ ਪਹਿਲਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਖੇਡਾਂ ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਹੀ ਟੀਮਾਂ ਨੂੰ ਸਨਮਾਨਤ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਬਿਸ਼ਨ ਕੁਮਾਰ ਬਹਰਾਮੀਆ ਸਾਂਝਾ ਮੋਰਚਾ ਜੂਥ ਪੰਜਾਬ ਪ੍ਰਧਾਨ ਨੇ ਦੱਸਿਆ ਕਿ ਖਿਲਾੜੀਆਂ ਵਿੱਚ ਬਹੁਤ ਹੀ ਉਤਸ਼ਾਹ ਦੇਖਣ ਨੂੰ ਮਿਲਿਆ। ਉਨ੍ਹਾਂ ਕਿਹਾ ਕਿ ਇਹ ਪਹਿਲਾ ਟੂਰਨਾਮੈਂਟ ਸੀ ਤੇ ਹੁਣ ਇਲਾਕੇ ਵਿੱਚ ਹਰ ਸਾਲ ਹੀ ਟੂਰਨਾਮੈਂਟ ਕਰਵਾਇਆ ਜਾਇਆ ਕਰੇਗਾ। ਟੂਰਨਾਮੈਂਟ ਦੀ ਅਗਵਾਈ ਬੀਜੇਪੀ ਦੇ ਸੀਨੀਅਰ ਆਗੂ ਮਨਮੀਤ ਸਿੰਘ ਵਿੱਕੀ ਤੇ ਗੁਰਵਿੰਦਰ ਸਿੰਘ ਸਗਰਾਂਵਾਲੀ ਯੂਕੇ



ਵਾਲਿਆਂ ਦਾ ਵੀ ਪੂਰਾ ਸਹਿਯੋਗ ਰਿਹਾ। ਟੂਰਨਾਮੈਂਟ ਦੀ ਸ਼ੁਰੂਆਤ ਕਰਨ ਮੌਕੇ ਵਿਸ਼ੇਸ਼ ਤੌਰ 'ਤੇ ਸ਼ਾਮਿਲ ਸਨ ਪਾਸਟਰ ਦਲਵੀਰ ਗਿੱਲ ਚੇਅਰਮੈਨ, ਸੁਖਦੇਵ ਸਿੰਘ ਭੰਗੂ ਚੇਅਰਮੈਨ ਸਰਬੱਤ ਦਾ ਭਲਾ ਮਸੀਹ ਸੁਸਾਇਟੀ, ਕੁਲਵਿੰਦਰ ਜੀਤ ਬੀਜੇਪੀ ਦੇ ਸੀਨੀਅਰ ਆਗੂ, ਲਵਦੀਪ ਮਸੀਹ, ਮਨਮੀਤ ਸਿੰਘ ਵਿੱਕੀ ਬੀਜੇਪੀ ਜ਼ਿਲ੍ਹਾ ਜਨਰਲ ਸੈਕਟਰੀ, ਸ਼ਨੀ ਗਿੱਲ ਸਰਪੰਚ ਚੋਮੋ ਆਦਮਪੁਰ, ਪ੍ਰਧਾਨ ਸੰਦੀਪ, ਬ੍ਰਦਰ ਜੋਨ ਮਸੀਹ ਖੋਜਪੁਰ, ਗਿੱਲ ਮਸੀਹ ਭੋਗਪੁਰ, ਸ੍ਰੀਮਤੀ ਪੂਜਾ ਮਹਿਲਾ ਵਿੰਗ ਵਾਈਸ ਪ੍ਰਧਾਨ ਐਸਸੀ ਮੋਰਚਾ ਜਲੰਧਰ ਦਿਹਾਤੀ, ਅਜੇ ਖਾਨ ਵਾਈਸ ਪ੍ਰਧਾਨ, ਸੁਖਜਿੰਦਰ ਸਿੰਘ, ਅਮਰਜੀਤ ਬਹਿਰਾਮ, ਲਵਪ੍ਰੀਤ ਗਿੱਲ ਬਹਿਰਾਮ, ਆਕਾਸ਼ ਗਿੱਲ ਬਹਿਰਾਮ, ਰਵੀ ਕੁਮਾਰ ਹਲਕਾ ਸ਼ਾਮ HD, ਦੀਪਕ ਕੁਮਾਰ ਭੋਗਪੁਰ ਗਗਨਦੀਪ ਮਸੀਹ, ਵਿਜੇ ਕੁਮਾਰ ਮਸੀਹ ਬਹਿਰਾਮ ਆਦਿ ਹਾਜ਼ਰ ਸਨ।

# ਸਾਹਨੇਵਾਲ 'ਚ ਇੰਡੇਨ ਗੈਸ ਦੀ ਹੋਮ ਡਿਲਿਵਰੀ ਨਾ ਹੋਣ ਕਰਕੇ, ਖਪਤਕਾਰ ਪ੍ਰੇਸ਼ਾਨ



ਸਾਹਨੇਵਾਲ ਕੁਹਾੜਾ, 24 ਮਾਰਚ (ਕੁਲਦੀਪ ਸਿੰਘ ਕੁਹਾੜਾ) : ਸਾਹਨੇਵਾਲ ਵਿੱਚ ਇੰਡੇਨ ਗੈਸ ਦੀ ਇਜੰਸੀ ਵਾਲਿਆਂ ਵੱਲੋਂ ਖੱਪਤਕਾਰਾਂ ਨੂੰ ਆਪਣੇ ਘਰੇਲੂ ਗੈਸ ਸਿਲੰਡਰ ਲੈਣ ਵਾਸਤੇ ਹਰ ਰੋਜ਼ ਸਵੇਰ ਤੋਂ ਹੀ ਵੱਡੀਆਂ ਵੱਡੀਆਂ ਕਤਾਰਾਂ ਵਿੱਚ ਲੱਗਣਾ ਪੈਂਦਾ ਹੈ। ਖਪਤਕਾਰਾਂ ਨੂੰ ਆਪਣੇ ਵਾਸਤੇ ਕਈ ਦਿਨਾਂ ਤੋਂ ਸਿਲੰਡਰ ਬੁੱਕ ਕਰਨ ਦੇ ਬਾਵਜੂਦ ਵੀ ਉਹਨਾਂ ਦੇ ਘਰਾਂ ਤੱਕ ਗੈਸ ਨਾ ਪਹੁੰਚਣ ਕਾਰਨ ਲੋਕਾਂ ਵਿੱਚ ਹੁਣ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਪ੍ਰਭਾਵਿਤ ਉਪਭੋਗਤਾਵਾਂ ਦਾ ਕਹਿਣਾ ਹੈ ਕਿ ਗੈਸ ਏਜੰਸੀ ਵੱਲੋਂ ਨਾ ਤਾਂ ਸਮੇਂ 'ਤੇ ਡਿਲਿਵਰੀ ਕੀਤੀ ਜਾ ਰਹੀ ਹੈ ਅਤੇ ਨਾ ਹੀ ਕੋਈ ਢੰਗ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਫੋਨ ਕਰਨ 'ਤੇ ਵੀ ਗੋਲਮੋਲ ਜਵਾਬ ਮਿਲਦੇ ਹਨ, ਜਿਸ ਨਾਲ ਲੋਕਾਂ ਦੀ ਨਾਰਾਜ਼ਗੀ ਵੱਧ ਰਹੀ ਹੈ।

ਘਰੇਲੂ ਮਹਿਲਾਵਾਂ ਨੂੰ ਇਸ ਸਮੱਸਿਆ ਦਾ ਸਭ ਤੋਂ ਵੱਧ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ। ਰਸੋਈ ਦੇ ਕੰਮ ਰੁਕਣ ਨਾਲ ਉਹਨਾਂ ਦਾ ਸਾਰਾ ਕੰਮ ਪ੍ਰਭਾਵਿਤ ਹੋ ਰਿਹਾ ਹੈ ਅਤੇ ਕਈ ਪਰਿਵਾਰ ਮਜਬੂਰੀ ਵਿੱਚ ਮਹਿੰਗੇ ਵਿਕਲਪਾਂ ਵੱਲ ਵੱਧ ਰਹੇ ਹਨ। ਕੁਝ ਲੋਕਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਆਪਣਾ ਕੰਮ ਛੱਡ ਕੇ ਖੁਦ ਗੋਦਾਮਾਂ 'ਤੇ ਜਾ ਕੇ ਸਿਲੰਡਰ ਲੈਣਾ ਪੈ ਰਿਹਾ ਹੈ, ਜੋ ਕਿ ਹੋਮ ਡਿਲਿਵਰੀ ਪ੍ਰਣਾਲੀ ਦੀ ਖੁੱਲ੍ਹੀ ਨਾਕਾਮੀ ਹੈ।

ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਸਮੱਸਿਆ ਲੰਮੇ ਸਮੇਂ ਤੋਂ ਚੱਲ ਰਹੀ ਹੈ ਪਰ ਸੰਬੰਧਿਤ ਵਿਭਾਗ ਧਿਆਨ ਨਹੀਂ ਦੇ ਰਿਹਾ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇ ਜਲਦੀ ਹੱਲ ਨਾ ਕੀਤਾ ਗਿਆ ਤਾਂ ਉਹ ਸੰਘਰਸ਼ ਦਾ ਰਾਹ ਅਪਣਾਉਣ ਲਈ ਮਜਬੂਰ ਹੋਣਗੇ।

ਲੋਕਾਂ ਨੇ ਪ੍ਰਸ਼ਾਸਨ ਤੋਂ ਤੁਰੰਤ ਦਖਲ ਦੀ ਮੰਗ ਕਰਦਿਆਂ ਕਿਹਾ ਕਿ ਗੈਸ ਸਪਲਾਈ ਪ੍ਰਣਾਲੀ ਨੂੰ ਪਾਰਦਰਸ਼ੀ ਅਤੇ ਜਵਾਬਦੇਹ ਬਣਾਇਆ ਜਾਵੇ, ਤਾਂ ਜੋ ਆਮ ਜਨਤਾ ਨੂੰ ਰਾਹਤ ਮਿਲ ਸਕੇ।

# ਸੁਨੇਤ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ, ਖੰਗੂੜਾ ਨੇ ਕੀਤੀ ਸ਼ਿਰਕਤ



ਲੁਧਿਆਣਾ, 24 ਮਾਰਚ (ਵਿਸ਼ਾਲ ਸ਼ਰਮਾ): ਸੋਸ਼ਲ ਵੈਲਫੇਅਰ ਕਲੱਬ ਸੁਨੇਤ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ ਵਿੱਚ ਇਕ ਵਿਸ਼ਾਲ ਸ਼ਰਧਾਂਜਲੀ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਚੇਅਰਮੈਨ ਤੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਜਤਿੰਦਰ ਸਿੰਘ ਖੰਗੂੜਾ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ 'ਤੇ ਚੇਅਰਮੈਨ ਖੰਗੂੜਾ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਕੁਰਬਾਨੀਆਂ ਦੇਸ਼ ਲਈ ਹਮੇਸ਼ਾਂ ਪ੍ਰੇਰਨਾ ਦਾ ਸਰੋਤ ਰਹਿਣਗੀਆਂ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਅਤੇ ਅਖੰਡਤਾ ਨੂੰ ਬਣਾਈ ਰੱਖਣ ਲਈ ਸ਼ਹੀਦਾਂ ਦੀਆਂ ਕੁਰਬਾਨੀਆਂ ਬੇਮਿਸਾਲ ਹਨ। ਅਸੀਂ ਅੱਜ ਜੋ ਆਜ਼ਾਦੀ ਅਤੇ ਸੁੱਖ-ਸਮ੍ਰਿੱਧੀ ਦਾ ਅਨੰਦ ਮਾਣ ਰਹੇ ਹਾਂ, ਉਹ ਸਾਡੇ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਹੀ ਨਤੀਜਾ ਹੈ। ਉਨ੍ਹਾਂ ਨੇ ਨੌਜਵਾਨ ਪੀੜ੍ਹੀ ਨੂੰ ਅਪੀਲ ਕੀਤੀ ਕਿ ਉਹ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਅਤੇ ਦੇਸ਼ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਇਮਾਨਦਾਰੀ ਅਤੇ ਨਿਸ਼ਠਾ ਨਾਲ ਆਪਣਾ ਯੋਗਦਾਨ ਪਾਉਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸ਼ਹੀਦਾਂ ਦੀ ਯਾਦ ਵਿੱਚ ਐਸੇ ਸਮਾਗਮ ਕਰਵਾਉਣ ਨਾਲ ਸਮਾਜ ਵਿੱਚ ਦੇਸ਼-ਭਗਤੀ ਦੀ ਭਾਵਨਾ ਮਜ਼ਬੂਤ ਹੁੰਦੀ ਹੈ। ਇਸ ਦੌਰਾਨ ਕਲੱਬ ਦੇ ਅਹੁਦੇਦਾਰਾਂ ਵੱਲੋਂ ਚੇਅਰਮੈਨ ਤੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਜਤਿੰਦਰ ਸਿੰਘ ਖੰਗੂੜਾ ਜੀ ਦਾ ਸਨਮਾਨ ਵੀ ਕੀਤਾ ਗਿਆ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ ਕਿ ਉਨ੍ਹਾਂ ਨੇ ਆਪਣੇ ਵਿਅਸਤ ਸਮੇਂ ਵਿੱਚੋਂ ਸਮਾਂ ਕੱਢ ਕੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਉਨ੍ਹਾਂ ਦੇ ਨਾਲ ਉਹਨਾਂ ਦੇ ਸਾਥੀ ਸਾਬਕਾ ਸਰਪੰਚ ਵਰਿੰਦਰ ਸਿੰਘ ਗਿੱਲ, ਕੌਂਸਲਰ ਬੇਦੀ ਅਤੇ ਹੋਰ ਸਾਥੀ ਵੀ ਮੌਜੂਦ ਸਨ। ਸਮਾਗਮ ਵਿੱਚ ਇਲਾਕੇ ਦੇ ਮਾਣਯੋਗ ਵਿਅਕਤੀਆਂ, ਕਲੱਬ ਮੈਂਬਰਾਂ, ਨੌਜਵਾਨਾਂ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀਆਂ ਨੇ ਹਾਜ਼ਰੀ ਲਗਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਅੰਤ ਵਿੱਚ ਸਭ ਨੇ ਮਿਲ ਕੇ ਦੇਸ਼ ਦੀ ਤਰੱਕੀ ਅਤੇ ਏਕਤਾ ਦਾ ਸੰਕਲਪ ਵੀ ਲਿਆ।

# ਬਾਘਾ ਪੁਰਾਣਾ ਐਸ.ਡੀ.ਐਮ. ਦਾ ਦਰਦ ਭਰਿਆ ਪੱਤਰ ਅਧਿਕਾਰੀਆਂ 'ਤੇ ਰਾਜਨੀਤਿਕ ਦਬਾਅ ਦਾ ਖ਼ੁਲਾਸਾ : ਸਰੀਨ



ਲੁਧਿਆਣਾ, 24 ਮਾਰਚ (ਰਵਿੰਦਰ ਸਿੰਘ ਨਿੱਝਰ): ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਅਨੀਲ ਸਰੀਨ ਨੇ ਬਾਘਾ ਪੁਰਾਣਾ ਦੇ ਇੱਕ ਐਸਡੀਐਮ ਨਾਲ ਸੰਬੰਧਿਤ ਇੱਕ ਗੰਭੀਰ ਘਟਨਾ 'ਤੇ ਚਿੰਤਾ ਜਤਾਈ ਹੈ। ਉਨ੍ਹਾਂ ਇੱਕ ਪੱਤਰਕਾਰ ਮਿਲਣੀ ਦੌਰਾਨ ਦੱਸਿਆ ਕਿ ਉਕਤ ਅਧਿਕਾਰੀ ਨੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਆਪਣੀ ਜਾਨ ਨੂੰ ਖਤਰਾ ਹੋਣ ਅਤੇ ਰਾਜਨੀਤਿਕ ਨੁਮਾਇੰਦਿਆਂ ਵੱਲੋਂ ਕੀਤੇ ਜਾ ਰਹੇ ਮਾਨਸਿਕ ਉਤਪੀੜਨ ਬਾਰੇ ਜਾਣਕਾਰੀ ਦਿੱਤੀ ਹੈ। ਸਰੀਨ ਨੇ ਕਿਹਾ ਕਿ ਰਾਤ ਦੇ ਵੇਲੇ ਪਰੇਸ਼ਾਨੀ ਵਿੱਚ ਲਿਖਿਆ ਗਿਆ ਇਹ ਪੱਤਰ ਇਮਾਨਦਾਰ ਅਧਿਕਾਰੀਆਂ 'ਤੇ ਪੈ ਰਹੇ ਭਾਰੀ ਦਬਾਅ ਨੂੰ ਦਰਸਾਉਂਦਾ ਹੈ ਅਤੇ ਪੰਜਾਬ ਦੇ ਖਰਾਬ ਹੋ ਰਹੇ ਪ੍ਰਸ਼ਾਸਨਿਕ ਮਾਹੌਲ ਨੂੰ ਬੇਨਕਾਬ ਕਰਦਾ ਹੈ। ਸਰੀਨ ਨੇ ਅੱਗੇ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਇੱਕ ਅਧਿਕਾਰੀ ਦੀ ਦੁਖਦਾਈ ਆਤਮਹੱਤਿਆ ਦਾ ਵੀ ਜ਼ਿਕਰ ਕਰਦਿਆਂ ਪੂਰੇ ਘਟਨਾ ਕ੍ਰਮ ਦੇ ਵੇਰਵੇ ਸਾਂਝੇ ਕੀਤੇ। ਸੂਬਾ ਸਰਕਾਰ ਦੀ ਆਲੋਚਨਾ ਕਰਦੇ ਹੋਏ ਸਰੀਨ ਨੇ ਕਿਹਾ ਕਿ ਪੰਜਾਬ ਵਿੱਚ ਤੇਜ਼ੀ ਨਾਲ ਜੰਗਲ ਰਾਜ ਦੀ ਸਥਿਤੀ ਬਣ ਰਹੀ ਹੈ ਅਤੇ ਕਾਨੂੰਨ-ਵਿਵਸਥਾ ਪੂਰੀ ਤਰ੍ਹਾਂ ਡਿਗ ਚੁੱਕੀ ਹੈ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ, ਡਾ: ਕਨਿਕਾ ਜਿੰਦਲ, ਨਰਿੰਦਰ ਸਿੰਘ ਮੱਲੀ, ਮਨੀਸ਼ ਚੋਪੜਾ, ਨਿਰਮਲ ਨਈਅਰ, ਬੌਬੀ ਜਿੰਦਲ, ਪ੍ਰੈੱਸ ਸਕੱਤਰ ਡਾ: ਸਤੀਸ਼ ਕੁਮਾਰ, ਸੌਰਭ ਕਪੂਰ, ਪਰਵੀਨ ਸ਼ਰਮਾ, ਸੁਰਿੰਦਰ ਕੌਸ਼ਲ, ਅਮਨ ਕੁਮਰਾ ਅਤੇ ਅਰੁਣ ਕੁਮਰਾ ਆਦਿ ਵੀ ਇਸ ਮੌਕੇ ਹਾਜ਼ਰ ਸਨ।

# ਅਕਾਲੀ ਦਲ ਬੀਸੀ ਵਿੰਗ ਦੇ ਨਵੇਂ ਬਣੇ ਜ਼ਿਲ੍ਹਾ ਪ੍ਰਧਾਨ ਲੀਲ ਸਨਮਾਨਿਤ



ਲੁਧਿਆਣਾ, 24 ਮਾਰਚ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਵਿੱਚ ਪਿਛਲੇ ਲੰਮੇ ਸਮੇਂ ਨਿਸ਼ਕਾਮ ਸੇਵਾ ਨਿਭਾ ਰਹੇ ਗੁਰਦੀਪ ਸਿੰਘ ਲੀਲ ਨੂੰ ਪਾਰਟੀ ਨੇ ਦਲ ਦੇ ਬੀ.ਸੀ. ਵਿੰਗ ਲੁਧਿਆਣਾ ਸਹਿਰੀ ਦੇ ਪ੍ਰਧਾਨ ਦੀ ਸੇਵਾ ਸੰਭਾਲੀ ਹੈ। ਇਸ ਦੇ ਲਈ ਲੀਲ ਨੇ ਦਲ ਦੀ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਹੈ। ਅਕਾਲੀ ਦਲ ਦੇ ਲੀਗਲ ਸੈੱਲ ਦੇ ਪ੍ਰਧਾਨ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੇ ਗ੍ਰਹਿ ਵਿੱਖੇ ਵਿਸ਼ੇਸ਼ ਤੌਰ ਇੱਕ ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਨਵ ਨਿਯੁਕਤ ਗੁਰਦੀਪ ਸਿੰਘ ਲੀਲ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਕੀਤਾ ਤੇ ਮੂੰਹ ਮਿੱਠਾ ਕਰਵਾਇਆ। ਗੁਰਦੀਪ ਸਿੰਘ ਲੀਲ ਨੇ ਕਿਹਾ ਕਿ ਸਮੁੱਚੀ ਸ਼੍ਰੋਮਣੀ ਅਕਾਲੀ ਦਲ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਪਾਰਟੀ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਤਤਪਰ ਰਹਾਂਗਾ। ਜਿੱਥੇ ਵੀ ਪਾਰਟੀ ਡਿਊਟੀ ਲਾਏਗੀ ਉਸ ਨੂੰ ਤਨਦੇਹੀ ਇਮਾਨਦਾਰੀ ਨਾਲ ਨਿਭਾਵਾਂਗਾ। ਇਸ ਸਮੇਂ ਸੀਨੀਅਰ ਅਕਾਲੀ ਆਗੂ ਜਥੇਦਾਰ ਨਛੱਤਰ ਸਿੰਘ ਸਿੱਧੂ, ਦਵਿੰਦਰ ਸਿੰਘ ਮਾਨ, ਜਥੇਦਾਰ ਚਰਨ ਸਿੰਘ, ਅਵਤਾਰ ਸਿੰਘ ਨਿਰਬਾਨ, ਜਸਵਿੰਦਰ ਸਿੰਘ ਖੱਟੜ , ਭੁਪਿੰਦਰ ਸਿੰਘ ਕਾਕਾ, ਰਤਨ ਚੋਪੜਾ ਆਦਿ ਹਾਜ਼ਰ ਸਨ।

# ਨਿਗਮ ਹਾਊਸ 'ਚ ਭਾਰੀ ਹੰਗਾਮਾ, 1258 ਕਰੋੜ ਦਾ ਬਜਟ ਪਾਸ

ਲੁਧਿਆਣਾ, 24 ਮਾਰਚ (ਵਿਸ਼ਾਲ ਸ਼ਰਮਾ): ਲੁਧਿਆਣਾ ਨਗਰ ਨਿਗਮ ਦੇ ਜਨਰਲ ਹਾਊਸ ਦੀ ਮੀਟਿੰਗ, ਜੋ ਕਿ ਸ਼ਹਿਰ ਦੇ ਵਿਕਾਸ ਰੋਡਮੈਪ ਨੂੰ ਨਿਰਧਾਰਤ ਕਰਨ ਲਈ ਬੁਲਾਈ ਗਈ ਸੀ ਮੰਗਲਵਾਰ ਨੂੰ ਭਾਰੀ ਹੰਗਾਮੇ ਵਿੱਚ ਪੈ ਗਈ। ਗੁਰੂ ਨਾਨਕ ਭਵਨ ਵਿਖੇ ਹੋਈ, ਮੀਟਿੰਗ ਨੇ ਬਿਨਾਂ ਕਿਸੇ ਵਿਸਥਾਰ ਚਰਚਾ ਦੇ ਕੁਝ ਮਿੰਟਾਂ ਵਿੱਚ ਹੀ 1,258.80 ਕਰੋੜ ਰੁਪਏ ਦੇ ਬਜਟ ਨੂੰ ਜ਼ੁਬਾਨੀ ਵੋਟ ਦੁਆਰਾ ਪਾਸ ਕਰ ਦਿੱਤਾ, ਜਿਸ 'ਤੇ ਵਿਰੋਧੀ ਧਿਰ ਨੇ ਸਖ਼ਤ ਇਤਰਾਜ਼ ਕੀਤਾ। ਮੀਟਿੰਗ ਸ਼ੁਰੂ ਹੁੰਦੇ ਹੀ ਜਦੋਂ ਲੁਧਿਆਣਾ ਨਗਰ ਨਿਗਮ ਦੇ ਸਕੱਤਰ ਵਿਵੇਕ ਵਰਮਾ ਨੇ ਬਜਟ ਏਜੰਡਾ ਸਦਨ ਵਿੱਚ ਪੇਸ਼ ਕੀਤਾ ਤਾਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਦੇ ਕੌਂਸਲਰਾਂ ਨੇ ਵਿਸਥਾਰ ਨਾਲ ਚਰਚਾ ਦੀ ਮੰਗ ਕੀਤੀ। ਵਿਰੋਧੀ ਧਿਰ ਨੇ ਦਲੀਲ ਦਿੱਤੀ ਕਿ ਇੰਨੇ ਵੱਡੇ ਬਜਟ ਵਿੱਚ ਹਰੇਕ ਵਾਰਡ ਲਈ ਪ੍ਰਬੰਧਾਂ ਦਾ ਸਪੱਸ਼ਟ ਤੌਰ 'ਤੇ ਵੇਰਵਾ ਹੋਣਾ ਚਾਹੀਦਾ ਹੈ। ਹਾਲਾਂਕਿ, ਮੇਅਰ ਨੇ ਇਨ੍ਹਾਂ ਮੰਗਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਅਤੇ ਆਮ ਆਦਮੀ ਪਾਰਟੀ ਦੇ ਬਹੁਮਤ ਦਾ ਹਵਾਲਾ ਦਿੰਦੇ ਹੋਏ ਬਜਟ ਪਾਸ ਕਰਨ ਦੇ ਆਪਣੇ ਫੈਸਲੇ ਦਾ ਐਲਾਨ ਕੀਤਾ।

ਇਸ ਤੋਂ ਬਾਅਦ, ਸਦਨ ਵਿੱਚ ਮਾਹੌਲ ਪੂਰੀ ਤਰ੍ਹਾਂ ਗਰਮ ਹੋ ਗਿਆ ਅਤੇ ਸਥਿਤੀ ਹੰਗਾਮੇ ਵਿੱਚ ਬਦਲ ਗਈ। ਵਿਰੋਧੀ ਕੌਂਸਲਰਾਂ ਨੇ ਨਾਅਰੇਬਾਜ਼ੀ ਕੀਤੀ ਅਤੇ ਆਪਣਾ ਗੁੱਸਾ ਜ਼ਾਹਰ ਕਰਨ ਲਈ ਬੱਚਿਆਂ ਦੇ ਛੁਣਛੁਣੇ ਵਜਾ ਕੇ ਰੋਸ਼ ਪ੍ਰਗਟ ਕੀਤਾ। ਇਸ ਦੇ ਬਾਵਜੂਦ, ਸੱਤਾਧਾਰੀ ਪਾਰਟੀ ਅਡੋਲ ਰਹੀ ਅਤੇ ਬਜਟ ਪਾਸ ਹੋ ਗਿਆ। ਨਗਰ ਨਿਗਮ ਦਾ ਬਜਟ ਸੈਸ਼ਨ ਆਮ ਤੌਰ 'ਤੇ ਕਈ ਘੰਟੇ ਚੱਲਦਾ ਹੈ, ਪਰ ਇਸ ਵਾਰ ਇਹ ਪ੍ਰਕਿਰਿਆ ਕੁਝ ਮਿੰਟਾਂ ਵਿੱਚ ਹੀ ਪੂਰੀ ਹੋ ਗਈ। ਵਿਰੋਧੀ ਕੌਂਸਲਰਾਂ ਨੇ ਇਸਨੂੰ ਲੋਕਤੰਤਰ ਦਾ ਕਤਲ ਦੱਸਿਆ ਉਨ੍ਹਾਂ ਦਾ ਕਹਿਣਾ ਸੀ ਜਦੋਂ ਕੋਈ ਚਰਚਾ ਨਹੀਂ ਕਰਨੀ ਸੀ ਤਾਂ ਮੀਟਿੰਗ ਬੁਲਾਉਣ ਦਾ ਕੀ ਮਤਲਬ ਸੀ।

# ਪੰਜਾਬੀ ਧਾਰਮਿਕ ਗੀਤ 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਰਿਲੀਜ਼



ਲੁਧਿਆਣਾ, 24 ਮਾਰਚ (ਰਵਿੰਦਰ ਸਿੰਘ ਨਿੱਝਰ): ਜੋਗੀ ਰਿਕਾਰਡਸ ਵੱਲੋਂ ਪੰਜਾਬੀ ਧਾਰਮਿਕ ਗੀਤ, 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਉਭਰਦੇ ਗਾਇਕ 'ਜੀ ਧਿਆਨ' ਦੀ ਆਵਾਜ਼ ਵਿੱਚ ਰਿਲੀਜ਼ ਕੀਤਾ ਗਿਆ ਹੈ । ਇਸ ਗੀਤ ਦਾ ਸੰਗੀਤ ਪ੍ਰਸਿੱਧ ਸੰਗੀਤਕਾਰ ਅਵਤਾਰ ਧੀਮਾਨ ਨੇ ਤਿਆਰ ਕੀਤਾ ਹੈ । ਉਸ ਨੇ ਦੱਸਿਆ ਕਿ ਜੋਗੀ ਤਲਵੰਡੀ ਵਾਲਾ ਦੇ ਲਿਖੇ ਇਸ ਗੀਤ ਦੀ ਵੀਡੀਓ ਉਸਨੇ ਖੁਦ ਬਣਾਈ ਹੈ। ਧੀਮਾਨ ਨੇ ਆਖਿਆ ਕਿ ਸਾਨੂੰ ਸਾਡੇ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨ ਵਾਲੇ ਗੀਤਾਂ ਦੀ ਕਦਰ ਕਰਨੀ ਚਾਹੀਦੀ ਹੈ ਤਾਂ ਕਿ ਵੱਧ ਤੋਂ ਵੱਧ ਗਾਇਕ ਅਤੇ ਗੀਤਕਾਰ ਅਜਿਹੇ ਗੀਤ ਗਾਉਣ ਅਤੇ ਲਿਖਣ ਲਈ ਪ੍ਰੇਰਿਤ ਹੋ ਸਕਣ।

# ਜਪਤਪ ਚੁਪਹਿਰਾ ਗੁਰਮਤਿ ਸਮਾਗਮ ਸ਼ਰਧਾ ਨਾਲ ਕਰਵਾਇਆ



ਲੁਧਿਆਣਾ, 24 ਮਾਰਚ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼ਹੀਦਾਂ ਫ਼ੇਰੂਮਾਨ ਢੋਲੇਵਾਲ ਚੌਕ ਵਿਖੇ ਬੀਤੇ ਦਿਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਵੱਡਮੁੱਲੇ ਸਹਿਯੋਗ ਨਾਲ ਜਪਤਪ ਚੌਪਹਿਰਾ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਭਾਈ ਹਰਪ੍ਰੀਤ ਸਿੰਘ ਖਾਲਸਾ, ਭਾਈ ਗੁਰਦੀਪ ਸਿੰਘ (ਜੈਪੁਰ ਵਾਲੇ), ਭਾਈ ਪ੍ਰਮਵੀਰ ਸਿੰਘ (ਲੁਧਿਆਣਾ ਵਾਲੇ) ਅਤੇ ਭਾਈ ਗੁਰਸ਼ਰਨ ਸਿੰਘ ਕੋਮਲ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ।ਇਸ ਮੌਕੇ ਭਾਈ ਸੁਖਦੇਵ ਸਿੰਘ, ਭਾਈ ਅਮਨਦੀਪ ਸਿੰਘ ਅਤੇ ਬੀਬੀਆਂ ਦੇ ਜੱਥੇ ਵੱਲੋਂ ਜਪੁਜੀ ਸਾਹਿਬ, ਚੌਪਈ ਸਾਹਿਬ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਸੰਗਤਾਂ ਵੱਲੋਂ ਸਤਿਨਾਮ ਵਾਹਿਗੁਰੂ ਜੀ ਦਾ ਜਾਪ ਕੀਤਾ ਗਿਆ।ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਕਿਹਾ ਕਿ ਅਜਿਹੇ ਗੁਰਮਤਿ ਸਮਾਗਮ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨ ਅਤੇ ਆਤਮਿਕ ਉਤਸ਼ਾਹ ਵਧਾਉਣ ਲਈ ਬਹੁਤ ਮਹੱਤਵਪੂਰਨ ਹਨ।ਅੰਤ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਦਵਿੰਦਰ ਕੌਰ ਸੋਹਲ, ਹਰਭਜਨ ਕੌਰ, ਹਰਮਿੰਦਰ ਕੌਰ, ਪਰਵਿੰਦਰ ਕੌਰ ਲਾਇਲਪੁਰੀ, ਅਮਰਜੀਤ ਕੌਰ, ਬਲਜੀਤ ਕੌਰ, ਅਨੂਪ ਕੌਰ, ਰਣਜੀਤ ਕੌਰ, ਮਨਜੀਤ ਕੌਰ ਬੱਬਲ, ਕੁਲਵੰਤ ਕੌਰ ਡੰਗ, ਪਰਮਜੀਤ ਕੌਰ, ਜਸਵਿੰਦਰ ਕੌਰ, ਸੁਰਿੰਦਰ ਕੌਰ, ਨਰਿੰਦਰ ਕੌਰ, ਸੁਖਵਿੰਦਰ ਕੌਰ, ਗੁਰਿੰਦਰ ਕੌਰ, ਬਲਵਿੰਦਰ ਕੌਰ, ਬਲਜੀਤ ਕੌਰ, ਜਸਵੀਰ ਕੌਰ, ਹਰਦੀਪ ਕੌਰ, ਮਨਪ੍ਰੀਤ ਕੌਰ, ਰਜਿੰਦਰ ਕੌਰ, ਪਰਮਜੀਤ ਕੌਰ, ਲਵਦੀਪ ਕੌਰ, ਤਰਲੋਚਨ ਸਿੰਘ ਬੱਬਰ, ਗੁਰਜੀਤ ਸਿੰਘ ਗਿੱਲ ਐਨਆਰਆਈ, ਅਰਜਨ ਸਿੰਘ ਚੀਮਾ, ਇੰਦਰਜੀਤ ਸਿੰਘ ਮੱਕੜ, ਬਲਜੀਤ ਸਿੰਘ ਦੁਖੀਆ, ਤੇਜਿੰਦਰ ਸਿੰਘ ਡੰਗ, ਪਰਮਜੀਤ ਸਿੰਘ ਲਾਇਲਪੁਰੀ, ਸੁਰਿੰਦਰਜੀਤ ਸਿੰਘ ਮੱਕੜ, ਇੰਦਰਜੀਤ ਸਿੰਘ ਗੋਲਾ, ਮੋਹਨ ਸਿੰਘ ਚੌਹਾਨ, ਜੱਥੇਦਾਰ ਲਖਵਿੰਦਰ ਸਿੰਘ ਲੱਖਾ, ਅਵਤਾਰ ਸਿੰਘ ਪਨੇਸਰ, ਪ੍ਰੀਤਮ ਸਿੰਘ ਮਣਕੂ, ਭਾਈ ਸੁਖਦੇਵ ਸਿੰਘ, ਦਵਿੰਦਰ ਸਿੰਘ ਸਿੱਬਲ, ਗੁਰਮੀਤ ਸਿੰਘ , ਸੁਰਿੰਦਰ ਸਿੰਘ. ਨਾਰੰਗ ਵੀ ਗੁਰੂ ਘਰ ਨਤਮਸਤਕ ਹੋਏ।

# ਸ਼ਾਂਤਮਈ ਧਰਨਾ ਦੇ ਰਹੇ ਕਿਸਾਨਾਂ ਉੱਤੇ ਸਰਕਾਰ ਵੱਲੋਂ ਲਾਠੀਚਾਰਜ ਦੀ ਨਿੰਦਾ

ਲੁਧਿਆਣਾ 24 ਮਾਰਚ (ਰਵਿੰਦਰ ਸਿੰਘ ਨਿੱਝਰ) ਐਸ.ਕੇ.ਐਮ. ਗੈਰ ਸਿਆਸੀ ਪੰਜਾਬ ਅਤੇ ਹਰਿਆਣਾ ਚੈਪਟਰ ਵੱਲੋਂ ਅੱਜ ਤੜਕਸਾਰ ਆਨਲਾਈਨ ਮੀਟਿੰਗ ਕੀਤੀ ਗਈ ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਅੰਮ੍ਰਿਤਸਰ ਵਿਖੇ ਚੱਲ ਰਹੇ ਸ਼ਾਂਤਮਈ ਧਰਨੇ ਦੇ ਉੱਪਰ ਪੁਲਿਸ ਨੂੰ ਪਾਵਰਾਂ ਦੇ ਜੋ ਲਾਠੀਚਾਰਜ ਕਰਵਾਇਆ ਗਿਆ ਅਤੇ 50, 60 ਕਿਸਾਨ ਆਗੂਆਂ ਅਤੇ ਕਿਸਾਨਾਂ ਨੂੰ ਗ੍ਰਿਫਤਾਰ ਕਰਕੇ ਧਰਨਾ ਸਮਾਪਤ ਕਰਨ ਦੀ ਸਖ਼ਤ ਸ਼ਬਦਾਂ ਦੇ ਵਿੱਚ ਨਿਖੇਧੀ ਕੀਤੀ ਹੈ! ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਚੱਲ ਰਹੇ ਕਿਸਾਨ ਅੰਦੋਲਨ ਦੀ ਅੱਜ ਸਵੇਰੇ 5 ਵਜੇ ਧਰਨੇ ਵਿੱਚ ਭਾਰੀ ਪੁਲੀਸ ਬਲ ਦੇ ਨਾਲ ਹਮਲਾ ਕਰਦੇ ਹੋਏ ਕਿਸਾਨਾਂ ਤੇ ਲਾਠੀ ਚਾਰਜ ਕੀਤਾ ਅਤੇ ਉਹਨਾਂ ਨੂੰ ਗ੍ਰਿਫਤਾਰ ਕਰਕੇ ਧਰਨਾ ਚੁਕਵਾ ਦਿੱਤਾ ਗਿਆ ਐਸ.ਕੇ.ਐਮੀ ਗੈਰ ਸਿਆਸੀ ਦੇ ਆਗੂ ਇੰਦਰਜੀਤ ਸਿੰਘ ਕੋਟਬੁੱਢਾ, ਸੁਖਜੀਤ ਸਿੰਘ ਹਰਦੋਝੰਡੇ, ਲਖਵਿੰਦਰ ਸਿੰਘ ਸਰਸਾ, ਗੁਰਿੰਦਰ ਸਿੰਘ ਭੰਗੂ, ਬਚਿੱਤਰ ਸਿੰਘ ਕੋਟਲਾ, ਗੁਰਸੇਵਕ ਸਿੰਘ ਧਾਲੀਵਾਲ ਵੱਲੋਂ ਆਨਲਾਈਨ ਮੀਟਿੰਗ ਵਿੱਚ ਭਗਵੰਤ ਮਾਨ ਸਰਕਾਰ ਦੇ ਦਮਨਕਾਰੀ ਨੀਤੀ ਸੰਘਰਸ਼ ਕਰਨ ਵਾਲੇ ਲੋਕਾਂ ਦੀ ਸੱਚ ਦੀ ਆਵਾਜ਼ ਨੂੰ ਕੁਚਲਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਮੋਰਚੇ ਵੱਲੋਂ ਭਗਵੰਤ ਮਾਨ ਸਰਕਾਰ ਨੂੰ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਗ੍ਰਿਫਤਾਰ ਕੀਤੇ ਕਿਸਾਨਾਂ ਅਤੇ ਕਿਸਾਨ ਆਗੂਆਂ ਨੂੰ ਜਲਦ ਤੋਂ ਜਲਦ ਰਿਹਾ ਕੀਤਾ ਜਾਵੇ ।

# ਭਾ.ਕਿ.ਯੂ. ਚੜੂਨੀ ਵੱਲੋਂ ਪਿੱਪਲੀ ਰੈਲੀ ਵਿੱਚ ਲੁਧਿਆਣਾ ਤੋਂ ਜੱਥਾ ਰਵਾਨਾ



ਲੁਧਿਆਣਾ, 24 ਮਾਰਚ (ਰਵਿੰਦਰ ਸਿੰਘ ਨਿੱਝਰ) : ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਕੌਮੀ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਵੱਲੋਂ ਹਰਿਆਣਾ ਦੇ ਪਿੱਪਲੀ ਵਿਖੇ ਰੱਖੀ ਜਨਕ੍ਰਾਂਤੀ ਮਜ਼ਦੂਰ ਕਿਸਾਨ ਰੈਲੀ ਵਿੱਚ ਸ਼ਾਮਿਲ ਹੋਣ ਲਈ ਲੁਧਿਆਣਾ ਤੋਂ ਅੱਜ ਕਾਰਾਂ ਅਤੇ ਬੱਸਾਂ ਵੱਡਾ ਕਾਫਲਾ ਲੈ ਕੇ ਮਨਜੋਤ ਸਿੰਘ ਗਰੇਵਾਲ ਇੰਚਾਰਜ ਪੰਜਾਬ ਅਤੇ ਹਿਮਾਚਲ, ਸੂਬਾ ਜਨਰਲ ਸਕੱਤਰ ਜਗਜੀਤ ਸਿੰਘ ਅਰੋੜਾ, ਰੋਸ਼ਨ ਸਾਗਰ ਅਤੇ ਕੈਪਟਨ ਕੁਲਵੰਤ ਸਿੰਘ ਦੀ ਅਗਵਾਈ ਚ ਵੱਡਾ ਕਾਫਲਾ ਲੈ ਕੇ ਸ਼ਾਮਿਲ ਹੋਏ।ਇਸ ਮੌਕੇ ਰੈਲੀ ਲਈ ਬੱਸਾਂ ਅਤੇ ਕਾਰਾਂ ਦਾ ਕਾਫ਼ਲੇ ਨੂੰ ਰਵਾਨਾ ਕਰਨ ਮੌਕੇ ਅਰੋੜਾ ਅਤੇ ਹੋਰਾਂ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਮਰੀਕਾ ਨਾਲ ਟਰੇਡ ਡੀਲ ਕੀਤੀ ਹੈ ਉਸ ਖਿਲਾਫ ਅੱਜ ਰੈਲੀ ਵਿੱਚ ਸ਼ਾਮਲ ਹੋਣ ਲਈ ਵੱਡਾ ਕਾਫਲਾ ਸ਼ੇਰਪੁਰ ਚੌਂਕ ਤੋਂ ਰਵਾਨਾ ਹੋਇਆ। ਰੈਲੀ ਵਿੱਚ ਡਿਫੈਂਸ ਵੈਟਰਨ ਔਰਗਨਾਈਜੇਸ਼ਨ ਦੇ ਸਾਬਕਾ ਫੌਜੀ ਵੱਡੀ ਗਿਣਤੀ ਵਿੱਚ ਰੈਲੀ ਲਈ ਸ਼ਾਮਿਲ ਹੋਏ। ਉਨ੍ਹਾਂ ਕਿਹਾ ਕਿ ਵਿਦੇਸ਼ੀ ਕੰਪਨੀਆਂ ਨੂੰ ਖੁੱਲ੍ਹੀ ਛੂਟ ਮਿਲਣ ਨਾਲ ਭਾਰਤ ਦੇ ਛੋਟੇ ਤੇ ਦਰਮਿਆਨੇ ਕਿਸਾਨਾਂ ਦੀ ਆਮਦਨ ਉੱਤੇ ਮਾਰ ਪਵੇਗੀ ਅਤੇ ਖੇਤੀਬਾੜੀ ਖੇਤਰ ਵਿੱਚ ਅਸਥਿਰਤਾ ਪੈਦਾ ਹੋ ਸਕਦੀ ਹੈ। ਉਹਨਾਂ ਕਿਹਾ ਕਿ ਭਾ ਕਿ ਯੂ ਚੜੂਨੀ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰਦੀ ਆ ਰਹੀ ਹੈ ਅਤੇ ਕਿਸੇ ਵੀ ਅਜਿਹੇ ਫੈਸਲੇ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ ਅਤੇ ਇਹ ਡੀਲ ਰੱਦ ਹੋ ਕੇ ਰਹੇਗੀ। ਇਸ ਮੌਕੇ ਜਗਜੀਤ ਸਿੰਘ ਕੂੰਨਰ, ਕੈ ਨਛੱਤਰ ਸਿੰਘ, ਸੁਲੱਖਣ ਸਿੰਘ ਮੰਡ, ਸੁਖਦੇਵ ਸਿੰਘ ਕਨੀਜ਼ਾਂ ,ਮਲਕੀਤ ਸਿੰਘ ਜਲੰਧਰ, ਪ੍ਰਭਜੋਤ ਸਿੰਘ ਜਲੰਧਰ, ਦਲਵਿੰਦਰ ਸਿੰਘ ਘੁੰਮਣ, ਸਤਨਾਮ ਸਿੰਘ ਮੁਹਾਲੀ, ਭੁਪਿੰਦਰ ਸਿੰਘ ਯੋਗੀ, ਹਰਦੀਪ ਸਿੰਘ ਬਾਜੜਾ, ਕੇਵਲ ਸਿੰਘ ਸੰਧੂ, ਰਵਿੰਦਰ ਸਿੰਘ, ਅਜੈਬ ਸਿੰਘ, ਬਿੱਲੂ, ਸਤਨਾਮ ਸਿੰਘ, ਦੀਦਾਰ ਸਿੰਘ ਗੋਲਡੀ, ਇੰਦਰਜੀਤ ਸਿੰਘ, ਜਸਪ੍ਰੀਤ ਸਿੰਘ, ਹਰਮੇਸ਼ ਸਿੰਘ ਕਨੋਰ, ਕੇਸਰ ਸਿੰਘ, ਸੁਖਵਿੰਦਰ ਸਿੰਘ ਭੰਗੂ, ਜੀਤ ਸਿੰਘ, ਜਤਿੰਦਰ ਸਿੰਘ, ਅਮਰਜੋਤ ਸਿੰਘ, ਜੋਗਿੰਦਰ ਸਿੰਘ ਟਾਈਗਰ, ਲਾਡੀ ਪ੍ਰਧਾਨ, ਜਸਮੇਰ ਸਿੰਘ ਭੱਲਾ, ਰਵਿੰਦਰ ਸਿੰਘ ਸੈਣੀ ਆਦਿ ਹਾਜ਼ਰ ਸਨ।

# ਭਗਤ ਸਿੰਘ ਵਰਗੇ ਸੂਰਮਿਆਂ ਦੀ ਸੋਚ 'ਤੇ ਪਹਿਰਾ ਦੇਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ : ਸੋਖੀ



ਲੁਧਿਆਣਾ, 24 ਮਾਰਚ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਜਨਰਲ ਸਕੱਤਰ ਪੰਜਾਬ ਅਤੇ ਹਲਕਾ ਆਤਮ ਨਗਰ ਦੇ ਇੰਚਾਰਜ ਜਗਬੀਰ ਸਿੰਘ ਸੋਖੀ ਨੇ ਆਪਣੇ ਸਾਥੀਆਂ ਸਮੇਤ ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸ਼ਰਧਾ ਦੇ ਫੁੱਲ ਅਤੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਭਗਤ ਸਿੰਘ ਜੀ ਸਿਰਫ਼ ਇੱਕ ਵਿਅਕਤੀ ਨਹੀਂ ਸਨ, ਸਗੋਂ ਇੱਕ ਸੋਚ, ਇੱਕ ਇਨਕਲਾਬ ਅਤੇ ਦੇਸ਼ ਭਗਤੀ ਦਾ ਅਮਰ ਪ੍ਰਤੀਕ ਹਨ, ਜਿਨ੍ਹਾਂ ਨੇ ਨੌਜਵਾਨੀ ਵਿੱਚ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ, ਜੋ ਅੱਜ ਵੀ ਹਰ ਪੰਜਾਬੀ ਅਤੇ ਹਰ ਭਾਰਤੀ ਲਈ ਮਾਣ ਦੀ ਗੱਲ ਹੈ। ਕਿਉਂਕਿ ਉਨ੍ਹਾਂ ਨੇ ਨਾ ਕੇਵਲ ਅੰਗਰੇਜ਼ ਹਕੂਮਤ ਦਾ ਡਟ ਕੇ ਮੁਕਾਬਲਾ ਕੀਤਾ, ਬਲਕਿ ਲੋਕਾਂ ਵਿੱਚ ਆਜ਼ਾਦੀ ਦੀ ਲਹਿਰ ਨੂੰ ਜਗਾਇਆ। ਅੱਜ ਦੇ ਸਮੇਂ ਵਿੱਚ ਵੀ ਉਨ੍ਹਾਂ ਦੇ ਵਿਚਾਰ, ਦੇਸ਼ ਪ੍ਰੇਮ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਹਨ। ਜਗਬੀਰ ਸੋਖੀ ਨੇ ਕਿਹਾ ਕਿ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਸ਼ਹੀਦਾਂ ਦੀ ਕੁਰਬਾਨੀ ਨੂੰ ਵਿਅਰਥ ਨਾ ਜਾਣ ਦੇਈਏ ਅਤੇ ਦੇਸ਼ ਦੀ ਤਰੱਕੀ, ਏਕਤਾ ਅਤੇ ਭਾਈਚਾਰੇ ਲਈ ਕੰਮ ਕਰੀਏ। ਇਸ ਮੌਕੇ ਕੁਲਦੀਪ ਸਿੰਘ ਖਾਲਸਾ, ਜਤਿੰਦਰ ਸਿੰਘ ਖਾਲਸਾ, ਤੇਜਾ ਸਿੰਘ ਖਾਲਸਾ, ਪਰਵੀਨ ਭਾਰਤੀ ਬਲਕਾਰ ਸਿੰਘ ਸਵਾਲੀ, ਇੰਦਰਜੀਤ ਸਿੰਘ ਰੂਬੀ ਲੋਟੇ ਅਤੇ ਮਨਜੀਤ ਸਿੰਘ ਰੰਗੀ ਆਦਿ ਸਾਥੀ ਹਾਜ਼ਰ ਸਨ।

# ਐਸ.ਡੀ.ਐਫ. ਵੱਲੋਂ ਵਿਸਾਖੀ ਦਿਹਾੜੇ ਮੌਕੇ 'ਨਸ਼ਾ ਮੁਕਤ ਪੰਜਾਬ' ਮੁਹਿੰਮ ਦੀ ਸ਼ੁਰੂਆਤ : ਹੌਬੀ

ਲੁਧਿਆਣਾ, 24 ਮਾਰਚ (ਰਵਿੰਦਰ ਸਿੰਘ ਨਿੱਝਰ): ਭਾਜਪਾ ਪੰਜਾਬ ਦੇ ਸੀਨੀਅਰ ਆਗੂ ਅਤੇ ਸਟੂਡੈਂਟਸ ਡੈਮੋਕਰੇਟਿਕ ਫੈਡਰੇਸ਼ਨ ਐਸਡੀਐਫ ਦੇ ਕੌਮੀ ਪ੍ਰਧਾਨ ਜਸਪ੍ਰੀਤ ਸਿੰਘ ਹੌਬੀ ਵੱਲੋਂ ਲੁਧਿਆਣਾ ਵਿਖੇ ਜਥੇਬੰਦੀ ਦੇ ਕੁਝ ਸੀਨੀਅਰ ਮੈਂਬਰ ਸਾਹਿਬਾਨਾਂ ਦੀ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਪੰਜਾਬ ਸੂਬੇ ਅੰਦਰ ਦਿਨ ਬਦਿਨ ਵਿਦਿਆਰਥੀ ਵਰਗ ਅਤੇ ਨੌਜਵਾਨਾਂ ਵਿੱਚ ਵੱਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਘਟਾਉਣ ਅਤੇ ਨਸ਼ਿਆਂ ਦੀ ਰੋਕਥਾਮ ਸਬੰਧੀ ਵੱਲੋਂ ਵਿਦਿਆਰਥੀਆਂ ਅਤੇ ਨੌਜਵਾਨਾਂ ਵਿੱਚ ਜਾਗਰੂਕਤਾ ਲਿਆਉਣ ਲਈ ਜਥੇਬੰਦੀ ਦੀ ਟੀਮ ਵੱਲੋਂ ਵਿਸਾਖੀ ਵਾਲੇ ਦਿਹਾੜੇ ਮੌਕੇ 'ਨਸ਼ਾ ਮੁਕਤ ਪੰਜਾਬ' ਮੁਹਿੰਮ ਦੀ ਸ਼ੁਰੂਆਤ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਵਿੱਚ ਜਥੇਬੰਦੀ ਦੀ ਟੀਮ ਦੇ ਕੁਝ ਮੈਂਬਰ ਸਾਹਿਬਾਨਾਂ ਵੱਲੋਂ ਇੱਕ ਕਮੇਟੀ ਬਣਾ ਕੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਨਸ਼ਿਆਂ ਦੇ ਜ਼ਿੰਦਗੀ ਵਿੱਚ ਭੈੜੇ ਨਤੀਜੇ ਅਤੇ ਨਸ਼ਿਆਂ ਨੂੰ ਛੱਡਣ ਦੇ ਲਾਭ ਸਬੰਧੀ ਸੈਮੀਨਾਰ ਅਤੇ ਜਾਗਰੂਕਤਾ ਕੈਂਪ ਲਗਾਉਣ ਦੇ ਨਾਲ ਨਾਲ ਲਿਟਰੇਚਰ ਵੀ ਵੰਡਿਆ ਜਾਵੇਗਾ ਅਤੇ ਇਸ ਦੇ ਨਾਲ ਵਿਦਿਆਰਥੀ ਵਰਗ ਦੀ ਮੱਦਦ ਲੈ ਕੇ ਨਸ਼ਾ ਮੁਕਤ ਪੰਜਾਬ ਦਾ ਸੁਪਨਾ ਸਾਕਾਰ ਕਰਨ ਅਤੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀ ਵਰਗ ਦੀ ਜ਼ਿੰਦਗੀ ਵਿੱਚੋਂ ਨਸ਼ਿਆਂ ਦੇ ਭੈੜੇ ਰੁਝਾਨ ਨੂੰ ਬਾਹਰ ਕੱਢਣ ਲਈ ਇੱਕ ਵਿਸ਼ੇਸ਼ ਦਸਤਖਤ ਮੁਹਿੰਮ ਵੀ ਚਲਾਈ ਜਾਵੇਗੀ, ਜਿਸ ਵਿੱਚ ਵਿਦਿਆਰਥੀ ਵਰਗ ਤੋਂ ਲੈ ਕੇ ਹਰ ਵਰਗ ਤੱਕ ਜੋ ਨਸ਼ਾ ਮੁਕਤ ਪੰਜਾਬ ਅਤੇ ਪੰਜਾਬ ਨੂੰ ਸੋਨੇ ਦੀ ਚਿੜੀ ਦੇਖਣਾ ਚਾਹੁੰਦਾ ਹੈ, ਉਸ ਵੱਲੋਂ ਇੱਕ ਸਾਂਝੇ ਪਲੇਟਫਾਰਮ ਉੱਪਰ ਦਸਤਖਤ ਕਰਕੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਆਪਣੇ ਵੱਲੋਂ ਯੋਗਦਾਨ ਪਾਇਆ ਜਾਵੇਗਾ।

ਇਸ ਮੌਕੇ ਸ. ਹੌਬੀ ਨੇ ਕਿਹਾ ਕਿ ਜਿਹੜੇ ਵਿਦਿਆਰਥੀ ਇਸ ਮੁਹਿੰਮ ਨੂੰ ਸਮਰਥਨ ਅਤੇ ਹੁੰਗਾਰਾ ਦੇਣਗੇ ਉਹਨਾਂ ਨੂੰ ਜਥੇਬੰਦੀ ਵੱਲੋਂ ਮੈਂਬਰਸ਼ਿਪ ਦੇ ਕੇ ਐਸਡੀਐਫ ਮੈਂਬਰਸ਼ਿਪ 2026 ਦਾ ਵਿਸ਼ੇਸ਼ ਹਿੱਸਾ ਵੀ ਬਣਾਇਆ ਜਾਵੇਗਾ।



ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਤਪ ਅਸਥਾਨ ਨਾਨਕਸਰ ਠਾਠ ਝੋਰੜਾਂ ਵਿਖੇ ਨਤਮਸਤਕ ਹੋਣ ਮੌਕੇ ਨਾਨਕਸਰ ਸੰਪਰਦਾ ਦੇ ਮੌਜੂਦਾ ਮੁਖੀ ਸ੍ਰੀਮਾਨ ਸੰਤ ਬਾਬਾ ਘਾਲਾ ਸਿੰਘ ਪਾਸੋਂ ਸਿਰ ਪਾਓ ਅਤੇ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ ਸੀਨੀਅਰ ਭਾਜਪਾ ਆਗੂ ਤੇ ਪੰਜਾਬ ਮੀਡੀਅਮ ਉਦਯੋਗ ਵਿਕਾਸ ਬੋਰਡ ਦੇ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਟਿੱਕਾ
(ਫੋਟੋ ਵੇਰਵਾ: ਰਵਿੰਦਰ ਸਿੰਘ ਨਿੱਝਰ)


ਬੈਂਕ ਆਫ਼ ਮਹਾਰਾਸ਼ਟਰਾ
Bank of Maharashtra
भारत सरकार का उद्यम

ਜ਼ੋਨਲ ਦਫ਼ਤਰ :- ਪਹਿਲੀ ਮੰਜ਼ਿਲ, ਜੈ ਕਰਤਾਰ ਭਵਨ, ਨੇੜੇ ਸਰਕਟ ਹਾਊਸ, ਫਿਰੋਜ਼ਪੁਰ ਰੋਡ, ਲੁਧਿਆਣਾ-141001, ਫੋਨ : 0161-2495472
E-MAIL: Recovery_ldh@bankofmaharashtra.bank.in, Legal_ldh@bankofmaharashtra.bank.in
ਮੁੱਖ ਦਫ਼ਤਰ : 'ਲੋਕਮੰਗਲ', 1501 ਸ਼ਿਵਾਜੀਨਗਰ, ਪੁਣੇ 411005

## ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ

ਨਿਰੀਖਣ 06.04.2026 ਨੂੰ ਸਵੇਰੇ 11.00 ਵਜੇ ਤੋਂ ਦੁਪਹਿਰ 3.00 ਵਜੇ ਤੱਕ (ਸਬੰਧਤ ਸ਼ਾਖਾ ਮੁਖੀ ਜਾਂ ZO ਨਾਲ ਪਹਿਲਾਂ ਮੁਲਾਕਾਤ 'ਤੇ)

ਈ-ਨਿਲਾਮੀ ਦੀ ਮਿਤੀ ਅਤੇ ਸਮਾਂ: 16.04.2026, ਮੰਗਲਵਾਰ, ਸਵੇਰੇ 11:00 ਵਜੇ ਤੋਂ ਦੁਪਹਿਰ 03:00 ਵਜੇ ਤੱਕ (ਜੇਕਰ ਆਖਰੀ 5 ਮਿੰਟਾਂ ਦੇ ਅੰਦਰ ਬੋਲੀ ਲਗਾਈ ਜਾਂਦੀ ਹੈ ਤਾਂ 5 ਮਿੰਟ ਲਈ ਆਟੋ ਐਕਸਟੈਂਸ਼ਨ ਦੇ ਨਾਲ)

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।
ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ/ਾਂ ਅਤੇ ਜ਼ਾਮਨ/ਾਂ ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ **ਬੈਂਕ ਆਫ ਮਹਾਰਾਸ਼ਟਰਾ** ਕੋਲ ਬੰਦੀ/ਗਿਰਵੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ ਕਬਜ਼ਾ **ਬੈਂਕ ਆਫ ਮਹਾਰਾਸ਼ਟਰਾ** ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਸਾਰਣੀ ਵਿਚ ਦਰਸਾਏ ਅਨੁਸਾਰ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ **ਬੈਂਕ ਆਫ ਮਹਾਰਾਸ਼ਟਰਾ** ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ 16.04.2026 ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" ਅਧਾਰ 'ਤੇ ਕੀਤੀ ਜਾਵੇਗੀ। ਕਰਜ਼ਦਾਰ/ਾਂ ਅਤੇ ਜ਼ਾਮਨ/ਾਂ, ਬਕਾਇਆ ਰਕਮ, ਅਚੱਲ ਸੰਪੱਤੀ ਅਤੇ ਜਾਣੂੰ ਦੇਣਦਾਰੀਆਂ ਦਾ ਸੰਖੇਪ ਵੇਰਵਾ, ਕਬਜ਼ੇ ਦੀ ਕਿਸਮ, ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਦੇ ਵੇਰਵੇ ਹੇਠਾਂ ਵੀ ਦਰਸਾਏ ਗਏ ਹਨ :-

| ਲੜੀ ਨੰ. | ਸ਼ਾਖਾ<br>ਕਰਜ਼ਦਾਰ/ਜ਼ਾਮਨ/ਸਹਿ ਕਰਜ਼ਦਾਰ/ਪ੍ਰੋਪਰਾਈਟਰ ਦਾ ਨਾਮ | ਬਕਾਇਆ ਰਕਮ (ਇਸ ਉਪਰੰਤ ਖਾਤੇ ਵਿਚ ਹੋਈ ਵਸੂਲੀ ਮਨਫੀ ਕਰਕੇ ਅਤੇ ਬੈਂਕ ਦੇ ਸਾਰੇ ਬਕਾਇਆਂ ਦੀ ਅੰਤਿਮ ਭਰਪਾਈ ਤੱਕ) | ਜਾਣੂੰ ਦੇਣਦਾਰੀਆਂ ਸਮੇਤ ਅਚੱਲ ਸੰਪੱਤੀ ਦੇ ਸੰਖੇਪ ਵੇਰਵੇ | ਕਬਜ਼ੇ ਦੀ ਕਿਸਮ | ਰਾਖਵੀਂ ਕੀਮਤ<br>ਬਿਆਨਾ ਰਕਮ<br>ਨਿਲਾਮੀ ਦੀ ਮਿਤੀ |
|---|---|---|---|---|---|
| 1. | ਸ਼ਾਖਾ : ਸਿਵਲ ਲਾਈਨ ਲੁਧਿਆਣਾ<br>ਕਰਜ਼ਦਾਰ: ਮੈਸਰਜ਼ ਗੌਡਵਿਨ ਸਟੀਲ ਇੰਡਸਟਰੀਜ਼ ਰਾਹੀਂ ਆਪਣੇ ਪ੍ਰੋਪ. ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਨੰਦੂ ਰਾਮ। ਜ਼ਾਮਨ/ਸਹਿ-ਕਰਜ਼ਦਾਰ/ਪ੍ਰੋਪ.: ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਨੰਦੂ ਰਾਮ ਅਤੇ ਸ਼੍ਰੀਮਤੀ ਰੇਣੂ ਬਾਲਾ ਪਤਨੀ ਸ਼੍ਰੀ ਨਿਰਮਲ ਸਿੰਘ | Rs. 4,93,81,986.00<br>ਜਮ੍ਹਾਂ 30.07.2025 ਤੋਂ ਪ੍ਰਭਾਵੀ ਗੈਰ ਲਾਗੂ ਵਿਆਜ, ਖਰਚੇ ਅਤੇ ਹੋਰ ਫੀਸਾਂ ਲਾਗੂ ਅਨੁਸਾਰ | ਸਾਲ 2009-10 ਦੀ ਜਮਾਂਬੰਦੀ ਅਨੁਸਾਰ, ਖਸਰਾ ਨੰਬਰ 474 ਅਤੇ 475, ਖਾਤਾ ਨੰਬਰ 131/146, 243/274 ਪੰਨਾ ਨੰਬਰ 332 ਵਿੱਚ ਸ਼ਾਮਲ 545 ਵਰਗ ਗਜ਼ ਦੇ ਪਲਾਟ 'ਤੇ ਬਣੀ ਉਦਯੋਗਿਕ ਜਾਇਦਾਦ ਦਾ ਬਰਾਬਰੀ ਵਾਲਾ ਗਿਰਵੀਨਾਮਾ, ਜੋ ਕਿ ਪਿੰਡ ਲੋਹਾਰਾ ਹੱਦਬਸਤ ਨੰਬਰ 260, ਆਮ ਕਲੋਨੀ ਵਜੋਂ ਜਾਣਿਆ ਜਾਂਦਾ ਇਲਾਕਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਨੰਦੂ ਰਾਮ ਦੇ ਨਾਮ 'ਤੇ ਵਿਕਰੀ ਡੀਡ ਨੰਬਰ 2019-20/103/1/12478 ਮਿਤੀ 23.01.2020 ਦੁਆਰਾ ਰਜਿਸਟਰਡ ਹੈ ਅਤੇ ਇਸਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: ਪੂਰਬ: ਜਤਿੰਦਰ ਕੁਮਾਰ ਮਾਪ 108'09", ਪੱਛਮ: ਗੁਆਂਢੀ ਮਾਪ 108'09", ਉੱਤਰ: ਗਲੀ 40' ਚੌੜੀ ਮਾਪ 45'01", ਦੱਖਣ: ਗੁਆਂਢੀ ਮਾਪ 45'01" | ਸੰਕੇਤਕ ਕਬਜ਼ਾ | Rs. 69,00,000/-<br>Rs. 6,90,000/-<br>Rs. 50,000/- |
| 2. | ਸ਼ਾਖਾ : ਸਿਵਲ ਲਾਈਨ ਲੁਧਿਆਣਾ<br>ਕਰਜ਼ਦਾਰ: ਮੈਸਰਜ਼ ਗੌਡਵਿਨ ਸਟੀਲ ਇੰਡਸਟਰੀਜ਼ ਰਾਹੀਂ ਆਪਣੇ ਪ੍ਰੋਪ. ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਨੰਦੂ ਰਾਮ। ਜ਼ਾਮਨ/ਸਹਿ-ਕਰਜ਼ਦਾਰ/ਪ੍ਰੋਪ.: ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਨੰਦੂ ਰਾਮ ਅਤੇ ਸ਼੍ਰੀਮਤੀ ਰੇਣੂ ਬਾਲਾ ਪਤਨੀ ਸ਼੍ਰੀ ਨਿਰਮਲ ਸਿੰਘ | ਰੂ. 4,93,81,986.00<br>ਜਮ੍ਹਾਂ 30.07.2025 ਤੋਂ ਪ੍ਰਭਾਵੀ ਗੈਰ ਲਾਗੂ ਵਿਆਜ, ਖਰਚੇ ਅਤੇ ਹੋਰ ਫੀਸਾਂ ਲਾਗੂ ਅਨੁਸਾਰ | ਸਾਲ 2012-13 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 34//7/1/2, ਖਾਤਾ ਨੰਬਰ 146/148, ਹੱਦਬਸਤ ਨੰਬਰ 278, ਪਿੰਡ ਢੁੱਲੇਵਾਲ ਇਲਾਕੇ, ਬਸੰਤ ਵਾਟਿਕਾ (PUDA ਦੁਆਰਾ ਮਨਜ਼ੂਰਸ਼ੁਦਾ) ਵਜੋਂ ਜਾਣਿਆ ਜਾਂਦਾ ਇਲਾਕਾ, ਫਲਾਵਰ ਐਨਕਲੇਵ ਦੇ ਨੇੜੇ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ 125 ਵਰਗ ਗਜ਼ ਦੇ ਪਲਾਟ 'ਤੇ ਬਣੀ ਰਿਹਾਇਸ਼ੀ ਜਾਇਦਾਦ ਦਾ ਬਰਾਬਰੀ ਵਾਲਾ ਗਿਰਵੀਨਾਮਾ, ਜੋ ਕਿ ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਨੰਦੂ ਰਾਮ ਦੇ ਨਾਮ 'ਤੇ ਵਿਕਰੀ ਡੀਡ ਵਸੀਕਾ ਨੰਬਰ 6002 ਮਿਤੀ 03.08.2016 ਦੁਆਰਾ ਰਜਿਸਟਰਡ ਹੈ ਅਤੇ ਇਸ ਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: ਪੂਰਬ: ਪਲਾਟ 64 ਮਾਪ 45'00", ਪੱਛਮ: ਪਲਾਟ 62 ਮਾਪ 45'00", ਉੱਤਰ: ਸੜਕ 35' ਚੌੜੀ ਮਾਪ 25'00", ਦੱਖਣ: ਗੁਆਂਢੀ ਮਾਪ 25'00" | ਸੰਕੇਤਕ ਕਬਜ਼ਾ | Rs. 98,00,000/-<br>Rs. 9,80,000/-<br>Rs. 50,000/- |
| 3. | ਸ਼ਾਖਾ : ਮੁਕਤਸਰ<br>**ਕਰਜ਼ਦਾਰ : ਸ਼੍ਰੀਮਤੀ ਬਿੰਦੂ ਰਾਣੀ ਪਤਨੀ ਸ਼੍ਰੀ ਮਨੋਜ ਕੁਮਾਰ ਜ਼ਾਮਨ/ਸਹਿ ਕਰਜ਼ਦਾਰ/ਪ੍ਰੋਪ. ਸ਼੍ਰੀ ਮਨੋਜ ਕੁਮਾਰ ਸਪੁੱਤਰ ਸ਼੍ਰੀ ਭੂਪ ਚੰਦ** | ਰੂ. 21,25,449/-<br>ਜਮ੍ਹਾਂ 01.05.2024 ਤੋਂ ਪ੍ਰਭਾਵੀ ਗੈਰ ਲਾਗੂ ਵਿਆਜ, ਖਰਚੇ ਅਤੇ ਹੋਰ ਫੀਸਾਂ ਲਾਗੂ ਅਨੁਸਾਰ | ਸ਼੍ਰੀਮਤੀ ਬਿੰਦੂ ਰਾਣੀ ਪਤਨੀ ਸ਼੍ਰੀ ਮਨੋਜ ਕੁਮਾਰ, ਪੁੱਤਰ ਸ਼੍ਰੀ ਭੂਪ ਚੰਦ ਦੇ ਨਾਮ 'ਤੇ ਵਸੀਕਾ ਨੰ. 299 ਮਿਤੀ 23/04/2018 ਦੁਆਰਾ ਦਰਜ 4 ਮਰਲੇ ਦੀ ਰਿਹਾਇਸ਼ੀ ਜਾਇਦਾਦ ਕੁੱਲ ਜ਼ਮੀਨ (23 ਕਨਾਲ-10 ਮਰਲੇ) ਦਾ 2/235ਵਾਂ ਹਿੱਸਾ ਹੈ ਜਿਸ ਵਿੱਚ ਖੇਵਟ ਨੰ. 1255 ਖਤੌਨੀ ਨੰ. 1759 ਖਸਰਾ ਨੰ. 3280 (23-10) ਸਾਲ 2015-16 ਲਈ ਜਮ੍ਹਾਂਬੰਦੀ ਅਨੁਸਾਰ ਹਦਬਸਤ ਨੰ. 54, ਜੋ ਕਿ ਅਬਾਦੀ ਸ਼੍ਰੀ ਮੁਕਤਸਰ ਸਾਹਿਬ-3 ਵਜੋਂ ਜਾਣੂੰ ਤਹਿਸੀਲ ਅਤੇ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿਖੇ ਸਥਿਤ ਹੈ, ਅਤੇ ਹੇਠ ਲਿਖੇ ਅਨੁਸਾਰ ਹੈ ਹੱਦਬੰਦੀ: ਪੂਰਬ: ਸ਼੍ਰੀ ਮਨੋਜ ਕੁਮਾਰ ਮਾਪ 24'00", ਪੱਛਮ: ਸ਼੍ਰੀ ਸੋਹਨ ਲਾਲ ਮਾਪ24'-00", ਉੱਤਰ: ਓਪਨ ਸਪੇਸ ਮਾਪ 30'-00", ਦੱਖਣ: ਮਨੋਜ ਕੁਮਾਰ ਅਤੇ ਪੈਸੇਜ 8'-0" ਚੌੜਾ ਮਾਪ30'-00" | ਭੌਤਿਕ ਕਬਜ਼ਾ | Rs. 13,00,000/-<br>Rs. 1,30,000/-<br>Rs. 10,000/- |
| 4. | ਸ਼ਾਖਾ : ਫੋਕਲ ਪੁਆਇੰਟ ਰੋਡ ਲੁਧਿਆਣਾ<br>**ਕਰਜ਼ਦਾਰ : ਕਸ਼ਮੀਰ ਸਿੰਘ, ਜ਼ਾਮਨ/ਸਹਿ ਕਰਜ਼ਦਾਰ/ਪ੍ਰੋਪ. ਸ਼੍ਰੀਮਤੀ ਬਲਜੀਤ ਕੌਰ ਮਾਰਫਤ ਸ਼੍ਰੀ ਹਜ਼ਾਰਾ ਸਿੰਘ** | ਰੂ. 12,44,265/-<br>ਜਮ੍ਹਾਂ 30.11.2023 ਤੋਂ ਪ੍ਰਭਾਵੀ ਗੈਰ ਲਾਗੂ ਵਿਆਜ, ਖਰਚੇ ਅਤੇ ਹੋਰ ਫੀਸਾਂ ਲਾਗੂ ਅਨੁਸਾਰ | ਸ਼੍ਰੀ ਕਸ਼ਮੀਰ ਸਿੰਘ ਦੇ ਪੱਖ ਵਿਚ ਸ਼੍ਰੀ ਦਿਨੇਸ਼ ਕੁਮਾਰ ਦੁਆਰਾ ਕਾਰਜਰੂਪ ਵਿਕਰੀ ਡੀਡ ਦਸਤਾਵੇਜ਼ ਨੰਬਰ 2021-22/103/1/4354 ਮਿਤੀ 27.07.2021 ਵਿਚ ਦਰਸਾਏ ਅਨੁਸਾਰ ਪਿੰਡ ਲੋਹਾਰਾ, ਆਬਾਦੀ ਗੋਬਿੰਦ ਨਗਰ ਵਜੋਂ ਜਾਣੂੰ, ਸਟਾਰ ਸਕੂਲ ਰੋਡ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੱਦਬਸਤ ਨੰ. 260 ਦੀ ਸਾਲ 2009-2010 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 82/2, 88, 89, ਖਾਤਾ ਨੰਬਰ 870/1062, 691/801 ਵਿਚ ਸ਼ਾਮਲ ਪਲਾਟ ਨੰ. 184 ਦੇ ਅਧੀਨ 50 ਵਰਗ ਗਜ਼ ਮਾਪ ਵਾਲੀ ਸੰਪੱਤੀ ਅਤੇ ਸੰਪੱਤੀ ਦੀਆਂ ਨਿਮਨ ਅਨੁਸਾਰ :- ਪੂਰਬ : ਹੋਰ ਸੰਪੱਤੀ, ਪੱਛਮ : ਗਲੀ, ਉਤਰ : ਹੋਰ ਸੰਪੱਤੀ, ਦੱਖਣ : ਹੋਰ ਸੰਪੱਤੀ। | ਭੌਤਿਕ ਕਬਜ਼ਾ | Rs. 8,50,000/-<br>Rs. 85,000/-<br>Rs. 10,000/- |
| 5. | ਸ਼ਾਖਾ : ਫੋਕਲ ਪੁਆਇੰਟ ਰੋਡ ਲੁਧਿਆਣਾ<br>**ਕਰਜ਼ਦਾਰ : ਅੰਮ੍ਰਿਤਪਾਲ ਸਿੰਘ, ਜ਼ਾਮਨ/ਸਹਿ ਕਰਜ਼ਦਾਰ/ਪ੍ਰੋਪ. ਸ਼੍ਰੀਮਤੀ ਪਿੰਕੀ ਸਪੁਤਨੀ ਅੰਮ੍ਰਿਤਪਾਲ ਸਿੰਘ** | ਰੂ. 12,44,265/-<br>ਜਮ੍ਹਾਂ 20.12.2022 ਤੋਂ ਪ੍ਰਭਾਵੀ ਗੈਰ ਲਾਗੂ ਵਿਆਜ, ਖਰਚੇ ਅਤੇ ਹੋਰ ਫੀਸਾਂ ਲਾਗੂ ਅਨੁਸਾਰ | ਵਿਕਰੀ ਡੀਡ ਵਸੀਕਾ ਨੰ. 2021-22//103/1/2822 ਮਿਤੀ 21.06.2021 ਦੇ ਅਧੀਨ ਮਕਾਨ ਨੰ. 115 ਪਿੰਡ ਅਕਾਲਗੜ੍ਹ ਐਚਬੀ ਨੰ. 292 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਜਮ੍ਹਾਂਬੰਦੀ ਸਾਲ 2015-16 ਅਨੁਸਾਰ ਖਸਰਾ ਨੰ. 1282/1168/1, 1180, 1181, 1182, 1183, 1199, 1280/1179 ਖਾਤਾ ਨੰ. 5/5, 6, 7, 8, 9 ਵਿਚ ਸ਼ਾਮਲ 80 ਵਰਗ ਪੈਮਾਇਸ਼ ਵਾਲੀ ਰਿਹਾਇਸ਼ੀ ਮਕਾਨ ਸੰਪੱਤੀ। ਹੱਦਬੰਦੀ : ਪੂਰਬ : ਸੜਕ 40' ਚੌੜੀ 20', ਪੱਛਮ : ਪਲਾਟ ਨੰ. 100, 20', , ਉੱਤਰ : ਮਕਾਨ ਨੰ. 116 36', ਦੱਖਣ : ਪਲਾਟ ਨੰ. 114 36' | ਸੰਕੇਤਕ ਕਬਜ਼ਾ | Rs. 7,70,000/-<br>Rs. 77,000/-<br>Rs. 10,000/- |
| 6. | ਸ਼ਾਖਾ : ਫੋਕਲ ਪੁਆਇੰਟ ਰੋਡ ਲੁਧਿਆਣਾ<br>**ਕਰਜ਼ਦਾਰ : ਸ਼੍ਰੀਮਤੀ ਗੰਗਾ ਛੱਤਰੀ ਪਤਨੀ ਸ਼੍ਰੀ ਅਕਾਸ਼ ਛੱਤਰੀ, ਕਰਜ਼ਦਾਰ/ਸਹਿ ਕਰਜ਼ਦਾਰ/ਪ੍ਰੋਪ. ਸ਼੍ਰੀ ਸੰਜੇ ਛੱਤਰੀ ਪੁੱਤਰ ਸ਼੍ਰੀ ਅਕਾਸ਼ ਛੱਤਰੀ ਅਤੇ ਸ਼੍ਰੀਮਤੀ ਸਨਮ ਛੱਤਰੀ ਪਤਨੀ ਸ਼੍ਰੀ ਸੰਜੇ ਛੱਤਰੀ** | ਰੂ. 15,86,886/-<br>ਜਮ੍ਹਾਂ 20.05.2023 ਤੋਂ ਪ੍ਰਭਾਵੀ ਗੈਰ ਲਾਗੂ ਵਿਆਜ, ਖਰਚੇ ਅਤੇ ਹੋਰ ਫੀਸਾਂ ਲਾਗੂ ਅਨੁਸਾਰ | ਵਿਕਰੀ ਡੀਡ ਵਸੀਕਾ ਨੰਬਰ 2019-20/103/1/677 ਮਿਤੀ 12/04/2019 ਦੇ ਅਧੀਨ ਰਿਹਾਇਸ਼ੀ ਮਕਾਨ ਦੀ ਜਾਇਦਾਦ ਜੋ ਕਿ 60.00 ਵਰਗ ਗਜ਼ ਖਸਰਾ ਨੰਬਰ 93-ਮਿਨ, 93-ਮਿਨ, 92/2, 95, 96,100 ਖੇਵਟ ਨੰਬਰ 604, 621, 630, 631 ਖਤੌਨੀ ਨੰਬਰ 704, 705, 706, 728, 729, 738, 739 ਵਿੱਚ ਸ਼ਾਮਲ ਹੈ ਜੋ ਕਿ ਸਾਲ 2014-2015 ਲਈ ਜਮ੍ਹਾਂਬੰਦੀ ਅਨੁਸਾਰ ਆਬਾਦੀ ਜਸਪਾਲ ਬਾਂਗਰ, ਪਿੰਡ ਐਚ.ਬੀ.ਨੰਬਰ 259, ਤਹਿ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ ਜਿਵੇਂ ਕਿ ਅਤੇ ਇਸ ਤਰ੍ਹਾਂ ਹੱਦਬੰਦੀ: ਪੂਰਬ: ਗਲੀ ਪ੍ਰਸ਼ਾਸਨ 15', ਪੱਛਮ: ਗੁਆਂਢੀ ਪ੍ਰਸ਼ਾਸਨ 15', ਉੱਤਰ: ਗੁਆਂਢੀ ਪ੍ਰਸ਼ਾਸਨ 36', ਦੱਖਣ: ਗੁਆਂਢੀ ਪ੍ਰਸ਼ਾਸਨ 36' | ਸੰਕੇਤਕ ਕਬਜ਼ਾ | Rs. 4,60,000/-<br>Rs. 46,000/-<br>Rs. 10,000/- |
| 7. | ਸ਼ਾਖਾ : ਫੋਕਲ ਪੁਆਇੰਟ ਰੋਡ ਲੁਧਿਆਣਾ<br>ਕਰਜ਼ਦਾਰ: ਸ਼੍ਰੀ ਹੇਮੰਤ ਪ੍ਰਭਾਕਰ ਸਪੁੱਤਰ ਸ਼੍ਰੀ ਮੁਕੇਸ਼ ਪ੍ਰਭਾਕਰ,ਜ਼ਾਮਨ/ਸਹਿ ਕਰਜ਼ਦਾਰ/ਪ੍ਰੋਪ. ਸ਼੍ਰੀਮਤੀ ਮੰਜੂ ਬਾਲਾ ਪਤਨੀ ਸ਼੍ਰੀ ਮੁਕੇਸ਼ ਪ੍ਰਭਾਕਰ ਅਤੇ ਸ਼੍ਰੀ ਹਰਦੀਪ ਸਿੰਘ ਸਪੁੱਤਰ ਸ਼੍ਰੀ ਨਿਰਮਲ ਸਿੰਘ ਅਤੇ ਸ਼੍ਰੀਮਤੀ ਸਨੋਦ ਕੁਮਾਰੀ ਪਤਨੀ ਸ਼੍ਰੀ ਨਿਰਮਲ ਸਿੰਘ | ਰੂ. 17,17,208/-<br>ਜਮ੍ਹਾਂ ਲਾਗੂ ਅਨੁਸਾਰ ਗੈਰ ਲਾਗੂ ਵਿਆਜ, ਖਰਚੇ ਅਤੇ 13.10.2023 ਤੋਂ ਪ੍ਰਭਾਵੀ ਹੋਰ ਫੀਸਾਂ। | ਵਿਕਰੀ ਡੀਡ ਅਨੁਸਾਰ ਵਸੀਕਾ ਨੰਬਰ 1517 ਮਿਤੀ 08.05.2018 ਦੇ ਅਧੀਨ ਜਾਇਦਾਦ ਦੀ ਮਾਪ 69 ਵਰਗ ਗਜ਼, ਖਸਰਾ ਨੰਬਰ 15//31, ਖੇਵਟ ਨੰਬਰ 95/77, ਖਤੌਨੀ ਨੰਬਰ 95 ਵਿੱਚ ਸਾਲ 2012-2013 ਲਈ ਜਮ੍ਹਾਂਬੰਦੀ ਅਨੁਸਾਰ, ਪਿੰਡ ਮਹਿਮੂਦਪੁਰਾ, ਹੱਡਬਸਤ ਨੰਬਰ 275, ਅਬਾਦੀ ਵਿਖੇ ਸਥਿਤ, ਮਹਿਮੂਦਪੁਰਾ ਵਜੋਂ ਜਾਣਿਆ ਜਾਂਦਾ ਹੈ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਹੱਦਬੰਦੀ: ਪੂਰਬ: ਸੜਕ ਅੱਡਾ 23'00", ਪੱਛਮ: ਗੁਆਂਢੀ ਅੱਡਾ 23'00", ਉੱਤਰ: ਗੁਆਂਢੀ ਅੱਡਾ 27'00", ਦੱਖਣ: ਗੁਆਂਢੀ ਅੱਡਾ 27'00" | ਭੌਤਿਕ ਕਬਜ਼ਾ | Rs. 9,00,000/-<br>Rs. 90,000/-<br>Rs. 10,000/- |
| 8. | ਸ਼ਾਖਾ :ਫਿਰੋਜ਼ਪੁਰ<br>ਕਰਜ਼ਦਾਰ ਐਸਕੇਜੀ ਅਤੇ ਕੰਪਨੀ ਜ਼ਾਮਨ/ਸਹਿ ਕਰਜ਼ਦਾਰ/ਪ੍ਰੋਪ. :ਸ਼੍ਰੀ ਸਤਪਾਲ ਕੰਬੋਜ | ਰੁਪਏ 13,04,140/-<br>ਜਮ੍ਹਾਂ ਲਾਗੂ ਅਨੁਸਾਰ ਗੈਰ ਲਾਗੂ ਵਿਆਜ, ਖਰਚੇ ਅਤੇ 04.05.2021 ਤੋਂ ਪ੍ਰਭਾਵੀ ਹੋਰ ਫੀਸਾਂ। | ਪਿੰਡ ਫਰੀਦਕੋਟ-1, ਤਹਿਸੀਲ ਅਤੇ ਜ਼ਿਲ੍ਹਾ ਫਰੀਦਕੋਟ ਹੱਦਬਸਤ ਨੰ. 75 ਜਮ੍ਹਾਂਬੰਦੀ 2014-15 ਵਿਖੇ ਸਥਿਤ ਖੇਵਟ ਨੰ. 647, ਖਤੌਨੀ ਨੰ 1213, 1214, ਖਸਰਾ ਨੰ. 234/18-0, 235/18-0, 236/16-0, 237/15-0, 240/16-0, 238/14-8, 239/16-0 ਦੇ ਅਧੀਨ 113 ਕਨਾਲ 12 ਮਰਲੇ ਮਾਪ ਵਾਲੀ ਜ਼ਮੀਨ ਵਿਚੋਂ 280 ਵਰਗ ਗਜ਼ (35/891) ਹਿੱਸੇ ਵਜੋਂ ਮਾਪ ਵਾਲੀ ਸੰਪੱਤੀ ਅਤੇ ਹੱਦਬੰਦੀ ਨਿਮਨ ਅਨੁਸਾਰ : ਉਤਰ : ਗਲੀ ਮਾਪ 35'-00", ਦੱਖਣ : ਖਾਲੀ ਪਲਾਟ ਮਾਪ 35' 00", ਪੂਰਬ : ਖਾਲੀ ਪਲਾਟ ਮਾਪ 72' 00", ਪੱਛਮ : ਸ਼ਿਦਰ ਪਾਲ ਸਿੰਘ ਮਾਪ 72' 00" | ਸੰਕੇਤਕ ਕਬਜ਼ਾ | Rs. 6,20,000/-<br>Rs. 62,000/-<br>Rs. 10,000/- |
| 9. | ਸ਼ਾਖਾ : ਬਠਿੰਡਾ<br>ਕਰਜ਼ਦਾਰ : ਸ਼੍ਰੀ ਨਰੇਸ਼ ਕੁਮਾਰ ਪੁੱਤਰ ਸ਼੍ਰੀ ਰਾਮ ਪ੍ਰਸਾਦ, ਜ਼ਾਮਨ/ਸਹਿ ਕਰਜ਼ਦਾਰ/ਪ੍ਰੋਪ. : ਸ਼੍ਰੀਮਤੀ ਸੰਤੋਸ਼ ਰਾਣੀ ਪਤਨੀ ਨਰੇਸ਼ ਕੁਮਾਰ | ਰੁਪਏ 16,48,737.27/-<br>ਜਮ੍ਹਾਂ ਲਾਗੂ ਅਨੁਸਾਰ ਗੈਰ ਲਾਗੂ ਵਿਆਜ, ਖਰਚੇ ਅਤੇ 09.07.2024 ਤੋਂ ਪ੍ਰਭਾਵੀ ਹੋਰ ਫੀਸਾਂ। | ਵਿਕਰੀ ਡੀਡ ਵਾਲੇ ਦਸਤਾਵੇਜ਼ ਨੰਬਰ 2021-22/23/1/13509 ਮਿਤੀ 15/03/2022 ਦੇ ਅਨੁਸਾਰ, ਸ਼੍ਰੀਮਤੀ ਸੰਤੋਸ਼ ਰਾਣੀ ਪਤਨੀ ਸ਼੍ਰੀ ਨਰੇਸ਼ ਕੁਮਾਰ ਦੇ ਨਾਮ ਤੇ ਰਜਿਸਟਰਡ ਖਸਰਾ ਨੰਬਰ 4741/2 ਮਿਨ (1-3) ਵਿੱਚ ਸ਼ਾਮਲ 98.33 ਵਰਗ ਗਜ਼ ਦੀ ਜ਼ਮੀਨ 'ਤੇ ਬਣੇ ਰਿਹਾਇਸ਼ੀ ਘਰ ਦਾ ਬਰਾਬਰ ਗਿਰਵੀਨਾਮਾ, ਜਿਸ ਕੋਲ ਸਾਲ 2012-13 ਲਈ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 2507/12664 ਹੈ, ਜੋ ਕਿ 00 ਬਿੱਘਾ 1,24/25 ਬਿਸਵਾ ਦੀ ਕੁੱਲ ਜ਼ਮੀਨ ਦਾ 1,24/25/23 ਹਿੱਸਾ ਹੈ, ਜੋ ਕਿ ਗਲੀ ਨੰਬਰ 30/5, ਪ੍ਰਤਾਪ ਨਗਰ ਵਿਖੇ ਸਥਿਤ ਹੈ।(ਨੇੜੇ ਗਲੀ ਨੰ. 7 ਹੰਸ ਨਗਰ) ਪੱਟੀ ਝੁੱਟੀ ਬਠਿੰਡਾ, ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: ਪੂਰਬ: ਵਿਕਰੇਤਾ ਦਾ ਖੁੱਲ੍ਹਾ ਪਲਾਟ ਪ੍ਰਸ਼ਾਸਨ 59'00", ਪੱਛਮ: ਪ੍ਰਿਯੰਕਾ ਸੋਨੀ ਦਾ ਖੁੱਲ੍ਹਾ ਪਲਾਟ ਪ੍ਰਸ਼ਾਸਨ 59'00", ਉੱਤਰ: ਖੁੱਲ੍ਹਾ ਪਲਾਟ ਰਾਜਿੰਦਰ ਅਗਰਵਾਲ ਪ੍ਰਸ਼ਾਸਨ 15'00", ਦੱਖਣ: ਗਲੀ 20 ਫੁੱਟ ਚੌੜੀ ਪ੍ਰਸ਼ਾਸਨ 15'00" | ਭੌਤਿਕ ਕਬਜ਼ਾ | Rs. 16,72,000/-<br>Rs. 1,67,200/-<br>Rs. 10,000/- |
| 10. | ਸ਼ਾਖਾ : ਮੁਕੇਰੀਆਂ<br>ਕਰਜ਼ਦਾਰ ਪੰਕਜ ਕਲਾਥ ਹਾਊਸ ਜ਼ਾਮਨ/ਸਹਿ ਕਰਜ਼ਦਾਰ/ਪ੍ਰੋਪ. : ਸ਼੍ਰੀਮਤੀ ਸੁਸ਼ਮਾ ਦੇਵੀ | ਰੁਪਏ 4,08,264/-<br>ਜਮ੍ਹਾਂ ਲਾਗੂ ਅਨੁਸਾਰ ਗੈਰ ਲਾਗੂ ਵਿਆਜ, ਖਰਚੇ ਅਤੇ 14.05.2019 ਤੋਂ ਪ੍ਰਭਾਵੀ ਹੋਰ ਫੀਸਾਂ। | ਵਿਕਰੀ ਡੀਡ ਨੰ 3887 ਮਿਤੀ 06.03.2017 ਦੇ ਅਧੀਨ ਸ਼੍ਰੀਮਤੀ ਸੁਸ਼ਮਾ ਦੇਵੀ ਦੇ ਨਾਮ 'ਤੇ ਜਮ੍ਹਾਂਬੰਦੀ 2014-15 ਦੇ ਅਨੁਸਾਰ ਪਿੰਡ ਅਬਦੁੱਲਾਪੁਰ, ਹੱਦਬਸਤ ਨੰ 432, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ ਖੇਵਟ ਨੰ. 32/31, ਖਤੌਨੀ ਨੰ. 33 ਖਸਰਾ ਨੰ. 19//18 (8-0), ਕਿੱਤੇ 1 ਦੇ ਅਧੀਨ 8 ਕਨਾਲ 0 ਮਰਲੇ ਵਿਚੋਂ 3/160 ਹਿੱਸੇ ਵਜੋਂ 0 ਕਨਾਲ 3 ਮਰਲੇ ਮਾਪ ਵਾਲੀ ਜ਼ਮੀਨ 'ਤੇ ਨਿਰਮਾਣ ਅਤੇ ਜਮ੍ਹਾਂਬੰਦੀ 2014-15 ਦੇ ਅਨੁਸਾਰ ਅਬਦੁੱਲਾਪੁਰ, ਹੱਦਬਸਤ 432, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ ਖੇਵਟ ਨੰ. 29/28, ਖਤੌਨੀ ਨੰ. 30 ਖਸਰਾ ਨੰ. 19//13/2/2, (1-9), 19//17/2 (5-18) ਕਿੱਤੇ 2 ਦੇ ਅਧੀਨ 7 ਕਨਾਲ 7 ਮਰਲੇ ਵਿਚੋਂ 1/24 ਹਿੱਸੇ ਵਜੋਂ 0 ਕਨਾਲ 6 ਮਰਲੇ ਮਾਪ ਵਾਲੀ ਜ਼ਮੀਨ 'ਤੇ ਨਿਰਮਿਤ ਰਿਹਾਇਸ਼ੀ ਸੰਪੱਤੀ ਅਤੇ ਹੱਦਬੰਦੀ ਨਿਮਨ ਅਨੁਸਾਰ : ਉਤਰ : ਸ਼੍ਰੀ ਫਤਿਹ ਸਿੰਘ, ਪੂਰਬ : ਸ਼੍ਰੀ ਤਰਸੇਮ ਲਾਲ, ਦੱਖਣ : ਗਲੀ, ਪੱਛਮ : ਸ਼੍ਰੀ ਦਰਸ਼ਨ ਕੁਮਾਰ। | ਭੌਤਿਕ ਕਬਜ਼ਾ | Rs. 20,00,000/-<br>Rs. 2,00,000/-<br>Rs. 20,000/- |
| 11. | ਸ਼ਾਖਾ : ਲੁਧਿਆਣਾ ਐਸਬੀ ਸਿੰਘ ਨਗਰ<br>ਕਰਜ਼ਦਾਰ : ਸ਼ਿਵ ਕੁਮਾਰ, ਜ਼ਾਮਨ/ਸਹਿ ਕਰਜ਼ਦਾਰ/ਪ੍ਰੋਪ. : ਸ਼੍ਰੀਮਤੀ ਨਵਰੀਤ ਕੌਰ ਸੁਪਤਨੀ ਸ਼੍ਰੀ ਸ਼ਿਵ ਕੁਮਾਰ | ਰੂ. 16,96,283/-<br>ਜਮ੍ਹਾਂ 05.03.2022 ਤੋਂ ਪ੍ਰਭਾਵੀ ਗੈਰ ਲਾਗੂ ਵਿਆਜ, ਖਰਚੇ ਅਤੇ ਹੋਰ ਫੀਸਾਂ ਲਾਗੂ ਅਨੁਸਾਰ | ਵਿਕਰੀ ਡੀਡ ਵਸੀਕਾ ਨੰ. 2022-23/103/1/5275 ਮਿਤੀ 04.11.2022 ਦੇ ਅਧੀਨ ਸ਼ਿਵ ਕੁਮਾਰ ਸਪੁੱਤਰ ਬਲਦੇਵ ਰਾਜ ਅਤੇ ਨਵਨੀਤ ਕੌਰ ਸੁਪਤਨੀ ਸ਼੍ਰੀ ਸ਼ਿਵ ਕੁਮਾਰ ਦੇ ਨਾਮ 'ਤੇ ਪਿੰਡ ਰਨਾਈਆ ਹੱਦਬਸਤ ਨੰ. 266 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਜਮ੍ਹਾਂਬੰਦੀ ਸਾਲ 2014-15 ਅਨੁਸਾਰ ਖਸਰਾ ਨੰ. 211, 212 ਖਾਤਾ ਨੰ. 96/96, 243/257 ਵਿਚ ਸ਼ਾਮਲ 50.11 ਵਰਗ ਗਜ਼ ਮਾਪ ਵਾਲੀ ਸੰਪੱਤੀ। ਹੱਦਬੰਦੀ : ਪੂਰਬ : ਗੁਆਂਢੀ ਪੈਮਾਇਸ਼ 22' 0", ਪੱਛਮ : ਗੁਆਂਢੀ ਪੈਮਾਇਸ਼ 22' 0", ਉੱਤਰ : ਗਲੀ ਚੌੜੀ 18' ਪੈਮਾਇਸ਼ 20' 5", ਦੱਖਣ : ਗੁਆਂਢੀ ਪੈਮਾਇਸ਼ 20' 5" | ਸੰਕੇਤਕ ਕਬਜ਼ਾ | Rs. 8,40,000/-<br>Rs. 84,000/-<br>Rs. 10,000/- |
| 12. | ਸ਼ਾਖਾ : ਮੋਗਾ<br>ਕਰਜ਼ਦਾਰ : ਰਾਜੂ ਸਪੁੱਤਰ ਦਲੀਪ ਸਿੰਘ ਜ਼ਾਮਨ/ਸਹਿ ਕਰਜ਼ਦਾਰ/ਪ੍ਰੋਪ. :ਸ਼੍ਰੀ ਹਰਬੰਸ ਸਿੰਘ ਸਪੁੱਤਰ ਸ਼੍ਰੀ ਦਲੀਪ ਸਿੰਘ | ਰੂ. 19,00,112/-<br>ਜਮ੍ਹਾਂ 27.07.2023 ਤੋਂ ਪ੍ਰਭਾਵੀ ਗੈਰ ਲਾਗੂ ਵਿਆਜ, ਖਰਚੇ ਅਤੇ ਹੋਰ ਫੀਸਾਂ ਲਾਗੂ ਅਨੁਸਾਰ | ਵਿਕਰੀ ਡੀਡ ਦਸਤਾਵੇਜ਼ ਨੰ. 2020-21/2/1/1131 ਮਿਤੀ 01.09.2020 ਦੇ ਅਧੀਨ ਮੋਗਾ ਮਹਿਲਾ ਸਿੰਘ-2 ਏਰੀਆ ਹਰਗੋਬਿੰਦ ਨਗਰ ਤਹਿਸੀਲ ਅਤੇ ਜ਼ਿਲ੍ਹਾ ਮੋਗਾ ਵਿਖੇ ਖਸਰਾ ਨੰ. 144//23/2 (0-12) 24/1 (3-8) 24/2 (4-0) ਵਿਚ ਸ਼ਾਮਲ 8 ਕਨਾਲ ਦਾ 20/1440 ਹਿੱਸਾ ਯਾਨੀ 2 ਮਰਲੇ 2 ਸਰਸਾਹੀ ਅਤੇ ਖੇਵਟ ਨੰ. 207, 208, 210 ਖਤੌਨੀ ਨੰ. 217, 218, 220, 8-1/2 ਵਿਚ ਸ਼ਾਮਲ 12 ਮਰਲੇ ਦਾ 108ਵਾਂ ਹਿੱਸਾ ਯਾਨੀ 8-1/2 ਸਰਸਾਹੀ ਅਤੇ ਪੈਮਾਇਸ਼ 5 ਮਰਲੇ 1/2 ਸਰਸਾਹੀ, 144/24/3 (0-12) ਅਤੇ ਖਸਰਾ ਨੰ. 144/25 (8-0) ਵਿਚ ਸ਼ਾਮਲ 8 ਕਨਾਲ ਦਾ 17/1140 ਹਿੱਸਾ ਯਾਨੀ 1 ਮਰਲੇ 8 ਸਰਸਾਹੀ ਪਲਾਟ 'ਤੇ ਨਿਰਮਿਤ ਰਿਹਾਇਸ਼ੀ ਸੰਪੱਤੀ ਦੀ ਨਿਆਂਸੰਗਤ ਗਿਰਵੀ। ਹੱਦਬੰਦੀ :- **ਉਤਰ** : ਗਲੀ 20' ਚੌੜੀ ਪੈਮਾਇਸ਼ 24' 0", **ਦੱਖਣ** : ਹੋਰ ਮਾਲਕ ਪੈਮਾਇਸ਼ 24' 0", **ਪੂਰਬ** : ਹਰਬੰਸ ਸਿੰਘ ਪੈਮਾਇਸ਼ 57' 6", **ਪੱਛਮ** ; ਕੁਲਵਿੰਦਰ ਕੌਰ 57' 6" | ਸੰਕੇਤਕ ਕਬਜ਼ਾ | Rs. 14,50,000/-<br>Rs. 1,45,000/-<br>Rs. 10,000/- |

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ। ਕਿਰਪਾ ਕਰਕੇ ਬੈਂਕ ਦੀ ਵੈੱਬਸਾਈਟ ਅਤੇ E-Portal-baanknet.com 'ਤੇ ਦਿੱਤੇ ਗਏ ਲਿੰਕ "https://bankofmaharashtra.in/asset-for-sales-search" ਨੂੰ ਵੇਖੋ। ਵਾਧੂ ਜਾਣਕਾਰੀ ਲਈ ਕਿਰਪਾ ਕਰਕੇ ਸ਼੍ਰੀ ਵਿਕਾਸ ਸਚਦੇਵਾ, ਮੋਬਾਈਲ ਨੰਬਰ 9478455246, ਸ਼੍ਰੀ ਰੋਹਿਤ, ਮੋਬਾਈਲ ਨੰਬਰ 99149-06997 ਨਾਲ ਸੰਪਰਕ ਕਰੋ।

ਸਰਫਾਇਸੀ ਐਕਟ, 2002 ਦੇ ਨਿਯਮ 9(1) ਦੇ ਤਹਿਤ ਕਾਨੂੰਨੀ 15 ਦਿਨਾਂ ਦੀ ਵਿਕਰੀ ਸੂਚਨਾ

ਮਿਤੀ: 24.03.2026
ਸਥਾਨ: ਲੁਧਿਆਣਾ

ਅਧਿਕਾਰਤ ਅਧਿਕਾਰੀ ਅਤੇ ਮੁੱਖ ਪ੍ਰਬੰਧਕ,
ਜ਼ੋਨਲ ਦਫ਼ਤਰ ਬੈਂਕ ਆਫ਼ ਮਹਾਰਾਸ਼ਟਰ, ਲੁਧਿਆਣਾ



# ਸਿਹਤਨਾਮਾ



# ਸ਼ੋਰ - ਉਹ 'ਅਦਿੱਖ ਕਾਤਲ', ਜੋ ਦਿਲ ਦੇ ਦੌਰੇ, ਸ਼ੂਗਰ ਤੇ ਯਾਦਾਸ਼ਤ ਕਮਜ਼ੋਰ ਕਰਨ ਵਰਗੀਆਂ ਬਿਮਾਰੀਆਂ ਦਾ ਬਣ ਸਕਦੈ ਕਾਰਨ

**ਜੇਮਜ਼ ਗੈਲਾਘਰ**

**ਸਾਡੇ** ਆਲੇ-ਦੁਆਲੇ ਇੱਕ ਅਦਿੱਖ ਕਾਤਲ ਘੁੰਮਦਾ ਰਹਿੰਦਾ ਹੈ ਅਤੇ ਇਹ ਇੰਨਾ ਆਮ ਹੈ ਕਿ ਸਾਨੂੰ ਇਹ ਅਹਿਸਾਸ ਤੱਕ ਨਹੀ ਹੁੰਦਾ ਕਿ ਇਹ ਸਾਡੀ ਜ਼ਿੰਦਗੀ ਨੂੰ ਘਟਾ ਰਿਹਾ ਹੈ। ਇਸ ਅਦਿੱਖ ਕਾਤਲ ਕਾਰਨ ਦਿਲ ਦੇ ਦੌਰੇ, ਟਾਈਪ-2 ਸ਼ੂਗਰ ਵਰਗੀਆਂ ਸਮੱਸਿਆਵਾਂ ਵਧ ਰਹੀਆਂ ਹਨ ਅਤੇ ਹੁਣ ਅਧਿਐਨਾਂ ਵਿੱਚ ਪਾਇਆ ਗਿਆ ਹੈ ਇਸ ਦਾ ਸਬੰਧ ਡਿਮੈਂਸ਼ੀਆ ਨਾਲ ਵੀ ਹੈ। ਡਿਮੈਂਸ਼ੀਆ ਵਿੱਚ ਯਾਦ ਸ਼ਕਤੀ ਕਮਜ਼ੋਰ ਹੋ ਸਕਦੀ ਹੈ ਅਤੇ ਸੋਚਣ-ਸਮਝਣ ਦੀ ਸਮਰਥਾ ਘੱਟ ਸਕਦੀ ਹੈ। ਤੁਹਾਨੂੰ ਕੀ ਲੱਗਦਾ ਹੈ ਕਿ ਇਹ ਕਾਤਲ ਕੌਣ ਹੈ? ਜਵਾਬ ਹੈ- ਸ਼ੋਰ ਜਾਂ ਰੌਲਾ ਅਤੇ ਮਨੁੱਖੀ ਸਰੀਰ 'ਤੇ ਇਸ ਦਾ ਪ੍ਰਭਾਵ ਸਿਰਫ ਸੁਣਨ ਸ਼ਕਤੀ ਨੂੰ ਹੀ ਨੁਕਸਾਨ ਨਹੀ ਪਹੁੰਚਾਉਂਦਾ ਸਗੋ ਇਸ ਤੋਂ ਕਿਤੇ ਜ਼ਿਆਦਾ ਨੁਕਸਾਨ ਹਨ। ਲੰਡਨ ਯੂਨੀਵਰਸਿਟੀ ਦੇ ਸੇਂਟ ਜੌਰਜ ਵਿਖੇ ਪ੍ਰੋਫੈਸਰ ਸ਼ਾਰਲਟ ਕਲਾਰਕ ਕਹਿੰਦੇ ਹਨ, "ਇਹ ਇੱਕ ਜਨਤਕ ਸਿਹਤ ਸੰਕਟ ਹੈ, ਸਾਡੇ ਰੋਜ਼ਾਨਾ ਜੀਵਨ ਵਿੱਚ ਬਹੁਤ ਸਾਰੇ ਲੋਕ ਇਸਦੇ ਸੰਪਰਕ ਵਿੱਚ ਆ ਰਹੇ ਹਨ।" ਇਹ ਇੱਕ ਅਜਿਹਾ ਸੰਕਟ ਹੈ ਜਿਸ ਬਾਰੇ ਅਸੀ ਗੱਲ ਹੀ ਨਹੀ ਕਰਦੇ। ਇਸ ਲਈ ਮੈ ਪਤਾ ਲਗਾ ਰਿਹਾ ਹਾਂ ਕਿ ਰੌਲਾ ਕਦੋ ਖ਼ਤਰਨਾਕ ਹੋ ਜਾਂਦਾ ਹੈ, ਮੈ ਉਨ੍ਹਾਂ ਲੋਕਾਂ ਨਾਲ ਗੱਲ ਕਰ ਰਿਹਾ ਹਾਂ ਜਿਨ੍ਹਾਂ ਦੀ ਸਿਹਤ ਵਿਗੜ ਰਹੀ ਹੈ, ਅਤੇ ਦੇਖ ਰਿਹਾ ਹਾਂ ਕਿ ਕੀ ਇਸ ਸ਼ੋਰ-ਸ਼ਰਾਬੇ ਵਾਲੀ ਦੁਨੀਆਂ 'ਤੇ ਕਾਬੂ ਪਾਉਣ ਦਾ ਕੋਈ ਤਰੀਕਾ ਹੈ। ਇਸ ਸਿਲਸਿਲੇ 'ਚ ਮੈ ਪ੍ਰੋਫੈਸਰ ਕਲਾਰਕ ਨੂੰ ਇੱਕ ਬਹੁਤ ਹੀ ਸ਼ਾਂਤ ਆਵਾਜ਼ ਸਬੰਧੀ ਇੱਕ ਪ੍ਰਯੋਗਸ਼ਾਲਾ ਵਿੱਚ ਮਿਲ ਕੇ ਸ਼ੁਰੂਆਤ ਕੀਤੀ। ਅਸੀ ਦੇਖਾਂਗੇ ਕਿ ਮੇਰਾ ਸਰੀਰ ਸ਼ੋਰ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਦਾ ਹੈ ਅਤੇ ਇਸ ਦੇ ਲਈ ਮੈਨੂੰ ਇੱਕ ਡਿਵਾਈਸ ਦਿੱਤਾ ਜਾਂਦਾ ਹੈ ਜੋ ਇੱਕ ਮੋਟੀ ਸਮਾਰਟਵਾਚ ਵਰਗਾ ਦਿਖਾਈ ਦਿੰਦਾ ਹੈ। ਇਹ ਮੇਰੇ ਦਿਲ ਦੀ ਧੜਕਣ ਨੂੰ ਮਾਪੇਗਾ ਅਤੇ ਦੇਖੇਗਾ ਕਿ ਮੇਰੀ ਚਮੜੀ ਵਿੱਚੋ ਕਿੰਨਾ ਪਸੀਨਾ ਨਿਕਲਦਾ ਹੈ। ਜੇਕਰ ਤੁਹਾਡੇ ਕੋਲ ਹੈੱਡਫੋਨ ਹਨ, ਤਾਂ ਤੁਸੀ ਵੀ ਇਸ ਪ੍ਰਯੋਗ ਵਿੱਚ ਸ਼ਾਮਲ ਹੋ ਸਕਦੇ ਹੋ। ਸੋਚੋ ਕਿ ਇਹ ਪੰਜ ਆਵਾਜ਼ਾਂ ਤੁਹਾਨੂੰ ਕਿਵੇਂ ਮਹਿਸੂਸ ਕਰਵਾਉਂਦੀਆਂ ਹਨ। ਮੈਨੂੰ ਸਭ ਤੋਂ ਵੱਧ ਤੰਗ ਕਰਨ ਵਾਲੀ ਆਵਾਜ਼ ਢਾਕਾ, ਬੰਗਲਾਦੇਸ਼ ਦੇ ਟ੍ਰੈਫਿਕ ਸ਼ੋਰ ਦੀ ਲੱਗੀ। ਢਾਕਾ ਨੂੰ ਦੁਨੀਆਂ ਦੇ ਸਭ ਤੋਂ ਵੱਧ ਰੌਲੇ-ਰੱਪੇ ਵਾਲੇ ਸ਼ਹਿਰ ਦਾ ਦਰਜਾ ਮਿਲਿਆ ਹੋਇਆ ਹੈ। ਇਸ ਨੂੰ ਸੁਣ ਕੇ ਮੈਨੂੰ ਤੁਰੰਤ ਮਹਿਸੂਸ ਹੁੰਦਾ ਹੈ ਕਿ ਮੈਂ ਇੱਕ ਵੱਡੇ, ਤਣਾਅਪੂਰਨ ਟ੍ਰੈਫਿਕ ਜਾਮ ਵਿੱਚ ਫਸ ਗਿਆ ਹਾਂ। ਅਤੇ ਸੈਂਸਰ ਮੇਰੀ ਚਿੰਤਾ ਨੂੰ ਟ੍ਰੈਕ ਕਰ ਰਹੇ ਹਨ, ਮੇਰੇ ਦਿਲ ਦੀ ਧੜਕਣ ਵਧ ਗਈ ਹੈ ਅਤੇ ਮੇਰੀ ਚਮੜੀ ਤੋ ਜ਼ਿਆਦਾ ਪਸੀਨਾ ਨਿਕਲ ਰਿਹਾ ਹੈ। ਪ੍ਰੋਫੈਸਰ ਕਲਾਰਕ ਅਗਲੀ ਆਵਾਜ਼ ਤਿਆਰ ਕਰਦੇ ਸਮੇਂ ਕਹਿੰਦੇ ਹਨ, "ਇਸ ਗੱਲ ਦੇ ਬਹੁਤ ਚੰਗੇ ਸਬੂਤ ਹਨ ਕਿ ਟ੍ਰੈਫਿਕ ਸ਼ੋਰ ਤੁਹਾਡੀ ਦਿਲ ਦੀ ਸਿਹਤ ਨੂੰ ਪ੍ਰਭਾਵਿਤ ਕਰ ਰਿਹਾ ਹੈ। ਸਿਰਫ਼ ਖੇਡ ਦੇ ਮੈਦਾਨ ਦੀਆਂ ਖੁਸ਼ੀਆਂ ਭਰੀਆਂ ਆਵਾਜ਼ਾਂ ਹੀ ਮੇਰੇ ਸਰੀਰ 'ਤੇ ਸ਼ਾਂਤ ਪ੍ਰਭਾਵ ਪਾਉਂਦੀਆਂ ਹਨ।" "ਸਵੇਰੇ-ਸਵੇਰੇ ਕੁੱਤਿਆਂ ਦੇ ਭੌਂਕਣ ਅਤੇ ਗੁਆਂਢੀਆਂ ਦੀ ਪਾਰਟੀ ਦੀ ਆਵਾਜ਼ ਨਾਲ ਵੀ ਨਕਾਰਾਤਮਕ ਪ੍ਰਤੀਕਿਰਿਆ ਦਰਜ ਹੁੰਦੀ ਹੈ।" ਪਰ ਆਵਾਜ਼ ਮੇਰੇ ਸਰੀਰ 'ਚ ਬਦਲਾਅ ਕਿਉ ਕਰ ਰਹੀ ਹੈ? ਪ੍ਰੋਫੈਸਰ ਕਲਾਰਕ ਕਹਿੰਦੇ ਹਨ, "ਆਵਾਜ਼ ਪ੍ਰਤੀ ਤੁਹਾਡੀ ਪ੍ਰਤੀਕਿਰਿਆ ਭਾਵਨਾਤਮਕ ਹੁੰਦੀ ਹੈ।" ਆਵਾਜ਼ ਕੰਨ ਦੁਆਰਾ ਪਛਾਣੀ ਜਾਂਦੀ ਹੈ ਅਤੇ ਦਿਮਾਗ਼ ਵਿੱਚ ਸੰਚਾਰਿਤ ਹੁੰਦੀ ਹੈ ਅਤੇ ਇੱਕ ਖੇਤਰ - ਐਮੀਗਡਾਲਾ, ਇਸ ਦਾ ਭਾਵਨਾਤਮਕ ਮੁਲਾਂਕਣ ਕਰਦਾ ਹੈ। ਇਹ ਸਰੀਰ ਦੀ ਉਸ ਪ੍ਰਤੀਕਿਰਿਆ ਦਾ ਹਿੱਸਾ ਹੈ ਜੋ ਸਾਨੂੰ ਝਾੜੀਆਂ ਵਿੱਚੋ ਨਿਕਲਦੇ ਸ਼ਿਕਾਰੀ ਜਾਨਵਰ ਵਰਗੀਆਂ ਆਵਾਜ਼ਾਂ ਸੁਣਨ 'ਤੇ ਤੇਜ਼ੀ ਨਾਲ ਪ੍ਰਤੀਕਿਰਿਆ ਕਰਨ ਵਿੱਚ ਮਦਦ ਕਰਨ ਲਈ ਵਿਕਸਤ ਹੋਇਆ ਹੈ।

ਪ੍ਰੋਫੈਸਰ ਕਲਾਰਕ ਨੇ ਮੈਨੂੰ ਦੱਸਿਆ, "ਇਸ ਲਈ ਤੁਹਾਡੇ ਦਿਲ ਦੀ ਧੜਕਣ ਵਧ ਜਾਂਦੀ ਹੈ, ਤੁਹਾਡੀ ਦਿਮਾਗ਼ੀ ਪ੍ਰਣਾਲੀ ਸਰਗਰਮ ਹੋਣ ਲੱਗਦੀ ਹੈ ਅਤੇ ਤੁਸੀ ਤਣਾਅ ਦੇ ਹਾਰਮੋਨ ਛੱਡਦੇ ਹੋ।" ਐਮਰਜੈਂਸੀ ਦੀ ਸਥਿਤੀ ਵਿੱਚ ਇਹ ਸਭ ਚੰਗਾ ਹੈ, ਪਰ ਸਮੇਂ ਦੇ ਨਾਲ ਇਹ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੰਦਾ ਹੈ। ਪ੍ਰੋਫੈਸਰ ਕਲਾਰਕ ਕਹਿੰਦੇ ਹਨ, "ਜੇ ਤੁਸੀ ਕਈ ਸਾਲਾਂ ਤੱਕ ਇਸਦੇ ਸੰਪਰਕ ਵਿੱਚ ਰਹਿੰਦੇ ਹੋ, ਤਾਂ ਤੁਹਾਡਾ ਸਰੀਰ ਹਰ ਸਮੇਂ ਇਸ ਤਰ੍ਹਾਂ ਪ੍ਰਤੀਕਿਰਿਆ ਕਰਦਾ ਹੈ, ਜਿਸ ਨਾਲ ਤੁਹਾਨੂੰ ਦਿਲ ਦਾ ਦੌਰਾ, ਹਾਈ ਬਲੱਡ ਪ੍ਰੈਸ਼ਰ, ਸਟ੍ਰੋਕ ਅਤੇ ਟਾਈਪ 2 ਸ਼ੂਗਰ ਵਰਗੀਆਂ ਸਮੱਸਿਆਵਾਂ ਹੋਣ ਦਾ ਖ਼ਤਰਾ ਵਧ ਜਾਂਦਾ ਹੈ।" ਇਹ ਉਦੋਂ ਵੀ ਵਾਪਰਦਾ ਹੈ ਜਦੋਂ ਅਸੀ ਡੂੰਘੀ ਨੀਦ ਵਿੱਚ ਹੁੰਦੇ ਹਾਂ। ਤੁਹਾਨੂੰ ਇੰਝ ਲੱਗ ਸਕਦਾ ਹੈ ਕਿ ਤੁਸੀ ਸ਼ੋਰ ਦੇ ਅਨੁਕੂਲ ਜਾਂ ਆਦੀ ਹੋ ਗਏ ਹੋ। ਜਦੋਂ ਮੈਂ ਹਵਾਈ ਅੱਡੇ ਨੇੜੇ ਕਿਰਾਏ ਦੇ ਘਰ ਵਿੱਚ ਰਹਿੰਦਾ ਸੀ ਤਾਂ ਮੈਂ ਵੀ ਅਜਿਹਾ ਹੀ ਸਮਝਦਾ ਸੀ। ਪਰ ਜੀਵ ਵਿਗਿਆਨ ਇੱਕ ਵੱਖਰੀ ਕਹਾਣੀ ਦੱਸਦਾ ਹੈ।

### ਸ਼ੋਰ, ਇੱਕ ਅਣਚਾਹੀ ਆਵਾਜ਼ ਹੈ

ਪ੍ਰੋਫੈਸਰ ਕਲਾਰਕ ਕਹਿੰਦੇ ਹਨ, "ਤੁਸੀ ਕਦੇ ਵੀ ਆਪਣੇ ਕੰਨ ਬੰਦ ਨਹੀ ਕਰਦੇ, ਜਦੋਂ ਤੁਸੀ ਸੁੱਤੇ ਹੁੰਦੇ ਹੋ ਤਾਂ ਵੀ ਤੁਸੀ ਸੁਣ ਰਹੇ ਹੁੰਦੇ ਹੋ। ਇਸ ਲਈ ਪ੍ਰਤੀਕਿਰਿਆਵਾਂ, ਜਿਵੇਂ ਕਿ ਤੁਹਾਡੇ ਦਿਲ ਦੀ ਧੜਕਣ ਵਧਣਾ, ਉਦੋਂ ਵੀ ਹੋ ਰਹੀਆਂ ਹਨ ਜਦੋਂ ਤੁਸੀ ਸੌਂ ਰਹੇ ਹੁੰਦੇ ਹੋ।" ਸ਼ੋਰ, ਇੱਕ ਅਣਚਾਹੀ ਆਵਾਜ਼ ਹੈ। ਆਵਾਜਾਈ, ਵਾਹਨ, ਰੇਲਗੱਡੀਆਂ ਅਤੇ ਜਹਾਜ਼ ਇਸਦੇ ਪ੍ਰਮੁੱਖ ਸਰੋਤ ਹਨ। ਪਰ ਸਾਡੇ ਮੌਜ-ਮਸਤੀ ਕਰਨ ਦੀਆਂ ਆਵਾਜ਼ਾਂ ਵੀ ਇਸ ਇਸੇ ਸ਼੍ਰੇਣੀ ਵਿੱਚ ਆਉਂਦੀਆਂ ਹਨ। ਇੱਕ ਵਿਅਕਤੀ ਦੀ ਵੱਡੀ ਪਾਰਟੀ ਦੂਜੇ ਵਿਅਕਤੀ ਲਈ ਅਸਹਿਣਯੋਗ ਸ਼ੋਰ ਹੈ। ਮੈਂ, ਕੋਕੋ ਨੂੰ ਸਪੇਨ ਦੇ ਬਾਰਸੀਲੋਨਾ ਦੇ ਇਤਿਹਾਸਕ ਵਿਲਾ ਡੀ ਗ੍ਰਾਸੀਆ ਖੇਤਰ ਵਿੱਚ ਉਨ੍ਹਾਂ ਦੇ ਚੌਥੀ ਮੰਜ਼ਿਲ ਦੇ ਫਲੈਟ 'ਤੇ ਮਿਲਿਆ। ਉਨ੍ਹਾਂ ਦੇ ਦਰਵਾਜ਼ੇ 'ਤੇ ਤੋਹਫ਼ੇ ਵਜੋ ਦਿੱਤੇ ਗਏ ਤਾਜ਼ੇ ਨਿੰਬੂਆਂ ਦਾ ਇੱਕ ਥੈਲਾ ਬੰਨ੍ਹਿਆ ਹੋਇਆ ਹੈ, ਜੋ ਉਨ੍ਹਾਂ ਦੇ ਗੁਆਂਢੀਆਂ ਨੇ ਤੋਹਫ਼ੇ ਵਜੋਂ ਦਿੱਤੇ ਹਨ। ਉਨ੍ਹਾਂ ਦੇ ਫਰਿੱਜ ਵਿੱਚ ਇੱਕ ਦੂਜੇ ਗੁਆਂਢੀ ਦੁਆਰਾ ਪਕਾਏ ਗਏ ਟੌਰਟਿਲਾ ਪਏ ਹਨ ਅਤੇ ਉਨ੍ਹਾਂ ਨੇ ਮੈਨੂੰ ਮਜ਼ੇਦਾਰ ਕੇਕ ਦਿੱਤਾ ਜੋ ਉਨ੍ਹਾਂ ਦੇ ਇੱਕ ਤੀਜੇ ਗੁਆਂਢੀ ਨੇ ਬਣਾਇਆ ਸੀ, ਜੋ ਪੇਸਟਰੀ ਬਣਾਉਣ ਦੀ ਸਿਖਲਾਈ ਲੈ ਰਿਹਾ ਹੈ। ਕੋਕੋ ਦੀ ਬਾਲਕੋਨੀ ਤੋਂ ਤੁਸੀ ਸ਼ਹਿਰ ਦੇ ਮਸ਼ਹੂਰ ਗਿਰਜਾਘਰ, ਸਗਰਾਡਾ ਫੈਮਿਲੀਆ ਨੂੰ ਦੇਖ ਸਕਦੇ ਹੋ। ਇਹ ਸਮਝਣਾ ਸੌਖਾ ਹੈ ਕਿ ਕੋਕੋ ਇੱਥੇ ਰਹਿਣਾ ਕਿਉ ਪਸੰਦ ਕਰਦੇ ਹਨ, ਪਰ ਇਸ ਦੀ ਲਾਗਤ ਬਹੁਤ ਜ਼ਿਆਦਾ ਹੈ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਇੱਥੋ ਮਜਬੂਰੀ ਵੱਸ ਜਾਣਾ ਪਵੇਗਾ। ਕੋਕੋ ਨੇ ਮੈਨੂੰ ਦੱਸਿਆ, "ਇੱਥੇ ਬਹੁਤ ਰੌਲਾ ਹੈ... 24 ਘੰਟੇ ਰੌਲਾ ਰਹਿੰਦਾ ਹੈ।"




"ਜੇ ਤੁਸੀਂ ਕਈ ਸਾਲਾਂ ਤੱਕ ਸ਼ੋਰ ਸੰਪਰਕ ਵਿੱਚ ਰਹਿੰਦੇ ਹੋ, ਤਾਂ ਤੁਹਾਡਾ ਸਰੀਰ ਹਰ ਸਮੇਂ ਇਸ ਤਰ੍ਹਾਂ ਪ੍ਰਤੀਕਿਰਿਆ ਕਰਦਾ ਹੈ, ਜਿਸ ਨਾਲ ਤੁਹਾਨੂੰ ਦਿਲ ਦਾ ਦੌਰਾ, ਹਾਈ ਬਲੱਡ ਪ੍ਰੈਸ਼ਰ, ਸਟ੍ਰੋਕ ਅਤੇ ਟਾਈਪ 2 ਸ਼ੂਗਰ ਵਰਗੀਆਂ ਸਮੱਸਿਆਵਾਂ ਹੋਣ ਦਾ ਖ਼ਤਰਾ ਵਧ ਜਾਂਦਾ ਹੈ।"
ਪ੍ਰੋਫੈਸਰ ਸ਼ਾਰਲਟ ਕਲਾਰਕ



ਇੱਥੇ ਕੁੱਤਿਆਂ ਦਾ ਇੱਕ ਪਾਰਕ ਹੈ ਜਿੱਥੇ ਮਾਲਕ ਆਪਣੇ ਕੁੱਤਿਆਂ ਨੂੰ ਘੁੰਮਾ ਸਕਦੇ ਹਨ, ਜੋ "ਸਵੇਰੇ 2, 3, 4, 5 ਵਜੇ ਭੌਂਕਦੇ ਹਨ" ਅਤੇ ਇੱਥੇ ਇੱਕ ਖੁੱਲ੍ਹੀ ਜਨਤਕ ਥਾਂ ਹੈ ਜੋ ਬੱਚਿਆਂ ਦੇ ਜਨਮ ਦਿਨ ਦੀਆਂ ਪਾਰਟੀਆਂ ਤੋਂ ਲੈ ਕੇ ਆਤਿਸ਼ਬਾਜ਼ੀ ਨਾਲ ਖ਼ਤਮ ਹੋਣ ਵਾਲੇ ਤੇ ਪੂਰਾ ਦਿਨ ਚੱਲਣ ਵਾਲੇ ਸੰਗੀਤ ਸਮਾਗਮਾਂ ਤੱਕ ਹਰ ਚੀਜ਼ ਲਈ ਵਰਤੀ ਜਾਂਦੀ ਹੈ। ਕੋਕੋ ਆਪਣਾ ਫ਼ੋਨ ਕੱਢਦੇ ਹਨ ਅਤੇ ਉੱਚੀ ਆਵਾਜ਼ ਵਿੱਚ ਸੰਗੀਤ ਦੀ ਰਿਕਾਰਡਿੰਗ ਵਜਾਉਂਦੇ ਹਨ, ਜਿਸ ਨਾਲ ਉਨ੍ਹਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਹਿੱਲ ਜਾਂਦੇ ਹਨ। ਉਨ੍ਹਾਂ ਦਾ ਘਰ ਅਜਿਹਾ ਹੋਣਾ ਚਾਹੀਦਾ ਹੈ ਜਿੱਥੇ ਆ ਕੇ ਬੰਦਾ ਆਪਣੇ ਕੰਮ ਦਾ ਸਾਰਾ ਤਣਾਅ ਭੁੱਲ ਜਾਵੇ ਪਰ ਇਹ ਸ਼ੋਰ-ਸ਼ਰਾਬਾ "ਨਿਰਾਸ਼ਾ ਪੈਦਾ ਕਰ ਰਿਹਾ ਹੈ ਅਤੇ ਮੇਰਾ ਰੋਣ ਦਾ ਮਨ ਕਰਦਾ ਹੈ।" ਉਹ ਕਹਿੰਦੇ ਹਨ, "ਇਸ 53 ਦਾ ਮਤਲਬ ਹੈ ਕਿ ਸਾਨੂੰ ਇੱਕ ਸ਼ਾਂਤ ਵਾਤਾਵਰਣ ਵਿੱਚ ਰਹਿਣ ਦੀ ਲੋੜ ਹੈ। ਅਤੇ ਇਹ ਸਿਰਫ਼ ਦਿਨ ਵੇਲੇ ਹੁੰਦਾ ਹੈ, ਸੌਣ ਲਈ ਤਾਂ ਸਾਨੂੰ ਹੋਰ ਵੀ ਹੇਠਲੇ ਪੱਧਰ ਦੀ ਲੋੜ ਹੁੰਦੀ ਹੈ। ਰਾਤ ਨੂੰ ਸਾਨੂੰ ਸ਼ਾਂਤੀ ਦੀ ਲੋੜ ਹੁੰਦੀ ਹੈ।" ਹਾਲਾਂਕਿ ਇਹ ਸਿਰਫ਼ ਆਵਾਜ਼ ਬਾਰੇ ਨਹੀ ਹੈ, ਆਵਾਜ਼ ਕਿੰਨੀ ਵਿਘਨਕਾਰੀ ਹੈ ਅਤੇ ਇਸ 'ਤੇ ਤੁਹਾਡਾ ਕਿੰਨਾ ਕੰਟਰੋਲ ਹੈ, ਇਹ ਤੱਥ ਵੀ ਸ਼ੋਰ ਪ੍ਰਤੀ ਸਾਡੀ ਭਾਵਨਾਤਮਕ ਪ੍ਰਤੀਕਿਰਿਆ ਨੂੰ ਪ੍ਰਭਾਵਿਤ ਕਰਦਾ ਹੈ। ਡਾਕਟਰ ਫੋਰੈਸਟਰ ਦਾ ਤਰਕ ਹੈ ਕਿ ਸ਼ੋਰ ਦੇ ਸਿਹਤ 'ਤੇ ਪ੍ਰਭਾਵ "ਹਵਾ ਪ੍ਰਦੂਸ਼ਣ ਵਾਲੇ ਪੱਧਰ 'ਤੇ ਹਨ", ਪਰ ਇਹ ਸਮਝਣਾ ਬਹੁਤ ਔਖਾ ਹੈ। ਉਹ ਕਹਿੰਦੇ ਹਨ, "ਅਸੀ ਇਹ ਸਮਝਣ ਦੇ ਆਦੀ ਹਾਂ ਕਿ ਰਸਾਇਣ ਸਿਹਤ ਨੂੰ ਪ੍ਰਭਾਵਿਤ ਕਰ ਸਕਦੇ ਹਨ ਅਤੇ ਉਹ ਜ਼ਹਿਰੀਲੇ ਹਨ, ਪਰ ਇਹ ਸਮਝਣਾ ਇੰਨਾ ਸਧਾਰਨ ਨਹੀ ਹੈ ਕਿ ਸ਼ੋਰ ਵਰਗਾ ਭੌਤਿਕ ਕਾਰਕ ਵੀ ਸਾਡੀ ਸੁਣਨ ਦੀ ਸਮਰੱਥਾ ਤੋਂ ਪਰੇ ਸਾਡੀ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ।" ਉੱਚੇ ਸੰਗੀਤ ਵਾਲੀ ਪਾਰਟੀ ਜ਼ਿੰਦਗੀ ਨੂੰ ਖੂਬਸੂਰਤ ਅਤੇ ਜਿਉਣ ਯੋਗ ਬਣਾ ਸਕਦੀ ਹੈ ਅਤੇ ਕਿਸੇ ਹੋਰ ਲਈ ਇਹੀ ਪਾਰਟੀ ਅਸਹਿਣਯੋਗ ਸ਼ੋਰ ਹੁੰਦਾ ਹੈ। ਪੂਰੇ ਯੂਰਪ ਵਿੱਚ ਸ਼ੋਰ-ਸ਼ਰਾਬੇ ਕਾਰਨ ਹਰ ਸਾਲ 12,000 ਅਣਆਈਆਂ ਮੌਤਾਂ ਹੁੰਦੀਆਂ ਹਨ, ਨਾਲ ਹੀ ਨੀਂਦ ਵਿੱਚ ਵਿਘਨ ਅਤੇ ਗੰਭੀਰ ਸ਼ੋਰ ਦੀ ਸਮੱਸਿਆ ਦੇ ਲੱਖਾਂ ਮਾਮਲੇ ਸਾਹਮਣੇ ਆਉਂਦੇ ਹਨ, ਜੋ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰ ਸਕਦੇ ਹਨ। ਮੈਂ ਡਾਕਟਰ ਫੋਰੈਸਟਰ ਨੂੰ ਇੱਕ ਕੈਫੇ ਵਿੱਚ ਮਿਲਿਆ, ਜੋ ਬਾਰਸੀਲੋਨਾ ਦੀਆਂ ਸਭ ਤੋਂ ਵਿਅਸਤ ਗਲੀਆਂ ਵਿੱਚੋਂ ਇੱਕ ਤੋਂ, ਇੱਕ ਛੋਟੇ ਪਾਰਕ ਦੁਆਰਾ ਵੱਖ ਕੀਤਾ ਗਿਆ ਸੀ। ਮੇਰਾ ਸਾਊਂਡ ਮੀਟਰ ਦੱਸਦਾ ਹੈ ਕਿ ਇੱਥੇ ਦੂਰ ਦੀ ਟ੍ਰੈਫਿਕ ਤੋਂ ਆਉਣ ਵਾਲਾ ਰੌਲਾ 60 ਡੈਸੀਬਲ ਤੋਂ ਥੋੜ੍ਹਾ ਉੱਪਰ ਹੈ। ਅਸੀ ਇਸ ਸ਼ੋਰ ਦੇ ਬਾਵਜੂਦ ਆਪਣੀ ਆਵਾਜ਼ ਉੱਚੀ ਕੀਤੇ ਬਿਨਾਂ ਆਸਾਨੀ ਨਾਲ ਗੱਲ ਕਰ ਸਕਦੇ ਹਾਂ, ਪਰ ਇਹ ਪਹਿਲਾਂ ਹੀ ਇੱਕ ਗੈਰ-ਸਿਹਤਮੰਦ ਆਵਾਜ਼ ਹੈ। ਡਾਕਟਰ ਫੋਰੈਸਟਰ ਨੇ ਮੈਨੂੰ ਦੱਸਿਆ ਕਿ ਦਿਲ ਦੀ ਸਿਹਤ ਲਈ 53 ਡੈਸੀਬਲ ਇੱਕ ਚਿੰਤਾਜਨਕ ਨੰਬਰ ਹੈ, ਅਤੇ ਤੁਸੀ ਇਸ ਤੋਂ ਜਿੰਨਾ ਉੱਚਾ ਜਾਓਗੇ, ਸਿਹਤ ਦੇ ਜੋਖਮ ਓਨੇ ਹੀ ਵਧ ਜਾਣਗੇ।

### ਟ੍ਰੈਫਿਕ ਸ਼ੋਰ ਦਾ ਅਸਰ

ਟ੍ਰੈਫਿਕ ਸ਼ੋਰ ਦਾ ਸਿਹਤ 'ਤੇ ਸਭ ਤੋਂ ਵੱਧ ਪ੍ਰਭਾਵ ਪੈਂਦਾ ਹੈ ਕਿਉਂਕਿ ਬਹੁਤ ਸਾਰੇ ਲੋਕ ਇਸਦੇ ਸੰਪਰਕ ਵਿੱਚ ਆਉਂਦੇ ਹਨ। ਪਰ ਟ੍ਰੈਫਿਕ ਦਾ ਮਤਲਬ ਕੰਮ 'ਤੇ ਜਾਣਾ, ਖਰੀਦਦਾਰੀ ਕਰਨਾ ਅਤੇ ਬੱਚਿਆਂ ਨੂੰ ਸਕੂਲ ਲੈ ਕੇ ਜਾਣਾ ਵੀ ਹੈ। ਸ਼ੋਰ ਨਾਲ ਨਜਿੱਠਣ ਦਾ ਮਤਲਬ ਹੈ ਲੋਕਾਂ ਨੂੰ ਆਪਣੀ ਜ਼ਿੰਦਗੀ ਵੱਖਰੇ ਢੰਗ ਨਾਲ ਜਿਉਣ ਲਈ ਕਹਿਣਾ, ਜੋ ਆਪਣੇ ਆਪ ਵਿੱਚ ਸਮੱਸਿਆਵਾਂ ਪੈਦਾ ਕਰਦਾ ਹੈ। ਬਾਰਸੀਲੋਨਾ ਇੰਸਟੀਚਿਊਟ ਫਾਰ ਗਲੋਬਲ ਹੈਲਥ ਦੇ ਡਾਕਟਰ ਨੈਟਲੀ ਮੂਲਰ ਮੈਨੂੰ ਸ਼ਹਿਰ ਦੇ ਕੇਂਦਰ ਵਿੱਚ ਸੈਰ ਕਰਵਾਉਣ ਲੈ ਜਾਂਦੇ ਹਨ। ਅਸੀ ਇੱਕ ਵਿਅਸਤ ਸੜਕ ਤੋਂ ਸ਼ੁਰੂਆਤ ਕਰਦੇ ਹਾਂ - ਮੇਰਾ ਆਵਾਜ਼ ਮੀਟਰ 80 ਡੈਸੀਬਲ ਤੋਂ ਵੀ ਉੱਪਰ ਚਲਾ ਜਾਂਦਾ ਹੈ, ਫਿਰ ਅਸੀ ਇੱਕ ਇਲਾਕੇ ਵਿੱਚ ਚਲੇ ਜਾਂਦੇ ਹਾਂ ਜਿੱਥੇ ਬਹੁਤ ਸਾਰੇ ਰੁੱਖ ਹਨ ਅਤੇ ਇੱਥੇ ਸ਼ੋਰ 50 ਡੈਸੀਬਲ ਤੱਕ ਘੱਟ ਹੋ ਜਾਂਦਾ ਹੈ। ਪਰ ਇਸ ਗਲੀ ਬਾਰੇ ਇੱਕ ਚੀਜ਼ ਵੱਖਰੀ ਹੈ। ਪਹਿਲਾਂ ਇਹ ਇੱਕ ਮਸਰੂਫ਼ ਸੜਕ ਹੁੰਦੀ ਸੀ, ਪਰ ਹੁਣ ਇਹ ਜਗ੍ਹਾ ਪੈਦਲ ਚੱਲਣ ਵਾਲਿਆਂ, ਕੈਫ਼ੇ ਅਤੇ ਬਗ਼ੀਚਿਆਂ ਨੂੰ ਦੇ ਦਿੱਤੀ ਗਈ ਹੈ। ਹਾਲਾਂਕਿ ਵਾਹਨ ਅਜੇ ਵੀ ਇੱਥੇ ਆ ਸਕਦੇ ਹਨ, ਪਰ ਹੌਲੀ। ਚੇਤੇ ਕਰੋ, ਪਹਿਲਾਂ ਪ੍ਰਯੋਗਸ਼ਾਲਾ ਵਿੱਚ ਅਸੀ ਪਾਇਆ ਸੀ ਕਿ ਕੁਝ ਆਵਾਜ਼ਾਂ ਸਰੀਰ ਨੂੰ ਸ਼ਾਂਤ ਕਰ ਸਕਦੀਆਂ ਹਨ। ਡਾਕਟਰ ਮੂਲਰ ਕਹਿੰਦੇ ਹਨ, "ਹਾਲਾਂਕਿ ਇਹ ਵੀ ਪੂਰੀ ਤਰ੍ਹਾਂ ਸ਼ਾਂਤ ਨਹੀ ਹੈ, ਪਰ ਇਹ ਆਵਾਜ਼ ਅਤੇ ਸ਼ੋਰ ਦੀ ਇੱਕ ਵੱਖਰੀ ਧਾਰਨਾ ਹੈ।"



ਮੇਰੇ ਦਿਲ ਦੀ ਧੜਕਣ ਘਟ ਗਈ ਅਤੇ ਮੈਨੂੰ ਪਸੀਨਾ ਆਉਣਾ ਬੰਦ ਹੋ ਗਿਆ। ਸ਼ੁਰੂਆਤੀ ਯੋਜਨਾ ਇਹ ਸੀ ਕਿ ਅਜਿਹੇ 500 ਤੋਂ ਵੱਧ ਖੇਤਰ ਬਣਾਏ ਜਾਣਗੇ, ਜਿਨ੍ਹਾਂ ਨੂੰ "ਸੁਪਰਬਲਾਕ" ਕਿਹਾ ਜਾਂਦਾ ਹੈ। ਇਸ ਵਿੱਚ ਕਈ ਸ਼ਹਿਰੀ ਬਲਾਕਾਂ ਨੂੰ ਇਕੱਠੇ ਸਮੂਹਬੱਧ ਕਰਕੇ, ਪੈਦਲ ਯਾਤਰੀਆਂ ਦੇ ਅਨੁਕੂਲ ਖੇਤਰ ਬਣਾਇਆ ਜਾਂਦਾ ਹੈ। ਡਾਕਟਰ ਮੂਲਰ ਨੇ ਇੱਕ ਖੋਜ ਕੀਤੀ ਸੀ, ਜਿਸ ਵਿੱਚ ਅੰਦਾਜ਼ਾ ਲਗਾਇਆ ਗਿਆ ਸੀ ਕਿ ਸ਼ਹਿਰ ਦੇ ਸ਼ੋਰ ਵਿੱਚ 5-10% ਕਮੀ ਹਰ ਸਾਲ "ਸਮੇਂ ਤੋਂ ਪਹਿਲਾਂ ਹੋਣ ਵਾਲੀਆਂ 150 ਮੌਤਾਂ" ਨੂੰ ਰੋਕ ਸਕਦੀ ਹੈ, ਜੋ ਕਿ ਸਿਰਫ਼ ਸ਼ਹਿਰ ਦੇ ਸ਼ੋਰ ਕਾਰਨ ਹੁੰਦੀਆਂ ਹਨ ਅਤੇ ਸ਼ੋਰ ਵਿੱਚ ਇੰਨੀ ਕੁ ਕਮੀ, ਸਿਹਤ ਨੂੰ ਹੋਣ ਵਾਲੇ ਲਾਭਾਂ ਦਾ "ਸਿਰਫ਼ ਇੱਕ ਛੋਟਾ ਜਿਹਾ ਹਿੱਸਾ" ਹੋਵੇਗਾ। ਪਰ ਅਸਲ ਵਿੱਚ ਸਿਰਫ਼ ਛੇ ਸੁਪਰਬਲਾਕ ਬਣਾਏ ਗਏ ਸਨ। ਇਸ ਸਬੰਧੀ ਨਗਰ ਕੌਂਸਲ ਨੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

### ਸ਼ਹਿਰੀਕਰਨ

ਹਾਲਾਂਕਿ, ਸ਼ੋਰ ਸਬੰਧੀ ਖ਼ਤਰੇ ਲਗਾਤਾਰ ਵਧ ਰਹੇ ਹਨ ਫਿਰ ਵੀ ਸ਼ਹਿਰੀਕਰਨ ਕਾਰਨ ਜ਼ਿਆਦਾ ਲੋਕ ਸ਼ੋਰ-ਸ਼ਰਾਬੇ ਵਾਲੇ ਸ਼ਹਿਰਾਂ ਵੱਲ ਜਾ ਰਹੇ ਹਨ। ਬੰਗਲਾਦੇਸ਼ ਦਾ ਢਾਕਾ ਸ਼ਹਿਰ ਦੁਨੀਆਂ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਮੈਗਾਸਿਟੀਜ਼ ਵਿੱਚੋਂ ਇੱਕ ਹੈ। ਇਸ ਨਾਲ ਆਵਾਜਾਈ ਵੱਧ ਗਈ ਹੈ ਅਤੇ ਸ਼ਹਿਰ ਵਾਹਨਾਂ ਦੀਆਂ ਅਵਾਜ਼ਾਂ ਅਤੇ ਹਾਰਨਾਂ ਨਾਲ ਗੂੰਜਦਾ ਰਹਿੰਦਾ ਹੈ। ਕਲਾਕਾਰ ਮੋਮੀਨਾ ਰਮਨ ਰਾਇਲ ਨੂੰ "ਇਕੱਲੇ ਹੀਰੋ" ਦਾ ਖ਼ਿਤਾਬ ਮਿਲਿਆ ਹੈ ਕਿਉਂਕਿ ਉਨ੍ਹਾਂ ਦੇ ਚੁੱਪ ਵਾਲੇ ਵਿਰੋਧ ਨੇ ਸ਼ਹਿਰ ਦੀ ਸ਼ੋਰ ਸਮੱਸਿਆ ਵੱਲ ਸਭ ਦਾ ਧਿਆਨ ਖਿੱਚਿਆ ਹੈ। ਉਹ ਹਰ ਰੋਜ਼ ਲਗਭਗ 10 ਮਿੰਟਾਂ ਲਈ ਕਿਸੇ ਮਸਰੂਫ਼ ਸੜਕ ਦੇ ਚੌਰਾਹੇ 'ਤੇ ਇੱਕ ਵੱਡਾ ਪੀਲੇ ਰੰਗ ਦਾ ਤਖਤਾ ਲੈ ਕੇ ਖੜ੍ਹੇ ਰਹਿੰਦੇ ਹਨ ਅਤੇ ਉਨ੍ਹਾਂ ਡਰਾਈਵਰਾਂ ਨੂੰ ਮੁਲਜ਼ਮ ਠਹਿਰਾਉਂਦੇ ਹਨ ਜੋ ਉੱਚੀ ਆਵਾਜ਼ ਵਿੱਚ ਹਾਰਨ ਵਜਾਉਂਦੇ ਹਨ ਅਤੇ ਬਹੁਤ ਜ਼ਿਆਦਾ ਪਰੇਸ਼ਾਨੀ ਪੈਦਾ ਕਰਦੇ ਹਨ। ਮੋਮੀਨਾ ਨੇ ਆਪਣੀ ਧੀ ਦੇ ਜਨਮ ਤੋਂ ਬਾਅਦ ਇਹ ਮਿਸ਼ਨ ਸ਼ੁਰੂ ਕੀਤਾ ਸੀ। ਉਹ ਕਹਿੰਦੇ ਹਨ, "ਮੈਂ ਚਾਹੁੰਦਾ ਹਾਂ ਕਿ ਹਰ ਤਰ੍ਹਾਂ ਦੇ ਹਾਰਨ ਵੱਜਣਾ ਬੰਦ ਹੋ ਜਾਣ, ਨਾ ਸਿਰਫ਼ ਢਾਕਾ 'ਚ ਬਲਕਿ ਬੰਗਲਾਦੇਸ਼ 'ਚ ਵੀ।" ਉਹ ਕਹਿੰਦੇ ਹਨ, "ਪੰਛੀਆਂ, ਰੁੱਖਾਂ ਜਾਂ ਦਰਿਆਵਾਂ ਨੂੰ ਦੇਖੋ, ਮਨੁੱਖਾਂ ਤੋਂ ਬਿਨਾਂ ਹੋਰ ਕੋਈ ਵੀ ਰੌਲਾ ਨਹੀ ਪਾ ਰਿਹਾ, ਇਸ ਲਈ ਮਨੁੱਖ ਜ਼ਿੰਮੇਵਾਰ ਹਨ।" ਪਰ ਇੱਥੇ ਸਿਆਸੀ ਕਾਰਵਾਈ ਵੀ ਸ਼ੁਰੂ ਹੋ ਗਈ ਹੈ। ਬੰਗਲਾਦੇਸ਼ ਸਰਕਾਰ ਦੇ ਵਾਤਾਵਰਣ ਸਲਾਹਕਾਰ ਅਤੇ ਮੰਤਰੀ ਸਈਦਾ ਰਿਜ਼ਵਾਨਾ ਹਸਨ ਨੇ ਮੈਨੂੰ ਦੱਸਿਆ ਕਿ ਉਹ ਸ਼ੋਰ ਦੇ ਸਿਹਤ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ "ਬਹੁਤ ਚਿੰਤਤ" ਹਨ।

ਸ਼ੋਰ ਦੇ ਪੱਧਰ ਨੂੰ ਘਟਾਉਣ ਲਈ, ਜਾਗਰੂਕ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਮੌਜੂਦਾ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ ਅਤੇ ਹਾਰਨ ਵਜਾਉਣ 'ਤੇ ਪਾਬੰਦੀ ਲਗਾਈ ਜਾ ਰਹੀ ਹੈ। ਉਨ੍ਹਾਂ ਕਿਹਾ, "ਇਹ ਇੱਕ ਜਾਂ ਦੋ ਸਾਲਾਂ ਵਿੱਚ ਕਰਨਾ ਅਸੰਭਵ ਹੈ, ਪਰ ਮੈਨੂੰ ਲੱਗਦਾ ਹੈ ਕਿ ਇਹ ਯਕੀਨੀ ਬਣਾਉਣਾ ਸੰਭਵ ਹੈ ਕਿ ਸ਼ਹਿਰ ਵਿੱਚ ਸ਼ੋਰ ਘੱਟ ਹੋਵੇ ਅਤੇ ਜਦੋਂ ਲੋਕਾਂ ਨੂੰ ਇਸਦਾ ਅਹਿਸਾਸ ਹੋਵੇਗਾ ਤਾਂ ਉਹ ਸ਼ੋਰ ਘੱਟ ਹੋਣ ਨਾਲ ਚੰਗਾ ਮਹਿਸੂਸ ਕਰਨਗੇ, ਮੈਨੂੰ ਯਕੀਨ ਹੈ ਕਿ ਉਨ੍ਹਾਂ ਦੀਆਂ ਆਦਤਾਂ ਵੀ ਬਦਲ ਜਾਣਗੀਆਂ।" ਸ਼ੋਰ ਦੀ ਸਮੱਸਿਆ ਨੂੰ ਹੱਲ ਕਰਨਾ ਔਖਾ, ਗੁੰਝਲਦਾਰ ਅਤੇ ਚੁਣੌਤੀਪੂਰਨ ਹੋ ਸਕਦਾ ਹੈ। ਹੁਣ ਮੇਰੇ ਕੋਲ ਜੋ ਬਚਿਆ ਹੈ ਉਹ ਹੈ, ਆਪਣੀ ਜ਼ਿੰਦਗੀ 'ਚ ਸ਼ੋਰ ਤੋਂ ਬਚਣ ਲਈ ਕੋਈ ਨਵੀ ਥਾਂ ਲੱਭਣ ਦੀ ਚਾਹ, ਕਿਉਂਕਿ ਬੰਗਲਾਦੇਸ਼ ਯੂਨੀਵਰਸਿਟੀ ਆਫ਼ ਪ੍ਰੋਫੈਸ਼ਨਲਜ਼ ਦੇ ਡਾਕਟਰ ਮਸਰੂਰ ਅਬਦੁਲ ਕਾਦਰ ਦੇ ਸ਼ਬਦਾਂ ਵਿੱਚ- ਇਹ "ਇੱਕ ਅਦਿੱਖ ਕਾਤਲ ਅਤੇ ਇੱਕ ਧੀਮਾ ਜ਼ਹਿਰ" ਹੈ।

# ਪੈਰਾਂ ਦੀ ਸਫ਼ਾਈ ਨਾ ਰੱਖਣ ਨਾਲ ਹੋ ਸਕਦੀਆਂ ਨੇ ਕਈ ਬਿਮਾਰੀਆਂ

**ਜੈਸਮੀਨ ਫੌਕਸ-ਸਕੂਲੀ**

**ਕੁਝ** ਲੋਕ ਰੋਜ਼ਾਨਾ ਆਪਣੇ ਪੈਰਾਂ ਨੂੰ ਰਗੜ ਕੇ ਧੋਂਦੇ ਹਨ, ਜਦੋਂ ਕਿ ਕਈ ਦਾ ਮੰਨਣਾ ਹੈ ਕਿ ਸਰੀਰ ਉੱਤੇ ਪਾਣੀ ਦੇ ਵਹਾਅ ਨਾਲ ਹੀ ਪੈਰ ਧੋਤੇ ਜਾਂਦੇ ਹਨ। ਪਰ ਕੀ ਤੁਸੀ ਆਪਣੇ ਪੈਰਾਂ ਨੂੰ ਸਹੀ ਤਰੀਕੇ ਨਾਲ ਧੋ ਰਹੇ ਹੋ? ਜਦੋਂ ਤੁਸੀ ਨਹਾਉਣ ਲਈ ਜਾਂਦੇ ਹੋ ਤਾਂ ਸੁਭਾਵਿਕ ਹੈ ਕਿ ਸਰੀਰ ਦੇ ਕਈ ਅੰਗਾਂ ਨੂੰ ਹੋਰਨਾਂ ਅੰਗਾਂ ਨਾਲੋ ਵਧੇਰੇ ਧਿਆਨ ਮਿਲਦਾ ਹੈ। ਪਰ ਕਈ ਵਾਰ ਤੁਹਾਡੇ ਪੈਰ ਸਰੀਰ ਦੇ ਅਤਲੇ ਹਿੱਸੇ ਵਿੱਚ ਹੋਣ ਕਰਕੇ ਨਹਾਉਣ ਦੇ ਸਮੇਂ ਨਜ਼ਰਅੰਦਾਜ਼ ਹੋ ਜਾਂਦੇ ਹਨ। ਹਾਲਾਂਕਿ ਮਾਹਰਾਂ ਅਨੁਸਾਰ ਜੇਕਰ ਵਧੇਰੇ ਨਹੀ ਤਾਂ ਪੈਰਾਂ ਨੂੰ ਲੋੜੀਦਾ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਯੂਕੇ ਨੈਸ਼ਨਲ ਹੈਲਥ ਸਰਵਿਸ ਅਤੇ ਯੂਐਸ ਸੈਂਟਰ ਫਾਰ ਡਿਸੀਜ਼ ਕੰਟਰੋਲ ਰੋਜ਼ਾਨਾ ਪਾਣੀ ਅਤੇ ਸਾਬਣ ਨਾਲ ਪੈਰਾਂ ਨੂੰ ਧੋਣ ਦਾ ਸੁਝਾਅ ਦਿੰਦੇ ਹਨ। ਇਸ ਦਾ ਸਭ ਤੋਂ ਅਹਿਮ ਕਾਰਨ ਬਦਬੂ ਤੋਂ ਬਚਣਾ ਹੈ। ਪੈਰਾਂ ਦੀਆਂ ਤਲੀਆਂ ਵਿੱਚ ਪ੍ਰਤੀ ਵਰਗ ਸੈਂਟੀਮੀਟਰ ਚਮੜੀ ਦੇ ਹਿਸਾਬ ਨਾਲ 600 ਪਸੀਨੇ ਦੀਆਂ ਗ੍ਰੰਥੀਆਂ ਹੁੰਦੀਆਂ ਹਨ, ਜੋ ਕਿ ਸਰੀਰ ਦੇ ਕਿਸੇ ਹੋਰ ਹਿੱਸੇ ਨਾਲੋ ਕਿਤੇ ਵੱਧ ਹੈ। ਹਾਲਾਂਕਿ ਪਸੀਨਾ ਆਪਣੇ ਆਪ ਵਿੱਚ ਬਦਬੂਦਾਰ ਨਹੀ ਹੁੰਦਾ। ਪਸੀਨੇ ਵਿੱਚ ਬਦਬੂ ਦਾ ਕਾਰਨ ਲੂਣ, ਗਲੂਕੋਜ਼, ਵਿਟਾਮਿਨ ਅਤੇ ਅਮੀਨੋ ਐਸਿਡ ਦਾ ਮਿਸ਼ਰਣ ਹੁੰਦਾ ਹੈ ਯੂਕੇ ਵਿੱਚ ਹਲ ਯੂਨੀਵਰਸਿਟੀ ਵਿੱਚ ਵਾਉਂਡ ਹਿਲਿੰਗ ਲੈਕਚਰਾਰ, ਹੋਲੀ ਵਿਲਕਿਨਸਨ ਕਹਿੰਦੇ ਹਨ, "ਪੈਰਾਂ ਦੇ ਉਂਗਲਾਂ ਦੇ ਵਿਚਕਾਰਲਾ ਹਿੱਸਾ ਕਾਫੀ ਨਮੀ ਅਤੇ ਗਰਮ ਤਾਪਮਾਨ ਵਾਲਾ ਹੁੰਦਾ ਹੈ, ਇਸ ਕਰਕੇ ਇੱਥੇ ਜ਼ਿਆਦਾ ਰੋਗਾਣੂ ਹੁੰਦੇ ਹਨ।" ਸਾਡੇ ਪੈਰ ਵਧੇਰਾ ਸਮਾਂ ਜੁੱਤੇ-ਜੁਰਾਬਾਂ ਨਾਲ ਢੱਕੇ ਰਹਿੰਦੇ ਹਨ। ਇਸ ਕਾਰਨ ਵੀ ਪੈਰਾਂ ਵਿੱਚ ਜ਼ਿਆਦਾ ਨਮੀ ਬਣੀ ਰਹਿੰਦੀ ਹੈ। ਜੇਕਰ ਤੁਸੀ ਮਨੁੱਖੀ ਸਰੀਰ ਦੇ ਕਿਸੇ ਹਿੱਸੇ ਦੇ ਵਰਗ ਸੈਂਟੀਮੀਟਰ ਵਿੱਚ ਦੂਰਬੀਨ ਨਾਲ ਬਿਲਕੁੱਲ ਨਜ਼ਦੀਕ ਤੋਂ ਵੇਖੋ, ਤੁਹਾਨੂੰ ਉਸ ਹਿੱਸੇ ਵਿੱਚ 10 ਹਜ਼ਾਰ ਤੋਂ ਲੈ ਕੇ 10 ਲੱਖ ਬੈਕਟੀਰੀਆ ਮਿਲਣਗੇ। ਇਹ ਗਿਣਤੀ ਸਰੀਰ ਦੇ ਨਮੀ, ਗਰਮ ਤਾਪਮਾਨ ਵਾਲੇ ਹਿੱਸੇ ਖਾਸ ਕਰਕੇ ਪੈਰਾਂ ਵਿੱਚ ਵਧੇਰੇ ਹੁੰਦੀ ਹੈ। ਪੈਰ ਦੇ ਉੱਤੇ ਕੋਰੀਨੇਬੈਕਟੀਰੀਅਮ ਅਤੇ ਸਟੈਫ਼ੀਲੋਕੋਕਸ ਵਰਗੇ ਕਈ ਬੈਕਟੀਰੀਆ ਹੁੰਦੇ ਹਨ। ਤੁਹਾਡੇ ਪਸੀਨੇ ਵਾਲੇ ਪੈਰ ਐਸਪਰਗਿਲਸ, ਕ੍ਰਿਪਟੋਕੋਕਸ, ਐਪੀਕੋਕਮ, ਰੋਡੋਟੋਰੂਲਾ, ਕੈਂਡੀਡਾ, ਟ੍ਰਾਈਕੋਸਪੋਰੋਨ ਅਤੇ ਹੋਰਨਾਂ ਕਈ ਬੈਕਟੀਰੀਆਂ ਦਾ ਘਰ ਹੁੰਦੇ ਹਨ। ਮਨੁੱਖੀ ਪੈਰ ਵਿੱਚ ਸਰੀਰ ਦੇ ਕਿਸੇ ਵੀ ਹੋਰ ਹਿੱਸੇ ਨਾਲੋ ਕਿਤੇ ਜ਼ਿਆਦਾ ਬੈਕਟੀਰੀਆਂ ਹੁੰਦੇ ਹਨ।

### ਚਮੜੀ ਦੀ ਲਾਗ

ਆਪਣੇ ਪੈਰਾਂ ਨੂੰ ਸਾਫ਼ ਰੱਖਣ ਨਾਲ ਚਮੜੀ ਦੀਆਂ ਲਾਗਾਂ ਨੂੰ ਵੀ ਰੋਕਿਆ ਜਾ ਸਕਦਾ ਹੈ, ਜਿਵੇਂ ਕਿ ਸਟੈਫ਼ੀਲੋਕੋਕਸ ਜਾਂ ਸੂਡੋਮੋਨਾਸ ਬੈਕਟੀਰੀਆ ਕਾਰਨ ਹੋਣ ਵਾਲੀਆਂ ਲਾਗਾਂ। ਭਾਵੇਂ ਕਿ ਇਹ ਬੈਕਟੀਰੀਆ ਤੁਹਾਡੀ ਚਮੜੀ 'ਤੇ ਕੁਦਰਤੀ ਤੌਰ 'ਤੇ ਮੌਜੂਦ ਹੁੰਦੇ ਹਨ, ਪਰ ਜੇਕਰ ਇਹ ਕੱਟ ਰਾਹੀਂ ਤੁਹਾਡੇ ਖ਼ੂਨ ਦੇ ਵਿੱਚ ਚਲੇ ਜਾਣ ਤਾਂ ਇਹ ਇੱਕ



ਗੰਭੀਰ ਲਾਗ ਦਾ ਕਾਰਨ ਬਣ ਸਕਦੇ ਹਨ। ਵਿਲਕਿਨਸਨ ਕਹਿੰਦੇ ਹਨ, "ਪੈਰਾਂ ਵਿੱਚ ਲਾਗ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ ਕਿਉਂਕਿ ਉੱਥੇ ਬੈਕਟੀਰੀਆ ਜ਼ਿਆਦਾ ਹੁੰਦੇ ਹਨ। ਅਜਿਹੇ ਹਾਲਾਤ ਵਿੱਚ ਵਧੇਰੇ ਸੰਭਾਵਨਾ ਹੈ ਕਿ ਜੇਕਰ ਤੁਹਾਨੂੰ ਕੋਈ ਸੱਟ ਲੱਗਦੀ ਹੈ, ਤਾਂ ਰੋਗਾਣੂ ਉਸ ਜ਼ਖ਼ਮ ਵਿੱਚ ਦਾਖਲ ਹੋ ਸਕਦੇ ਹਨ।" ਭਾਵੇਂ ਤੁਸੀ ਆਪਣੇ ਪੈਰਾਂ ਦੀ ਚੰਗੀ ਤਰ੍ਹਾਂ ਸਫ਼ਾਈ ਕਰਦੇ ਹੋਵੋ, ਫਿਰ ਵੀ ਚਮੜੀ ਦੀ ਲਾਗ ਹੋ ਸਕਦੀ ਹੈ, ਪਰ ਨਿਯਮਿਤ ਤੌਰ 'ਤੇ ਆਪਣੇ ਪੈਰ ਧੋਣ ਨਾਲ ਮੌਜੂਦ ਬੈਕਟੀਰੀਆ ਦੀ ਗਿਣਤੀ ਘੱਟ ਜਾਂਦੀ ਹੈ। ਇਸ ਲਈ, ਜੇਕਰ ਤੁਹਾਨੂੰ ਕੱਟ ਲੱਗ ਜਾਵੇ, ਤਾਂ ਖ਼ੂਨ ਦੇ ਵਹਾਅ ਵਿੱਚ ਜਾਣ ਲਈ ਆਲੇ-ਦੁਆਲੇ ਘੱਟ ਰੋਗਾਣੂ ਹੋਣਗੇ। ਜੇਕਰ ਤੁਹਾਨੂੰ ਸ਼ੂਗਰ ਹੈ ਤਾਂ ਵਾਰ-ਵਾਰ ਪੈਰ ਧੋਣਾ ਕਾਫੀ ਜ਼ਰੂਰੀ ਹੈ। ਖੋਜ ਨੇ ਦਿਖਾਇਆ ਹੈ ਕਿ ਸ਼ੂਗਰ ਦੇ ਮਰੀਜ਼ਾਂ ਦੇ ਪੈਰਾਂ ਵਿੱਚ ਚਮੜੀ 'ਤੇ ਰਹਿਣ ਵਾਲੇ ਰੋਗਾਣੂਆਂ ਦੇ ਬੈਕਟੀਰੀਆ ਦੀ ਮਾਤਰਾ ਵਧੇਰੇ ਹੁੰਦੀ ਹੈ। ਵਿਲਕਿਨਸਨ ਕਹਿੰਦੇ ਹਨ, "ਸਾਡੇ ਸਰੀਰ ਦੇ ਰੋਗਾਣੂ ਕਿਸੇ ਲਾਗ ਦਾ ਕਾਰਨ ਬਣਨ ਦੇ ਮੌਕੇ ਦੀ ਉਡੀਕ ਵਿੱਚ ਹੁੰਦੇ ਹਨ। ਇਸ ਲਈ ਜ਼ਰੂਰੀ ਹੈ ਕਿ ਸ਼ੂਗਰ ਦੇ ਮਰੀਜ਼ ਆਪਣੇ ਪੈਰਾਂ ਦੀ ਸਫ਼ਾਈ ਦਾ ਖ਼ਾਸ ਧਿਆਨ ਰੱਖਣ, ਕਿਉਂਕਿ ਉਨ੍ਹਾਂ ਨੂੰ ਇਸ ਕਾਰਨ ਲਾਗ ਹੋਣ ਦਾ ਖ਼ਤਰਾ ਵਧੇਰੇ ਹੁੰਦਾ ਹੈ।" ਸਥਿਤੀ ਵਿੱਚ ਖ਼ਰਾਬੀ ਦਾ ਕਾਰਨ ਸ਼ੂਗਰ ਵਾਲੇ ਲੋਕਾਂ ਦੀ ਪਾਚਣ ਪ੍ਰਤੀਕਿਰਿਆ ਦੀ ਕਮਜ਼ੋਰੀ ਹੁੰਦੀ ਹੈ, ਇਸ ਲਈ ਜੇਕਰ ਉਨ੍ਹਾਂ ਨੂੰ ਕੋਈ ਲਾਗ ਲੱਗ ਜਾਂਦੀ ਹੈ, ਤਾਂ ਉਨ੍ਹਾਂ ਦਾ ਸਰੀਰ ਇਸ ਨਾਲ ਲੜ ਨਹੀ ਸਕਦਾ। ਸ਼ੂਗਰ ਦੇ ਮਰੀਜ਼ਾਂ ਨੂੰ ਪੈਰਾਂ ਵਿੱਚ ਕੱਟ, ਜ਼ਖ਼ਮ ਲਗਣ ਦੀ ਸੰਭਾਵਨਾ ਵੀ ਹੁੰਦੀ ਹੈ। ਜੇਕਰ ਇਹਨਾਂ ਨੂੰ ਸੁਧਾਰਿਆ ਨਾ ਜਾਵੇ, ਤਾਂ ਪੈਰਾਂ ਦੀਆਂ ਉਂਗਲਾਂ, ਪੈਰਾਂ, ਜਾਂ ਇੱਥੋ ਤੱਕ ਕਿ ਅੰਗ ਕੱਟਣ ਦੀ ਲੋੜ ਵੀ ਪੈ ਸਕਦੀ ਹੈ। ਵਿਲਕਿਨਸਨ ਕਹਿੰਦੇ ਹਨ, "ਜੇਕਰ ਤੁਹਾਨੂੰ ਜ਼ਿਆਦਾ ਸ਼ੂਗਰ ਹੈ, ਤਾਂ ਤੁਹਾਡੇ ਪੈਰਾਂ ਦੀਆਂ ਨਸਾਂ ਨੂੰ ਨੁਕਸਾਨ ਹੋ ਸਕਦਾ ਹੈ, ਜਿਸ ਕਰਕੇ ਤੁਸੀ ਆਪਣੇ ਪੈਰਾਂ ਨੂੰ ਸਹੀ ਢੰਗ ਨਾਲ ਮਹਿਸੂਸ ਨਹੀ ਕਰ ਪਾਉਂਦੇ। ਆਪਣੇ ਪੈਰਾਂ ਨੂੰ ਧੋਣ ਸਮੇਂ, ਤੁਸੀ ਆਪਣੇ ਪੈਰਾਂ ਦੀ ਸਹੀ ਢੰਗ ਨਾਲ ਜਾਂਚ ਕਰ ਸਕਦੇ ਹੋ।" ਵਿਲਕਿਨਸਨ ਅਤੇ ਡਾਇਬੀਟੀਜ਼ ਯੂਕੇ ਵਰਗੇ ਚੈਰਿਟੀ ਸਿਫਾਰਸ਼ ਕਰਦੇ ਹਨ ਕਿ ਸ਼ੂਗਰ ਦੇ ਮਰੀਜ਼ ਨੂੰ ਹਰ ਰੋਜ਼ ਆਪਣੇ ਪੈਰ ਧੋਣੇ ਚਾਹੀਦੇ ਹਨ। ਪਰ ਆਮ ਲੋਕਾਂ ਬਾਰੇ ਕੀ? ਕੁਝ ਮਾਹਰਾਂ ਦਾ ਤਰਕ ਹੈ ਕਿ ਜ਼ਿਆਦਾਤਰ ਲੋਕਾਂ ਲਈ, ਹਰ ਰੋਜ਼ ਪੈਰ ਧੋਣ ਨਾਲ ਬਹੁਤ ਘੱਟ ਸਿਹਤ ਲਾਭ ਹੁੰਦਾ ਹੈ, ਅਤੇ ਚਮੜੀ ਦੀਆਂ ਸਮੱਸਿਆਵਾਂ ਦਾ ਖ਼ਤਰਾ ਵੀ ਵਧ ਸਕਦਾ ਹੈ। ਚਮੜੀ ਸਰੀਰ ਦੇ ਜ਼ਰੂਰੀ ਕਾਰਜ ਕਰਨ ਵਾਲੇ ਆਪਣੇ ਮਦਦਗਾਰ ਰੋਗਾਣੂਆਂ 'ਤੇ ਨਿਰਭਰ ਕਰਦੀ ਹੈ। ਇਹ ਨੁਕਸਾਨਦੇਹ ਬੈਕਟੀਰੀਆ ਨੂੰ ਦੂਰ ਕਰਦੇ ਹਨ। ਸਰੀਰ ਨੂੰ ਜ਼ਿਆਦਾ ਧੋਣ ਅਤੇ ਰਗੜਨ ਨਾਲ ਇਹ ਲਾਭਦਾਇਕ ਰੋਗਾਣੂ ਹੱਟ ਸਕਦੇ ਹਨ, ਖਾਸ ਕਰਕੇ ਜੇਕਰ ਪਾਣੀ ਗਰਮ ਹੋਵੇ। ਨਤੀਜੇ ਵਜੋਂ, ਚਮੜੀ ਖੁਸ਼ਕ ਜਾਂ ਖਾਰਸ਼ ਵਾਲੀ ਹੋ ਸਕਦੀ ਹੈ। ਫਟੀ ਜਾਂ ਕੱਟ ਲੱਗੀ ਚਮੜੀ ਬੈਕਟੀਰੀਆ ਨੂੰ ਚਮੜੀ ਵਿੱਚ ਦਾਖ਼ਲ ਹੋਣ ਦਾ ਕਾਰਨ ਬਣਦੀ ਹੈ, ਜਿਸ ਨਾਲ ਲਾਗ ਦੀ ਸੰਭਾਵਨਾ ਵਧਦੀ ਹੈ। ਪ੍ਰੋਫ਼ਸਰ ਜ਼ੀਚਨਰ ਕਹਿੰਦੇ ਹਨ, "ਚਮੜੀ ਨੂੰ ਜ਼ਿਆਦਾ ਧੋਣ ਨਾਲ ਨਾਜ਼ੁਕ ਚਮੜੀ ਟੁੱਟ ਸਕਦੀ ਹੈ, ਚਮੜੀ ਤੋਂ ਕੁਦਰਤੀ ਤੇਲ ਨਿਕਲ ਸਕਦੇ ਹਨ, ਜਿਸ ਨਾਲ ਖੁਸ਼ਕੀ ਅਤੇ ਸੋਜਸ ਹੋ ਸਕਦੀ ਹੈ, ਇਸ ਨਾਲ ਚਮੜੀ 'ਤੇ ਖਾਰਸ਼, ਖੁਸ਼ਕੀ ਹੋ ਸਕਦੀ ਹੈ।" ਜ਼ੀਚਨਰ ਕਹਿੰਦੇ ਹਨ, "ਇਹ ਵੀ ਮਹੱਤਵਪੂਰਨ ਹੈ ਕਿ ਪੈਰਾਂ ਦੀ ਚਮੜੀ ਨੂੰ ਬਹੁਤ ਜ਼ਿਆਦਾ ਨਾ ਰਗੜੋ। ਸੱਟ ਲੱਗਣ ਕਾਰਨ ਕੈਲਸ ਵਿਕਸਤ ਹੁੰਦੇ ਹਨ, ਪਰ ਉਹ ਅਸਲ ਵਿੱਚ ਪੈਰਾਂ ਨੂੰ ਬਾਹਰੀ ਵਾਤਾਵਰਣ ਤੋਂ ਬਚਾਉਂਦੇ ਹਨ। ਕੈਲਸ ਨੂੰ ਹਟਾਉਣ ਨਾਲ ਉਹ ਸੁਰੱਖਿਆ ਪਰਤ ਖ਼ਤਮ ਹੋ ਜਾਂਦੀ ਹੈ।" ਐਂਟੀਬੈਕਟੀਰੀਅਲ ਸਾਬਣ ਚਮੜੀ 'ਤੇ ਸੂਖਮ ਜੀਵਾਂ ਦੇ ਸੰਤੁਲਨ ਨੂੰ ਵਿਗਾੜ ਸਕਦੇ ਹਨ, ਸਰੀਰ ਦੀਆਂ ਲਾਭਦਾਇਕ ਪ੍ਰਜਾਤੀਆਂ ਨੂੰ ਖ਼ਤਮ ਸਕਦੇ ਹਨ। ਇਹ ਵੀ ਅਹਿਮ ਹੈ ਕਿ ਸਾਡੇ ਸਰੀਰ ਨੂੰ ਕੁਝ ਹੱਦ ਤੱਕ ਰੋਗਾਣੂਆਂ ਦੁਆਰਾ ਚੁਣੌਤੀ ਦੇਣ ਦੀ ਲੋੜ ਹੁੰਦੀ ਹੈ। ਜੇਕਰ ਅਸੀ ਬਚਪਨ ਵਿੱਚ ਬੈਕਟੀਰੀਆ ਅਤੇ ਵਾਇਰਸਾਂ ਦੇ ਸੰਪਰਕ ਵਿੱਚ ਨਹੀ ਆਉਂਦੇ, ਤਾਂ ਸਾਡਾ ਸਰੀਰ ਬੈਕਟੀਰੀਆ ਅਤੇ ਵਾਇਰਸ ਦੇ ਹਮਲੇ ਦਾ ਸਹੀ ਢੰਗ ਨਾਲ ਜਵਾਬ ਦੇਣਾ ਨਹੀ ਸਿੱਖਦਾ। ਕੁਝ ਮਾਹਰਾਂ ਦਾ ਮੰਨਣਾ ਹੈ ਕਿ ਇਸੇ ਕਾਰਨ ਕਰਕੇ ਬਹੁਤ ਜ਼ਿਆਦਾ ਨਹਾਉਣਾ ਤੁਹਾਡੇ ਲਈ ਉਲਟ ਸਾਬਤ ਹੋ ਸਕਦਾ ਹੈ।

### ਪੈਰਾਂ ਨੂੰ ਕਿੰਨੀ ਵਾਰ ਧੋਣਾ ਚਾਹੀਦਾ ਹੈ

ਇਸ ਸਭ ਦੇ ਅਖੀਰ ਸਵਾਲ ਤਾਂ ਖੜ੍ਹਾ ਹੀ ਹੈ ਕਿ ਸਾਨੂੰ ਆਪਣੇ ਪੈਰਾਂ ਨੂੰ ਕਿੰਨੀ ਵਾਰ ਧੋਣਾ ਚਾਹੀਦਾ ਹੈ। ਹਾਲਾਂਕਿ ਇਸ ਦਾ ਸਵਾਲ ਵਿਅਕਤੀ 'ਤੇ ਵਧੇਰੇ ਨਿਰਭਰ ਕਰਦਾ ਹੈ। ਵਿਲਕਿਨਸਨ ਕਹਿੰਦੇ ਹਨ, "ਸ਼ੂਗਰ ਦੇ ਮਰੀਜ਼ਾਂ ਲਈ ਸੁਝਾਅ ਹੈ ਕਿ ਹਰ ਰੋਜ਼ ਆਪਣੇ ਪੈਰ ਧੋਵੋ ਪਰ ਜੇਕਰ ਤੁਹਾਨੂੰ ਕੋਈ ਅੰਤਰੀਵ ਸਥਿਤੀ ਨਹੀ ਹੈ, ਤਾਂ ਚਮੜੀ ਦੇ ਮਾਹਰ ਸਲਾਹ ਦਿੰਦੇ ਹਨ ਕਿ ਹਰ ਦੋ ਦਿਨ ਮਗਰੋਂ ਪੈਰਾਂ ਦੀ ਚੰਗੀ ਸਫਾਈ ਬਣਾਈ ਰੱਖਣ ਲਈ ਕਾਫ਼ੀ ਹੈ।" ਹਾਲਾਂਕਿ, ਵਿਲਕਿਨਸਨ ਦੱਸਦੇ ਹਨ ਕਿ ਜੇਕਰ ਤੁਸੀ ਵਧੇਰੇ ਕਸਰਤ ਕਰਦੇ ਹੋ, ਤਾਂ ਤੁਹਾਨੂੰ ਘੱਟ ਸਰਗਰਮ ਵਿਅਕਤੀ ਨਾਲੋਂ ਆਪਣੇ ਪੈਰ ਜ਼ਿਆਦਾ ਨਿਯਮਿਤ ਤੌਰ 'ਤੇ ਧੋਣੇ ਚਾਹੀਦੇ ਹਨ। ਪੈਰਾਂ ਨੂੰ ਧੋਣ ਦੀ ਢੰਗ ਵੀ ਮਹੱਤਤਾ ਰੱਖਦਾ ਹੈ। ਤੁਸੀ ਆਪਣੇ ਪੈਰਾਂ ਨੂੰ ਕਿਵੇਂ ਧੋਂਦੇ ਅਤੇ ਸੁਕਾਉਂਦੇ ਹੋ, ਇਸਦਾ ਵੀ ਸਿਹਤ 'ਤੇ ਪ੍ਰਭਾਵ ਪੈਂਦਾ ਹੈ। ਵਿਲਕਿਨਸਨ ਕਹਿੰਦੇ ਹਨ, "ਬਹੁਤ ਸਾਰੇ ਲੋਕ ਸੋਚਦੇ ਹਨ ਕਿ ਜੇਕਰ ਤੁਸੀ ਨਹਾਉਂਦੇ ਹੋ ਅਤੇ ਤੁਸੀ ਪਾਣੀ ਨੂੰ ਸਰੀਰ ਉੱਤੇ ਵਹਿਣ ਦਿੰਦੇ ਹੋ, ਤਾਂ ਇਹ ਪੈਰ ਧੋਣਾ ਹੈ, ਪਰ ਅਜਿਹਾ ਨਹੀ ਹੈ, ਤੁਹਾਨੂੰ ਅਸਲ ਵਿੱਚ ਸਾਬਣ ਵਾਲੇ ਪਾਣੀ ਨਾਲ ਆਪਣੇ ਪੈਰ ਧੋਣ ਦੀ ਜ਼ਰੂਰਤ ਹੈ।" ਹਾਲਾਂਕਿ, ਯੂਕੇ ਵਿੱਚ ਬ੍ਰਿਸਟਲ ਯੂਨੀਵਰਸਿਟੀ ਵਿੱਚ ਨਿਊਰੋਸਾਇੰਸ ਅਤੇ ਫਿਜ਼ੀਓਲੋਜੀ ਦੇ ਲੈਕਚਰਾਰ, ਡੈਨ ਬਾਉਮਗਾਰਡ ਦੇ ਅਨੁਸਾਰ, ਉਹ ਆਪਣੇ ਮਰੀਜ਼ਾਂ ਨੂੰ ਪੈਰਾਂ ਨੂੰ ਸਹੀ ਢੰਗ ਨਾਲ ਸੁਕਾਉਣਾ ਵੀ ਯਕੀਨੀ ਬਣਾਉਣ ਦੀ ਨਸੀਹਤ ਦਿੰਦੇ ਹਨ।

# ਬਦਲਦੀ ਜੀਵਨ ਸ਼ੈਲੀ ਦਿੰਦੀ ਹੈ ਮੋਟਾਪੇ ਨੂੰ ਸੱਦਾ

**ਡਾ. ਸਤਿਆਵਾਨ ਸੌਰਭ**
**9466526148**

**ਭਾਰਤ** ਵਿੱਚ ਮੋਟਾਪੇ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ, ਰਿਪੋਰਟਾਂ ਦੱਸਦੀਆਂ ਹਨ ਕਿ 24% ਮਰਦ ਅਤੇ 25% ਔਰਤਾਂ ਹੁਣ ਜ਼ਿਆਦਾ ਭਾਰ ਜਾਂ ਮੋਟੀਆਂ ਹਨ। ਚਿੰਤਾ ਦੀ ਗੱਲ ਹੈ ਕਿ ਪਿਛਲੇ ਦਹਾਕੇ ਵਿੱਚ 5-9 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਮੋਟਾਪਾ ਦੁੱਗਣਾ ਹੋ ਗਿਆ ਹੈ। ਸ਼ਹਿਰੀਕਰਨ, ਖੁਰਾਕ ਵਿੱਚ ਬਦਲਾਅ, ਬੈਠਣ ਦੀਆਂ ਆਦਤਾਂ ਅਤੇ ਵਾਤਾਵਰਣ ਪ੍ਰਭਾਵ ਵਰਗੇ ਕਾਰਕ ਇਸ ਰੁਝਾਨ ਨੂੰ ਵਧਾ ਰਹੇ ਹਨ। ਇਸ ਮੁੱਦੇ ਨਾਲ ਨਜਿੱਠਣ ਲਈ ਇੱਕ ਵਿਆਪਕ ਪਹੁੰਚ ਦੀ ਲੋੜ ਹੈ। ਜ਼ਿਆਦਾ ਭਾਰ ਅਤੇ ਮੋਟੀਆਂ ਔਰਤਾਂ ਦੀ ਪ੍ਰਤੀਸ਼ਤਤਾ 20.6% ਤੋਂ ਵਧ ਕੇ 24% ਹੋ ਗਈ, ਜਦੋਂ ਕਿ ਮਰਦਾਂ ਲਈ ਇਹ 18.9% ਤੋਂ ਵਧ ਕੇ 22.9% ਹੋ ਗਈ। ਇਸ ਤੋਂ ਇਲਾਵਾ, 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਮੋਟਾਪੇ ਦੀ ਦਰ 2.1% ਤੋਂ ਵਧ ਕੇ 3.4% ਹੋ ਗਈ ਹੈ, ਅਤੇ ਵੱਡੇ ਬੱਚਿਆਂ ਵਿੱਚ ਇਹ ਰੁਝਾਨ ਹੋਰ ਵੀ ਮਾੜਾ ਹੈ। ਵਰਲਡ ਓਬੇਸਿਟੀ ਐਟਲਸ 2022 ਦਾ ਅੰਦਾਜ਼ਾ ਹੈ ਕਿ 2030 ਤੱਕ, 5-9 ਸਾਲ ਦੀ ਉਮਰ ਦੇ 10.81% ਬੱਚੇ ਅਤੇ 10-19 ਸਾਲ ਦੀ ਉਮਰ ਦੇ 6.23% ਬੱਚੇ ਮੋਟੇ ਹੋਣਗੇ। ਦ ਲੈਂਸੇਟ ਰੀਜਨਲ ਹੈਲਥ ਸਾਉਥਈਸਟ ਏਸ਼ੀਆ ਦੇ ਇੱਕ ਅਧਿਐਨ ਤੋਂ ਪਤਾ ਚੱਲਦਾ ਹੈ ਕਿ ਭਾਰਤ ਵਿੱਚ ਲਗਭਗ 40% ਔਰਤਾਂ ਅਤੇ 12% ਮਰਦ ਪੇਟ ਦੇ ਮੋਟਾਪੇ ਤੋਂ ਪੀੜਤ ਹਨ। ਜੈਨੇਟਿਕ ਕਾਰਕ ਪੇਟ ਦੇ ਖੇਤਰ ਵਿੱਚ ਚਰਬੀ ਜਮ੍ਹਾਂ ਹੋਣ ਦੀ ਪ੍ਰਵਿਰਤੀ ਵਿੱਚ ਯੋਗਦਾਨ ਪਾਉਂਦੇ ਹਨ, ਜਿਸ ਨਾਲ ਪਾਚਕ ਵਿਕਾਰ ਦਾ ਜੋਖਮ ਵਧ ਜਾਂਦਾ ਹੈ। ਜਦੋਂ ਕਿ ਮੋਟਾਪਾ ਮੁੱਖ ਤੌਰ 'ਤੇ ਸ਼ਹਿਰੀ ਸਮੱਸਿਆ ਹੈ, ਜੀਵਨ ਸ਼ੈਲੀ ਅਤੇ ਖਾਣ-ਪੀਣ ਦੀਆਂ ਆਦਤਾਂ ਵਿੱਚ ਬਦਲਾਅ ਦੇ ਕਾਰਨ ਇਹ ਪੇਂਡੂ ਆਬਾਦੀ ਨੂੰ ਵੱਧ ਤੋਂ ਵੱਧ ਪ੍ਰਭਾਵਿਤ ਕਰ ਰਿਹਾ ਹੈ। ਇਸ ਵੇਲੇ, ਭਾਰਤ ਵਿੱਚ 60% ਮੌਤਾਂ ਗੈਰ-ਸੰਚਾਰੀ ਬਿਮਾਰੀਆਂ ਕਾਰਨ ਹੁੰਦੀਆਂ ਹਨ, ਜੋ ਕਿ ਮੋਟਾਪਾ ਅਤੇ ਬੈਠੀ ਜੀਵਨ ਸ਼ੈਲੀ ਕਾਰਨ ਹੋਰ ਵੀ ਵਧ ਜਾਂਦੀਆਂ ਹਨ। ਗੈਰ-ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ, ਬਹੁਤ ਜ਼ਿਆਦਾ ਪ੍ਰੋਸੈਸਡ ਭੋਜਨਾਂ ਦੀ ਵੱਧ ਰਹੀ ਖਪਤ, ਰਿਫਾਇੰਡ ਸ਼ੱਕਰ ਅਤੇ ਚਿਕਨਾਈ ਵਾਲੇ ਫਾਸਟ ਫੂਡ ਮੋਟਾਪੇ ਦੀ ਦਰ ਵਧਾਉਣ ਦਾ ਇੱਕ ਵੱਡਾ ਕਾਰਨ ਹਨ। ਭਾਰਤੀ ਸ਼ਹਿਰਾਂ ਵਿੱਚ ਫਾਸਟ-ਫੂਡ ਦੇ ਰੁਝਾਨ ਨੇ ਖਾਸ ਤੌਰ 'ਤੇ ਸ਼ਹਿਰੀ ਮੱਧ-ਵਰਗ ਦੀ ਆਬਾਦੀ ਨੂੰ ਪ੍ਰਭਾਵਿਤ ਕੀਤਾ ਹੈ, ਜਿਸਦੇ ਨਤੀਜੇ ਵਜੋਂ ਮੋਟਾਪੇ ਦੇ ਪੱਧਰ ਵਿੱਚ ਵਾਧਾ ਹੋਇਆ ਹੈ। ਪ੍ਰੋਟੀਨ, ਡੇਅਰੀ ਅਤੇ ਫਲਾਂ ਦੀਆਂ ਉੱਚੀਆਂ ਕੀਮਤਾਂ ਕਾਰਨ ਬਹੁਤ ਸਾਰੇ ਘੱਟ ਆਮਦਨ ਵਾਲੇ ਪਰਿਵਾਰ ਚੌਲ ਅਤੇ ਕਣਕ ਵਰਗੇ ਸਸਤੇ, ਉੱਚ-ਕਾਰਬੋਹਾਈਡਰੇਟ ਵਾਲੇ ਭੋਜਨ ਵੱਲ ਮੁੜਦੇ ਹਨ। ਜਨਤਕ ਵੰਡ ਪ੍ਰਣਾਲੀ (PDS) ਮੁੱਖ ਤੌਰ 'ਤੇ ਮੁੱਖ ਅਨਾਜਾਂ ਦੀ ਸਪਲਾਈ ਕਰਦੀ ਹੈ, ਜਿਨ੍ਹਾਂ ਵਿੱਚ ਸੰਤੁਲਿਤ ਖੁਰਾਕ ਲਈ ਜ਼ਰੂਰੀ ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਦੀ ਘਾਟ ਹੁੰਦੀ ਹੈ। ਡਿਜੀਟਲ ਮਨੋਰੰਜਨ ਅਤੇ ਲੰਬੇ ਕੰਮ ਦੇ ਘੰਟੇ, ਅਤੇ ਨਾਲ ਹੀ ਬੈਠਣ ਵਾਲੇ ਦਫ਼ਤਰੀ ਕੰਮ, ਸਰੀਰਕ ਗਤੀਵਿਧੀਆਂ ਲਈ ਬਹੁਤ ਘੱਟ ਸਮਾਂ ਬਚਾਉਂਦੇ ਹਨ, ਜਿਸ ਨਾਲ ਭਾਰ ਵਧਦਾ ਹੈ। ਲੈਂਸੇਟ ਗਲੋਬਲ ਹੈਲਥ ਦੇ ਇੱਕ ਅਧਿਐਨ ਦੇ ਅਨੁਸਾਰ, 50% ਭਾਰਤੀ ਲੋੜੀਂਦੀ ਸਰੀਰਕ ਗਤੀਵਿਧੀ ਨਹੀ ਕਰਦੇ, ਜੋ ਕਿ ਮੋਟਾਪੇ ਦੀ ਮਹਾਂਮਾਰੀ ਦਾ ਇੱਕ ਵੱਡਾ ਕਾਰਕ ਹੈ। ਪੋਸ਼ਣ ਅਤੇ ਕਸਰਤ ਬਾਰੇ ਜਾਗਰੂਕਤਾ ਦੀ ਘਾਟ ਗਲਤ ਜੀਵਨ ਸ਼ੈਲੀ ਦੇ ਵਿਕਲਪਾਂ ਵੱਲ ਲੈ ਜਾਂਦੀ ਹੈ, ਖਾਸ ਕਰਕੇ ਘੱਟ ਆਮਦਨੀ ਵਾਲੇ ਸਮੂਹਾਂ ਅਤੇ ਪੇਂਡੂ ਖੇਤਰਾਂ ਵਿੱਚ। ਬਹੁਤ ਸਾਰੇ ਭਾਰਤੀ ਪਰਿਵਾਰ ਗਲਤੀ ਨਾਲ ਇਹ ਮੰਨ ਲੈਂਦੇ ਹਨ ਕਿ ਜ਼ਿਆਦਾ ਭਾਰ ਹੋਣਾ ਚੰਗੀ ਸਿਹਤ ਦੀ ਨਿਸ਼ਾਨੀ ਹੈ, ਜਿਸ ਨਾਲ ਮੋਟਾਪੇ ਲਈ ਜ਼ਰੂਰੀ ਦਖਲਅੰਦਾਜ਼ੀ ਵਿੱਚ ਦੇਰੀ ਹੋ ਜਾਂਦੀ ਹੈ। ਪ੍ਰੋਸੈਸਡ ਭੋਜਨ, ਮਿੱਠੇ ਪੀਣ ਵਾਲੇ ਪਦਾਰਥਾਂ ਅਤੇ ਫਾਸਟ ਫੂਡ ਦੀ ਹਮਲਾਵਰ ਮਾਰਕੀਟਿੰਗ ਖੁਰਾਕ ਵਿਕਲਪਾਂ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ, ਖਾਸ ਕਰਕੇ ਬੱਚਿਆਂ ਵਿੱਚ। ਸੋਸ਼ਲ ਮੀਡੀਆ ਪ੍ਰਚਾਰ ਅਤੇ ਮਸ਼ਹੂਰ ਹਸਤੀਆਂ ਦਾ ਸਮਰਥਨ ਨੌਜਵਾਨਾਂ ਵਿੱਚ ਜੰਕ ਫੂਡ ਦੀ ਖਪਤ ਨੂੰ ਹੋਰ ਉਤਸ਼ਾਹਿਤ ਕਰਦਾ ਹੈ। ਸ਼ਹਿਰੀ ਖੇਤਰਾਂ ਦੇ ਵਿਸਥਾਰ ਦੇ ਨਾਲ-ਨਾਲ ਡਿਜੀਟਲ ਮਨੋਰੰਜਨ ਅਤੇ ਦੂਰ-ਦੁਰਾਡੇ ਕੰਮ ਦੇ ਪ੍ਰਸਾਰ ਨੇ ਸਮੁੱਚੀ ਸਰੀਰਕ ਗਤੀਵਿਧੀ ਦੇ ਪੱਧਰ ਨੂੰ ਘਟਾ ਦਿੱਤਾ ਹੈ। ਟ੍ਰੈਫਿਕ ਭੀੜ ਅਤੇ ਪ੍ਰਦੂਸ਼ਣ ਬਾਹਰੀ ਕਸਰਤ ਨੂੰ ਰੋਕਦੇ ਹਨ, ਜਿਸ ਕਾਰਨ ਬੈਠਣ ਵਾਲੀਆਂ ਅੰਦਰੂਨੀ ਗਤੀਵਿਧੀਆਂ 'ਤੇ ਵਧੇਰੇ ਨਿਰਭਰਤਾ ਹੁੰਦੀ ਹੈ। ਪਾਰਕਾਂ, ਖੇਡ ਦੇ ਮੈਦਾਨਾਂ ਅਤੇ ਪੈਦਲ ਚੱਲਣ ਵਾਲਿਆਂ ਲਈ ਅਨੁਕੂਲ ਖੇਤਰਾਂ ਦੀ ਘਾਟ ਕਾਰਨ ਪੈਦਲ ਚੱਲਣ ਅਤੇ ਸਾਈਕਲ ਚਲਾਉਣ ਵਰਗੀਆਂ ਸਰੀਰਕ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਮੁਸ਼ਕਲ ਹੋ ਜਾਂਦਾ ਹੈ। ਮਾੜੀ ਸ਼ਹਿਰੀ ਯੋਜਨਾਬੰਦੀ ਅਤੇ ਸਾਈਕਲਿੰਗ ਬੁਨਿਆਦੀ ਢਾਂਚੇ ਦੀ ਘਾਟ ਸਰਗਰਮ ਆਵਾਜਾਈ ਨੂੰ ਗੁੰਝਲਦਾਰ ਬਣਾਉਂਦੀ ਹੈ, ਜਿਸ ਨਾਲ ਮੋਟਾਪੇ ਦੀ ਦਰ ਵਧਦੀ ਹੈ।



ਇਸ ਤੋਂ ਇਲਾਵਾ, ਪ੍ਰਦੂਸ਼ਣ ਨਾਲ ਸਬੰਧਤ ਸੋਜਸ਼ ਪਾਚਕ ਵਿਕਾਰ ਦੇ ਜੋਖਮ ਨੂੰ ਵਧਾਉਂਦੀ ਹੈ, ਜਿਸ ਨਾਲ ਭਾਰ ਵਧ ਸਕਦਾ ਹੈ। ਖੋਜ ਨੇ ਦਿਖਾਇਆ ਹੈ ਕਿ ਭਾਰਤੀ ਸ਼ਹਿਰਾਂ ਵਿੱਚ ਉੱਚ ਪ੍ਰਦੂਸ਼ਣ ਦੇ ਪੱਧਰ ਅਤੇ ਵਿਸਰਲ ਚਰਬੀ ਦੇ ਜਮ੍ਹਾਂ ਹੋਣ ਅਤੇ ਵਧੇ ਹੋਏ ਮੋਟਾਪੇ ਵਿਚਕਾਰ ਇੱਕ ਸਬੰਧ ਹੈ। ਫਾਸਟ-ਫੂਡ ਚੇਨਾਂ ਅਤੇ ਪ੍ਰੋਸੈਸਡ ਫੂਡ ਬਾਜ਼ਾਰਾਂ ਦੇ ਬੇਕਾਬੂ ਵਿਸਥਾਰ, ਖਾਸ ਕਰਕੇ ਸ਼ਹਿਰੀ ਕੇਂਦਰਾਂ ਵਿੱਚ, ਤਾਜ਼ੇ ਉਤਪਾਦਾਂ ਦੀ ਬਜਾਏ ਗੈਰ-ਸਿਹਤਮੰਦ ਵਿਕਲਪਾਂ ਨੂੰ ਵਧੇਰੇ ਪਹੁੰਚਯੋਗ ਬਣਾਉਣ ਵੱਲ ਲੈ ਗਿਆ ਹੈ। ਮੋਟਾਪੇ ਨੂੰ ਹੱਲ ਕਰਨਾ ਇੱਕ ਜ਼ਰੂਰੀ ਤਰਜੀਹ ਹੈ। ਸਾਨੂੰ ਸਿਹਤਮੰਦ ਭੋਜਨ ਵਿਕਲਪਾਂ ਲਈ ਸਬਸਿਡੀਆਂ ਪ੍ਰਦਾਨ ਕਰਦੇ ਹੋਏ ਮਿੱਠੇ ਪੀਣ ਵਾਲੇ ਪਦਾਰਥਾਂ ਅਤੇ ਅਲਟਰਾ-ਪ੍ਰੋਸੈਸਡ ਭੋਜਨਾਂ 'ਤੇ ਉੱਚ ਟੈਕਸ ਲਗਾਉਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਉਦਾਹਰਨ ਲਈ, ਮੈਕਸੀਕੋ ਦੇ ਖੰਡ ਟੈਕਸ ਦੇ ਨਤੀਜੇ ਵਜੋਂ ਸਾਫਟ ਡਰਿੰਕ ਦੀ ਖਪਤ ਵਿੱਚ 12% ਦੀ ਕਮੀ ਆਈ, ਜੋ ਕਿ ਮੋਟਾਪੇ ਨਾਲ ਲੜਨ ਵਿੱਚ ਇਸਦੀ ਪ੍ਰਭਾਵਸ਼ੀਲਤਾ ਨੂੰ ਦਰਸਾਉਂਦੀ ਹੈ। ਇਸ ਤੋਂ ਇਲਾਵਾ, ਸਕੂਲਾਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਲਾਜ਼ਮੀ ਸਰੀਰਕ ਸਿੱਖਿਆ ਅਤੇ ਪੋਸ਼ਣ ਸਿੱਖਿਆ ਪ੍ਰੋਗਰਾਮ ਸ਼ੁਰੂ ਕਰਨਾ ਜ਼ਰੂਰੀ ਹੈ। ਜਪਾਨ ਦੀ 'ਸ਼ੋਕੁਈਕੁ' ਪਹਿਲਕਦਮੀ ਨੇ ਸੰਤੁਲਿਤ ਖੁਰਾਕ 'ਤੇ ਜ਼ੋਰ ਦੇ ਕੇ ਬਚਪਨ ਦੇ ਮੋਟਾਪੇ ਦੀ ਦਰ ਨੂੰ ਸਫਲਤਾਪੂਰਵਕ ਘਟਾ ਦਿੱਤਾ ਹੈ। ਪੈਦਲ ਚੱਲਣ ਵਾਲਿਆਂ ਲਈ ਅਨੁਕੂਲ ਗਲੀਆਂ, ਸਾਈਕਲ ਮਾਰਗ ਅਤੇ ਸੁਰੱਖਿਅਤ ਜਨਤਕ ਪਾਰਕ ਬਣਾਉਣਾ ਰੋਜ਼ਾਨਾ ਸਰੀਰਕ ਗਤੀਵਿਧੀ ਨੂੰ ਉਤਸ਼ਾਹਿਤ ਕਰ ਸਕਦਾ ਹੈ। ਨੀਦਰਲੈਂਡਜ਼ ਦੇ ਸ਼ਹਿਰੀ ਸਾਈਕਲਿੰਗ ਦ੍ਰਿਸ਼ਟੀਕੋਣ ਨੇ ਸਰਗਰਮ ਆਉਣ-ਜਾਣ ਰਾਹੀ ਮੋਟਾਪੇ ਦੀ ਦਰ ਨੂੰ ਘਟਾਇਆ ਹੈ। ਖਪਤਕਾਰਾਂ ਨੂੰ ਸੂਚਿਤ ਖੁਰਾਕ ਸੰਬੰਧੀ ਫੈਸਲੇ ਲੈਣ ਵਿੱਚ ਮਦਦ ਕਰਨ ਲਈ ਪੈਕ ਕੀਤੇ ਸਮਾਨ 'ਤੇ ਸਪੱਸ਼ਟ ਭੋਜਨ ਲੇਬਲਿੰਗ ਵੀ ਮਹੱਤਵਪੂਰਨ ਹੈ। ਚਿਲੀ ਦੇ ਉੱਚ-ਖੰਡ ਅਤੇ ਉੱਚ ਚਰਬੀ ਵਾਲੇ ਭੋਜਨਾਂ 'ਤੇ ਫਰੰਟ-ਆਫ-ਪੈਕ ਚੇਤਾਵਨੀ ਲੇਬਲਾਂ ਨੇ ਬੱਚਿਆਂ ਵਿੱਚ ਜੰਕ ਫੂਡ ਦੀ ਖਪਤ ਨੂੰ ਸਫਲਤਾਪੂਰਵਕ ਘਟਾ ਦਿੱਤਾ ਹੈ। ਖਪਤਕਾਰਾਂ ਦੇ ਵਿਵਹਾਰ ਨੂੰ ਬਦਲਣ ਲਈ ਸੰਤੁਲਿਤ ਖੁਰਾਕ, ਨਿਯਮਤ ਕਸਰਤ ਅਤੇ ਘੱਟ ਖੰਡ ਦੇ ਸੇਵਨ ਨੂੰ ਉਤਸ਼ਾਹਿਤ ਕਰਨ ਵਾਲੀਆਂ ਰਾਸ਼ਟਰੀ ਮੁਹਿੰਮਾਂ ਮਹੱਤਵਪੂਰਨ ਹਨ। ਫਿੱਟ ਇੰਡੀਆ ਮੂਵਮੈਂਟ ਅਤੇ ਈਟ ਰਾਈਟ ਇੰਡੀਆ ਮੁਹਿੰਮ ਵਰਗੀਆਂ ਪਹਿਲਕਦਮੀਆਂ ਦਾ ਉਦੇਸ਼ ਆਬਾਦੀ ਵਿੱਚ ਸਿਹਤਮੰਦ ਜੀਵਨ ਸ਼ੈਲੀ ਦੇ ਵਿਕਲਪਾਂ ਨੂੰ ਉਤਸ਼ਾਹਿਤ ਕਰਨਾ ਹੈ। ਇੱਕ ਸਿਹਤਮੰਦ ਰਾਸ਼ਟਰ ਅਸਲ ਵਿੱਚ ਇੱਕ ਖੁਸ਼ਹਾਲ ਰਾਸ਼ਟਰ ਹੁੰਦਾ ਹੈ। ਮੋਟਾਪੇ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ, ਸਾਨੂੰ ਇੱਕ ਵਿਆਪਕ ਰਣਨੀਤੀ ਦੀ ਲੋੜ ਹੈ ਜੋ ਜਨਤਕ ਸਿਹਤ ਨੀਤੀਆਂ ਨੂੰ ਮਜ਼ਬੂਤ ਕਰੇ, ਪੌਸ਼ਟਿਕ ਭੋਜਨ ਨੂੰ ਉਤਸ਼ਾਹਿਤ ਕਰੇ, ਸਰੀਰਕ ਸਿੱਖਿਆ ਨੂੰ ਏਕੀਕ੍ਰਿਤ ਕਰੇ, ਅਤੇ ਇਹ ਯਕੀਨੀ ਬਣਾਏ ਕਿ ਸ਼ਹਿਰੀ ਯੋਜਨਾਬੰਦੀ ਸਰਗਰਮ ਜੀਵਨ ਦਾ ਸਮਰਥਨ ਕਰੇ। ਪੋਸ਼ਣ ਅਭਿਆਨ ਅਤੇ ਈਟ ਰਾਈਟ ਇੰਡੀਆ ਵਰਗੀਆਂ ਪਹਿਲਕਦਮੀਆਂ ਦਾ ਵਿਸਤਾਰ ਕਮਿਊਨਿਟੀ-ਸੰਚਾਲਿਤ, ਤਕਨਾਲੋਜੀ-ਸਮਰਥਿਤ ਹੱਲਾਂ ਨਾਲ ਕਰਨ ਨਾਲ ਸਥਾਈ ਤਬਦੀਲੀ ਆਵੇਗੀ।



# ਮਾਝਾ-ਦੁਆਬਾ
ਆਸ ਪਾਸ

## ਬਾਬਾ ਅਮਰੀਕ ਸਿੰਘ ਬਾਸਰਕੇ ਗਿੱਲਾਂ ਵੱਲੋਂ ਗੁਰਿੰਦਰ ਸਿੰਘ ਮਥਰੇਵਾਲ ਦਾ ਸਨਮਾਨ, ਨਵੇਂ ਅਹੁਦੇ ਲਈ ਵਧਾਈ



ਅੰਮ੍ਰਿਤਸਰ, 24 ਮਾਰਚ (ਬਬਲੂ ਮਹਾਜਨ): ਕਾਰ ਸੇਵਾ ਵਾਲੇ ਮਹਾਪੁਰਖ ਬਾਬਾ ਅਮਰੀਕ ਸਿੰਘ ਬਾਸਰਕੇ ਗਿੱਲਾਂ ਵਾਲਿਆਂ ਨੇ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੈਕਸ਼ਨ 85 ਦੇ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਨਵੇਂ ਆਹੁਦੇ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਉਨ੍ਹਾਂ ਵੱਲੋਂ ਸ੍ਰ ਮਥਰੇਵਾਲ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬਾ ਅਮਰੀਕ ਸਿੰਘ ਬਾਸਰਕੇ ਗਿਲਾਂ ਵਾਲਿਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸ੍ਰ ਮਥਰੇਵਾਲ ਨੂੰ ਅਹਿਮ ਜਿੰਮੇਵਾਰੀ ਸੌਂਪਣਾ ਇੱਕ ਦੂਰਅੰਦੇਸ਼ੀ ਫੈਸਲਾ ਹੈ। ਉਨ੍ਹਾਂ ਕਿਹਾ ਕਿ ਸ੍ਰ ਮਥਰੇਵਾਲ ਲੰਮੇ ਸਮੇਂ ਤੋਂ ਵੱਖ-ਵੱਖ ਅਹੁਦਿਆਂ 'ਤੇ ਗੁਰੂ ਭੈਅ-ਭਾਵਨਾ ਨਾਲ ਨਿਭਾਅ ਕਰਦੇ ਆ ਰਹੇ ਹਨ, ਜਿਸ ਨਾਲ ਦੇਸ਼-ਵਿਦੇਸ਼ ਦੀਆਂ ਸੰਗਤਾਂ ਵਿੱਚ ਖੁਸ਼ੀ ਦੀ ਲਹਿਰ ਹੈ।ਉਨ੍ਹਾਂ ਹੋਰ ਕਿਹਾ ਕਿ ਸ੍ਰ ਮਥਰੇਵਾਲ ਹਰ ਰੋਜ਼ ਬਿਨਾ ਨਾਗਾ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਵਿਖੇ ਪਾਲਕੀ ਸਾਹਿਬ ਸਮੇਂ ਹਾਜਰੀ ਭਰਦੇ ਹਨ, ਜੋ ਉਨ੍ਹਾਂ ਦੇ ਗੁਰਸਿੱਖੀ ਜੀਵਨ ਦਾ ਜੀਵੰਤ ਪ੍ਰਮਾਣ ਹੈ। ਬਾਬਾ ਅਮਰੀਕ ਸਿੰਘ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਸ੍ਰ ਮਥਰੇਵਾਲ ਦਾ ਸਿੱਖੀ ਸਿਦਕ ਇਸੇ ਤਰ੍ਹਾਂ ਕਾਇਮ ਰਹੇ ਅਤੇ ਉਹ ਸੇਵਾ ਦੇ ਮਾਰਗ 'ਤੇ ਅੱਗੇ ਵਧਦੇ ਰਹਿਣ।ਇਸ ਮੌਕੇ ਸ੍ਰ ਗੁਰਿੰਦਰ ਸਿੰਘ ਮਥਰੇਵਾਲ ਨੇ ਬਾਬਾ ਅਮਰੀਕ ਸਿੰਘ ਬਾਸਰਕੇ ਗਿੱਲਾਂ ਵਾਲਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਉਨ੍ਹਾਂ 'ਤੇ ਜਤਾਇਆ ਵਿਸ਼ਵਾਸ ਉਨ੍ਹਾਂ ਲਈ ਮਾਣ ਦੀ ਗੱਲ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਸੰਗਤ ਦੀਆਂ ਭਾਵਨਾਵਾਂ 'ਤੇ ਖਰਾ ਉਤਰਣ ਅਤੇ ਆਪਣੀ ਜਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣ ਲਈ ਪੂਰਾ ਯਤਨ ਕਰਨਗੇ।

## ਖ਼ਾਲਸਾ ਕਾਲਜ ਇਜੀਨੀਅਰਿੰਗ ਵਿੱਚ ਦੋ ਦਿਨਾਂ ਅੰਤਰਰਾਸ਼ਟਰੀ ਕਾਨਫ਼ਰੰਸ ਕਰਵਾਈ

ਅੰਮ੍ਰਿਤਸਰ, 24 ਮਾਰਚ (ਗੁਰਦਿਆਲ ਸਿੰਘ/ਬਬਲੂ ਮਹਾਜਨ ):ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਦਿੱਲੀ ਦੇ ਸਹਿਯੋਗ ਨਾਲ 'ਏਆਈ ਅਤੇ ਮਸ਼ੀਨ ਲਰਨਿੰਗ ਨਾਲ ਇੰਜੀਨੀਅਰਿੰਗ ਅਨੁਸ਼ਾਸਨਾਂ ਨੂੰ ਜੋੜਨਾ' ਵਿਸ਼ੇ 'ਤੇ ਏ. ਐੱਨ. ਆਰ. ਐੱਫ਼. ਵੱਲੋਂ ਅੰਤਰਰਾਸ਼ਟਰੀ ਕਾਨਫਰੰਸ ਕਰਵਾਈ ਗਈ। ਉਕਤ 2 ਦਿਨਾਂ ਕਾਨਫਰੰਸ ਦਾ ਉਦਘਾਟਨ ਵੱਖ-ਵੱਖ ਸਮੇਂ ਕ੍ਰਮਵਾਰ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਅਤੇ ਦੂਸਰੇ ਦਿਨ ਮੁੱਖ ਮਹਿਮਾਨ ਐੱਨ. ਆਈ. ਟੀ. ਦਿੱਲੀ ਤੋਂ ਡਾਇਰੈਕਟਰ ਪ੍ਰੋ. (ਡਾ.) ਅਜੈ ਕੁਮਾਰ ਸ਼ਰਮਾ ਨੇ ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਨਾਲ ਮਿਲ ਕੇ ਸ਼ਮ੍ਹਾ ਰੌਸ਼ਨ ਕਰਕੇ ਕੀਤਾ ਗਿਆ। ਉਪਰੋਕਤ ਕਾਨਫਰੰਸ ਦਾ ਮਕਸਦ ਅਕਾਦਮਿਕ, ਖੋਜਕਰਤਾ, ਉਦਯੋਗ ਮਾਹਿਰਾਂ ਅਤੇ



ਵਿਦਿਆਰਥੀਆਂ ਨੂੰ ਇਕੱਠਾ ਕਰਕੇ ਗਿਆਨ ਦੇ ਆਦਾਨ-ਪ੍ਰਦਾਨ, ਨਵੀਨਤਾ ਅਤੇ ਅੰਤਰ-ਅਨੁਸ਼ਾਸਨੀ ਸਹਿਯੋਗ ਲਈ ਗਤੀਸ਼ੀਲ ਪਲੇਟਫਾਰਮ ਪ੍ਰਦਾਨ ਕਰਨਾ ਸੀ। ਇਸ ਮੌਕੇ ਛੀਨਾ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਵਰਗੀਆਂ ਉੱਭਰ ਰਹੀਆਂ ਤਕਨਾਲੋਜੀਆਂ ਨੂੰ ਰਵਾਇਤੀ ਇੰਜੀਨੀਅਰਿੰਗ ਵਿਸ਼ਿਆਂ ਨਾਲ ਜੋੜਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੇ ਅਕਾਦਮਿਕ ਪਲੇਟਫਾਰਮ ਨਵੀਨਤਾ ਨੂੰ ਪੋਸ਼ਣ, ਖੋਜ ਸੱਭਿਆਚਾਰ ਨੂੰ ਮਜ਼ਬੂਤ ਕਰਨ ਅਤੇ ਸਮਾਜ 'ਚ ਪ੍ਰਭਾਵਸ਼ਾਲੀ ਢੰਗ ਨਾਲ ਯੋਗਦਾਨ ਪਾਉਣ ਲਈ ਨੌਜਵਾਨਾਂ ਨੂੰ ਤਿਆਰ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਸੰਸਥਾਵਾਂ ਨੂੰ ਅਜਿਹੀਆਂ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖਣਾ ਚਾਹੀਦਾ ਹੈ, ਜੋ ਅਕਾਦਮਿਕ ਗਿਆਨ ਨੂੰ ਸਮਾਜਿਕ ਜ਼ਰੂਰਤਾਂ ਨਾਲ ਜੋੜਦੀਆਂ ਹਨ। ਇਸ ਮੌਕੇ ਸੈਸ਼ਨ ਦੀ ਪ੍ਰਧਾਨਗੀ ਦੌਰਾਨ ਡਾ. ਸ਼ਰਮਾ ਨੇ ਕਾਨਫਰੰਸ ਦੇ ਸਫਲ ਸੰਚਾਲਨ ਅਤੇ ਵਿਚਾਰ-ਵਟਾਂਦਰੇ ਦੀ ਗੁਣਵੱਤਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੰਤਰ-ਅਨੁਸ਼ਾਸਨੀ ਕਾਨਫਰੰਸਾਂ ਅੱਜ ਦੇ ਯੁੱਗ 'ਚ ਜ਼ਰੂਰੀ ਹਨ, ਕਿਉਂਕਿ ਇਹ ਵਿਭਿੰਨ ਖੇਤਰਾਂ ਨੂੰ ਇਕੱਠਾ, ਸਹਿਯੋਗੀ ਖੋਜ ਨੂੰ ਉਤਸ਼ਾਹਿਤ ਅਤੇ ਤਕਨੀਕੀ ਤਰੱਕੀ ਨੂੰ ਤੇਜ਼ ਕਰਦੀਆਂ ਹਨ। ਉਨ੍ਹਾਂ ਨੇ ਭਾਗੀਦਾਰਾਂ ਨੂੰ ਆਪਣੀ ਖੋਜ ਨੂੰ ਅਸਲ-ਸੰਸਾਰ ਚੁਣੌਤੀਆਂ ਲਈ ਪ੍ਰਭਾਵਸ਼ਾਲੀ ਹੱਲਾਂ 'ਚ ਅਨੁਵਾਦ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਮੰਜੂ ਬਾਲਾ ਨੇ ਕਿਹਾ ਕਿ ਅਜਿਹੀਆਂ ਕਾਨਫਰੰਸਾਂ ਅੱਜ ਦੇ ਅਕਾਦਮਿਕ ਵਾਤਾਵਰਣ ਪ੍ਰਣਾਲੀ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੇ ਅਕਾਦਮਿਕ ਇਕੱਠ ਖੋਜਕਰਤਾਵਾਂ ਨੂੰ ਆਪਣੀਆਂ ਖੋਜਾਂ ਸਾਂਝੀਆਂ ਕਰਨ, ਕੀਮਤੀ ਫੀਡਬੈਕ ਪ੍ਰਾਪਤ ਕਰਨ ਅਤੇ ਪੇਸ਼ੇਵਰ ਨੈੱਟਵਰਕ ਬਣਾਉਣ ਦੇ ਯੋਗ ਬਣਾਉਂਦੇ ਹਨ। ਇਸ ਮੌਕੇ ਡਾ. ਮੰਜੂ ਬਾਲਾ ਨੇ ਕਿਹਾ ਕਿ ਉਕਤ ਵਿਸ਼ੇ ਦਾ ਇਕ ਮਹੱਤਵਪੂਰਨ ਆਕਰਸ਼ਣ ਪਿਛਲੇ 5 ਸਾਲਾਂ 'ਚ ਨੈਸ਼ਨਲ ਇੰਸਟੀਚਿਊਟ ਨਾਲ ਆਪਸੀ ਤਾਲਮੇਲ ਹੈ, ਜਿਸ ਤਹਿਤ ਐਸੋਸੀਏਸ਼ਨ ਨੇ ਅਕਾਦਮਿਕ ਗੁਣਵੱਤਾ 'ਚ ਬਹੁਤ ਵਾਧਾ ਕਰਦਿਆਂ ਖੋਜ ਸਹਿਯੋਗ ਨੂੰ ਮਜ਼ਬੂਤ ਅਤੇ ਅਜਿਹੇ ਉੱਚ-ਪ੍ਰਭਾਵ ਵਾਲੇ ਸਮਾਗਮਾਂ ਦੇ ਸਫਲ ਸੰਗਠਨ 'ਚ ਯੋਗਦਾਨ ਪਾਇਆ ਹੈ।

## ਤਾਰਾਗੜ੍ਹ 'ਚ ਸ਼ੇਰੇ ਪੰਜਾਬ ਜਿੰਮ ਦੀ ਸ਼ੁਰੂਆਤ



ਦੀਨਾਨਗਰ, 24 ਮਾਰਚ (ਡਾ.ਰਮੇਸ਼ ਸਰੰਗਲ ): ਦੀਨਾਨਗਰ ਨੇੜੇ ਪੈਂਦੇ ਤਾਰਾਗੜ੍ਹ ਵਿਖੇ ਵੀ ਜੰਟੀ ਵੱਲੋਂ ਅੱਜ ਨਵੀਂ ਬਰਾਂਚ ਖੋਲ੍ਹ ਕੇ ਸ਼ੇਰੇ ਪੰਜਾਬ ਜਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਜਿਸ ਵਿੱਚ ਸਾਰੀਆਂ ਮਸ਼ੀਨਾਂ ਨਵੀਆਂ ਲਗਾ ਕੇ ਨੌਜਵਾਨਾਂ ਨੂੰ ਬਹੁਤ ਹੀ ਵਧੀਆ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਮੌਕੇ 'ਤੇ ਰਿਪਨ ਵੱਲੋਂ ਨੌਜਵਾਨਾਂ ਨੂੰ ਵਧੀਆ ਤਰੀਕੇ ਨਾਲ ਕਸਰਤ ਕਰਵਾਉਣ ਵਿੱਚ ਮੱਦਦ ਕੀਤੀ ਜਾਵੇਗੀ। ਇਸ ਮੌਕੇ 'ਤੇ ਕਾਂਗਰਸੀ ਨੇਤਾ ਸੰਜੀਵ ਬੈਂਸ ਅਤੇ ਜੰਟੀ ਨੇ ਕਿਹਾ ਕਿ ਤਾਰਾਗੜ੍ਹ ਵਿੱਚ ਜਿੰਮ ਖੋਲ੍ਹਣਾ ਇਕ ਸਮੇਂ ਦੀ ਮੰਗ ਸੀ। ਇਸ ਮੌਕੇ 'ਤੇ ਦੀਨਾਨਗਰ ਦੇ ਮਸ਼ਹੂਰ ਜੰਟੀ ਜਿੰਮ ਵਾਲੇ ਨੇ ਇਲਾਕੇ ਦੇ ਸਾਰੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜਿਸ ਤਰ੍ਹਾਂ ਉਨ੍ਹਾਂ ਦੀਨਾਨਗਰ 'ਚ ਪਿਆਰ ਦਿੱਤਾ ਹੈ, ਉਸੇ ਤਰ੍ਹਾਂ ਤਾਰਾਗੜ੍ਹ ਵਿੱਚ ਵੀ ਉਹ ਆਪਣੇ ਭਰਾ ਨੂੰ ਮਾਣ ਬਖਸ਼ਣ। ਉਨ੍ਹਾਂ ਕਿਹਾ ਕਿ ਜੋ ਵੀ ਨੌਜਵਾਨ ਸ਼ੇਰੇ ਪੰਜਾਬ ਜਿੰਮ ਨਾਲ ਜੁੜੇਗਾ ਉਸਨੂੰ ਵਧੀਆ ਤਰੀਕੇ ਨਾਲ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ 'ਤੇ ਸੁਕਰਾਂਤ ਮਹਾਜਨ, ਮਿੱਠੂ ਮਹਾਜਨ, ਤਾਰਾਗੜ੍ਹ ਰੋਹਿਤ ਫੈਸ਼ਨ ਹੱਟ, ਰਿਟਾਇਰਡ ਐਸ ਡੀ ਓ ਸੋਮ ਰਾਜ, ਕਾਲੂ ਮਹਾਜਨ, ਪ੍ਰਤੀਕ ਘੁੰਮਣ , ਅੰਕੁਸ ਮਹਾਜਨ, ਸੰਨੀ ਚੀਨੀ, ਸੰਦੀਪ ਮਿੰਟੂ, ਨਿਸ਼ੂ ਘਰਾਟੀਆ, ਵਿਨੇ ਭਰਿਆਲ, ਪਵਨ ਦੀਪ ਸਿੰਘ ਅਤੇ ਰਿਪਨ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।

## ਖ਼ਾਲਸਾ ਕਾਲਜ ਨਰਸਿੰਗ ਵਿਖੇ ਸਹੁੰ ਚੁੱਕ ਸਮਾਰੋਹ ਕਰਵਾਇਆ

ਅੰਮ੍ਰਿਤਸਰ, 24 ਮਾਰਚ (ਬਬਲੂ ਮਹਾਜਨ ):ਖਾਲਸਾ ਕਾਲਜ ਆਫ਼ ਨਰਸਿੰਗ ਵਿਖੇ ਵਿਦਿਆਰਥੀਆਂ ਦੇ ਨਵੇਂ ਬੈਚ ਏ. ਐੱਨ. ਐੱਮ., ਜੀ. ਐੱਨ. ਐੱਮ., ਬੇਸਿਕ ਬੀ. ਐੱਸਸੀ ਨਰਸਿੰਗ ਸੈਸ਼ਨ 2025-26 ਸਬੰਧੀ ਸਹੁੰ ਚੁੱਕ ਸਮਾਰੋਹ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਉਕਤ ਸਮਾਰੋਹ ਮੌਕੇ ਸਰਕਾਰੀ ਨਰਸਿੰਗ ਕਾਲਜ ਪ੍ਰਿੰਸੀਪਲ ਡਾ. ਭੁਵਨੇਸ਼ ਸ਼ੁਕਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮਾਰੋਹ ਦਾ ਮਕਸਦ ਫਲੋਰੈਂਸ ਨਾਈਟਿੰਗੇਲ-ਦਿ ਲੇਡੀ ਵਿਦ ਦ ਲੈਂਪ ਨੂੰ ਸ਼ਰਧਾਂਜਲੀ ਦੇਣਾ ਸੀ। ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕਰਨ ਉਪਰੰਤ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਡਾ. ਸ਼ੁਕਲਾ ਅਤੇ ਹੋਰ ਪਤਵੰਤਿਆਂ ਦਾ ਪੌਦਾ ਭੇਂਟ ਕਰਕੇ ਸਵਾਗਤ ਕੀਤਾ। ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਪ੍ਰਿੰਸੀਪਲ ਨੇ ਨਵੀਆਂ ਉਭਰਦੀਆਂ ਨਰਸਾਂ ਨੂੰ ਉਤਸ਼ਾਹਿਤ ਕਰਦਿਆਂ 'ਜਗਦੀ ਹੋਈ ਜੋਤ' ਦੇ ਪ੍ਰਤੀਕ ਨੂੰ ਸਮਝਾਇਆ। ਉਨ੍ਹਾਂ ਕਿਹਾ



ਕਿ ਇਹ ਜੋਤ ਬਾਹਰਲੇ ਅੰਧਕਾਰ ਦੀ ਯਾਦ ਦਿਵਾਉਂਦੀ ਹੈ, ਆਸ ਦੀ ਨਿਸ਼ਾਨੀ ਹੈ ਅਤੇ ਦੂਜਿਆਂ ਲਈ ਖੁਦ ਨੂੰ ਸਮਰਪਿਤ ਕਰਨ ਦੀ ਪ੍ਰੇਰਨਾ ਦਿੰਦੀ ਹੈ। ਇਸ ਮੌਕੇ ਡਾ. ਸ਼ੁਕਲਾ ਨੇ ਵਿਦਿਆਰਥੀਆਂ ਨੂੰ ਮਨੁੱਖਤਾ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨਾਲ ਮਿਲ ਕੇ ਸਬੰਧਿਤ ਵਿਦਿਆਰਥੀਆਂ ਨੂੰ ਆਪਣੇ ਕਿੱਤੇ ਨੂੰ ਇਮਾਨਦਾਰੀ, ਲਗਨ ਅਤੇ ਸੇਵਾ ਭਾਵਨਾ ਵਰਗੀ ਦੂਰਅੰਦੇਸ਼ੀ ਸੋਚ ਨਾਲ ਕਰਨ ਲਈ ਪ੍ਰਣ ਦਿਵਾਇਆ। ਉਨ੍ਹਾਂ ਨਵੇਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਆਪਣੇ ਪੇਸ਼ੇਵਰ ਕਰੀਅਰ ਦੌਰਾਨ ਆਪਣੇ ਕੰਮ ਪ੍ਰਤੀ ਆਪਣੇ ਅੰਦਰੂਨੀ ਜਨੂੰਨ ਫ਼ਿੱਕਾ ਨਾ ਪੈਣ ਦੇਣ। ਇਸ ਮੌਕੇ ਉਨ੍ਹਾਂ ਨੇ ਫਲੋਰੈਂਸ ਨਾਇਟਿੰਗੇਲ ਦੀ ਜੀਵਨ ਸ਼ੈਲੀ ਅਤੇ ਮਨੁੱਖਤਾ ਪ੍ਰਤੀ ਸਮਰਪਣ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਇਸ ਸਮਾਗਮ ਦੀ ਆਯੋਜਕ ਸਮੀਤਾ ਇਨੋਸ਼, ਡਾ. ਮੋਨਿਕਾ ਡੋਗਰਾ ਅਤੇ ਸਹਿ-ਆਯੋਜਕ ਗਗਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਨਰਸਿੰਗ ਪੇਸ਼ੇ ਦੀ ਮਰਿਯਾਦਾ ਅਤੇ ਆਦਰਸ਼ਾਂ ਨੂੰ ਕਾਇਮ ਰੱਖਣ ਲਈ ਉਤਸ਼ਾਹਿਤ ਕੀਤਾ। ਸਮਾਗਮ 'ਚ ਕਾਲਜ ਸਟਾਫ਼ ਤੋਂ ਇਲਾਵਾ ਵੱਡੀ ਗਿਣਤੀ 'ਚ ਵਿਦਿਆਰਥੀਆਂ ਹਾਜ਼ਰ ਸਨ।

## ਯੂਕੇ ਦੇ ਏਅਰ ਚੀਫ਼ ਮਾਰਸ਼ਲ ਸ੍ਰੀ ਹਰਿਮੰਦਰ ਸਾਹਿਬ ਹੋਏ ਨਤਮਸਤਕ



ਅੰਮ੍ਰਿਤਸਰ, 24 ਮਾਰਚ ( ਬਬਲੂ ਮਹਾਜਨ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਅਮਰਪ੍ਰੀਤ ਸਿੰਘ ਅਤੇ ਯੂਨਾਈਟਿਡ ਕਿੰਗਡਮ ਦੇ ਹਵਾਈ ਸੈਨਾ ਮੁੱਖੀ ਏਅਰ ਚੀਫ ਮਾਰਸ਼ਲ ਹਾਰਵੇ ਸਮਿਥ ਆਪਣੇ ਪਰਿਵਾਰਾਂ ਸਮੇਤ ਨਤਮਸਤਕ ਹੋਏ। ਇਸ ਮੌਕੇ ਦੋਵਾਂ ਦੇਸ਼ਾਂ ਦੇ ਉੱਚ ਅਧਿਕਾਰੀਆਂ ਦੀ ਆਮਦ ਨੂੰ ਲੈ ਕੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਵੱਲੋਂ ਦੋਵਾਂ ਹਵਾਈ ਸੈਨਾ ਮੁਖੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ, ਦਰਸ਼ਨੀ ਡਿਊੜੀ ਅਤੇ ਸਿੱਖ ਇਤਿਹਾਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਦਰਸ਼ਨਾਂ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੈਨੇਜਰ ਭਗਵੰਤ ਸਿੰਘ ਧੰਗੇੜਾ, ਜਸਪਾਲ ਸਿੰਘ, ਅੰਮ੍ਰਿਤਪਾਲ ਸਿੰਘ, ਜਰਮਨਜੀਤ ਸਿੰਘ, ਸਤਨਾਮ ਸਿੰਘ ਨੇ ਦੋਵਾਂ ਅਧਿਕਾਰੀਆਂ ਨੂੰ ਸੂਚਨਾ ਕੇਂਦਰ ਵਿਖੇ ਸਨਮਾਨਿਤ ਕੀਤਾ ਗਿਆ। ਗੱਲਬਾਤ ਕਰਦਿਆ ਯੂਕੇ ਦੇ ਏਅਰ ਚੀਫ ਮਾਰਸ਼ਲ ਹਾਰਵੇ ਸਮਿਥ ਨੇ ਕਿਹਾ ਕਿ ਇਹ ਮੇਰੀ ਜ਼ਿੰਦਗੀ ਦੇ ਸਭ ਤੋਂ ਸ਼ਾਨਦਾਰ ਅਤੇ ਅਭੁੱਲ ਅਨੁਭਵਾਂ ਵਿਚੋਂ ਇਕ ਹੈ। ਮੈਂ ਇੱਥੋਂ ਮਿਲੇ ਸਨਮਾਨ ਲਈ ਪ੍ਰਬੰਧਕਾਂ ਦਾ ਬਹੁਤ ਧੰਨਵਾਦੀ ਹਾਂ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੀ ਭਾਰਤ ਦੀ ਪਹਿਲੀ ਫੇਰੀ ਹੈ ਅਤੇ ਭਾਰਤੀ ਹਵਾਈ ਸੈਨਾ ਦੇ ਮੁੱਖੀ ਅਮਰਪ੍ਰੀਤ ਸਿੰਘ ਨਾਲ ਇੱਥੇ ਆਉਣਾ ਦੋਵਾਂ ਦੇਸ਼ਾਂ ਦੀ ਡੂੰਘੀ ਦੋਸਤੀ ਅਤੇ ਸਾਂਝੇਦਾਰੀ ਦਾ ਪ੍ਰਤੀਕ ਹੈ। ਹਾਰਵੇ ਸਮਿਥ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਵਿੱਚ ਸਾਡੇ ਵਿਚਕਾਰ ਇੱਕ ਮਜ਼ਬੂਤ ਦੋਸਤੀ ਦਾ ਰਿਸ਼ਤਾ ਬਣਿਆ ਹੈ, ਜਿਸ ਨੂੰ ਉਹ ਭਵਿੱਖ ਵਿਚ ਵੀ ਜਾਰੀ ਰੱਖਣ ਦੀ ਉਮੀਦ ਰੱਖਦੇ ਹਨ। ਉਨ੍ਹਾਂ ਨੇ ਦੁਬਾਰਾ ਸ੍ਰੀ ਹਰਿਮੰਦਰ ਸਾਹਿਬ ਆਉਣ ਦੀ ਇੱਛਾ ਜ਼ਾਹਿਰ ਕਰਦਿਆ ਕਿਹਾ ਕਿ ਅਗਲੀ ਵਾਰ ਉਹ ਆਪਣੇ ਬਾਕੀ ਪਰਿਵਾਰਕ ਮੈਂਬਰਾਂ ਨੂੰ ਵੀ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਵਾਉਣ ਲਈ ਨਾਲ ਲਿਆਉਣਗੇ।

## ਐਡਵੋਕੇਟ ਨੇ ਸੜਕੀ ਹਾਦਸਿਆਂ ਬਾਰੇ ਗੰਭੀਰ ਚਿੰਤਾ ਪ੍ਰਗਟਾਈ

ਬਟਾਲਾ, 24 ਮਾਰਚ, (ਬਲਵਿੰਦਰ ਸਿੰਘ ਪੰਜਗਰਾਈਂ): ਧੰਨ ਪਾਲ ਸਿੰਘ ਕਲਸੀ।ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਪ੍ਰੈਕਟਿਸ ਕਰ ਰਹੇ ਐਡਵੋਕੇਟ ਜਸਬੀਰ ਸਿੰਘ ਕਲਸੀ ਵੱਲੋਂ ਹਾਈਵੇਅ 'ਤੇ ਹੋ ਰਹੇ ਹਾਦਸਿਆਂ ( ਜਿਸ ਨਾਲ ਕਈ ਕੀਮਤੀ ਮਨੁੱਖੀ ਜਾਨਾਂ ਅਜਾਈਂ ਚਲੀਆਂ ਜਾਂਦੀਆਂ ਹਨ) ਬਾਰੇ ਗੰਭੀਰ ਚਿੰਤਾ ਪ੍ਰਗਟਾਏ ਗਈ ਹੈ ਅਤੇ ਉਹਨਾਂ ਦੇ ਠੋਸ ਹੱਲ ਕੱਢਣ ਲਈ ਕਈ ਸੁਝਾਅ ਵੀ ਪੇਸ਼ ਕੀਤੇ ਹਨ। ਐਡ. ਜਸਬੀਰ ਸਿੰਘ ਕਲਸੀ ਨੇ ਪੰਜਾਬ ਦੇ ਮੁੱਖ ਮੰਤਰੀ, ਪੰਜਾਬ ਦੇ ਗ੍ਰਿਹ ਮੰਤਰੀ, ਪੰਜਾਬ ਦੇ ਚੀਫ ਸੱਕਤਰ ਅਤੇ ਪੰਜਾਬ ਦੇ ਡੀ ਜੀ ਪੀ ਨੂੰ ਪੱਤਰ ਲਿਖ ਕੇ ਲੋਕ ਹਿੱਤ ਵਿੱਚ ਸਹੀ ਫੈਸਲੇ ਲੈਣ ਦੀ ਅਪੀਲ ਕੀਤੀ ਹੈ। ਲਿਖੇ ਹੋਏ ਪੱਤਰ ਵਿੱਚ ਉਹਨਾਂ ਵੱਲੋਂ ਦੱਸਿਆ ਗਿਆ ਹੈ ਕਿ ਕਿਵੇਂ ਭਾਰੀ ਵਾਹਨ,(ਟਰੱਕਾਂ ਵਾਲੇ) ਜਾਣੇ ਅਣਜਾਣੇ ਗਲਤੀਆਂ ਕਰਦੇ ਹਨ ਅਤੇ ਛੋਟੀਆਂ ਗੱਡੀਆਂ ਵਾਲਿਆਂ ਲਈ ਮੁਸੀਬਤ ਦਾ ਕਾਰਨ ਤਾਂ ਬਣਦੇ ਹੀ ਹਨ, ਪਰ ਸਮਾਜਿਕ ਸੁਰੱਖਿਆ ਅਤੇ ਸੜਕ ਸੁਰੱਖਿਆ ਲਈ ਵੱਡਾ ਖਤਰਾ ਵੀ ਬਣਦੇ ਹਨ। ਉਹਨਾਂ ਇਹ ਵੀ ਦੱਸਿਆ ਹੈ ਕਿ ਕਿਵੇਂ ਟਰੈਫਿਕ ਪੁਲਿਸ, ਸਿਰਫ਼ ਕਾਰਾਂ ਵਾਲਿਆਂ ਦੀ ਬੈਲਟ ਨਾ ਲੱਗੀ ਹੋਣ ਕਰਕੇ ਚਲਾਨ ਕੱਟਣ ਤੱਕ ਹੀ ਸੀਮਤ ਰਹਿ ਜਾਂਦੀ ਹੈ, ਜਦ ਕਿ ਉਹ ਵੱਡੀਆਂ ਗੱਡੀਆਂ ਨੂੰ ਗਲਤ ਲੇਨ, ਗਲਤ ਪਾਰਕਿੰਗ, ਗਲਤ ਓਵਰਟੇਕਿੰਗ, ਗਲਤ ਇੰਡੀਕੇਟਰ ਆਦਿ ਟ੍ਰੈਫਿਕ ਨਿਯਮਾਂ ਨੂੰ ਆਪਣੀ ਬਣਦੀ ਡਿਊਟੀ ਤੋਂ ਹਮੇਸ਼ਾ ਬਾਹਰ ਰੱਖਦੀ ਹੈ ਅਤੇ ਸਮਾਜਿਕ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੀ ਹੈ,

## ਲਾਲਜੀਤ ਸਿੰਘ ਭੁੱਲਰ ਦੀ ਪਤਨੀ ਨੇ ਦੋਸ਼ਾਂ ਨੂੰ ਦੱਸਿਆ ਸਾਜ਼ਿਸ਼



ਅੰਮ੍ਰਿਤਸਰ, 24 ਮਾਰਚ ( ਬਬਲੂ ਮਹਾਜਨ):ਸਾਬਕਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੀ ਧਰਮਪਤਨੀ ਸੁਰਿੰਦਰ ਪਾਲ ਕੌਰ ਵੀ ਮੌਜੂਦ ਰਹੀ। ਅਦਾਲਤ ਕੰਪਲੈਕਸ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਸੁਰਿੰਦਰ ਪਾਲ ਕੌਰ ਭੁੱਲਰ ਨੇ ਆਪਣੇ ਪਤੀ ਖਿਲਾਫ ਲੱਗੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਅਤੇ ਇਸਨੂੰ ਇਕ ਗਹਿਰੀ ਸਾਜ਼ਿਸ਼ ਕਰਾਰ ਦਿੱਤਾ।ਉਨ੍ਹਾਂ ਕਿਹਾ ਕਿ ਲਾਲਜੀਤ ਸਿੰਘ ਭੁੱਲਰ ਪੂਰੀ ਤਰ੍ਹਾਂ ਬੇਗੁਨਾਹ ਹਨ ਅਤੇ ਉਨ੍ਹਾਂ ਖਿਲਾਫ ਲੱਗੇ ਦੋਸ਼ਾਂ ਵਿੱਚ ਕੋਈ ਵੀ ਸੱਚਾਈ ਨਹੀਂ ਹੈ। ਸੁਰਿੰਦਰ ਪਾਲ ਕੌਰ ਨੇ ਦੋਸ਼ ਲਗਾਇਆ ਕਿ ਇਹ ਸਭ ਵਿਰੋਧੀ ਪਾਰਟੀਆਂ ਵੱਲੋਂ ਰਚੀ ਗਈ ਸਸਤੀ ਅਤੇ ਘਟੀਆ ਰਾਜਨੀਤੀ ਦਾ ਹਿੱਸਾ ਹੈ, ਜਿਸਦਾ ਮਕਸਦ ਸਿਰਫ ਭੁੱਲਰ ਦੀ ਛਵੀ ਨੂੰ ਖਰਾਬ ਕਰਨਾ ਹੈ। ਉਨ੍ਹਾਂ ਨੇ ਵਿਸ਼ਵਾਸ ਜਤਾਇਆ ਕਿ ਸੱਚਾਈ ਜਲਦੀ ਸਾਹਮਣੇ ਆਵੇਗੀ ਅਤੇ ਭੁੱਲਰ ਸਾਫ-ਸੁਥਰੇ ਢੰਗ ਨਾਲ ਦੁਬਾਰਾ ਲੋਕਾਂ ਦੇ ਸਾਹਮਣੇ ਆਉਣਗੇ।ਉਨ੍ਹਾਂ ਅੱਗੇ ਕਿਹਾ ਕਿ ਆਪਣੇ ਚਾਰ ਸਾਲਾਂ ਦੇ ਮੰਤਰੀ ਕਾਲ ਦੌਰਾਨ ਭੁੱਲਰ ਨੇ ਵੱਖ-ਵੱਖ ਵਿਭਾਗਾਂ ਦੀ ਜ਼ਿੰਮੇਵਾਰੀ ਨਿਭਾਈ ਅਤੇ ਹਮੇਸ਼ਾ ਇਮਾਨਦਾਰੀ ਨਾਲ ਕੰਮ ਕੀਤਾ। ਉਨ੍ਹਾਂ ਨਾਲ ਕੰਮ ਕਰਨ ਵਾਲੇ ਅਧਿਕਾਰੀਆਂ ਤੋਂ ਉਨ੍ਹਾਂ ਦੇ ਵਿਹਾਰ ਬਾਰੇ ਪੁੱਛਿਆ ਜਾ ਸਕਦਾ ਹੈ। ਭੁੱਲਰ ਹਰ ਛੋਟੇ-ਵੱਡੇ ਅਧਿਕਾਰੀ ਨੂੰ ਸਤਿਕਾਰ ਦਿੰਦੇ ਸਨ ਅਤੇ ਸਭ ਨਾਲ ਆਦਰ ਨਾਲ ਪੇਸ਼ ਆਉਂਦੇ ਸਨ।ਸੁਰਿੰਦਰ ਪਾਲ ਕੌਰ ਨੇ ਵਿਰੋਧੀ ਨੇਤਾਵਾਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜੇਕਰ ਉਹ ਸੱਚਮੁੱਚ ਨਿਆਂ ਦੇ ਹੱਕ ਵਿੱਚ ਹਨ, ਤਾਂ ਉਨ੍ਹਾਂ ਨੂੰ ਹੋਰ ਮਾਮਲਿਆਂ ਵਿੱਚ ਵੀ ਆਵਾਜ਼ ਉਠਾਉਣੀ ਚਾਹੀਦੀ ਸੀ। ਉਨ੍ਹਾਂ ਕਈ ਪੁਰਾਣੇ ਮਾਮਲਿਆਂ ਦਾ ਜ਼ਿਕਰ ਕਰਦਿਆਂ ਸਵਾਲ ਉਠਾਇਆ ਕਿ ਉਨ੍ਹਾਂ ਵਿੱਚ ਜ਼ਿੰਮੇਵਾਰ ਲੋਕਾਂ ਖਿਲਾਫ ਕਾਰਵਾਈ ਕਿਉਂ ਨਹੀਂ ਹੋਈ।ਉਨ੍ਹਾਂ ਕਿਹਾ ਕਿ ਕਿਸੇ ਵੀ ਮਾਮਲੇ ਵਿੱਚ ਇਕ ਪੱਖ ਦੀ ਗੱਲ ਸੁਣ ਕੇ ਦੂਜੇ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਅਜੇ ਮਾਮਲੇ ਦੀ ਪੂਰੀ ਜਾਂਚ ਅਦਾਲਤ ਵੱਲੋਂ ਹੋਣੀ ਬਾਕੀ ਹੈ ਅਤੇ ਉਨ੍ਹਾਂ ਨੂੰ ਦੇਸ਼ ਦੀ ਨਿਆਂ ਪ੍ਰਣਾਲੀ 'ਤੇ ਪੂਰਾ ਭਰੋਸਾ ਹੈ। ਉਨ੍ਹਾਂ ਨੇ ਦੱਸਿਆ ਕਿ ਭੁੱਲਰ ਨੇ ਖੁਦ ਅੱਗੇ ਆ ਕੇ ਮੰਡੀ ਗੋਬਿੰਦਗੜ੍ਹ ਥਾਣੇ ਵਿੱਚ ਪੇਸ਼ ਹੋ ਕੇ ਆਪਣੀ ਗ੍ਰਿਫਤਾਰੀ ਦਿੱਤੀ, ਜੋ ਉਨ੍ਹਾਂ ਦੀ ਪਾਰਦਰਸ਼ਤਾ ਨੂੰ ਦਰਸਾਉਂਦਾ ਹੈ।ਅੰਤ ਵਿੱਚ ਉਨ੍ਹਾਂ ਕਿਹਾ ਕਿ ਇਹ ਸਾਰਾ ਮਾਮਲਾ ਸਿਰਫ ਰਾਜਨੀਤਿਕ ਸਾਜ਼ਿਸ਼ ਹੈ, ਪਰ ਸੱਚਾਈ ਨੂੰ ਲੰਮਾ ਸਮਾਂ ਦਬਾਇਆ ਨਹੀਂ ਜਾ ਸਕਦਾ। ਉਨ੍ਹਾਂ ਨੂੰ ਉਮੀਦ ਹੈ ਕਿ ਨਿਆਂ ਜ਼ਰੂਰ ਮਿਲੇਗਾ ਅਤੇ ਭੁੱਲਰ ਜਲਦੀ ਬੇਦਾਗ ਸਾਬਤ ਹੋ ਕੇ ਵਾਪਸ ਲੋਕਾਂ ਵਿੱਚ ਆਉਣਗੇ।

## ਮਾਨ ਸਰਕਾਰ ਨੇ ਹੜ੍ਹਾਂ 'ਚ ਸਰਕਾਰੀ ਜ਼ਮੀਨਾਂ ਦੀਆਂ ਤਬਾਹ ਹੋਈਆਂ ਫ਼ਸਲਾਂ ਦਾ ਮੁਆਵਜਾ ਦੇਣ ਲਈ ਪੰਜਾਬ 'ਚ ਨਵਾਂ ਇਤਿਹਾਸ ਸਿਰਜਿਆ : ਧਾਲੀਵਾਲ

ਅਜਨਾਲਾ, 24 ਮਾਰਚ ਸੁਖਦੇਵ ਸਿੰਘ ): ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ, ਸਾਬਕਾ ਕੈਬਨਿਟ ਮੰਤਰੀ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਹਲਕਾ ਅਜਨਾਲਾ ਦੇ ਖੇਤਰ 'ਚ ਕੌਮਾਂਤਰੀ ਭਾਰਤ -ਪਾਕਿ ਸਰਹੱਦ 'ਤੇ ਸੁਰੱਖਿਆ ਵੱਜੋਂ ਲੱਗੀ ਕੰਢਿਆਲੀ ਤਾਰ ਤੋਂ ਆਰ -ਪਾਰ ਸਰਕਾਰੀ ਜ਼ਮੀਨਾਂ 'ਤੇ ਖੇਤੀ ਕਰਦੇ ਕਿਸਾਨਾਂ /ਅੰਨ ਉਤਪਾਦਕਾਂ ਸਮੇਤ ਜ਼ਿਲ੍ਹੇ ਭਰ 'ਚ ਕਰੀਬ 2800 ਏਕੜ ਸਰਕਾਰੀ ਜ਼ਮੀਨਾਂ 'ਤੇ ਖੇਤੀ ਕਰਨ ਵਾਲੇ ਉਨ੍ਹਾਂ ਪ੍ਰਭਾਵਿਤ ਕਿਸਾਨਾਂ ਨੂੰ ਜਲਦੀ ਹੀ 20 ਹਜਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤੀ ਫਸਲਾਂ ਦਾ ਮੁਆਵਜਾ ਜਾਰੀ ਹੋਣ ਜਾ ਰਿਹਾ ਹੈ।ਜਿਨ੍ਹਾਂ ਕਿਸਾਨਾਂ ਦੀਆਂ ਪਿਛਲੇ ਵਰ੍ਹੇ ਅਗਸਤ -ਸਤੰਬਰ ਮਹੀਨੇ 'ਚ ਕੁਦਰਤੀ ਆਫਤ ਭਿਅੰਕਰ ਹੜ੍ਹਾਂ ਦੀ ਮਾਰ ਹੇਠ ਫ਼ਸਲਾਂ ਬਰਬਾਦ ਹੋ ਗਈਆਂ ਸਨ। ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜਾ ਦੇਣ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਉਚਿਤ, ਸੁਚਾਰੂ ਤੇ ਪਾਰਦਰਸ਼ੀ ਪ੍ਰਬੰਧ ਕਰ ਲਏ ਗਏ ਹਨ। ਜਦੋਂਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਅਜਿਹੀ ਪਹਿਲੀ ਸਰਕਾਰ ਹੈ, ਜੋ ਸਰਕਾਰੀ ਜ਼ਮੀਨਾਂ ਦੀਆਂ ਹੜ੍ਹਾਂ 'ਚ ਤਬਾਹ ਹੋਈਆਂ ਫ਼ਸਲਾਂ ਦਾ ਮੁਆਵਜਾ



ਦੇਣ ਜਾ ਰਹੀ ਹੈ। ਧਾਲੀਵਾਲ ਨੇ ਅੱਜ ਇਹ ਐਲਾਨ ਹਲਕਾ ਅਜਨਾਲਾ ਦੇ ਸਰਹੱਦੀ ਤੇ ਰਾਵੀ ਦਰਿਆ ਕੰਢੇ ਵਸੇ ਪਿੰਡ ਬੱਲ ਲੱਭੇ ਦਰਿਆ ਪੱਤਣ ਤੋਂ ਪਾਰ ਜਾ ਕੇ ਖੇਤੀ ਕਰਨ ਵਾਲੇ ਨੇੜੇ- ਤੇੜੇ ਦੇ ਦਰਜਨਾਂ ਪਿੰਡਾਂ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਸਹੂਲਤ ਲਈ 10 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕਰਵਾਏ 2 ਵੱਡੇ ਬੇੜੇ ਭੇਟ ਕਰਨ ਮੌਕੇ ਸਰਹੱਦੀ ਤੇ ਸਰਕਾਰੀ ਜ਼ਮੀਨਾਂ 'ਤੇ ਖੇਤੀ ਕਰਦੇ ਕਿਸਾਨਾਂ ਦੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਨੇ ਭਾਰਤ ਪਾਕਿ ਕੌਮਾਂਤਰੀ ਸਰਹੱਦ ਨਾਲ ਢੁਕਦੇ 543 ਕਿਲੋਮੀਟਰ ਸਰਹੱਦੀ ਖੇਤਰ ਦੇ ਪਿੰਡਾਂ ਤੇ ਕਸਬਿਆਂ ਦੇ ਕਿਸਾਨਾਂ ਤੇ ਖੇਤ ਮਜਦੂਰਾਂ ਵੱਲੋਂ ਕੌਮੀ ਅੰਨ ਭੰਡਾਰ 'ਚ ਆਪਣਾ ਉਚਿਤ ਹਿੱਸਾ ਅਨੇਕਾਂ ਅਣਸੁਖਾਵੀਆਂ ਹਾਲਤਾਂ ਦੇ ਬਾਵਜੂਦ ਪਾਏ ਜਾਣ ਲਈ ਜਿੱਥੇ ਭਰਵੀਂ ਪ੍ਰਸੰਸਾ ਕੀਤੀ, ਉਥੇ ਕੇਂਦਰੀ ਸਰਕਾਰ ਵਲੋਂ ਸਰਹੱਦੀ ਖੇਤਰ ਦੇ ਕਿਸਾਨਾਂ , ਖੇਤ ਮਜਦੂਰਾਂ ਸਮੇਤ ਆਮ ਨਾਗਰਿਕਾਂ ਨੂੰ ਵਿਕਾਸ , ਰੁਜਗਾਰ, ਤੇ ਹੋਰ ਸਹੂਲਤਾਂ ਪੱਖੋਂ ਵਿਸ਼ੇਸ਼ ਦਰਜਾ ਦੇਣ ਤੋਂ ਅਣਗੌਲੇ ਕਰਕੇ ਮਤਰੇਈ ਮਾਂ ਵਾਲਾ ਸਲੂਕ ਕੀਤੇ ਜਾਣ ਦੀ ਨਿੰਦਾ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਕੌਮਾਂਤਰੀ ਸਰਹੱਦ ਤੇ ਤਾਇਨਾਤ ਬੀਐਸਐਫ ਪਿੱਛੋਂ ਸਰਹੱਦੀ ਪਿੰਡਾਂ ਤੇ ਕਸਬਿਆਂ ਦੇ ਨਾਗਰਿਕ ਗੁਆਂਢੀ ਮੁਲਕ ਪਾਕਿਸਤਾਨ ਦੀਆਂ ਭਾਰਤ ਵਿਰੋਧੀ ਸਾਜਿਸ਼ਾਂ ਨੂੰ ਨਾਕਾਮ ਕਰਨ 'ਚ ਦੂਸਰੀ ਸੁਰੱਖਿਆ ਪੰਕਤੀ ਵੱਜੋਂ ਭੂਮਿਕਾ 'ਚ ਹਰ ਔਖੇ ਵੇਲੇ ਤੱਤਪਰ ਰਹਿੰਦੇ ਹਨ। ਸ. ਧਾਲੀਵਾਲ ਨੇ ਇਹ ਵੀ ਪ੍ਰਗਟਾਵਾ ਕੀਤਾ ਕਿ ਹਲਕਾ ਅਜਨਾਲਾ 'ਚੋਂ ਲੰਘਦੇ ਕੌਮਾਂਤਰੀ ਰਾਵੀ ਦਰਿਆ 'ਚ ਆਏ ਭਿਅੰਕਰ ਹੜ੍ਹਾਂ ਦੀ ਮਾਰ ਕਾਰਣ ਜਿਨ੍ਹਾਂ 23 ਥਾਵਾਂ ਤੇ ਧੁੱਸੀ ਬੰਨ 'ਚ ਪਾੜ ਪਏ ਸਨ, ਉਨ੍ਹਾਂ ਥਾਵਾਂ ਨੂੰ ਮਜਬੂਤ ਕਰਨ ਲਈ ਸਿੰਚਾਈ ਵਿਭਾਗ ਨੂੰ 30 ਜੂਨ ਤੱਕ ਕੰਮ ਮੁਕੰਮਲ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।

## ਗਗਨਦੀਪ ਸਿੰਘ ਰੰਧਾਵਾ ਦਾ ਅੰਤਿਮ ਸੰਸਕਾਰ

### ਦੁਰਗਿਆਣਾ ਮੰਦਰ ਸ਼ਮਸ਼ਾਨ ਘਾਟ 'ਚ ਪਰਿਵਾਰ ਦੀਆਂ ਅੱਖਾਂ ਨਮ, ਭਾਵੁਕ ਮਾਹੌਲ ਵਿੱਚ ਦਿੱਤੀ ਅੰਤਿਮ ਵਿਦਾਈ



ਅੰਮ੍ਰਿਤਸਰ, 24 ਮਾਰਚ (ਬਬਲੂ ਮਹਾਜਨ): ਪੰਜਾਬ ਵੇਅਰਹਾਊਸ ਦੇ ਡਿਸਟ੍ਰਿਕਟ ਮੈਨੇਜਰ (ਡੀਐਮ) ਗਗਨਦੀਪ ਸਿੰਘ ਰੰਧਾਵਾ, ਜਿਨ੍ਹਾਂ ਨੇ ਹਾਲ ਹੀ ਵਿੱਚ ਖੁਦਕੁਸ਼ੀ ਕਰ ਲਈ ਸੀ, ਦਾ ਅੱਜ ਅੰਮ੍ਰਿਤਸਰ ਦੇ ਦੁਰਗਿਆਣਾ ਮੰਦਰ ਸਥਿਤ ਸ਼ਮਸ਼ਾਨ ਘਾਟ ਵਿੱਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਸ ਦੌਰਾਨ ਮਾਹੌਲ ਬਹੁਤ ਹੀ ਗੰਭੀਰ ਅਤੇ ਭਾਵੁਕ ਰਿਹਾ।ਰੰਧਾਵਾ ਦੀ ਅੰਤਿਮ ਯਾਤਰਾ ਵਿੱਚ ਉਨ੍ਹਾਂ ਦੇ ਪਰਿਵਾਰਕ ਮੈਂਬਰ, ਦੋਸਤ ਅਤੇ ਨਜ਼ਦੀਕੀ ਸਾਥੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਅੰਤਿਮ ਰਸਮਾਂ ਦੌਰਾਨ ਉਨ੍ਹਾਂ ਨੂੰ ਰਿਵਾਇਤੀ ਤੌਰ 'ਤੇ ਲਾਲ ਪੱਗ ਪਹਿਨਾਈ ਗਈ। ਇਸ ਮੌਕੇ ਉਨ੍ਹਾਂ ਦੀ ਪਤਨੀ ਅਤੇ ਬੱਚੇ ਬਹੁਤ ਹੀ ਭਾਵੁਕ ਦਿਖਾਈ ਦਿੱਤੇ ਅਤੇ ਅੱਖਾਂ ਵਿੱਚ ਅੰਸੂਆਂ ਨਾਲ ਉਨ੍ਹਾਂ ਨੂੰ ਅੰਤਿਮ ਵਿਦਾਈ ਦਿੱਤੀ।ਇਸ ਮੌਕੇ 'ਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਵੀ ਪਹੁੰਚੇ। ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਵੀ ਸ਼ਮਸ਼ਾਨ ਘਾਟ ਵਿੱਚ ਪਹੁੰਚ ਕੇ ਰੰਧਾਵਾ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਦੱਸਣਯੋਗ ਹੈ ਕਿ ਅੰਤਿਮ ਸੰਸਕਾਰ ਤੋਂ ਪਹਿਲਾਂ ਰੰਧਾਵਾ ਦਾ ਪੋਸਟਮਾਰਟਮ ਸਿਵਲ ਹਸਪਤਾਲ ਵਿੱਚ ਐਗਜ਼ੀਕਿਊਟਿਵ ਮੈਜਿਸਟ੍ਰੇਟ ਦੀ ਨਿਗਰਾਨੀ ਹੇਠ ਕਰਵਾਇਆ ਗਿਆ। ਲੱਗਭੱਗ ਸਾਢੇ ਚਾਰ ਘੰਟੇ ਚੱਲੀ ਇਸ ਪ੍ਰਕਿਰਿਆ ਦੀ ਪੂਰੀ ਵੀਡੀਓਗ੍ਰਾਫੀ ਵੀ ਕੀਤੀ ਗਈ, ਤਾਂ ਜੋ ਜਾਂਚ ਵਿੱਚ ਪਾਰਦਰਸ਼ਤਾ ਬਣੀ ਰਹੇ।

## ਨਿਕਾਸੀ ਨਾ ਹੋਣ ਕਾਰਨ ਛੱਪੜ ਦਾ ਪਾਣੀ ਪਹੁੰਚਿਆ ਲੋਕਾਂ ਦੇ ਘਰਾਂ ਤੱਕ,



ਖਡੂਰ ਸਾਹਿਬ, 24 ਮਾਰਚ( ਸਰਬਜੀਤ ਸਿੰਘ ਮੀਆਂ ਵਿੰਡ): ਆਮ ਆਦਮੀ ਪਾਰਟੀ ਦੇ ਵੱਲੋਂ ਵਿਕਾਸ ਦੀ ਹਨੇਰੀ ਲਿਆਉਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ, ਪਰ ਕੀਤੇ ਹੋਏ ਵਾਅਦੇ ਖੋਖਲੇ ਦਿਖਾਈ ਦੇ ਰਹੇ ਹਨ। ਜੇ ਗੱਲ ਕਰੀਏ ਵਿਕਾਸ ਦੀ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਸਮੇਂ ਜੋ ਵਿਕਾਸ ਹੋਇਆ ਸਿਰਫ ਉਹੀ ਹੋਇਆ, ਉਸ ਤੋਂ ਬਾਅਦ ਵਿੱਚ ਕਿਸੇ ਵੀ ਸਰਕਾਰ ਨੇ ਵਿਕਾਸ ਵੱਲ ਕੋਈ ਧਿਆਨ ਨਹੀਂ ਦਿੱਤਾ।ਆਮ ਆਦਮੀ ਪਾਰਟੀ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਪਿੰਡ ਮੀਆਂ ਵਿੰਡ ਦੇ ਛੱਪੜਾਂ ਦੀ ਗੱਲ ਕਰੀਏ ਤਾਂ ਲੋਕ ਨਰਕ ਭਰੀ ਜ਼ਿੰਦਗੀ ਜੀਣ ਵਾਸਤੇ ਮਜਬੂਰ ਹਨ। ਪਰ ਸਰਕਾਰ ਦੇ ਕਾਰਕੂਨਾਂ ਦੇ ਕੰਨ ਉੱਪਰ ਜੂੰਅ ਨਹੀਂ ਸ਼ਰਕ ਰਹੀ। ਪਿੰਡ ਦੇ ਵਿੱਚ ਬਹੁਤ ਵੱਡਾ ਹਸਪਤਾਲ ਹੈ ਪਰ ਡਾਕਟਰਾਂ ਦਾ ਨਾ ਹੋਣ ਕਰਕੇ ਲੋਕ ਸਿਹਤ ਸਹੂਲਤਾਂ ਲੈਣ ਤੋਂ ਵਾਂਝੇ ਕਿਹਾ ਕਿ ਸਵੇਰ ਸਮੇਂ ਜਦ ਹਸਪਤਾਲ ਨੂੰ ਜਾਂਦੇ ਹਾਂ ਤਾਂ ਨਸ਼ੇ ਦੀਆਂ ਗੋਲੀਆਂ ਲੈਣ ਵਾਲੇ ਨੌਜਵਾਨਾਂ ਦਾ ਮੇਲਾ ਲੱਗਿਆ ਹੁੰਦਾ ਹੈ, ਪਰ ਪਿੰਡ ਦੇ ਪਤਵੰਤਿਆਂ ਦਾ ਇਸ ਵੱਲ ਕੋਈ ਨਹੀਂ ਹੈ ਧਿਆਨ ,ਆਮ ਆਦਮੀ ਪਾਰਟੀ ਦੇ ਵਿਧਾਇਕ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਮਾਨ ਸਰਕਾਰ ਦਾ ਕਹਿਣਾ ਸੀ ਕਿ ਸੱਥਾਂ ਦੇ ਵਿੱਚੋਂ ਚੱਲੇਗੀ ਸਰਕਾਰ, ਪਰ ਜਦੋਂ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਐਮਐਲਏ ਦਲਬੀਰ ਸਿੰਘ ਟੌਂਗ ਜਦੋਂ ਦੇ ਸੱਤਾ ਵਿੱਚ ਆਏ ਹਨ। ਉਹਨਾਂ ਨੇ ਕਦੀ ਮੀਆਂ ਵਿੰਡ ਪਹੁੰਚਣ ਦੀ ਖੇਚਲ ਹੀ ਨਹੀਂ ਕੀਤੀ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸਰਪੰਚ ਪਲਵਿੰਦਰ ਸਿੰਘ ਨੇ ਕੀਤਾ ਕਿਹਾ ਕਿ ਸਰਕਾਰ ਨੂੰ ਆਪਣੇ ਕੀਤੇ ਹੋਏ ਵਾਦਿਆਂ ਉੱਪਰ ਖਰੇ ਉਤਰਨ ਦੀ ਜਰੂਰਤ ਹੈ ਨਹੀਂ ਤਾਂ ਆਉਣ ਵਾਲੀ 2027 ਦੀ ਚੋਣ ਵਿੱਚ ਹਾਰ ਦਾ ਮੂੰਹ ਦੇਖਣਾ ਪਵੇਗਾ, ਗੱਲਬਾਤ ਦੌਰਾਨ ਪਿੰਡ ਵਾਸੀਆਂ ਨੇ ਕਿਹਾ ਕਿ ਛੱਪੜ ਦੇ ਵਿੱਚ ਗੰਦਗੀ ਕਾਰਨ ਮਲੇਰੀਆ, ਡੇਂਗੂ,ਕਾਲਾ ਪਿਲੀਆ, ਹੈਜਾ, ਆਦਿ ਵਰਗੀਆਂ ਨਾ ਮੁਰਾਦ ਬਿਮਾਰੀਆਂ ਲੱਗਣ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ।ਪਰ ਸਿਹਤ ਵਿਭਾਗ ਦੇ ਅਧਿਕਾਰੀਆਂ ਇਸ ਵੱਲ ਕੋਈ ਵੀ ਧਿਆਨ ਨਹੀਂ ਦੇ ਰਹੇ।

## ਖ਼ਾਲਸਾ ਯੂਨੀਵਰਸਿਟੀ ਵੱਲੋਂ ਨਾਟਕ 'ਟਿਕਟਾਂ ਦੋ ਲੈ ਲਈ' ਦਾ ਸਫ਼ਲ ਮੰਚਨ

### ਰੰਗਮੰਚ ਕਲਾ ਵਿਦਿਆਰਥੀਆਂ ਦੇ ਵਿਅਕਤੀਤਵ ਵਿਕਾਸ ਦਾ ਪ੍ਰਭਾਵਸ਼ਾਲੀ ਸਾਧਨ : ਛੀਨਾ

ਅੰਮ੍ਰਿਤਸਰ, 24 ਮਾਰਚ (ਗੁਰਦਿਆਲ ਸਿੰਘ/ਬਬਲੂ ਮਹਾਜਨ) : ਰੰਗਮੰਚ ਕਲਾ ਵਿਦਿਆਰਥੀਆਂ ਦੇ ਵਿਅਕਤੀਤਵ ਵਿਕਾਸ, ਆਤਮ—ਵਿਸ਼ਵਾਸ ਅਤੇ ਰਚਨਾਤਮਕਤਾ ਨੂੰ ਨਿਖਾਰਨ ਦਾ ਇਕ ਪ੍ਰਭਾਵਸ਼ਾਲੀ ਸਾਧਨ ਹੈ। ਖਾਲਸਾ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਸਿਰਫ਼ ਅਕਾਦਮਿਕ ਖੇਤਰ 'ਚ ਹੀ ਨਹੀਂ, ਸਗੋਂ ਕਲਾ, ਸੱਭਿਆਚਾਰ ਅਤੇ ਸਾਹਿਤ 'ਚ ਵੀ ਅਗਾਂਹ ਵੱਧਣ ਲਈ ਮੌਕੇ ਪ੍ਰਦਾਨ ਕਰਦੀ ਹੈ। ਉਕਤ ਸ਼ਬਦਾਂ ਦਾ ਇਜ਼ਹਾਰ ਖਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ 'ਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਵੱਲੋਂ ਕਰਵਾਏ ਗਏ ਨਾਟਕ 'ਟਿਕਟਾਂ ਦੋ ਲੈ ਲਈ' ਦੇ ਸਫਲ ਮੰਚਨ ਉਪਰੰਤ ਕੀਤਾ।ਉਕਤ ਨਾਟਕ 'ਚ ਹਰਦੀਪ ਗਿੱਲ, ਅਨੀਤਾ ਦੇਵਗਨ, ਭਰਤ ਭਰਿਆਲ, ਹਰਮੀਤ ਕੌਰ, ਗੁਰਦਿੱਤਪਾਲ ਸਿੰਘ, ਜਸਵੰਤ ਸਿੰਘ ਵੱਲੋਂ ਆਪਣੀ ਅਦਾਕਾਰੀ ਦੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਜਿਸ ਦੇ ਨਾਟਕਕਾਰ ਡਾ. ਹਰਭਜਨ ਸਿੰਘ ਢਿੱਲੋਂ, ਨਿਰਦੇਸ਼ਕ, ਨਰਿੰਦਰ ਸਾਂਘੀ, ਸੰਗੀਤ ਹਰਿੰਦਰ ਸੋਹਲ ਸਨ। 'ਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਤੋਂ ਭਾਸ਼ਾਵਾਂ ਡੀਨ ਅਤੇ ਮੁੱਖੀ ਡਾ. ਰਮਿੰਦਰ ਕੌਰ ਦੇ ਸਹਿਯੋਗ ਨਾਲ



ਕਰਵਾਏ ਗਏ ਉਕਤ ਨਾਟਕ ਦਾ ਮਕਸਦ ਵਿਦਿਆਰਥੀਆਂ 'ਚ ਰੰਗਮੰਚੀ ਕਲਾ ਪ੍ਰਤੀ ਰੁਚੀ ਪੈਦਾ ਕਰਨਾ ਅਤੇ ਸਮਾਜਿਕ ਮੁੱਦਿਆਂ ਨੂੰ ਨਾਟਕ ਦੇ ਮਾਧਿਅਮ ਰਾਹੀਂ ਉਜਾਗਰ ਕਰਨਾ ਸੀ। ਜਿਸ ਨੂੰ ਉਕਤ ਅਦਾਕਾਰਾਂ ਵੱਲੋਂ ਦਰਸ਼ਕਾਂ ਨੂੰ ਹਾਸੇ ਨਾਲ ਭਰਪੂਰ ਮਨੋਰੰਜਨ ਦੇ ਨਾਲ-ਨਾਲ ਗਹਿਰਾ ਸਮਾਜਿਕ ਸੰਦੇਸ਼ ਵੀ ਦਿੱਤਾ ਗਿਆ। ਉਕਤ ਨਾਟਕ ਦੀ ਸ਼ੁਰੂਆਤ ਤੋਂ ਪਹਿਲਾਂ ਅਕਾਦਮਿਕ ਮਾਮਲੇ ਡੀਨ ਡਾ. ਸੁਰਿੰਦਰ ਕੌਰ ਵੱਲੋਂ ਡਾ. ਰਮਿੰਦਰ ਕੌਰ ਨਾਲ ਮਿਲ ਕੇ ਆਏ ਮਹਿਮਾਨਾਂ ਨੂੰ ਪੌਦਾ ਭੇਂਟ ਕਰਕੇ ਸਵਾਗਤ ਕੀਤਾ ਗਿਆ। ਇਸ ਉਪਰੰਤ ਉਕਤ ਅਦਾਕਾਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਾਟਕ 'ਟਿਕਟਾਂ ਦੋ ਲੈ ਲਈ' ਦੀ ਕਹਾਣੀ ਆਧੁਨਿਕ ਸਮਾਜ 'ਚ ਰਿਸ਼ਤਿਆਂ ਦੀ ਬਦਲਦੀ ਸੋਚ, ਮਾਨਵਿਕ ਮੁੱਲਾਂ ਦੀ ਘਾਟ ਅਤੇ ਮਜ਼ਾਕੀਆ ਘਟਨਾਵਾਂ ਰਾਹੀਂ ਉਭਰ ਰਹੀਆਂ ਸਥਿਤੀਆਂ 'ਤੇ ਆਧਾਰਿਤ ਸੀ। ਉਨ੍ਹਾਂ ਕਿਹਾ ਕਿ ਕਹਾਣੀ 'ਚ ਦਿਖਾਇਆ ਗਿਆ ਕਿ ਕਿਵੇਂ ਛੋਟੀਆਂ—ਛੋਟੀਆਂ ਗਲਤਫਹਿਮੀਆਂ ਅਤੇ ਲਾਲਚ ਮਨੁੱਖੀ ਰਿਸ਼ਤਿਆਂ 'ਚ ਦਰਾਰ ਪਾ ਦਿੰਦੀਆਂ ਹਨ, ਪਰ ਅੰਤ 'ਚ ਸੱਚਾਈ ਅਤੇ ਸੱਚੇ ਪਿਆਰ ਦੀ ਹੀ ਜਿੱਤ ਹੁੰਦੀ ਹੈ। ਇਸ ਮੌਕੇ ਡਾ. ਸੁਰਿੰਦਰ ਕੌਰ ਨੇ ਕਿਹਾ ਕਿ ਨਾਟਕ ਦੌਰਾਨ ਉਕਤ ਕਲਾਕਾਰਾਂ ਨੇ ਡਾਇਲਾਗ ਡਿਲਿਵਰੀ, ਹਾਵ-ਭਾਵ ਅਤੇ ਮੰਚ ਸਾਜ-ਸਜਾਵਟ ਦੇ ਨਾਲ ਬੇਹੱਦ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਨਾਟਕ ਦੀ ਦਿਸ਼ਾ-ਨਿਰਦੇਸ਼ੀ ਅਤੇ ਮੰਚ ਸਾਜ-ਸੰਭਾਲ ਵੀ ਬੇਹੱਦ ਪੇਸ਼ੇਵਰ ਢੰਗ ਨਾਲ ਕੀਤੀ ਗਈ, ਜਿਸ ਨਾਲ ਪੂਰਾ ਮਾਹੌਲ ਇਕ ਅਸਲੀ ਰੰਗਮੰਚੀ ਅਨੁਭਵ ਵਾਂਗ ਬਣ ਗਿਆ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਭਵਿੱਖ 'ਚ ਵੀ ਅਜਿਹੇ ਹੋਰ ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕਰਦੀ ਰਹੇਗੀ। ਇਸ ਮੌਕੇ ਸ: ਛੀਨਾ ਵੱਲੋਂ ਸਮੂਹ ਕਲਾਕਾਰਾਂ ਅਤੇ ਹੋਰਨਾਂ ਸਖਸ਼ੀਅਤਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਕਲਾਕਾਰਾਂ ਦੀ ਮਿਹਨਤ, ਸਮਰਪਣ ਅਤੇ ਪ੍ਰਤਿਭਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕਾਰਜਕ੍ਰਮ ਯੂਨੀਵਰਸਿਟੀ ਦੀ ਸੱਭਿਆਚਾਰਕ ਧਰੋਹਰ ਨੂੰ ਮਜ਼ਬੂਤ ਬਣਾਉਂਦੇ ਹਨ। ਉਨ੍ਹਾਂ ਕਿਹਾ ਉਕਤ ਨਾਟਕ ਸਿਰਫ਼ ਮਨੋਰੰਜਨ ਦਾ ਸਾਧਨ ਹੀ ਨਹੀਂ ਸਾਬਤ ਹੋਇਆ, ਸਗੋਂ ਇਸ ਨੇ ਸਮਾਜਿਕ ਮੁੱਲਾਂ ਅਤੇ ਮਨੁੱਖੀ ਸੰਵੇਦਨਾਵਾਂ ਨੂੰ ਵੀ ਦਰਸ਼ਕਾਂ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਇਆ। ਇਸ ਮੌਕੇ ਸ੍ਰੀਮਤੀ ਤਜਿੰਦਰ ਕੌਰ ਛੀਨਾ, 'ਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ, ਐਗਜ਼ੇਮੀਨੇਸ਼ਨ ਕੰਟਰੋਲਰ ਡਾ. ਕੰਵਲਜੀਤ ਸਿੰਘ, ਕੌਂਸਲ ਦੇ ਜੁਆਇੰਟ ਸਕੱਤਰ ਸ: ਸੰਤੋਖ ਸਿੰਘ ਸੇਠੀ, ਸ: ਲਖਵਿੰਦਰ ਸਿੰਘ ਢਿੱਲੋਂ, ਮੈਂਬਰ ਡਾ. ਸੁਖਬੀਰ ਕੌਰ ਮਾਹਲ, ਖਾਲਸਾ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਸਮੇਤ ਹੋਰ ਸਖਸ਼ੀਅਤਾਂ ਹਾਜ਼ਰ ਸਨ।

## ਬਰਨਾਲਾ ਦਾਣਾ ਮੰਡੀ ਵਿਖੇ ਸਾਮਰਾਜ ਵਿਰੁੱਧ ਵੱਡੀ ਕਾਨ.ਫਰੰਸ



ਖਡੂਰ ਸਾਹਿਬ, 24 ਮਾਰਚ (ਸਰਬਜੀਤ ਸਿੰਘ ਮੀਆ ਵਿੰਡ) :ਅੱਜ ਬਰਨਾਲਾ ਦਾਣਾ ਮੰਡੀ ਵਿਖੇ ਸਾਮਰਾਜ ਵਿਰੁੱਧ ਕਾਨਫਰੰਸ ਅਤੇ ਸ਼ਹੀਦ ਭਗਤ ਸਿੰਘ ਸੁਖਦੇਵ ਰਾਜਗੁਰੂ ਦੇ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਲੱਖਾਂ ਦੀ ਗਿਣਤੀ ਵਿੱਚ ਭਾਰੀ ਇਕੱਠ ਹੋਇਆ, ਜਿਸ ਵਿੱਚ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਸਾਮਰਾਜ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ ਅਤੇ ਨਾਲ ਇਹ ਮੱਤੇ ਪਾਸ ਕੀਤੇ ਕਿ ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਕਿ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੇ ਇਸ਼ਾਰਿਆਂ 'ਤੇ ਚੱਲ ਕੇ ਕਿਸਾਨਾਂ ਦੇ ਮਜ਼ਦੂਰਾਂ ਮੁਲਾਜ਼ਮਾਂ ਦੇ ਖਿਲਾਫ ਮਾਰੂ ਨੀਤੀਆਂ ਨਾਲ ਕਨੂੰਨ ਬਣਾ ਰਿਹਾ ਹੈ, ਦੇਸ਼ ਆਰਥਿਕ ਸਥਿਤੀ ਨੂੰ ਡਾਵਾਂ ਡੋਲ ਕਰਨ ਦਾ ਇੱਕ ਬਹੁਤ ਹੀ ਘਿਨਾਉਣਾ ਕਦਮ ਚੁੱਕਿਆ ਹੋਇਆ ਹੈ ਅਤੇ ਨਾਲ ਇਰਾਨ ਦੇਸ਼ ਤੇ ਅਮਰੀਕਾ ਵੱਲੋਂ ਜੋ ਨਿਹੱਕੇ ਹਮਲੇ ਕੀਤੇ ਜਾ ਰਹੇ ਨੇ, ਪਰ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੋਨ ਧਾਰਨ ਕੀਤਾ ਹੋਇਆ ਹੈ, ਇਸ ਸਾਰੇ ਵਰਤਾਰੇ ਦੀ ਕਿਸਾਨ ਆਗੂਆਂ ਪੁਰਜ਼ੋਰ ਨਿੰਦਾ ਕੀਤੀ ਗਈ ਹੈ, ਪੰਡਾਲ ਵਿੱਚ ਸ਼ਾਮਲ ਹੋਏ ਸਾਰੇ ਕਿਸਾਨ ਜਥੇਬੰਦੀਆਂ ਵੱਲੋਂ ਇਰਾਨ ਦੇਸ਼ ਦੇ ਹੱਕ ਵਿੱਚ ਹਾਅ ਦਾ ਨਾਅਰਾ ਦਿੱਤਾ। ਇਸ ਮੌਕੇ ਤਰਨਤਾਰਨ ਜ਼ਿਲ੍ਹੇ ਦੇ ਆਗੂ ਹਾਜ਼ਰ ਸਨ ਜਿਲ੍ਹਾ ਪ੍ਰਧਾਨ ਗੁਰਬਾਜ਼ ਸਿੰਘ ਸਿੱਧਵਾਂ, ਦਲੇਰ ਸਿੰਘ ਰਾਜੋਕੇ, ਹਰਦੀਪ ਸਿੰਘ ਜੌੜਾ, ਇੰਦਰਜੀਤ ਸਿੰਘ ਮਾੜੀਮੇਘਾ, ਦਰਬਾਰਾ ਸਿੰਘ ਵਲਟੋਹਾ, ਮੇਜਰ ਸਿੰਘ ਕਸੇਲ, ਜਗਜੀਤ ਸਿੰਘ ਗੰਡੀਵਿੰਡ, ਤਰਸੇਮ ਸਿੰਘ ਕੁਹਾੜਕਾ ਕਸ਼ਮੀਰ ਸਿੰਘ ਲਹੌਕਾ ਸਰਬਜੀਤ ਸਿੰਘ ਨੱਥੂ ਚੱਕ ਧਿਆਨ ਸਿੰਘ ਮੰਨਣ, ਸੁਲੱਖਣ ਸਿੰਘ ਮੰਡਾਲਾ, ਕੁਲਦੀਪ ਸਿੰਘ ਆਲੀਆ, ਮੰਗਲ ਸਿੰਘ ਨਾਗੋਕੇ, ਸਰਬਜੀਤ ਸਿੰਘ ਦੀਨੇਵਾਲ ਬਾਬਾ ਜਸਵਿੰਦਰ ਸਿੰਘ ਮੀਆਂ ਵਿੰਡ ਭਾਗ ਸਿੰਘ ਮੰਡਾਲਾ, ਸਰਦੂਲ ਸਿੰਘ ਮੰਡਾਲਾ, ਦਿਲਬਾਗ ਸਿੰਘ ਮੰਡਾਲਾ, ਬਲਕਾਰ ਸਿੰਘ ਮੰਡਾਲਾ, ਦਰਸ਼ਨ ਸਿੰਘ ਪਹੂਵਿੰਡ ਆਦਿ ਆਗੂਆਂ ਨੇ ਹਾਜ਼ਰੀ ਭਰੀ



ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ



# ਮੱਛਰ ਭਜਾਉਣ ਵਾਲੀ ਅਗਰਬੱਤੀ ਵਰਤਣ ਵਾਲੇ ਹੋ ਜਾਣ ਸਾਵਧਾਨ

ਨਿੱਕੇ-ਨਿੱਕੇ ਮੱਛਰ, ਡੇਂਗੂ, ਮਲੇਰੀਆ, ਚਿਕਨਗੁਨੀਆ ਵਰਗੀਆਂ ਗੰਭੀਰ ਬੀਮਾਰੀਆਂ ਪੈਦ ਕਰਦੇ ਹਨ। ਜਿਵੇਂ ਹੀ ਘਰ ਵਿਚ ਮੱਛਰ ਆਉਂਦੇ ਹਨ ਤਾਂ ਅਸੀਂ ਕੌਇਲ, ਅਗਰਬੱਤੀ ਜਾਂ ਫਿਰ ਆਲਆਊਟ ਲਾ ਦਿੰਦੇ ਹਾਂ, ਜਿਨ੍ਹਾਂ ਨਾਲ ਕੁਝ ਦੇਰ ਵਿਚ ਹੀ ਮੱਛਰ



ਭੱਜ ਜਾਂਦੇ ਹਨ। ਪਰ ਕੀ ਤੁਸੀਂ ਜਾਣਦੇ ਹੋ ਕਿ ਇਨ੍ਹਾਂ ਦਾ ਧੂੰਆਂ ਸਿਹਤ ਲਈ ਨੁਕਸਾਨਦਾਇਕ ਹੋ ਸਕਦਾ ਹੈ। ਮਾਰਟਿਨ ਕੌਇਲ, ਅਗਰਬੱਤੀ ਤੋ ਨਿਕਲਣ ਵਾਲਾ ਧੂੰਆਂ ਸਰੀਰ ਵਿਚ ਕੈਂਸਰ ਪੈਦਾ ਕਰਨ ਵਾਲੇ ਤੱਤ ਬਣਾ ਰਿਹਾ ਹੈ। , ਜਿਸ ਨੂੰ ਕਾਰਸਿਨੋਜਨ ਕਿਹਾ ਜਾਂਦਾ ਹੈ। ਇਹ ਧੂੰਆਂ ਸਿੱਧਾ ਤੁਹਾਡੇ ਫੇਫੜਿਆਂ ਵਿੱਚ ਦਾਖਲ ਹੁੰਦਾ ਹੈ ਅਤੇ ਸਾਹ ਲੈਣ ਵਿੱਚ ਮੁਸ਼ਕਲਾਂ ਪੈਦਾ ਕਰਦਾ ਹੈ।

**ਦਮਾ** - ਅਗਰਬੱਤੀਆਂ ਜਾਂ ਫਿਰ ਮਾਸਕਿਟੋ ਕੌਇਲਾਂ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਦਮਾ ਹੋ ਸਕਦਾ ਹੈ। ਇਹ ਧੂੰਆਂ ਹੌਲੀ-ਹੌਲੀ ਫੇਫੜਿਆਂ ਵਿੱਚ ਇਕੱਠਾ ਹੁੰਦਾ ਹੈ, ਜਿਸ ਨਾਲ ਸਾਹ ਲੈਣ ਵਿੱਚ ਮੁਸ਼ਕਲ ਆਉਂਦੀ ਹੈ ਅਤੇ ਖੰਘ ਹੁੰਦੀ ਹੈ।

**ਚਮੜੀ ਦਾ ਕਾਲਾਪਨ**- ਕੌਇਲਾਂ ਜਾਂ ਅਗਰਬੱਤੀਆਂ ਦੇ ਲਗਾਤਾਰ ਸੰਪਰਕ ਵਿੱਚ ਰਹਿਣ ਨਾਲ ਚਮੜੀ ਦਾ ਰੰਗ ਅਤੇ ਕਾਲਾਪਨ ਵੀ ਹੋ ਸਕਦਾ ਹੈ। ਉਨ੍ਹਾਂ ਵਿੱਚ ਮੌਜੂਦ ਕੈਮੀਕਲ ਇਸ ਚਮੜੀ ਦੀ ਸਥਿਤੀ ਲਈ ਜ਼ਿੰਮੇਵਾਰ ਹਨ।

**ਬੱਚਿਆਂ ਲਈ** - ਬੱਚੇ ਇਸ ਧੂੰਏਂ ਨੂੰ ਸਿੱਧੇ ਤੌਰ 'ਤੇ ਸੁੰਘਦੇ ਹਨ, ਜੋ ਉਨ੍ਹਾਂ ਦੇ ਫੇਫੜਿਆਂ ਨੂੰ ਕਮਜ਼ੋਰ ਕਰ ਸਕਦਾ ਹੈ। ਬੱਚਿਆਂ ਨੂੰ ਛੋਟੀ ਉਮਰ ਵਿੱਚ ਸਾਹ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

**ਐਲਰਜੀ** - ਧੂੰਏਂ ਦੇ ਲਗਾਤਾਰ ਸੰਪਰਕ ਵਿੱਚ ਰਹਿਣ ਨਾਲ ਵੀ ਐਲਰਜੀ ਹੋ ਸਕਦੀ ਹੈ। ਅਜਿਹੀ ਸਥਿਤੀ ਵਿੱਚ ਤੁਸੀਂ ਕਦੇ ਵੀ ਧੂੰਏਂ ਨੂੰ ਬਰਦਾਸ਼ਤ ਨਹੀਂ ਕਰ ਸਕੋਗੇ ਅਤੇ ਤੁਰੰਤ ਜ਼ੁਕਾਮ ਜਾਂ ਖੰਘ ਦਾ ਸ਼ਿਕਾਰ ਹੋ ਜਾਓਗੇ।

**ਨਿੰਮ ਦੇ ਪੱਤੇ ਸਾੜੋ** : ਨਿੰਮ ਦੇ ਪੱਤਿਆਂ ਦੀ ਖੁਸ਼ਬੂ ਮੱਛਰਾਂ ਨੂੰ ਦੂਰ ਭਜਾਉਂਦੀ ਹੈ। ਕੁਝ ਪੌਦੇ, ਜਿਵੇਂ ਕਿ ਗੇਂਦਾ ਅਤੇ ਤੁਲਸੀ ਵੀ ਮੱਛਰਾਂ ਨੂੰ ਆਸਾਨੀ ਨਾਲ ਭਜਾਉਂਦੇ ਹਨ। ਘਰ ਦੇ ਅੰਦਰਲੇ ਪੌਦੇ ਮੱਛਰਾਂ ਨੂੰ ਦੂਰ ਕਰਨਗੇ ਅਤੇ ਹਵਾ ਨੂੰ ਸ਼ੁੱਧ ਕਰਨਗੇ।

# ਰਾਜਪਾਲ ਨੇ ਪੰਜਾਬ ਪਬਲਿਕ ਬਿਲਡਿੰਗ ਕਰਮਚਾਰੀਆਂ ਦੇ ਹੋਣਹਾਰ ਬੱਚਿਆਂ ਦਾ ਕੀਤਾ ਸਨਮਾਨ

ਚੰਡੀਗੜ੍ਹ, 24 ਮਾਰਚ (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਆਪਣੀ ਪਤਨੀ ਸ਼੍ਰੀਮਤੀ ਅਨੀਤਾ ਕਟਾਰੀਆ ਦੇ ਨਾਲ, ਪੰਜਾਬ ਪਬਲਿਕ ਬਿਲਡਿੰਗ ਦੇ ਗੁਰੂ ਨਾਨਕ ਆਡੀਟੋਰੀਅਮ ਵਿਖੇ ਆਯੋਜਿਤ ਇੱਕ ਸਮਾਰੋਹ ਵਿੱਚ ਪੰਜਾਬ ਪਬਲਿਕ ਬਿਲਡਿੰਗ ਕਰਮਚਾਰੀਆਂ ਦੇ ਹੋਣਹਾਰ ਬੱਚਿਆਂ ਨੂੰ ਅਕਾਦਮਿਕ, ਖੇਡਾਂ ਅਤੇ ਹੋਰ ਖੇਤਰਾਂ ਵਿੱਚ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ। ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੀ ਮਿਹਨਤ ਨੂੰ ਮਾਨਤਾ ਦੇਣ ਲਈ ਰਾਜਪਾਲ ਦੇ ਵਿਵੇਕਸ਼ੀਲ ਫੰਡ ਵਿੱਚੋਂ ਪ੍ਰਾਪਤੀ ਸਰਟੀਫਿਕੇਟ ਅਤੇ ਨਕਦ ਇਨਾਮ ਭੇਟ ਕੀਤੇ ਗਏ।

ਇਸ ਮੌਕੇ 'ਤੇ, ਰਾਜਪਾਲ ਨੇ ਕਿਹਾ ਕਿ ਅਜਿਹੀ ਮਾਨਤਾ ਬੱਚਿਆਂ ਦੇ ਆਤਮਵਿਸ਼ਵਾਸ ਨੂੰ ਵਧਾਉਂਦੀ ਹੈ ਅਤੇ ਉਨ੍ਹਾਂ ਨੂੰ ਆਪਣੇ-ਆਪਣੇ ਖੇਤਰਾਂ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੀ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਸਿੱਖਿਆ ਅਤੇ ਖੇਡਾਂ ਦੋਵੇਂ ਨੌਜਵਾਨਾਂ ਦੇ ਸਮੁੱਚੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਖੇਡ ਗਤੀਵਿਧੀਆਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਮਦਦ ਕਰਦੀਆਂ ਹਨ।

ਇਸ ਪਹਿਲਕਦਮੀ



ਤਹਿਤ, 70 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 11 ਜਮਾਤ 10 ਦੇ ਵਿਦਿਆਰਥੀਆਂ ਨੂੰ 11,000 ਰੁਪਏ ਅਤੇ 3 ਜਮਾਤ 12 ਦੇ ਵਿਦਿਆਰਥੀਆਂ ਨੂੰ 21,000 ਰੁਪਏ ਪ੍ਰਤੀ ਵਿਦਿਆਰਥੀ ਪ੍ਰਦਾਨ ਕੀਤੇ ਗਏ। NEET/JEE ਦੀ ਤਿਆਰੀ ਕਰ ਰਹੇ ਛੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਕੋਚਿੰਗ ਫੀਸ 'ਤੇ 30 ਪ੍ਰਤੀਸ਼ਤ ਸਬਸਿਡੀ ਦਿੱਤੀ ਗਈ, ਕੁੱਲ 1,63,200। ਪੇਸ਼ੇਵਰ ਕੋਰਸ ਕਰ ਰਹੇ 21 ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਾਲਾਨਾ ਫੀਸ 'ਤੇ 30 ਪ੍ਰਤੀਸ਼ਤ ਸਹਾਇਤਾ ਦਿੱਤੀ ਗਈ, ਕੁੱਲ 6,25,900। ਉੱਚ ਸਿੱਖਿਆ ਤੋਂ ਬਾਅਦ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਇੱਕ ਵਿਦਿਆਰਥੀ ਨੂੰ ਵੀ 10,900 ਸਹਾਇਤਾ ਦਿੱਤੀ ਗਈ। ਖੇਡ ਸ਼੍ਰੇਣੀ ਵਿੱਚ ਸੱਤ ਵਿਦਿਆਰਥੀਆਂ ਨੂੰ ਕੁੱਲ 41,000 ਦਾ ਪ੍ਰੋਤਸਾਹਨ ਦਿੱਤਾ ਗਿਆ, ਜਦੋਂ ਕਿ ਰਾਜ ਪੱਧਰੀ ਚੁਣੇ ਗਏ ਵਿਦਿਆਰਥੀਆਂ, ਸਕੂਲ ਪੱਧਰ ਦੇ ਤਗਮਾ ਜੇਤੂਆਂ ਅਤੇ ਗਰੁੱਪ 1 ਅਧਿਕਾਰੀਆਂ ਦੇ ਦੋ ਬੱਚਿਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਾਧੂ ਸਰਟੀਫਿਕੇਟ ਪ੍ਰਾਪਤ ਹੋਏ। ਕੁੱਲ 25 ਸਰਟੀਫਿਕੇਟ ਵੰਡੇ ਗਏ, ਕੁੱਲ 10.25 ਲੱਖ ਦੀ ਵਿੱਤੀ ਸਹਾਇਤਾ।

ਪਿਛਲੇ ਸਾਲ (2024-25) ਇਸੇ ਤਰ੍ਹਾਂ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਸੀ। ਉਸ ਸਮੇਂ ਦੌਰਾਨ, 10ਵੀਂ ਅਤੇ 12ਵੀਂ ਜਮਾਤ ਦੇ 16 ਹੋਣਹਾਰ ਵਿਦਿਆਰਥੀਆਂ ਨੂੰ ਕ੍ਰਮਵਾਰ 11,000 ਅਤੇ 21,000 ਪ੍ਰਾਪਤ ਹੋਏ। ਇਸ ਤੋਂ ਇਲਾਵਾ, NEET/JEE ਦੇ ਚਾਹਵਾਨਾਂ, ਪੇਸ਼ੇਵਰ ਕੋਰਸ ਕਰਨ ਵਾਲੇ ਵਿਦਿਆਰਥੀਆਂ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਨੂੰ ਸਹਾਇਤਾ ਪ੍ਰਦਾਨ ਕੀਤੀ ਗਈ, ਜਿਸਦਾ ਉਦੇਸ਼ ਅਕਾਦਮਿਕ ਉੱਤਮਤਾ ਨੂੰ ਉਤਸ਼ਾਹਿਤ ਕਰਨਾ ਅਤੇ ਪਰਿਵਾਰਾਂ @ਤੇ ਵਿੱਤੀ ਬੋਝ ਘਟਾਉਣਾ ਸੀ।

# ਯੂਨੀਵਰਸਿਟੀ ਦੇ ਅਕਾਦਮਿਕ ਵਿੰਗ ਦਾ ਨੀਂਹ ਪੱਥਰ ਰੱਖਿਆ



ਅਨੰਦਪੁਰ ਸਾਹਿਬ, 24 ਮਾਰਚ (ਚ.ਨ.ਸ.) : ਸੰਨੀ ਓਬਰਾਏ ਵਿਵੇਕ ਸਦਨ ਸ੍ਰੀ ਅਨੰਦਪੁਰ ਨੂੰ ਭਵਿੱਖੀ ਯੂਨੀਵਰਸਿਟੀ ਦੇ ਤੌਰ ਤੇ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਸਥਾਪਤ ਕਰਨ ਦਾ ਐਲਾਨ ਦੁਬਈ ਦੇ ਧਨਾਢ ਸਿੱਖ ਪ੍ਰੋ ਸੁਰਿੰਦਰਪਾਲ ਸਿੰਘ ਓਬਰਾਏ ਨੇ ਕੁਝ ਸਮਾਂ ਪਹਿਲਾਂ ਲਿਆ ਸੀ । ਇਸ ਕੰਮ ਨੂੰ ਠੀਕ ਢੰਗ ਨਾਲ ਚਲਾਉਣ ਤੇ ਇਸ ਯੂਨੀਵਰਸਿਟੀ ਦੀ ਐਫੀਲੀਏਸ਼ਨ ਅਤੇ ਸਰਕਾਰੀ ਅਰਧ ਸਰਕਾਰੀ ਪ੍ਰਵਾਨਗੀਆਂ ਲਈ ਪ੍ਰਸਿੱਧ ਅਕਾਦਮੀਸ਼ੀਅਨ ਪ੍ਰੋਫੈਸਰ ਸਰਬਜਿੰਦਰ ਸਿੰਘ ਦੀ ਨਿਯੁਕਤੀ ਬਤੌਰ ਵਾਈਸ-ਚਾਂਸਲਰ ਕਰ ਦਿਤੀ ਗਈ ਸੀ । ਜਿੰਨਾਂ ਨੇ ਇਸ ਸਾਰੇ ਪ੍ਰੋਜੈਕਟ ਨੂੰ ਆਪਣੇ ਹੱਥ ਵਿੱਚ ਲੈ ਇਸ ਤੇ ਕੰਮ ਕਰਨਾ ਸ਼ੁਰੂ ਕਰ ਦਿਤਾ ਸੀ । ਕਈ ਹਜਾਰ ਕਰੋੜ ਰੁਪਏ ਦੇ ਇਸ ਪ੍ਰੋਜੈਕਟ ਨੂੰ ਸੰਪੂਰਨ ਹੋਣ ਲਈ ਲੰਮੇ ਸਮੇਂ ਦੀ ਵੀ ਲੋੜ ਸੀ । ਇਸ ਕਾਰਜ ਲਈ ਪ੍ਰਬੰਧਕੀ ਬਲਾਕ ਦੀ ਉਸਾਰੀ ਸੰਪੂਰਨ ਕਰ ਲਈ ਗਈ ਸੀ ਤੇ ਇਸ ਦੇ ਨਾਲ ਹੀ ਕਾਨਫਰੰਸ ਹਾਲ , ਸੈਮੀਨਾਰ ਹਾਲ , ਲਾਇਬ੍ਰੇਰੀ , ਵਾਈਸ-ਚਾਂਸਲਰ ਦਫਤਰ, ਡੀਨ ਦਫਤਰ ਆਦਿ ਤਿਆਰ ਕਰ ਲਏ ਗਏ ਸਨ । ਯੂਨੀਵਰਸਿਟੀ ਦੇ ਮਹੱਤਵਪੂਰਨ ਭਾਗ ਅਕਾਦਮਿਕ ਵਿੰਗ ਦੀ ਤਿਆਰੀ ਲਈ ਪੰਜ ਪਿਆਰੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਪਵਿੱਤਰ ਅਗਵਾਈ ਵਿੱਚ ਨੀਂਹ ਪੱਥਰ ਦੀ ਪਵਿੱਤਰ ਰਸਮ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਓਟ ਆਸਰਾ ਲੈਣ ਲਈ ਸਿੰਘ ਸਾਹਿਬ ਗਿਆਨੀ ਜੁਗਿੰਦਰ ਸਿੰਘ ਜੀ ਦੁਆਰਾ ਕੀਤੀ ਅਰਦਾਸ ਨਾਲ ਸ਼ੁਰੂ ਹੋਈ ਜਿਸ ਵਿੱਚ ਪੰਜ ਪਿਆਰੇ, ਸਿੰਘ ਸਾਹਿਬ ਗਿਆਨੀ ਜੁਗਿੰਦਰ ਸਿੰਘ, ਸੰਤ ਬਾਬਾ ਸਤਨਾਮ ਸਿੰਘ ਕਾਰ ਸੇਵਾ ਅਨੰਦਗੜ੍ਹ ਸਾਹਿਬ ਵਾਲੇ , ਭਾਈ ( ਡਾ ) ਸੁਖਵਿੰਦਰ ਸਿੰਘ ਜੀ ਨੇ ਭਾਗ ਲਿਆ । ਇਸ ਸਾਰੇ ਕਾਰਜ ਦੇ ਸਰਪ੍ਰਸਤ ਤੇ ਯੂਨੀਵਰਸਿਟੀ ਦੇ ਬਣਨ ਵਾਲੇ ਚਾਂਸਲਰ ਪ੍ਰੋਫੈਸਰ ਸੁਰਿੰਦਰਪਾਲ ਸਿੰਘ ਓਬਰਾਏ ਨੇ ਕਿਹਾ ਬਹੁਤ ਆਲੀਸ਼ਾਨ ਇਮਾਰਤ ਤਾਮੀਰ ਕੀਤੀ ਜਾਵੇਗੀ ਜੋ ਹਰ ਸਹੂਲਤ ਨਾਲ ਲੈਸ ਹੋਵੇਗੀ। ਵਾਈਸ ਚਾਂਸਲਰ ਡਾ ਸਰਬਜਿੰਦਰ ਸਿੰਘ ਜੀ ਨੇ ਕਿਹਾ ਕਿ ਮੈਂ ਤਨਦੇਹੀ ਨਾਲ ਸਾਰੇ ਕਾਰਜ ਕਰ ਰਿਹਾ ਤੇ ਹਰ ਚੀਜ਼ ਨੂੰ ਬਹੁਤ ਨੀਝ ਨਾਲ ਵੇਖ ਵੀ ਰਿਹਾ ਹਾ। ਮੈਨੂੰ ਵਿੱਤ ਦੀ ਕੋਈ ਸਮੱਸਿਆ ਨਹੀਂ ਹੈ , ਇਸ ਲਈ ਹਰੇਕ ਕਾਰਜ ਸਹਿਜ ਨਾਲ ਚਲ ਰਹੇ ਹਨ । ਉਨਾਂ ਕਿਹਾ ਯੂਨੀਵਰਸਿਟੀ ਦੇ ਸਾਰੇ ਕਰਮਚਾਰੀ ਇਸ ਕਾਰਜ ਵਿੱਚ ਮੇਰੇ ਨਾਲ ਦਿਨ ਰਾਤ ਸਰਗਰਮ ਹਨ । ਡੀਨ ਅਕਾਦਮਿਕ ਡਾ ਭੁਪਿੰਦਰ ਕੌਰ ਜੀ ਦੇ ਅਨੰਦਪੁਰ ਸਾਹਿਬ ਦੇ ਵਸਨੀਕ ਹੋਣ ਕਾਰਣ ਬਹੁਤ ਸਾਰੇ ਔਖੇ ਕਾਰਜ ਸੌਖੇ ਨਜਿੱਠਣ ਦੀ ਸਹੂਲੀਅਤ ਰਹਿੰਦੀ ਹੈ । ਸਰਬੱਤ ਦਾ ਭਲਾ ਵੀ ਮੋਢੇ ਨਾਲ ਮੋਢਾ ਜੋੜ ਸਾਡੀ ਮਦਦ ਕਰ ਰਿਹਾ ਹੈ ।

# ਹਰਿਆਣਾ ਕਮੇਟੀ ਮੈਂਬਰ ਬਿੰਦਰ ਸਿੰਘ ਕਾਲਾਂਵਾਲੀ ਦੀ ਵਾਅਦਾ ਖਿਲਾਫ਼ੀ ਵਿਰੁੱਧ ਪਿੰਡ ਕਾਲਾਂਵਾਲੀ ਵਾਸੀਆਂ ਵੱਲੋਂ ਜਥੇਦਾਰ ਦਾਦੂਵਾਲ ਨਾਲ ਮੁਲਾਕਾਤ

ਕਾਲਾਂਵਾਲੀ, 24 ਮਾਰਚ (ਚ.ਨ.ਸ.) : ਕਾਲਾਂਵਾਲੀ ਪਿੰਡ ਦੇ ਨਗਰ ਨਿਵਾਸੀਆਂ ਵਲੋਂ ਅੱਜ ਵੱਡੀ ਗਿਣਤੀ ਵਿੱਚ ਭਾਈ ਬਿੰਦਰ ਸਿੰਘ 35 ਨੰਬਰ ਵਾਰਡ ਕਾਲਾਂਵਾਲੀ ਤੋਂ ਮੈਂਬਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮੈਂਬਰ ਅਕਾਲ ਪੰਥਕ ਮੋਰਚਾ ਖਿਲਾਫ਼ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਜਥੇਦਾਰ ਦਾਦੂਵਾਲ ਜੀ ਦੇ ਸਹਾਇਕ ਭਾਈ ਜਗਮੀਤ ਸਿੰਘ ਬਰਾੜ ਨੇ ਦੱਸਿਆ ਕੇ ਕਾਲਾਂਵਾਲੀ ਪਿੰਡ ਵਾਲਿਆਂ ਨੇ ਜਥੇਦਾਰ ਦਾਦੂਵਾਲ ਜੀ ਨੂੰ ਦੱਸਿਆ ਕੇ ਭਾਈ ਬਿੰਦਰ ਸਿੰਘ ਮੈਂਬਰ ਜੋ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਕਾਲਾਂਵਾਲੀ ਦਾ ਪ੍ਰਧਾਨ ਵੀ ਹੈ ਇਸ ਨੇ ਪਿੰਡ ਤੋਂ ਚੋਰੀ ਛਿਪੇ ਗੁਰਦੁਆਰਾ ਸਾਹਿਬ ਉੱਪਰ ਕਬਜ਼ਾ ਕਰਨ ਦੀ ਨੀਅਤ ਦੇ ਨਾਲ ਚਾਰ ਵਿਅਕਤੀ ਨੂੰ ਹੋਰ ਨਾਲ ਲੈ ਕੇ ਮਿਤੀ 5 ਦਸੰਬਰ 2024 ਨੂੰ ਇੱਕ ਨਿੱਜੀ ਟਰਸੱਟ ਬਣਾ ਕੇ ਕਾਲਾਂਵਾਲੀ ਤਹਿਸੀਲ ਵਿੱਚ ਰਜਿਸਟਰਡ ਕਰਵਾ ਲਿਆ ਸੀ ਜਿਸ ਦਾ ਕਈ ਮਹੀਨੇ ਬਾਅਦ ਵਿੱਚ ਪਿੰਡ ਵਾਸੀਆਂ ਨੂੰ ਪਤਾ ਲੱਗਾ ਤਾਂ ਪਿੰਡ ਵਾਸੀਆਂ ਨੇ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ ਕੋਲ ਉਨ੍ਹਾਂ ਦੇ ਗੁਰਦੁਆਰਾ ਨਿਰਮਲਸਰ ਵਿੱਚ ਕੁੱਝ ਮਹੀਨੇ ਪਹਿਲਾਂ ਪੰਚਾਇਤੀ ਇਕੱਠ ਕਰਕੇ ਬਿੰਦਰ ਸਿੰਘ ਮੈਂਬਰ ਨੂੰ ਪੰਚਾਇਤ ਵਿੱਚ ਪੁੱਛਿਆ ਕੇ ਉਸਨੇ ਪਿੰਡ ਤੋਂ ਚੋਰੀ ਅਜਿਹਾ ਕੰਮ ਕਿਉਂ ਕੀਤਾ ਤਾਂ ਬਿੰਦਰ ਸਿੰਘ ਮੈਂਬਰ ਨੇ ਆਪਣੀ ਗਲਤੀ ਨੂੰ ਸਵੀਕਾਰ ਕੀਤਾ ਅਤੇ ਪਿੰਡ ਤੋਂ ਚੋਰੀ ਛਿਪੇ ਬਣਾਏ ਨਿੱਜੀ ਟਰਸੱਟ ਨੂੰ ਰੱਦ ਕਰਵਾਉਣ ਦਾ ਸਿੱਖ ਸੰਗਤ ਨਾਲ ਵਾਅਦਾ ਕੀਤਾ ਪਰ ਸਿੱਖ ਸੰਗਤ ਨਗਰ ਨਿਵਾਸੀਆਂ ਨਾਲ ਵਾਅਦਾ ਖਿਲਾਫੀ ਕਰਦਿਆਂ ਕਈ ਮਹੀਨੇ ਬੀਤ ਜਾਣ ਦੇ ਬਾਅਦ ਅਜੇ ਤੱਕ ਵੀ ਬਿੰਦਰ ਸਿੰਘ ਮੈਂਬਰ ਵਲੋਂ ਇਸ ਟਰਸੱਟ ਨੂੰ ਰੱਦ ਨਹੀਂ ਕਰਵਾਇਆ ਗਿਆ ਤਾਂ ਅੱਜ ਨਗਰ ਨਿਵਾਸੀ ਕਾਲਾਂਵਾਲੀ ਦੇ ਸਾਬਕਾ ਸਰਪੰਚ ਅਜੈਬ ਸਿੰਘ,ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਸਾਬਕਾ ਪ੍ਰਧਾਨ ਹਰਬੰਸ ਸਿੰਘ,ਮਹਿੰਦਰ ਸਿੰਘ ਚਹਿਲ,ਨੰਬਰਦਾਰ ਰਜਿੰਦਰ ਸਿੰਘ,ਨੌਜਵਾਨ ਯਾਦਵਿੰਦਰ ਸਿੰਘ ਦੀ ਅਗਵਾਈ ਵਿੱਚ ਵੱਡੀ ਗਿਣਤੀ ਚ ਕਾਲਾਂਵਾਲੀ ਪਿੰਡ ਦੀਆਂ ਸਿੱਖ ਸੰਗਤਾਂ ਨੇ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਕੋਲ ਪਹੁੰਚ ਕੀਤੀ ਅਤੇ ਭਾਈ ਬਿੰਦਰ ਸਿੰਘ ਮੈਂਬਰ ਵੱਲੋਂ ਪਿੰਡ ਤੋਂ ਚੋਰੀ ਬਣਾਏ ਗਏ ਟਰਸੱਟ ਨੂੰ ਰੱਦ ਕਰਵਾਉਣ ਵਾਸਤੇ ਅਪੀਲ ਕੀਤੀ ਤੇ ਕਿਹਾ ਕੇ ਭਾਈ ਬਿੰਦਰ ਸਿੰਘ ਮੈਂਬਰ ਪਿੰਡ ਤਿਲੋਕੇਵਾਲਾ ਵਿਖੇ ਬਾਬਾ ਗੁਰਮੀਤ ਸਿੰਘ ਦੀ ਹਾਜ਼ਰੀ ਵਿੱਚ ਕਾਲਾਂਵਾਲੀ ਪਿੰਡ ਦੀਆਂ ਸਿੱਖ ਸੰਗਤਾਂ ਨਾਲ ਕੀਤੇ ਵਾਅਦੇ ਤੋਂ ਮੁੱਕਰ ਰਿਹਾ ਹੈ ਅਤੇ ਟਰਸੱਟ ਰੱਦ ਕਰਨ ਵਿੱਚ ਰੁਕਾਵਟਾਂ ਪਾ ਰਿਹਾ ਹੈ ਸਾਨੂੰ ਪਿੰਡ ਵਾਸੀਆਂ ਨੂੰ ਇਸ ਗੱਲ ਦੀ ਆਸ ਨਹੀਂ ਸੀ ਕੇ ਪਿੰਡ ਦਾ ਮੁੰਡਾ ਪਿੰਡ ਵਾਸੀਆਂ ਨਾਲ ਇਸ ਤਰਾਂ ਦਾ ਧੋਖਾ ਕਰੇਗਾ ਇਸ ਲਈ ਸਾਡੀ ਪਿੰਡ ਵਾਸੀਆਂ ਦੀ ਅਪੀਲ ਸਵੀਕਾਰ ਕਰਕੇ ਟਰਸੱਟ ਰੱਦ ਕਰਵਾਉਣ ਵਿੱਚ ਸਾਡੀ ਮੱਦਦ ਕੀਤੀ ਜਾਵੇ ਜਥੇਦਾਰ ਦਾਦੂਵਾਲ ਜੀ ਨੇ ਕਾਲਾਂਵਾਲੀ ਪਿੰਡ ਦੀਆਂ ਸੰਗਤਾਂ ਦੀ ਅਪੀਲ ਸੁਣਕੇ ਮੱਦਦ ਦਾ ਭਰੋਸਾ ਦਿੱਤਾ ਜਥੇਦਾਰ ਦਾਦੂਵਾਲ ਜੀ ਕੋਲ ਪੁੱਜੀਆਂ ਸਿੱਖ ਸੰਗਤਾਂ ਵਿੱਚ ਉਪਰੋਕਤ ਤੋਂ ਇਲਾਵਾ ਮਲਕੀਤ ਸਿੰਘ,ਰਮਨਦੀਪ ਸਿੰਘ,ਕਾਲਾ ਸਿੰਘ,ਗੁਰਦੀਪ ਸਿੰਘ,ਜੱਸਾ ਸਿੰਘ,ਹਰਪ੍ਰੀਤ ਸਿੰਘ ਚਹਿਲ,ਯਾਦਵਿੰਦਰ ਸਿੰਘ,ਸ਼ਿਵ ਸਿੰਘ,ਰਛਪਾਲ ਸਿੰਘ,ਗੁਰਦੇਵ ਸਿੰਘ,ਜਗਸੀਰ ਸਿੰਘ,ਕਾਲਾ ਸਿੰਘ ਟਾਹਲੀਆਂ ਵਾਲਾ,ਜੱਗੀ ਸਿੰਘ,ਗੁਰਦੀਪ ਸਿੰਘ ਬੱਬੂ,ਦਰਸ਼ਨ ਸਿੰਘ,ਜੀਵਨ ਸਿੰਘ,ਗੁਰਸੇਵਕ ਸਿੰਘ,ਕਾਕਾ ਸਿੰਘ ਮੈਂਬਰ ਸਮੇਤ ਵੱਡੀ ਗਿਣਤੀ ਵਿੱਚ ਸਿੰਘ ਹਾਜ਼ਰ ਸਨ।



# ਟਰੰਪ ਦੀ ਸਖ਼ਤ ਵੀਜ਼ਾ ਨੀਤੀ: ਭਾਰਤ ਤੇ ਚੀਨ ਨੂੰ ਲੱਗਿਆ ਵੱਡਾ ਝਟਕਾ, 2.5 ਲੱਖ ਵੀਜ਼ੇ ਘਟੇ

ਵਾਸ਼ਿੰਗਟਨ, 24 ਮਾਰਚ (ਚ.ਨ.ਸ.) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਵੱਲੋਂ ਅਪਣਾਈ ਗਈ ਸਖ਼ਤ ਇਮੀਗ੍ਰੇਸ਼ਨ ਨੀਤੀ ਦਾ ਸਭ ਤੋਂ ਡੂੰਘਾ ਅਸਰ ਭਾਰਤ ਤੇ ਚੀਨ 'ਤੇ ਪਿਆ ਹੈ। ਇਕ ਮੀਡੀਆ ਰਿਪੋਰਟ ਮੁਤਾਬਕ ਸਾਲ 2025 ਦੇ ਪਹਿਲੇ ਅੱਠ ਮਹੀਨਿਆਂ 'ਚ 2024 ਦੀ ਇਸੇ ਮਿਆਦ ਦੇ ਮੁਕਾਬਲੇ ਕਰੀਬ 2.5 ਲੱਖ ਘੱਟ ਵੀਜ਼ੇ ਜਾਰੀ ਕੀਤੇ ਗਏ ਹਨ। ਵਿਦੇਸ਼ ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਜਨਵਰੀ ਤੋਂ ਅਗਸਤ 2025 ਵਿਚਕਾਰ ਪੱਕੀ ਰਿਹਾਇਸ਼ ਤੇ ਆਰਜ਼ੀ ਵੀਜ਼ਿਆਂ ਦੀ ਗਿਣਤੀ 'ਚ 11 ਫ਼ੀਸਦ ਦੀ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ।ਰਿਪੋਰਟ ਮੁਤਾਬਕ ਭਾਰਤ ਤੇ ਚੀਨ ਦੇ ਨਾਗਰਿਕਾਂ ਨੂੰ ਮਿਲਣ ਵਾਲੇ ਵੀਜ਼ਿਆਂ ਚ ਕਰੀਬ 84 ਹਜ਼ਾਰ ਦੀ ਕਮੀ ਆਈ ਹੈ। ਇਹ ਗਿਰਾਵਟ ਮੁੱਖ ਤੌਰ 'ਤੇ ਕੌਮਾਂਤਰੀ ਵਿਦਿਆਰਥੀਆਂ ਤੇ ਪੇਸ਼ੇਵਰ ਕਾਮਿਆਂ ਦੇ ਵਰਗ 'ਚ ਦੇਖੀ ਗਈ ਹੈ। ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸਾਲ 2024 (ਜਨਵਰੀ-ਅਗਸਤ)'ਚ 3.44 ਲੱਖ ਵਿਦਿਆਰਥੀ ਵੀਜ਼ੇ ਜਾਰੀ ਹੋਏ ਸਨ, ਜੋ 2025 'ਚ ਘਟ ਕੇ ਸਿਰਫ਼ 2.38 ਲੱਖ ਰਹਿ ਗਏ ਹਨ। ਇਹ 30 ਫ਼ੀਸਦ ਤੋਂ ਵੱਧ ਦੀ ਗਿਰਾਵਟ ਹੈ।ਅਮਰੀਕੀ ਨਾਗਰਿਕਾਂ ਦੇ ਬਾਲਗ ਬੱਚਿਆਂ ਤੇ ਭੈਣਾਂ-ਭਰਾਵਾਂ ਨੂੰ ਮਿਲਣ ਵਾਲੇ ਫੈਮਿਲੀ ਪ੍ਰੈਫਰੈਂਸ ਵੀਜ਼ੇ 'ਚ 27 ਫ਼ੀਸਦ (44 ਹਜ਼ਾਰ ਤੋਂ ਵੱਧ) ਦੀ ਕਮੀ ਆਈ ਹੈ। ਵਪਾਰ ਤੇ ਸੈਰ ਸਪਾਟੇ ਦੀ ਸ਼੍ਰੇਣੀ 'ਚ ਵੀ ਕਰੀਬ ਦੋ ਲੱਖ ਵੀਜ਼ੇ ਘੱਟ ਜਾਰੀ ਕੀਤੇ ਗਏ, ਜੋ ਪਿਛਲੇ ਸਾਲ ਦੇ ਮੁਕਾਬਲੇ 3.4 ਫ਼ੀਸਦ ਦੀ ਗਿਰਾਵਟ ਦਰਸਾਉਂਦੇ ਹਨ। ਇਸ ਤੋਂ ਇਲਾਵਾ ਸਭਿਆਚਾਰਕ ਐਕਸਚੇਂਜ ਵੀਜ਼ੇ 'ਚ 28,594 ਤੇ ਮੰਗੇਤਰ/ਜੀਵਨਸਾਥੀ ਵੀਜ਼ੇ 'ਚ ਵੀ 50 ਫ਼ੀਸਦ ਤੋਂ ਵੱਧ ਦੀ ਕਮੀ (37,229 ਤੋਂ ਘੱਟ ਕੇ 18,894) ਦੇਖੀ ਗਈ ਹੈ।




## ਕੋਲੰਬੀਆ ਦੀ ਹਵਾਈ ਸੈਨਾ ਦਾ ਜਹਾਜ਼ ਹਾਦਸਾਗ੍ਰਸਤ, 66 ਲੋਕਾਂ ਦੀ ਮੌਤ

ਬੋਗੋਰੋਟਾ, 24 ਮਾਰਚ (ਚ.ਨ.ਸ.) : ਕੋਲੰਬੀਆ ਵਿਚ ਉਡਾਣ ਭਰਨ ਦੌਰਾਨ ਇਕ ਏਅਰ ਫੋਰਸ ਹਰਕੂਲਸ ਸੀ-130 ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿਚ ਹੁਣ ਤੱਕ 66 ਸੈਨਿਕਾਂ ਦੀ ਮੌਤ ਹੋ ਗਈ ਹੈ ਅਤੇ 50 ਤੋਂ ਵੱਧ ਜ਼ਖ਼ਮੀ ਹੋ ਗਏ ਹਨ, ਜਦੋਂ ਕਿ ਚਾਰ ਸੈਨਿਕ ਅਜੇ ਵੀ ਲਾਪਤਾ ਹਨ।ਇਕ ਫੌਜੀ ਸੂਤਰ ਨੇ ਦੱਸਿਆ ਕਿ 58 ਸੈਨਿਕ, ਛੇ ਹਵਾਈ ਸੈਨਾ ਕਰਮਚਾਰੀ ਅਤੇ ਦੋ ਪੁਲਿਸ ਅਧਿਕਾਰੀ ਮਾਰੇ ਗਏ ਹਨ। ਜਾਣਕਾਰੀ ਅਨੁਸਾਰ ਜਹਾਜ਼ ਵਿਚ 114 ਸੈਨਿਕ ਅਤੇ 11 ਚਾਲਕ ਦਲ ਦੇ ਮੈਂਬਰ ਸਵਾਰ ਸਨ। ਇਹ ਹਾਦਸਾ ਪੇਰੂ ਦੀ ਸਰਹੱਦ ਦੇ ਨੇੜੇ ਦੱਖਣੀ ਐਮਾਜ਼ਾਨ ਖੇਤਰ ਦੇ ਪਿਊਰਟੋ ਲੇਗੁਇਜ਼ਾਮੋ ਵਿਚ ਵਾਪਰਿਆ। ਰੱਖਿਆ ਮੰਤਰੀ ਪੇਡਰੋ ਸਾਂਚੇਜ਼ ਨੇ ਕਿਹਾ ਕਿ ਜਹਾਜ਼ ਰਨਵੇਅ ਤੋਂ ਲਗਭਗ 1.5 ਕਿਲੋਮੀਟਰ ਦੂਰ ਹਾਦਸਾਗ੍ਰਸਤ ਹੋ ਗਿਆ।

# ਕਿਸਾਨਾਂ ਦੀ ਆਮਦਨ ਵਧਾਉਣ ਲਈ ਨਵੀਂ ਤਕਨਾਲੌਜੀ ਅਤੇ ਮਸ਼ੀਨਰੀ ਦੀ ਵਰਤੋਂ ਜ਼ਰੂਰੀ : ਚੌਹਾਨ

ਭੋਪਾਲ, 24 ਮਾਰਚ (ਚ.ਨ.ਸ.) : ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਮੰਗਲਵਾਰ ਨੂੰ ਬੁਧਨੀ ਦੇ ਕੇਂਦਰੀ ਖੇਤੀਬਾੜੀ ਮਸ਼ੀਨਰੀ ਸਿਖਲਾਈ ਅਤੇ ਟੈਸਟਿੰਗ ਸੰਸਥਾਨ ਵਿਖੇ ਆਯੋਜਿਤ ਕਿਸਾਨ ਮੇਲੇ ਅਤੇ ਰਾਸ਼ਟਰੀ ਉੱਨਤ ਖੇਤੀਬਾੜੀ ਮਸ਼ੀਨੀਕਰਨ ਪ੍ਰਦਰਸ਼ਨੀ ਵਿੱਚ ਸ਼ਾਮਲ ਹੋਏ ਅਤੇ ਕਿਸਾਨਾਂ, ਵਿਗਿਆਨੀਆਂ ਅਤੇ ਇਕੱਠ ਨੂੰ ਸੰਬੋਧਨ ਕੀਤਾ। ਸਮਾਗਮ ਦੌਰਾਨ, ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ, ÷ਬੁੱਧਨੀ ਦੀ ਇਹ ਪਵਿੱਤਰ ਧਰਤੀ ਅਦਭੁਤ ਹੈ।÷ ਮਾਂ ਸਲਖਾਨਪੁਰ ਦੀਆਂ ਅਸੀਸਾਂ ਇੱਥੇ ਵਰ੍ਹਦੀਆਂ ਹਨ, ਅਤੇ ਮੁਕਤੀ ਦੇਣ ਵਾਲੀ ਨਰਮਦਾ ਦਾ ਅੰਮ੍ਰਿਤ ਨਾ ਸਿਰਫ਼ ਸਾਡੇ ਗਲੇ ਦੀ ਪਿਆਸ ਬੁਝਾਉਂਦਾ ਹੈ, ਸਗੋਂ ਸੁੱਕੇ ਖੇਤਾਂ ਦੀ ਪਿਆਸ ਵੀ ਬੁਝਾਉਂਦਾ ਹੈ। ਉਨ੍ਹਾਂ ਕਿਹਾ, ÷ਜਦੋਂ ਮੈਂ ਇੱਥੇ ਪਹੁੰਚਿਆ, ਤਾਂ ਮੇਰਾ ਸਵਾਗਤ ਪੱਗ ਨਾਲ ਕੀਤਾ ਗਿਆ। ਇਹ ਪੱਗ ਭਾਰਤ ਦੀ ਸੰਸਕ੍ਰਿਤੀ ਅਤੇ ਪਰੰਪਰਾ ਦਾ ਪ੍ਰਤੀਕ ਹੈ। ਮੈਂ ਅੱਜ ਸਿਰਫ਼ ਇਹੀ ਕਹਿ ਸਕਦਾ ਹਾਂ ਕਿ ਮੈਂ ਇਸ ਪੱਗ ਦੇ ਸਨਮਾਨ, ਤੁਹਾਡੇ ਸਤਿਕਾਰ ਅਤੇ ਕਿਸਾਨਾਂ ਦੇ ਮਾਣ ਨੂੰ ਕਦੇ ਵੀ ਘੱਟ ਨਹੀਂ ਹੋਣ ਦਿਆਂਗਾ। ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ, ਅੱਜ ਦਾ ਸਮਾਗਮ ਕੋਈ ਰਸਮ ਨਹੀਂ ਹੈ ਜਿੱਥੇ ਕੋਈ ਨੇਤਾ ਆਉਂਦਾ ਹੈ, ਭਾਸ਼ਣ ਦਿੰਦਾ ਹੈ ਅਤੇ ਚਲਾ ਜਾਂਦਾ ਹੈ। ਇਹ ਸਿਰਫ਼ ਇੱਕ ਪ੍ਰਦਰਸ਼ਨੀ ਨਹੀਂ ਹੈ; ਅੱਜ ਦਾ ਖੇਤੀਬਾੜੀ ਮੰਤਰੀ ਕਹਿ ਰਿਹਾ ਹੈ, ਇਹ ਇੱਕ ਨਵੀਂ ਖੇਤੀਬਾੜੀ ਕ੍ਰਾਂਤੀ ਦਾ ਸੱਦਾ ਹੈ। ਇਹ ਉਸ ਪਸੀਨੇ ਦਾ ਜਸ਼ਨ ਹੈ ਜੋ ਖੇਤਾਂ ਵਿੱਚ ਮੋਤੀਆਂ ਵਿੱਚ ਬਦਲਦਾ ਹੈ। ਇਹ ਉਸ ਸੰਕਲਪ ਦਾ ਜਸ਼ਨ ਹੈ ਜੋ ਸੁੱਕੀ ਜ਼ਮੀਨ ਨੂੰ ਵਿੰਨ੍ਹਦਾ ਹੈ ਅਤੇ ਹਰਿਆਲੀ ਦੀ ਚਾਦਰ ਫੈਲਾਉਂਦਾ ਹੈ।÷ ਉਨ੍ਹਾਂ ਕਿਹਾ ਕਿ ਇੱਥੇ ਆਯੋਜਿਤ ਪ੍ਰਦਰਸ਼ਨੀ ਸੱਚਮੁੱਚ ਤਕਨਾਲੋਜੀ ਤੋਂ ਖੁਸ਼ਹਾਲੀ ਤੱਕ ਖੇਤੀਬਾੜੀ ਵਿਕਾਸ ਦੀ ਯਾਤਰਾ ਨੂੰ ਦਰਸਾਉਂਦੀ ਹੈ। ਤੁਸੀਂ ਸਿਰਫ਼ ਇੱਕ ਨਹੀਂ ਸਗੋਂ ਕਈ ਪ੍ਰਦਰਸ਼ਨੀਆਂ ਵੇਖੋਗੇ। ਕਈ ਨਵੇਂ ਪ੍ਰਯੋਗ ਵੀ ਪ੍ਰਦਰਸ਼ਿਤ ਕੀਤੇ ਜਾਣਗੇ। ਕੇਂਦਰੀ ਮੰਤਰੀ ਨੇ ਕਿਹਾ ਕਿ ਬੁਧਨੀ ਦੀ ਪਵਿੱਤਰ ਧਰਤੀ ਨੂੰ ਖੇਤੀਬਾੜੀ ਖੇਤਰ ਵਿੱਚ ਇੱਕ ਰੋਲ ਮਾਡਲ ਵਜੋਂ ਵਿਕਸਤ ਕੀਤਾ ਜਾਣਾ ਹੈ। ਮੈਂ ਕਿਸਾਨਾਂ ਦੀ ਆਮਦਨ ਵਧਾਉਣ ਲਈ ਮਸ਼ੀਨੀਕਰਨ ਅਤੇ ਆਧੁਨਿਕ ਤਕਨਾਲੋਜੀ ਰਾਹੀਂ ਬੁਧਨੀ ਨੂੰ ਇੱਕ ਮਾਡਲ ਅਤੇ ਰੋਲ ਮਾਡਲ ਬਣਾਉਣਾ ਚਾਹੁੰਦਾ ਹਾਂ। ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਭਾਰਤ ਦੁਨੀਆ ਨੂੰ ਖੇਤੀ ਕਰਨਾ ਸਿਖਾਉਣ ਵਾਲਾ ਪਹਿਲਾ ਦੇਸ਼ ਸੀ। ਅਸੀਂ ਕਿਸਾਨ ਹਾਂ, ਅਸੀਂ ਭੋਜਨ ਦੇਣ ਵਾਲੇ ਹਾਂ। ਭੋਜਨ ਦੇਣ ਵਾਲੇ ਦਾ ਅਰਥ ਜੀਵਨ ਦੇਣ ਵਾਲੇ ਹਨ, ਅਤੇ ਜੀਵਨ ਦੇਣ ਵਾਲੇ, ਜੇ ਪਰਮਾਤਮਾ ਨਹੀਂ, ਤਾਂ ਪਰਮਾਤਮਾ ਤੋਂ ਘੱਟ ਨਹੀਂ ਹਨ। ਕਿਸਾਨਾਂ ਦੀ ਸੇਵਾ ਕਰਨਾ ਮੇਰੇ ਲਈ ਪਰਮਾਤਮਾ ਦੀ ਪੂਜਾ ਕਰਨ ਵਾਂਗ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਮੈਨੂੰ ਖੇਤੀਬਾੜੀ ਅਤੇ ਪੇਂਡੂ ਵਿਕਾਸ ਮੰਤਰਾਲੇ ਦੀ ਜ਼ਿੰਮੇਵਾਰੀ ਸੌਂਪੀ ਹੈ, ਇਸ ਲਈ ਮੈਂ ਇਸ ਕੰਮ 'ਤੇ ਦਿਨ ਰਾਤ ਮਿਹਨਤ ਕਰਨ ਦੀ ਕੋਸ਼ਿਸ਼ ਕਰਦਾ ਹਾਂ।



# ਦੱਖਣੀ ਅਫਰੀਕਾ ਵਿਰੁੱਧ ਸੀਰੀਜ਼ ਲਈ ਟੀਮ ਇੰਡੀਆ ਦਾ ਐਲਾਨ

ਨਵੀਂ ਦਿੱਲੀ , 24 ਮਾਰਚ (ਚ.ਨ.ਸ.) : ਭਾਰਤੀ ਮਹਿਲਾ ਕ੍ਰਿਕਟ ਟੀਮ ਆਉਣ ਵਾਲੇ ਦਿਨਾਂ ਵਿੱਚ ਸਾਊਥ ਅਫਰੀਕਾ ਦਾ ਦੌਰਾ ਕਰਨ ਜਾ ਰਹੀ ਹੈ। ਬੀਸੀਸੀਆਈ (2339) ਨੇ ਇਸ ਦੌਰੇ 'ਤੇ ਖੇਡੀ ਜਾਣ ਵਾਲੀ ਪੰਜ ਮੈਚਾਂ ਦੀ ਟੀ-20 ਸੀਰੀਜ਼ ਲਈ ਭਾਰਤੀ ਸਕੁਐਡ ਦਾ ਐਲਾਨ ਕਰ ਦਿੱਤਾ ਹੈ। ਅਪ੍ਰੈਲ ਵਿੱਚ ਹੋਣ ਵਾਲੀ ਇਸ ਸੀਰੀਜ਼ ਰਾਹੀਂ ਭਾਰਤੀ ਟੀਮ ਜੂਨ ਵਿੱਚ ਹੋਣ ਵਾਲੇ ਮਹਿਲਾ ਟੀ-20 ਵਿਸ਼ਵ ਕੱਪ ਲਈ ਆਪਣੀਆਂ ਤਿਆਰੀਆਂ ਨੂੰ ਅੰਤਿਮ ਰੂਪ ਦੇਵੇਗੀ।ਇਸ ਟੀ-20 ਸੀਰੀਜ਼ ਵਿੱਚ ਹਰਮਨਪ੍ਰੀਤ ਕੌਰ ਹੀ ਟੀਮ ਇੰਡੀਆ ਦੀ ਕਪਤਾਨੀ ਕਰਦੀ ਨਜ਼ਰ ਆਵੇਗੀ। ਜ਼ਿਕਰਯੋਗ ਹੈ ਕਿ ਹਰਮਨ ਦੀ ਕਪਤਾਨੀ ਹੇਠ ਹੀ ਭਾਰਤੀ ਟੀਮ ਨੇ ਪਿਛਲੇ ਸਾਲ ਵਨਡੇ ਵਿਸ਼ਵ ਕੱਪ ਦਾ ਖ਼ਿਤਾਬ ਜਿੱਤਿਆ ਸੀ।ਇਸ ਵਾਰ ਟੀਮ ਵਿੱਚ ਕੁਝ ਨਵੇਂ ਚਿਹਰਿਆਂ ਨੂੰ ਮੌਕਾ ਦਿੱਤਾ ਗਿਆ ਹੈ। ਅਨੁਸ਼ਕਾ ਸ਼ਰਮਾ ਨੂੰ ਪਹਿਲੀ ਵਾਰ ਭਾਰਤੀ ਟੀ-20 ਟੀਮ ਵਿੱਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਦੇ ਨਾਲ ਹੀ ਉਮਾ ਛੇਤਰੀ ਅਤੇ ਕਾਸ਼ਵੀ ਗੌਤਮ ਨੂੰ ਵੀ ਚੁਣਿਆ ਗਿਆ ਹੈ।



ਸਾਊਥ ਅਫਰੀਕਾ ਸੀਰੀਜ਼ ਲਈ ਭਾਰਤੀ ਸਕੁਐਡ: ਹਰਮਨਪ੍ਰੀਤ ਕੌਰ (ਕਪਤਾਨ), ਸਮ੍ਰਿਤੀ ਮੰਧਾਨਾ (ਉਪ-ਕਪਤਾਨ), ਸ਼ੈਫਾਲੀ ਵਰਮਾ, ਜੇਮਿਮਾ ਰੌਡਰਿਗਜ਼, ਦੀਪਤੀ ਸ਼ਰਮਾ, ਰਿਚਾ ਘੋਸ਼ (ਵਿਕਟਕੀਪਰ), ਅਰੁੰਧਤੀ ਰੈਡੀ, ਰੇਣੂਕਾ ਸਿੰਘ ਠਾਕੁਰ, ਕ੍ਰਾਂਤੀ ਗੌੜ, ਸ਼੍ਰੀ ਚਰਨੀ, ਸ਼੍ਰੇਯੰਕਾ ਪਾਟਿਲ, ਕਾਸ਼ਵੀ ਗੌਤਮ, ਭਾਰਤੀ ਫੁਲਮਾਲੀ, ਉਮਾ ਛੇਤਰੀ (ਵਿਕਟਕੀਪਰ), ਅਨੁਸ਼ਕਾ ਸ਼ਰਮਾ।

## ਸਵਰਗੀ ਪ੍ਰੀਤ ਮੋਹਿਨੀ ਕੌਰ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ 26 ਨੂੰ

ਨਵੀਂ ਦਿੱਲੀ 24 ਮਾਰਚ (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ



ਕਾਲਕਾ ਨੇ ਡੂੰਘੇ ਦੁੱਖ ਨਾਲ ਦੱਸਿਆ ਕਿ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਸ੍ਰੀਮਤੀ ਪ੍ਰੀਤ ਮੋਹਿਨੀ ਕੌਰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸਮੂਹ ਕਾਲਕਾ ਪਰਿਵਾਰ ਵੱਲੋਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਅਤੇ ਅੰਤਿਮ ਅਰਦਾਸ 26 ਮਾਰਚ 2026 ਨੂੰ ਬਾਅਦ ਦੁਪਹਿਰ 3 ਵਜੇ ਤੋਂ 4 ਵਜੇ ਤੱਕ ਭਾਈ ਲੱਖੀ ਸ਼ਾਹ ਵਣਜਾਰਾ ਹਾਲ, ਗੁਰਦੁਆਰਾ ਰਕਾਬਗੰਜ ਸਾਹਿਬ ਨਵੀਂ ਦਿੱਲੀ ਵਿਖੇ ਕੀਤੀ ਜਾਵੇਗੀ। ਸਰਦਾਰ ਹਰਮੀਤ ਸਿੰਘ ਕਾਲਕਾ ਨੇ ਸੰਗਤ ਅਤੇ ਸਨੇਹੀਆਂ ਨੂੰ ਨਿਮਰ ਅਪੀਲ ਕੀਤੀ ਕਿ ਉਹ ਅੰਤਿਮ ਅਰਦਾਸ ਸਮਾਗਮ ਵਿੱਚ ਸ਼ਾਮਲ ਹੋ ਕੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਵਿੱਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨ ਜੀ।




# 'ਨਮੋ ਡਰੋਨ ਦੀਦੀ' ਯੋਜਨਾ ਪੇਂਡੂ ਔਰਤਾਂ ਨੂੰ ਹੁਲਾਰਾ ਦੇਵੇਗੀ 1,261 ਕਰੋੜ ਦੀ ਯੋਜਨਾ ਮਹਿਲਾ ਸਵੈ-ਸਹਾਇਤਾ ਸਮੂਹਾਂ ਨੂੰ ਡਰੋਨ ਪ੍ਰਦਾਨ ਕਰੇਗੀ

ਨਵੀਂ ਦਿੱਲੀ, 24 ਮਾਰਚ (ਅੰਮ੍ਰਿਤਪਾਲ ਸਿੰਘ) :ਮੰਗਲਵਾਰ ਨੂੰ ਲੋਕ ਸਭਾ ਵਿੱਚ, ਪੇਂਡੂ ਵਿਕਾਸ ਰਾਜ ਮੰਤਰੀ, ਡਾ. ਚੰਦਰ ਸ਼ੇਖਰ ਪੇਮਾਸਾਨੀ ਨੇ ਨਮੋ ਡਰੋਨ ਦੀਦੀ ਯੋਜਨਾ ਬਾਰੇ ਸ਼੍ਰੀ ਸ਼ਸ਼ੀਕਾਂਤ ਸੇਂਥਿਲ ਦੇ ਸਵਾਲਾਂ ਦੇ ਜਵਾਬ ਵਿੱਚ, ਦੱਸਿਆ ਕਿ ਸਰਕਾਰ ਨੇ ਨਮੋ ਡਰੋਨ ਦੀਦੀ@ ਨੂੰ ਇੱਕ ਕੇਂਦਰੀ ਖੇਤਰ ਯੋਜਨਾ ਵਜੋਂ ਮਨਜ਼ੂਰੀ ਦੇ ਦਿੱਤੀ ਹੈ, ਜਿਸਦੀ ਪ੍ਰੋਜੈਕਟ ਮਿਆਦ 2023-24 ਤੋਂ 2025-26 ਤੱਕ ਹੈ ਅਤੇ 1,261 ਕਰੋੜ ਦਾ ਬਜਟ ਹੈ, ਜਿਸ ਨਾਲ ਚੁਣੇ ਹੋਏ ਮਹਿਲਾ ਸਵੈ-ਸਹਾਇਤਾ ਸਮੂਹਾਂ ਨੂੰ ਖੇਤੀਬਾੜੀ ਉਦੇਸ਼ਾਂ (ਖਾਦ ਅਤੇ ਕੀਟਨਾਸ਼ਕਾਂ ਦੀ ਵਰਤੋਂ) ਲਈ ਕਿਰਾਏ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਡਰੋਨ ਪ੍ਰਦਾਨ ਕੀਤੇ ਜਾਣਗੇ। ਡਰੋਨ ਦੀ ਲਾਗਤ ਦੇ 80% ਤੱਕ ਦੀ ਕੇਂਦਰੀ ਵਿੱਤੀ ਸਹਾਇਤਾ ਅਤੇ ਸਹਾਇਕ ਖਰਚੇ, ਵੱਧ ਤੋਂ ਵੱਧ ?8.0 ਲੱਖ ਤੱਕ, ਮਹਿਲਾ ਸਵੈ-ਸਹਾਇਤਾ ਸਮੂਹਾਂ ਨੂੰ ਡਰੋਨ ਖਰੀਦਣ ਲਈ ਪ੍ਰਦਾਨ ਕੀਤੇ ਜਾਂਦੇ ਹਨ। ਸਵੈ-ਸਹਾਇਤਾ ਸਮੂਹਾਂ ਦੇ ਕਲੱਸਟਰ-ਪੱਧਰੀ ਫੈਡਰੇਸ਼ਨ ਬਾਕੀ ਰਕਮ (ਕੁੱਲ ਖਰੀਦ ਲਾਗਤ ਤੋਂ ਸਬਸਿਡੀ ਨੂੰ ਛੱਡ ਕੇ) ਰਾਸ਼ਟਰੀ ਖੇਤੀਬਾੜੀ ਬੁਨਿਆਦੀ ਢਾਂਚਾ ਵਿੱਤ ਸਹੂਲਤ (196) ਦੇ ਤਹਿਤ 3% ਵਿਆਜ ਸਬਸਿਡੀ ਦੇ ਨਾਲ ਕਰਜ਼ੇ ਵਜੋਂ ਇਕੱਠੀ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਨਮੋ ਡਰੋਨ ਦੀਦੀ ਸਕੀਮ ਦੇ ਤਹਿਤ, ਡਰੋਨ ਇੱਕ ਪੈਕੇਜ ਦੇ ਰੂਪ ਵਿੱਚ ਪ੍ਰਦਾਨ ਕੀਤੇ ਜਾਂਦੇ ਹਨ, ਜਿਸ ਵਿੱਚ ਤਰਲ ਖਾਦਾਂ ਅਤੇ ਕੀਟਨਾਸ਼ਕਾਂ ਦੇ ਛਿੜਕਾਅ ਲਈ ਸਪਰੇਅ ਅਸੈਂਬਲੀ ਵਾਲਾ ਇੱਕ ਮੁੱਢਲਾ ਡਰੋਨ ਸ਼ਾਮਲ ਹੈ। ਪੈਕੇਜ ਵਿੱਚ ਚਾਰ ਵਾਧੂ ਬੈਟਰੀ ਸੈੱਟ, ਇੱਕ ਵਾਧੂ ਪ੍ਰੋਪੈਲਰ ਸੈੱਟ, ਇੱਕ ਨੋਜ਼ਲ ਸੈੱਟ, ਇੱਕ ਦੋਹਰਾ-ਚੈਨਲ ਤੇਜ਼ ਬੈਟਰੀ ਚਾਰਜਰ, ਇੱਕ ਬੈਟਰੀ ਚਾਰਜਰ ਹੱਬ, ਡਰੋਨ ਪਾਇਲਟ ਲਈ 15 ਦਿਨਾਂ ਦੀ ਸਿਖਲਾਈ, ਡਰੋਨ ਸਹਾਇਕ ਸਿਖਲਾਈ, ਇੱਕ ਸਾਲ ਦਾ ਵਿਆਪਕ ਬੀਮਾ, ਦੋ ਸਾਲਾਂ ਦਾ ਸਾਲਾਨਾ ਰੱਖ-ਰਖਾਅ ਇਕਰਾਰਨਾਮਾ, ਅਤੇ ਲਾਗੂ GST ਸ਼ਾਮਲ ਹਨ। 15 ਦਿਨਾਂ ਦੇ ਡਰੋਨ ਪਾਇਲਟ ਸਿਖਲਾਈ ਪ੍ਰੋਗਰਾਮ ਵਿੱਚ ਡਰੋਨ ਪਾਇਲਟ ਲਾਇਸੈਂਸ ਪ੍ਰਾਪਤ ਕਰਨ ਲਈ ਲਾਜ਼ਮੀ ਸਿਖਲਾਈ, ਉਡਾਣ ਦੀ ਤਿਆਰੀ, ਛੋਟੀ ਮੁਰੰਮਤ ਅਤੇ ਰੱਖ-ਰਖਾਅ, ਅਤੇ ਕੀਟਨਾਸ਼ਕਾਂ ਅਤੇ ਤਰਲ ਖਾਦਾਂ ਦੇ ਛਿੜਕਾਅ ਲਈ ਡਰੋਨ ਹੈਂਡਲਿੰਗ ਵਿੱਚ ਵਿਹਾਰਕ ਅਭਿਆਸ ਸ਼ਾਮਲ ਹੈ। ਖਾਦ ਵਿਭਾਗ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ, ਪ੍ਰਮੁੱਖ ਖਾਦ ਕੰਪਨੀਆਂ ਨੇ 2023-24 ਵਿੱਚ ਨਮੋ ਡਰੋਨ ਦੀਦੀ ਯੋਜਨਾ ਦੇ ਤਹਿਤ SHG ਡਰੋਨ ਦੀਦੀਆਂ ਨੂੰ 500 ਡਰੋਨ ਵੰਡੇ। ਇਹਨਾਂ ਸਾਰੀਆਂ ਡਰੋਨ ਦੀਦੀਆਂ ਨੇ 4731-ਅਧਿਕਾਰਤ ਰਿਮੋਟ ਪਾਇਲਟ ਸੰਗਠਨਾਂ ਤੋਂ ਸਿਖਲਾਈ ਪ੍ਰਾਪਤ ਕੀਤੀ। ਰਾਜ-ਵਾਰ ਵੇਰਵੇ ਅਨੁਬੰਧ ਵਿੱਚ ਦਿੱਤੇ ਗਏ ਹਨ।

## ਕਰੜੀ ਮੁਸ਼ੱਕਤ ਬਾਅਦ ਬ੍ਰਾਂਡ ਬਣਿਆ ਡੀ.ਐਮ. ਸਕੂਲ ਕਰਾੜਵਾਲਾ : ਇੰਜੀ.ਅਵਤਾਰ ਸਿੰਘ ਢਿੱਲੋਂ



ਰਾਮਪੁਰਾ ਫੂਲ, 24 ਮਾਰਚ (ਚ.ਨ.ਸ.) : ਡੀ.ਐਮ. ਗਰੁੱਪ ਆਫ ਇੰਸਟੀਚਿਊਸ਼ਨਜ ਅੱਜ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਮੈਨੇਜਮੈਂਟ ਅਤੇ ਸਮੂਹ ਸਮਰਪਿਤ ਸਟਾਫ ਦੀ ਕਰੜੀ ਮਿਹਨਤ ਬਾਅਦ ਅੱਜ ਇਹ ਬ੍ਰਾਂਡ ਬਣ ਚੁੱਕਾ ਹੈ ਤੇ ਮਾਪੇ ਆਪਣੇ ਲਾਡਲੇ ਬੱਚਿਆਂ ਨੂੰ ਇੱਥੇ ਦਾਖਲ ਕਰਵਾ ਕੇ ਮਾਣ ਮਹਿਸੂਸ ਕਰਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡੀ.ਐਮ. ਗਰੁਪ ਦੇ ਚੇਅਰਮੈਨ ਇੰਜਨੀਅਰ ਅਵਤਾਰ ਸਿੰਘ ਢਿੱਲੋਂ ਨੇ ਕੀਤਾ।ਉਨ੍ਹਾਂ ਕਿਹਾ ਕਿ ਸਾਡੀ ਤਰਜੀਹ ਸਿਰਫ ਬੱਚਿਆਂ ਨੂੰ ਸਿੱਖਿਆ ਦੇਣਾ ਹੀ ਨਹੀਂ ਹੈ।ਅਸੀਂ ਸਿੱਖਿਆ ਦੇ ਨਾਲ ਨਾਲ ਬੱਚੇ ਦਾ ਸਰਵਪੱਖੀ ਵਿਕਾਸ ਕਰਦੇ ਹਾਂ। ਜਿਸ ਲਈ ਸਮੇਂ ਸਮੇਂ ਸਿਰ ਸੱਭਿਆਚਾਰਕ ਗਤੀਵਿਧੀਆਂ ਅਤੇ ਖੇਡਾਂ ਦੇ ਖੇਤਰ ਵਿਚ ਕਰਵਾਈਆਂ ਜਾਂਦੀਆਂ ਗਤੀਵਿਧੀਆਂ ਸ਼ਾਮਲ ਹਨ। ਬੱਚੇ ਦੇ ਬੌਧਿਕ ਵਿਕਾਸ ਲਈ ਧਾਰਮਿਕ ਸਮਾਗਮਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਮਨਾਇਆ ਜਾਂਦਾ ਹੈ। ਅੱਜ ਸਕੂਲ ਦੇ ਸਾਬਕਾ ਵਿਦਿਆਰਥੀ ਜ਼ਿੰਦਗੀ ਦੇ ਵੱਖ ਵੱਖ ਖੇਤਰਾਂ ਵਿਚ ਕਾਮਯਾਬੀ ਨਾਲ ਪੈੜਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਕੂਲ ਦੇ ਵਿਦਿਆਰਥੀਆਂ ਨੂੰ ਵੱਖ ਵੱਖ ਕੰਪੀਟੀਸ਼ਨਾਂ ਵਿਚ ਭਾਗ ਲੈਣ ਦੇ ਮੌਕੇ ਵੀ ਪ੍ਰਦਾਨ ਕੀਤੇ ਜਾਂਦੇ ਹਨ, ਜਿਸ ਨਾਲ ਉਹ ਮੁਕਾਬਲੇ ਲਈ ਆਪਣੀ ਪੂਰੀ ਵਾਹ ਲਾ ਕੇ ਤਿਆਰੀ ਕਰਦੇ ਹਨ। ਇਸ ਲਈ ਉਨ੍ਹਾਂ ਨੂੰ ਸਕੂਲ ਦੇ ਸਟਾਫ ਵੱਲੋਂ ਵੀ ਬਾਕਾਇਦਾ ਤਿਆਰੀ ਕਰਵਾਈ ਜਾਂਦੀ ਹੈ। ਉਨ੍ਹਾਂ ਹੋਰ ਕਿਹਾ ਕਿ ਸਕੂਲ ਦੀਆਂ ਵੱਖ ਵੱਖ ਵਿਭਾਗਾਂ ਦੀਆਂ ਲੈਬਜ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਜਾਣਕਾਰੀ ਪ੍ਰਦਾਨ ਕਰਨ ਲਈ ਬਿਹਤਰੀਨ ਮਦਦ ਕਰਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਸੀਮਤ ਫੀਸਾਂ ਵਿਚ ਕਾਰਗਰ ਸਿੱਖਿਆ ਪ੍ਰਦਾਨ ਕਰਵਾਉਣ ਵਿਚ ਵਿਸ਼ਵਾਸ ਰੱਖਦੇ ਹਾਂ ਇਸ ਲਈ ਅਸੀਂ ਮਾਪਿਆਂ ਦੀ ਪਹਿਲੀ ਪਸੰਦ ਬਣ ਚੁੱਕੇ ਹਾਂ। ਸਾਡੀ ਟਰਾਂਸਪੋਰਟ ਵਿਵਸਥਾਂ ਹਰ ਬੱਚੇ ਦੀ ਪਹੁੰਚ ਨੂੰ ਸੁਖਾਲਾ ਬਣਾਉਣ ਵਿਚ ਕਾਰਗਰ ਸਾਬਤ ਹੋ ਰਹੀ ਹੈ। ਉਨ੍ਹਾਂ ਅੰਤ ਵਿਚ ਕਿਹਾ ਕਿ ਸਾਡੀਆਂ ਭਵਿੱਖ ਦੀਆਂ ਯੋਜਨਾਵਾਂ ਵੀ ਵਿਦਿਆਰਥੀਆਂ ਨੂੰ ਜ਼ਿੰਦਗੀ ਦੇ ਹਰ ਖੇਤਰ ਵਿਚ ਕਾਮਯਾਬ ਕਰਨ ਲਈ ਸਹਾਈ ਸਾਬਤ ਹੋਣਗੀਆਂ, ਇਸ ਦਾ ਮੈਨੂੰ ਪੂਰਨ ਭਰੋਸਾ ਹੈ।

# ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਅੰਦਰ ਅਮਨ ਸ਼ਾਂਤੀ ਦੀ ਬਜਾਏ ਗੈਂਗਸਟਰਾਂ ਦਾ ਬੋਲਬਾਲਾ: ਸੁਖਬੀਰ ਬਾਦਲ




ਮੂਨਕ, 24 ਮਾਰਚ (ਸਮਸ਼ੇਰ ਸਿੰਘ ਭੁਟਾਲ) : ਆਉਣ ਵਾਲੀ 2027 ਦੀ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਸਥਾਨਕ ਸ਼ਹਿਰ ਦੀ ਅਨਾਜ ਮੰਡੀ ਵਿੱਚ ਇੱਕ ਵਿਸ਼ਾਲ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਵਿੱਚ ਹਲਕੇ ਦੇ ਲੋਕ ਭਾਰੀ ਉਤਸ਼ਾਹ ਦੇ ਨਾਲ ਇਸ ਰੈਲੀ ਦਾ ਹਿੱਸਾ ਬਣੇ।ਇਸ ਮੌਕੇ ਹਲਕਾ ਲਹਿਰਾ ਦੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਨੁਮਾਇੰਦਗੀ ਕਰ ਰਹੇ ਗਗਨਦੀਪ ਸਿੰਘ ਖੰਡੇਬਾਦ ਨੇ ਕਿਹਾ ਕਿ ਮੈਨੂੰ ਹਲਕੇ ਦੇ ਲੋਕਾਂ ਦੇ ਸਹਿਯੋਗ ਦੀ ਲੋੜ ਹੈ ਅਤੇ ਅਸੀ ਲਹਿਰੇ ਦਾ ਕਿਲਾ ਫਤਿਹ ਕਰਨਾ ਹੈ। ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੇ ਲੋਕਾਂ ਦੇ ਦਰਦ ਨੂੰ ਸਮਝਦੀ ਹੈ। ਮੈਨੂੰ ਰਾਜ ਨਹੀਂ ਹਲਕੇ ਦੇ ਲੋਕਾਂ ਦੀ ਸੇਵਾ ਕਰਨ ਦੀ ਚਾਹਤ ਹੈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਰੈਲੀ ਵਿੱਚ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਹੁੰਚੇ ਲੋਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਦੀ ਸਰਕਾਰ ਅੰਦਰ ਅਮਨ ਸ਼ਾਂਤੀ ਦੀ ਬਜਾਏ ਗੈਂਗਸਟਰਾਂ ਦਾ ਬੋਲਬਾਲਾ ਹੈ। ਇਸ ਸਰਕਾਰ ਨੇ ਲੋਕਾਂ ਨੂੰ ਗੁੰਮਰਾਹ ਕਰਕੇ ਝੂਠੇ ਵਾਅਦਿਆਂ ਦੀ ਲੜੀ ਵਿੱਚ ਪਰੋ ਕੇ ਪੰਜਾਬ ਅੰਦਰ ਸਰਕਾਰ ਬਣਾਈ ਸੀ, ਪਰ ਇਹ ਸਰਕਾਰ ਲੋਕਾਂ ਦੇ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹੀ ਹੈ। ਇਸ ਨਾਲ ਹੀ ਜਿਸ ਕਾਰਨ ਅੱਜ ਪੰਜਾਬ ਡੁੱਬ ਰਿਹਾ ਹੈ। ਪੰਜਾਬ ਦੇ ਅੰਦਰ ਅੱਜ ਨਸ਼ਾ ਖਤਮ ਹੋਣ ਦੀ ਬਜਾਏ ਸ਼ਰੇਆਮ ਇਸ ਸਰਕਾਰ ਦੇ ਮੰਤਰੀ ਹੀ ਨਸ਼ਾ ਵਿਕਾ ਰਹੇ ਹਨ। ਪੰਜਾਬ ਦੀ ਨੌਜਵਾਨੀ ਅੱਜ ਨਸ਼ੇ ਦੀ ਦਲਦਲ ਵਿੱਚੋਂ ਨਿਕਲਣ ਦੀ ਬਜਾਏ ਉਲਟਾ ਫਸਦੀ ਜਾ ਰਹੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਜਿਨ੍ਹਾਂ ਬਾਂਕੀ ਸਰਕਾਰਾ ਨੇ 56 ਸਾਲਾਂ ਵਿੱਚ ਕਰਜਾ ਲਿਆ ਸੀ, ਉਸ ਤੋਂ ਕਿਤੇ ਜ਼ਿਆਦਾ ਇਸ ਆਮ ਆਦਮੀ ਸਰਕਾਰ ਨੇ ਆਪਣੇ ਇਸ ਚਾਰ ਸਾਲ ਵਿੱਚ ਪੰਜਾਬ ਦੇ ਸਿਰ ਤੇ ਕਰਜ਼ਾ ਚੜਾ ਦਿੱਤਾ ਹੈ। ਇਸ ਸਰਕਾਰ ਵਲੋ ਸੂਬੇ ਦਾ ਕੁੱਝ ਕਰਨ ਦੀ ਬਜਾਏ ਸਾਰਾ ਪੈਸਾ ਬਹਾਰਲੇ ਸੂਬਿਆਂ ਦੇ ਇਸ਼ਤਿਹਾਰਾ ਅਤੇ ਕੇਜਰੀਵਾਲ ਦੇ ਜਹਾਜ਼ ਦੇ ਟੂਰਾਂ 'ਤੇ ਖਰਚਿਆਂ ਜਾਂ ਰਿਹਾ ਹੈ। ਇਸ ਮੁੱਖ ਮੰਤਰੀ ਭਗਵੰਤ ਮਾਨ ਨੇ 2500 ਏਕੜ ਜ਼ਮੀਨ ਆਸਟ੍ਰੇਲੀਆ ਵਿੱਚ ਖਰੀਦ ਕਰਕੇ ਆਪਣਾ ਘਰ ਭਰਿਆ ਹੈ। ਵਿਧਾਨ ਸਭਾ ਚੋਣਾਂ ਦਾ ਕੋਡ ਲੱਗਦੇ ਹੀ, ਇਹ ਝਾੜੂ ਵਾਲੇ ਲੱਭਣੇ ਨਹੀਂ। ਜਦੋਂ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ, ਉਸ ਸਮੇਂ ਵਿੱਚ ਥਰਮਲ ਪਲਾਂਟ, ਹਸਪਤਾਲ, ਸੜਕਾਂ, ਗਰਿੱਡ ਆਦਿ ਬਣਾ ਕੇ ਪੰਜਾਬ ਦਾ ਮੋਹਰੀ ਸੂਬਿਆਂ ਵਿੱਚ ਲਿਆਂਦਾ ਸੀ, ਸਾਡੀ ਸਰਕਾਰ ਆਉਣ ਤੇ ਰਾਜਸਥਾਨ ਦਾ ਨਹਿਰੀ ਪਾਣੀ ਬੰਦ ਕਰਕੇ ਪੰਜਾਬ ਨੂੰ ਦੇਵਾਂਗੇ। ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਪਹਿਲ ਦੇ ਆਧਾਰ ਤੇ ਦਿੱਤੇ ਜਾਣਗੇ, ਪੈਨਸ਼ਨ ਸਕੀਮ 31 ਹਜ਼ਾਰ, ਸ਼ਗਨ ਸਕੀਮ ਇੱਕ ਲੱਖ ਰੁਪਏ, ਬੇਰੁਜ਼ਗਾਰ ਨੌਜਵਾਨਾਂ ਨੂੰ 10 ਲੱਖ ਦਾ ਕਰਜ਼ਾ ਬਿਨਾਂ ਵਿਆਜ਼ ਤੋਂ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਪੰਜਾਬ ਅੰਦਰ ਫੈਕਟਰੀਆਂ ਲੱਗਣ ਤੇ ਸਬਸਿਡੀ ਦਿੱਤੀ ਜਾਵੇਗੀ। ਇਹਨਾਂ ਫੈਕਟਰੀਆਂ ਲੱਗਣ ਦੇ ਨਾਲ ਪੰਜਾਬ ਦੇ ਹਰ ਵਰਗ ਦੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ।ਇਸ ਸਮੇ ਕੰਵਲਜੀਤ ਸਿੰਘ ਚੀਮਾ,ਨਿਰਮਲ ਸਿੰਘ ਕੜੈਲ, ਅਰਵਿੰਦ ਖੰਨਾ,ਵਿਨਰਜੀਤ ਗੋਲਡੀ,ਗੁਰਦੀਪ ਸਿੰਘ ਮਕੌਰੜ, ਜਸਪਾਲ ਸਿੰਘ ਸਰਪੰਚ ਦੇਹਲਾ,ਜਸਵਿੰਦਰ ਸਿੰਘ ਵਿਰਕ, ਗੁਲਜ਼ਾਰ ਸਿੰਘ ਮੂਨਕ, ਜਗਰਾਜ ਸਿੰਘ ਭੁਟਾਲ, ਮਾਸਟਰ ਰਾਮ ਸਿੰਘ, ਤੇਜਿੰਦਰ ਸਿੰਘ ਸੰਘਰੇੜੀ,ਗੁਰਜੰਟ ਸਿੰਘ ਭੁਟਾਲ, ਸੇਵਾ ਸਿੰਘ ਬੱਲਰਾ, ਪਰਮਜੀਤ ਕੌਰ, ਨੈਬ ਸਿੰਘ ਪੂਨੀਆ, ਹਲਕੇ ਦੇ ਪਾਰਟੀ ਵਰਕਰ ਤੇ ਪਤਵੰਤੇ ਹਾਜ਼ਰ ਸਨ।

## ਨਸ਼ਾ ਤਸਕਰਾਂ ਖ਼ਿਲਾਫ਼ ਧੂਰੀ ਪੁਲਿਸ ਨੇ ਇੱਕ ਹਫ਼ਤੇ ਵਿੱਚ 7 ਮੁੱਕਦਮੇ ਦਰ ਕੀਤੇ : ਐਸ.ਐਸ.ਪੀ.



ਧੂਰੀ, 24 ਮਾਰਚ (ਰਾਜੇਸ਼ਵਰ ਪਿੰਟੂ) : ਸੰਗਰੂਰ ਪੁਲਿਸ ਵੱਲੋਂ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿੱਢੀ ਗਈ ਵਿਸ਼ੇਸ਼ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਅਤੇ ਪਿੰਡਾਂ ਦੇ ਪਹਿਰੇਦਾਰ ਤਹਿਤ ਸਬ-ਡਵੀਜ਼ਨ ਧੂਰੀ ਪੁਲਿਸ ਨੂੰ ਅਹਿਮ ਸਫਲਤਾ ਹਾਸਲ ਹੋਈ ਹੈ। ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਸਰਤਾਜ ਸਿੰਘ ਚਹਿਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 16 ਮਾਰਚ ਤੋਂ 22 ਮਾਰਚ ਤੱਕ ਚਲਾਈ ਗਈ ਇਸ ਗਤੀਸ਼ੀਲ ਮੁਹਿੰਮ ਦੌਰਾਨ ਪੁਲਿਸ ਨੇ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰਕੇ 06 ਮੁਕੱਦਮੇ ਦਰਜ ਕੀਤੇ ਹਨ ਅਤੇ 07 ਕਥਿਤ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਭੇਜਿਆ।ਪੁਲਿਸ ਵੱਲੋਂ ਫੜੇ ਗਏ ਅਨਸਰਾਂ ਕੋਲੋਂ ਭਾਰੀ ਮਾਤਰਾ ਵਿੱਚ ਨਸ਼ੀਲੀਆਂ ਵਸਤਾਂ ਬਰਾਮਦ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ 230 ਨਸ਼ੀਲੀਆਂ ਗੋਲੀਆਂ, 36 ਬੋਤਲਾਂ ਦੇਸੀ ਸ਼ਰਾਬ ਅਤੇ 08 ਗ੍ਰਾਮ ਹੈਰੋਇਨ (ਚਿੱਟਾ) ਸ਼ਾਮਲ ਹੈ। ਐਸ.ਐਸ.ਪੀ. ਚਹਿਲ ਨੇ ਦੱਸਿਆ ਕਿ ਪੁਲਿਸ ਕੇਵਲ ਕੇਸ ਦਰਜ ਕਰਨ ਤੱਕ ਸੀਮਤ ਨਹੀਂ ਹੈ, ਸਗੋਂ ਪੰਜ ਪੁਰਾਣੇ ਮੁਕੱਦਮਿਆਂ ਦੀ ਤਫ਼ਤੀਸ਼ ਮੁਕੰਮਲ ਕਰਕੇ ਉਨ੍ਹਾਂ ਦੇ ਚਲਾਨ ਮਾਨਯੋਗ ਅਦਾਲਤ ਵਿੱਚ ਪੇਸ਼ ਕਰ ਦਿੱਤੇ ਗਏ ਹਨ ਤਾਂ ਜੋ ਦੋਸ਼ੀਆਂ ਨੂੰ ਜਲਦ ਸਜ਼ਾ ਦਿਵਾਈ ਜਾ ਸਕੇ।ਨਸ਼ਾ ਮੁਕਤੀ ਦੇ ਮਨੁੱਖੀ ਪੱਖ ਨੂੰ ਮੁੱਖ ਰੱਖਦਿਆਂ, ਪੁਲਿਸ ਨੇ ਨਸ਼ੇ ਦੀ ਦਲਦਲ ਵਿੱਚ ਫਸੇ 05 ਵਿਅਕਤੀਆਂ ਨੂੰ ਓਟ ਸੈਂਟਰ ਰਾਹੀਂ ਇਲਾਜ ਮੁਹੱਈਆ ਕਰਵਾਇਆ ਹੈ, ਤਾਂ ਜੋ ਉਹ ਮੁੱਖ ਧਾਰਾ ਵਿੱਚ ਪਰਤ ਸਕਣ। ਇਸ ਦੇ ਨਾਲ ਹੀ ਜਨਤਕ ਸ਼ਿਕਾਇਤਾਂ ਦੇ ਫੌਰੀ ਨਿਪਟਾਰੇ ਲਈ ਪਹਿਲ ਕਰਦਿਆਂ 86 ਦਰਖਾਸਤਾਂ ਦਾ ਮੌਕੇ ਤੇ ਨਿਪਟਾਰਾ ਕੀਤਾ ਗਿਆ। ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤੀ ਵਰਤਦਿਆਂ 169 ਵਾਹਨਾਂ ਦੇ ਚਲਾਨ ਕੀਤੇ ਗਏ ਅਤੇ 45 ਸ਼ੱਕੀ ਵਿਅਕਤੀਆਂ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।ਸਬ-ਡਵੀਜ਼ਨ ਧੂਰੀ ਦੇ ਵੱਖ-ਵੱਖ ਥਾਣਿਆਂ ਵੱਲੋਂ ਸੰਪਰਕ ਪ੍ਰੋਜੈਕਟ ਅਧੀਨ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ।

## ਸ਼ਹੀਦ ਭਗਤ ਸਿੰਘ ਪ੍ਰੈਸ ਕਲੱਬ ਛਾਜਲੀ ਦੇ ਲਾਡੀ ਸਰਪ੍ਰਸਤ ਤੇ ਨੀਲੋਵਾਲ ਪ੍ਰਧਾਨ ਬਣੇ



ਛਾਜਲੀ, 24 ਮਾਰਚ (ਹਰਿੰਦਰ ਧੋਥੜ ) : ਸ਼ਹੀਦ ਭਗਤ ਸਿੰਘ ਪ੍ਰੈਸ ਕਲੱਬ ਛਾਜਲੀ ਦੀ ਇੱਕ ਅਹਿਮ ਮੀਟਿੰਗ ਦੌਰਾਨ ਕਲੱਬ ਦੀ ਨਵੀਂ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਕਰ ਲਈ ਗਈ। ਮੀਟਿੰਗ ਵਿੱਚ ਇਲਾਕੇ ਦੇ ਪੱਤਰਕਾਰਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਦੇ ਹੋਏ ਕਲੱਬ ਦੀ ਮਜ਼ਬੂਤੀ ਅਤੇ ਪੱਤਰਕਾਰਤਾ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਹੋਈ ਚੋਣ ਪ੍ਰਕਿਰਿਆ ਦੌਰਾਨ ਜਸਵੀਰ ਸਿੰਘ ਲਾਡੀ ਨੂੰ ਸਰਪ੍ਰਸਤ ਨਿਯੁਕਤ ਕੀਤਾ ਗਿਆ, ਜਦਕਿ ਅਜਾਇਬ ਸਿੰਘ ਨੀਲੋਵਾਲ ਨੂੰ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਤੋਂ ਇਲਾਵਾ ਮਨਪ੍ਰੀਤ ਸਿੰਘ ਢਿੱਲੋਂ ਨੂੰ ਸਕੱਤਰ, ਹਰਿੰਦਰਜੀਤ ਸਿੰਘ ਧੋਥੜ ਨੂੰ ਸੀਨੀਅਰ ਮੀਤ ਪ੍ਰਧਾਨ, ਭੀਮ ਸੈਨ ਨੂੰ ਖਜ਼ਾਨਚੀ ਅਤੇ ਕੁਲਵਿੰਦਰ ਸਿੰਘ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ।ਨਵ-ਨਿਯੁਕਤ ਪ੍ਰਧਾਨ ਅਜਾਇਬ ਸਿੰਘ ਨੀਲੋਵਾਲ ਨੇ ਸਭ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਕਲੱਬ ਦੀ ਮਰਿਆਦਾ ਅਤੇ ਪੱਤਰਕਾਰ ਭਾਈਚਾਰੇ ਦੇ ਹਿੱਤਾਂ ਦੀ ਰੱਖਿਆ ਲਈ ਹਮੇਸ਼ਾ ਵਚਨਬੱਧ ਰਹਿਣਗੇ। ਉਨ੍ਹਾਂ ਕਿਹਾ ਕਿ ਪੱਤਰਕਾਰਤਾ ਵਿੱਚ ਨਿਰਪੱਖਤਾ ਅਤੇ ਸੱਚਾਈ ਨੂੰ ਬਰਕਰਾਰ ਰੱਖਣਾ ਕਲੱਬ ਦੀ ਪਹਿਲੀ ਤਰਜੀਹ ਹੋਵੇਗੀ।ਮੀਟਿੰਗ ਦੇ ਅੰਤ ਵਿੱਚ ਸਾਰੇ ਮੈਂਬਰਾਂ ਵੱਲੋਂ ਨਵੀਂ ਕਮੇਟੀ ਨੂੰ ਵਧਾਈ ਦਿੱਤੀ ਗਈ ਅਤੇ ਭਵਿੱਖ ਵਿੱਚ ਕਲੱਬ ਦੀ ਤਰੱਕੀ ਲਈ ਮਿਲਜੁਲ ਕੇ ਕੰਮ ਕਰਨ ਦਾ ਭਰੋਸਾ ਦਿੱਤਾ ਗਿਆ।

# ਹਜ਼ਾਰਾਂ ਧੀਆਂ ਦੇ ਸੁਨਹਿਰੇ ਭਵਿੱਖ ਦੀ ਨਵੀਂ ਉਡਾਣ ਬਣਿਆ ਡਿੱਗੀ ਸਕੂਲ ਰਾਮਪੁਰਾ ਫੂਲ

## ਸਰਕਾਰੀ ਸਕੂਲ ਲੰਘੇ ਪ੍ਰਾਈਵੇਟ ਤੋਂ ਵੀ ਅੱਗੇ : ਵਿਧਾਇਕ ਬਲਕਾਰ ਸਿੱਧੂ





ਰਾਮਪੁਰਾ ਫੂਲ, 24 ਮਾਰਚ (ਮਨਪ੍ਰੀਤ ਮਿੰਟੂ) : ਸ਼ਹਿਰ ਦਾ ਪ੍ਰਸਿੱਧ ਡਿੱਗੀ ਸਕੂਲ, ਜੋ ਕਿ ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਰਾਮਪੁਰਾ ਫੂਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਅੱਜ ਸਿੱਖਿਆ ਖੇਤਰ ਵਿੱਚ ਇਕ ਮਿਸਾਲ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਆਮ ਆਦਮੀ ਪਾਰਟੀ ਸਰਕਾਰ ਵੱਲੋਂ ਹਲਕਾ ਵਿਧਾਇਕ ਬਲਕਾਰ ਸਿੱਧੂ ਦੀ ਰਹਿਨੁਮਾਈ ਹੇਠ ਲਗਭਗ 82 ਲੱਖ ਰੁਪਏ ਦੀ ਗ੍ਰਾਂਟ ਨਾਲ ਸਕੂਲ ਦੀ ਹੋਈ ਕਾਇਆਕਲਪ ਨੇ ਇਸਨੂੰ ਨਵੀਂ ਪਛਾਣ ਬਖ਼ਸ਼ੀ ਹੈ।ਸਕੂਲ ਵਿੱਚ 4 ਨਵੇਂ ਕਮਰੇ, ਅਧੁਨਿਕ ਫ਼ਿਜਿਕਸ ਅਤੇ ਕਮਿਸਟ੍ਰੀ ਲੈਬਾਂ, ਇਮਾਰਤ ਦੀ ਮੁਰੰਮਤ, ਗਰਾਊਂਡ ਦਾ ਨਵੀਨੀਕਰਨ ਅਤੇ ਸੁੰਦਰ ਰੰਗ-ਰੋਗਨ ਵਰਗੇ ਵਿਕਾਸੀ ਕੰਮ ਕਰਵਾਏ ਗਏ ਹਨ। ਇਸਦੇ ਨਾਲ ਹੀ ਕਲਾਸਾਂ ਵਿੱਚ ਲਗੇ ਡਿਜ਼ੀਟਲ ਬੋਰਡ ਸਿੱਖਿਆ ਨੂੰ ਹੋਰ ਗੁਣਵੱਤਾ ਭਰਪੂਰ ਅਤੇ ਆਧੁਨਿਕ ਬਣਾ ਰਹੇ ਹਨ।ਪ੍ਰਾਈਵੇਟ ਸਕੂਲਾਂ ਨੂੰ ਟੱਕਰ ਦੇਣ ਵਾਲੀ ਸ਼ਾਨਦਾਰ ਇਮਾਰਤ, ਸੁਚੱਜਾ ਕੈਂਪਸ ਅਤੇ ਆਧੁਨਿਕ ਸਹੂਲਤਾਂ ਸਕੂਲ ਨੂੰ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਾਉਂਦੀਆਂ ਨਜ਼ਰ ਆ ਰਹੀਆਂ ਹਨ। ਮਲਟੀਪਰਪਜ਼ ਹਾਲ ਕਮ ਬੈਡਮਿੰਟਨ ਗਰਾਊਂਡ, ਜਿੰਮ ਅਤੇ ਨਵੀਨਤਮ ਆਰ.ਓ. ਸਿਸਟਮ,ਗੇਟ ਤੇ ਸਕਿਊਰਟੀ ਗਾਰਡ ਵਰਗੀਆਂ ਸਹੂਲਤਾਂ ਸਕੂਲ ਦੇ ਉੱਚ ਮਿਆਰ ਦੀ ਗਵਾਹੀ ਭਰ ਰਹੀਆਂ ਹਨ। ਉੱਚ ਸਿੱਖਿਆ ਪ੍ਰਾਪਤ ਅਤੇ ਸਮਰਪਿਤ ਅਧਿਆਪਕ ਵਰਗ ਹਰ ਵੇਲੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਤਤਪਰ ਹੈ।ਮੌਜੂਦਾ ਸਮੇਂ ਵਿੱਚ ਕਰੀਬ 950 ਧੀਆਂ ਇਸ ਸਕੂਲ ਵਿੱਚ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ, ਜੋ ਸਿਰਫ ਅਕਾਦਮਿਕ ਖੇਤਰ ਵਿੱਚ ਹੀ ਨਹੀਂ, ਸਗੋਂ ਬੋਰਡ ਪ੍ਰੀਖਿਆਵਾਂ ਵਿੱਚ ਜ਼ਿਲ੍ਹਾ ਪੱਧਰ 'ਤੇ ਸ਼ਾਨਦਾਰ ਪੋਜ਼ੀਸ਼ਨਾਂ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਸਭਿਆਚਾਰਕ ਅਤੇ ਖੇਡ ਗਤੀਵਿਧੀਆਂ ਵਿੱਚ ਵੀ ਸਕੂਲ ਨੇ ਮਹੱਤਵਪੂਰਨ ਪ੍ਰਦਰਸ਼ਨ ਕਰਕੇ ਆਪਣੀ ਵੱਖਰੀ ਪਛਾਣ ਬਣਾਈ ਹੈ।ਇਸ ਮੌਕੇ 'ਤੇ ਜ਼ਿਲਾ ਸਿੱਖਿਆ ਕੋਆਰਡੀਨੇਟਰ ਮਹਿੰਦਰਪਾਲ , ਹਲਕਾ ਸਿੱਖਿਆ ਕੋਆਰਡੀਨੇਟਰ ਹਰਪ੍ਰੀਤ ਸਿੰਘ ਹੈਪੀ ਅਤੇ ਸਕੂਲ ਮੁਖੀ ਸੁਨੀਲ ਕੁਮਾਰ , ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਸਰਕਾਰ ਵੱਲੋਂ ਮਿਲ ਰਹੀਆਂ ਆਧੁਨਿਕ ਸਹੂਲਤਾਂ ਨਾਲ ਸਕੂਲ ਦਾ ਮਾਹੌਲ ਪੂਰੀ ਤਰ੍ਹਾਂ ਬਦਲ ਗਿਆ ਹੈ। ਅੱਜ ਸਾਡੇ ਵਿਦਿਆਰਥੀਆਂ ਨੂੰ ਪ੍ਰਾਈਵੇਟ ਸਕੂਲਾਂ ਵਰਗੀਆਂ ਨਹੀਂ, ਸਗੋਂ ਉਨ੍ਹਾਂ ਤੋਂ ਵੀ ਉੱਤਮ ਸਿੱਖਿਆ ਅਤੇ ਸਹੂਲਤਾਂ ਮਿਲ ਰਹੀਆਂ ਹਨ, ਜਿਸ ਨਾਲ ਮਾਪਿਆਂ ਦਾ ਵਿਸ਼ਵਾਸ ਸਰਕਾਰੀ ਸਕੂਲਾਂ ਵੱਲ ਵਧ ਰਿਹਾ ਹੈ।ਇਸੇ ਤਰ੍ਹਾਂ ਮਾਲਵਾ ਸਿੱਖਿਆ ਕੋਆਰਡੀਨੇਟਰ ਹਰਮੰਦਰ ਸਿੰਘ ਬਰਾੜ ਜ਼ਿਲ੍ਹਾ ਸਿੱਖਿਆ ਅਫਸਰ ਮਮਤਾ ਖੁਰਾਣਾ ਅਤੇ ਡਿਪਟੀ ਡੀਈਓ ਚਮਕੌਰ ਸਿੰਘ, ਨੇ ਸਾਂਝੇ ਤੌਰ 'ਤੇ ਦੱਸਿਆ ਕਿ ਪੰਜਾਬ ਸਰਕਾਰ ਦੀ ਸਿੱਖਿਆ ਪ੍ਰਤੀ ਵਚਨਬੱਧਤਾ ਦੇ ਨਤੀਜੇ ਵਜੋਂ ਸਰਕਾਰੀ ਸਕੂਲਾਂ ਦਾ ਢਾਂਚਾ ਅਤੇ ਸਿੱਖਿਆ ਦਾ ਮਿਆਰ ਲਗਾਤਾਰ ਉੱਚਾ ਹੋ ਰਿਹਾ ਹੈ। ਡਿੱਗੀ ਸਕੂਲ ਰਾਮਪੁਰਾ ਫੂਲ ਇਸ ਗੱਲ ਦੀ ਜ਼ਿਉਂਦੀ ਉਦਾਹਰਨ ਹੈ, ਜਿੱਥੇ ਸਰਕਾਰੀ ਸਿੱਖਿਆ ਪ੍ਰਨਾਲੀ ਨੇ ਨਵੀਂ ਦਿਸ਼ਾ ਹਾਸਲ ਕੀਤੀ ਹੈ।ਹਲਕਾ ਵਿਧਾਇਕ ਬਲਕਾਰ ਸਿੱਧੂ ਨੇ ਕਿਹਾ ਕਿ ਸਿੱਖਿਆ ਖੇਤਰ ਵਿੱਚ ਬਦਲਾਅ ਲਿਆਉਣਾ ਸਰਕਾਰ ਦੀ ਪ੍ਰਾਥਮਿਕਤਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਸਕੂਲਾਂ ਨੂੰ ਹੋਰ ਆਧੁਨਿਕ ਅਤੇ ਵਿਦਿਆਰਥੀ-ਕੇਂਦਰਿਤ ਬਣਾਉਣ ਲਈ ਯਤਨ ਜਾਰੀ ਰਹਿਣਗੇ।ਇਲਾਕਾ ਨਿਵਾਸੀਆਂ ਨੇ ਵੀ ਖੁਸ਼ੀ ਜਤਾਉਂਦਿਆਂ ਕਿਹਾ ਕਿ ਅੱਜ ਇਹ ਸਕੂਲ ਹਜ਼ਾਰਾਂ ਧੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਮਜ਼ਬੂਤ ਮੰਚ ਬਣ ਚੁੱਕਾ ਹੈ ਅਤੇ ਭਵਿੱਖ ਵਿੱਚ ਇਹ ਇਲਾਕੇ ਦੀ ਤਰੱਕੀ ਦਾ ਕੇਂਦਰ ਸਾਬਤ ਹੋਵੇਗਾ।

# ਲੋਕ ਮੋਰਚਾ ਪੰਜਾਬ ਦੀ ਸੂਬਾਈ ਕਨਵੈਨਸ਼ਨ: ਬੁਨਿਆਦੀ ਤਬਦੀਲੀ ਲਈ ਸਾਂਝੇ ਸੰਘਰਸ਼ ਦਾ ਹੋਕਾ



ਬਠਿੰਡਾ, 24 ਮਾਰਚ (ਦੀਪਕ ਸ਼ਰਮਾ) :ਸਥਾਨਕ ਟੀਚਰ ਹੋਮ ਵਿਖੇ ਲੋਕ ਮੋਰਚਾ ਪੰਜਾਬ ਦੀ ਸੂਬਾਈ ਜਥੇਬੰਦਕ ਕਨਵੈਨਸ਼ਨ ਪੂਰੇ ਉਤਸ਼ਾਹ ਨਾਲ ਸੰਪੰਨ ਹੋਈ, ਜਿਸ ਵਿੱਚ ਸੂਬੇ ਭਰ ਤੋਂ ਪਹੁੰਚੇ ਵਰਕਰਾਂ ਨੇ ਬੁਨਿਆਦੀ ਪ੍ਰਬੰਧਕੀ ਤਬਦੀਲੀ ਦੇ ਰਾਹ ਉੱਤੇ ਅੱਗੇ ਵਧਣ ਦਾ ਅਹਿਦ ਲਿਆ। ਕਨਵੈਨਸ਼ਨ ਦੌਰਾਨ ਸਪੱਸ਼ਟ ਰੂਪ ਵਿੱਚ ਇਹ ਗੱਲ ਉਭਾਰੀ ਗਈ ਕਿ ਮੌਜੂਦਾ ਸਮੇਂ ਵਿੱਚ ਸਾਂਝੇ ਨੀਤੀ ਹੱਲਿਆਂ ਖ਼ਿਲਾਫ਼ ਸਾਂਝੇ ਸੰਘਰਸ਼ ਉਸਾਰ ਕੇ ਹੀ ਅਸਲੀ ਲੋਕ ਪੱਖੀ ਰਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।ਕਨਵੈਨਸ਼ਨ ਦੀ ਕਾਰਵਾਈ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਨਾਲ ਸ਼ੁਰੂ ਹੋਈ, ਜਿਸ ਨਾਲ ਪੂਰੇ ਹਾਲ ਵਿੱਚ ਇੱਕ ਗੰਭੀਰ ਅਤੇ ਇਨਕਲਾਬੀ ਮਾਹੌਲ ਬਣ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਹਰਬੰਸ ਕੌਰ, ਬਲਕਰਨ ਸਿੰਘ ਅਤੇ ਗੁਰਦੀਪ ਸਿੰਘ ਸ਼ਾਮਲ ਸਨ, ਜਿਨ੍ਹਾਂ ਨੇ ਸਾਰੀ ਪ੍ਰਕਿਰਿਆ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਲਾਇਆ। ਮੋਰਚੇ ਦੇ ਸਕੱਤਰ ਜਗਮੇਲ ਸਿੰਘ ਨੇ ਕਨਵੈਨਸ਼ਨ ਸਾਹਮਣੇ ਜਥੇਬੰਦਕ ਰਿਪੋਰਟ ਪੇਸ਼ ਕੀਤੀ। ਇਸ ਤੋਂ ਬਾਅਦ ਸੂਬਾ ਕਮੇਟੀ ਮੈਂਬਰ ਸ਼ੀਰੀਂ ਨੇ ਮੌਜੂਦਾ ਕੌਮੀ, ਕੌਮਾਂਤਰੀ ਅਤੇ ਸੂਬਾਈ ਹਾਲਤਾਂ ਬਾਰੇ ਰਿਪੋਰਟ ਉੱਤੇ ਵਿਚਾਰ-ਚਰਚਾ ਦੀ ਸ਼ੁਰੂਆਤ ਕੀਤੀ।ਰਿਪੋਰਟ ਤੇ ਹੋਈ ਲੰਬੀ ਚਰਚਾ ਦੌਰਾਨ ਵਰਕਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ ਅਤੇ ਇਹ ਨਤੀਜਾ ਨਿਕਲਿਆ ਕਿ ਲੋਕਾਂ ਤੇ ਤਿੱਖੇ ਹੋਏ ਆਰਥਿਕ ਅਤੇ ਫਿਰਕੂ ਫਾਸ਼ੀ ਹੱਲੇ ਦੇ ਟਾਕਰੇ ਲਈ ਸਮੂਹ ਕਿਰਤੀ ਲੋਕਾਂ ਦਾ ਸਾਂਝਾ ਮੋਰਚਾ ਬਣਾਉਣਾ ਅੱਜ ਦੀ ਸਭ ਤੋਂ ਵੱਡੀ ਲੋੜ ਹੈ। ਬੁਲਾਰਿਆਂ ਨੇ ਜ਼ੋਰ ਦਿੱਤਾ ਕਿ ਮੌਜੂਦਾ ਬਚਾਅ ਮੁਖੀ ਸੰਘਰਸ਼ਾਂ ਨੂੰ ਹੁਣ ਬਦਲਾਅ ਮੁਖੀ ਸੰਘਰਸ਼ਾਂ ਵਿੱਚ ਪਲਟਣ ਦਾ ਸਮਾਂ ਆ ਗਿਆ ਹੈ। ਕਨਵੈਨਸ਼ਨ ਵਿੱਚ ਇਹ ਮਹਿਸੂਸ ਕੀਤਾ ਗਿਆ ਕਿ ਅਸਲੀ ਜਮਹੂਰੀਅਤ ਹਾਸਲ ਕਰਨ ਲਈ ਭਗਤ ਸਿੰਘ ਦੀ ਇਨਕਲਾਬੀ ਸਿਆਸਤ ਨੂੰ ਹੇਠਲੇ ਪੱਧਰ ਤੱਕ ਉਭਾਰਨਾ ਲਾਜ਼ਮੀ ਹੈ।ਵਿਸਤ੍ਰਿਤ ਵਿਚਾਰ-ਵਟਾਂਦਰੇ ਤੋਂ ਬਾਅਦ ਹਾਜ਼ਰ ਵਰਕਰਾਂ ਵੱਲੋਂ ਰਿਪੋਰਟ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਅਤੇ ਆਉਣ ਵਾਲੇ ਸਮੇਂ ਦੀਆਂ ਸਰਗਰਮੀਆਂ ਦੀ ਰੂਪ-ਰੇਖਾ ਉਲੀਕੀ ਗਈ। ਸੂਬਾਈ ਖ਼ਜ਼ਾਨਚੀ ਸੁਖਵਿੰਦਰ ਸਿੰਘ ਨੇ ਫੰਡ ਰਿਪੋਰਟ ਪੇਸ਼ ਕੀਤੀ। ਕਨਵੈਨਸ਼ਨ ਦੌਰਾਨ ਦੋ ਅਹਿਮ ਮਤੇ ਵੀ ਪਾਸ ਕੀਤੇ ਗਏ, ਜਿਨ੍ਹਾਂ ਵਿੱਚ ਇਰਾਨ ਉੱਪਰ ਇਜ਼ਰਾਈਲ ਤੇ ਅਮਰੀਕਾ ਦੇ ਹਮਲੇ ਅਤੇ ਭਾਰਤ-ਅਮਰੀਕਾ ਵਪਾਰਕ ਸੰਧੀ ਦੀ ਸਖ਼ਤ ਨਿਖੇਧੀ ਕੀਤੀ ਗਈ। ਸਮਾਗਮ ਦੇ ਅਖੀਰ ਵਿੱਚ ਕਮਲ, ਨਨਪਾਲ ਅਤੇ ਬਿੰਦਰ ਵੱਲੋਂ ਪੇਸ਼ ਕੀਤੇ ਗਏ ਇਨਕਲਾਬੀ ਗੀਤਾਂ ਨੇ ਹਾਜ਼ਰ ਵਰਕਰਾਂ ਵਿੱਚ ਨਵਾਂ ਜੋਸ਼ ਭਰ ਦਿੱਤਾ।

## ਸ੍ਰੀ ਸਿੱਧ ਬਾਬਾ ਬਾਲ ਜਤੀ ਯੂਥ ਕਲੱਬ ਵੱਲੋਂ ਲਗਾਏ ਜਾ ਰਹੇ ਭੰਡਾਰੇ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ




ਸੁਨਾਮ ਊਧਮ ਸਿੰਘ ਵਾਲਾ, 24 ਮਾਰਚ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) :ਸ੍ਰੀ ਸਿੱਧ ਬਾਬਾ ਬਾਲ ਜਤੀ ਯੂਥ ਕਲੱਬ ਅਤੇ ਸਮੂਹ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਧ ਸ਼ਕਤੀ ਪੀਠ ਸ਼੍ਰੀ ਸ਼ਾਰਦਾ ਮਾਤਾ ਮੰਦਿਰ ਛੋਟਾ ਤ੍ਰਿਲੋਕਪੁਰ (ਜ਼ਿਲ੍ਹਾ ਪੰਚਕੂਲਾ) ਵਿੱਚ ਵਿਸ਼ਾਲ ਭੰਡਾਰਾ 23 ਮਾਰਚ ਤੋਂ 26 ਮਾਰਚ, 2026 ਤੱਕ ਸ਼੍ਰੀ ਸ਼ਾਰਦਾ ਮਾਤਾ ਮੰਦਿਰ ਛੋਟਾ ਤ੍ਰਿਲੋਕਪੁਰ (ਜ਼ਿਲ੍ਹਾ ਪੰਚਕੂਲਾ) ਵਿੱਚ ਲਗਾਇਆ ਜਾ ਰਿਹਾ ਹੈ ਅੱਜ ਸਵੇਰੇ 10:00 ਵਜੇ ਮੁਹੱਲਾ ਤਰਖਾਣਾ ਵਾਲਾ ਤੋਂ ਭੰਡਾਰੇ ਦੀ ਰਵਾਨਗੀ ਹੋਈ ਇਸ ਮੌਕੇ ਮੁੱਖ ਮਹਿਮਾਨ ਸ਼੍ਰੀਮਤੀ ਗੀਤਾ ਸ਼ਰਮਾ ਸਾਬਕਾ ਪ੍ਰਧਾਨ ਨਗਰ ਕੌਂਸਲ, ਘਨਸ਼ਿਆਮ ਕਾਂਸਲ, ਸੌਰਵ ਬੰਸਲ ਚਿਰਾਗ ਫੀਡ, , ਦਵਿੰਦਰ ਰਿੰਪੀ ਨੇ ਭੰਡਾਰੇ ਦੇ ਟਰੱਕਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਇਸ ਮੌਕੇ ਆਏ ਹੋਏ ਸਾਰੇ ਮਹਿਮਾਨਾਂ ਦਾ ਕਲੱਬ ਦੇ ਮੈਂਬਰਾਂ ਵੱਲੋਂ ਸਨਮਾਨ ਕੀਤਾ ਗਿਆ ਇਸ ਮੌਕੇ ਕਲੱਬ ਦੇ ਮੈਂਬਰ ਨੀਟੂ ਕੁਮਾਰ ਦੀ ਧੀਮਾਨ , ਜੋਗਾ ਸਿੰਘ, ਡਿੰਪਲ ਧੀਮਾਨ, ਰਾਜੂ ਧੀਮਾਨ, ਤਰਲੋਕ ਧੀਮਾਨ ਮੌਜੂਦ ਸਨ।

## ਬਠਿੰਡਾ ਪੁਲਿਸ ਵੱਲੋਂ ਦੋ ਨੌਜਵਾਨ ਹੈਰੋਇਨ ਸਮੇਤ ਗ੍ਰਿਫ਼ਤਾਰ




ਬਠਿੰਡਾ, 24 ਮਾਰਚ (ਦੀਪਕ ਸ਼ਰਮਾ) : ਜ਼ਿਲ੍ਹਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਸੀਆਈਏ-1 ਦੀ ਟੀਮ ਨੇ ਦੋ ਨੌਜਵਾਨਾਂ ਨੂੰ 106 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਬਠਿੰਡਾ ਪੁਲਿਸ ਪਿਛਲੇ 9 ਦਿਨਾਂ ਦੌਰਾਨ ਵੱਖ-ਵੱਖ ਥਾਵਾਂ ਤੋਂ ਹੁਣ ਤੱਕ ਕੁੱਲ 1093 ਗ੍ਰਾਮ (1 ਕਿੱਲੋ 93 ਗ੍ਰਾਮ) ਹੈਰੋਇਨ ਬਰਾਮਦ ਕਰ ਚੁੱਕੀ ਹੈ ਅਤੇ ਇਹਨਾਂ ਮਾਮਲਿਆਂ ਵਿੱਚ ਕੁੱਲ 29 ਵਿਅਕਤੀ ਸਲਾਖਾਂ ਪਿੱਛੇ ਪਹੁੰਚਾਏ ਗਏ ਹਨ। ਇਹ ਕਾਰਵਾਈਆਂ ਐਸਐਸਪੀ ਜਯੋਤੀ ਯਾਦਵ ਅਤੇ ਐਸਪੀ (ਡੀ) ਜਸਮੀਤ ਸਿੰਘ ਦੀ ਨਿਗਰਾਨੀ ਹੇਠ ਅਮਲ ਵਿੱਚ ਲਿਆਂਦੀਆਂ ਜਾ ਰਹੀਆਂ ਹਨ।ਇਸ ਸਬੰਧੀ ਡੀਐਸਪੀ ਸੰਦੀਪ ਭਾਟੀ ਨੇ ਦੱਸਿਆ ਕਿ ਸੀਆਈਏ-1 ਦੀ ਟੀਮ ਜਦੋਂ ਬੀੜ ਤਲਾਬ ਖੇਤਰ ਵਿੱਚ ਸ਼ੱਕੀ ਵਾਹਨਾਂ ਦੀ ਚੈਕਿੰਗ ਕਰ ਰਹੀ ਸੀ, ਤਾਂ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੂੰ ਰੋਕਿਆ ਗਿਆ। ਤਲਾਸ਼ੀ ਲੈਣ ਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 106 ਗ੍ਰਾਮ ਹੈਰੋਇਨ ਬਰਾਮਦ ਹੋਈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਅਮਨਦੀਪ ਸਿੰਘ ਵਾਸੀ ਬੀੜ ਤਲਾਬ (ਬਸਤੀ ਨੰਬਰ 3) ਅਤੇ ਗੁਰਮੀਤ ਸਿੰਘ ਵਾਸੀ ਬੀੜ ਤਲਾਬ (ਬਸਤੀ ਨੰਬਰ 1) ਵਜੋਂ ਹੋਈ ਹੈ।ਥਾਣਾ ਸਦਰ ਬਠਿੰਡਾ ਵਿਖੇ ਮੁਲਜ਼ਮਾਂ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ ਮੁਕੱਦਮਾ ਨੰਬਰ 65 ਦਰਜ ਕੀਤਾ ਗਿਆ ਹੈ। ਡੀਐਸਪੀ ਭਾਟੀ ਅਨੁਸਾਰ ਮੁਢਲੀ ਪੜਤਾਲ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਹੈਰੋਇਨ ਬੀੜ ਤਲਾਬ ਦੇ ਹੀ ਕਿਸੇ ਅਣਪਛਾਤੇ ਵਿਅਕਤੀ ਤੋਂ ਲਿਆਂਦੀ ਗਈ ਸੀ। ਪੁਲਿਸ ਮੁਲਜ਼ਮਾਂ ਦਾ ਅਦਾਲਤ ਤੋਂ ਰਿਮਾਂਡ ਹਾਸਲ ਕਰਕੇ ਅਗਲੀ ਪੁੱਛਗਿੱਛ ਕਰ ਰਹੀ ਹੈ ਤਾਂ ਜੋ ਨਸ਼ੇ ਦੀ ਸਪਲਾਈ ਚੇਨ ਦਾ ਪਤਾ ਲਗਾਇਆ ਜਾ ਸਕੇ। ਇੱਥੇ ਦੱਸਣਾ ਬਣਦਾ ਹੈ ਕਿ ਬਠਿੰਡਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਲਗਾਤਾਰ ਕਾਰਵਾਈਆਂ ਕੀਤੀਆਂ ਜਾ ਰਹੀਆਂ। ਜਿਸ ਦੇ ਨਤੀਜੇ ਵਜੋਂ ਪਿਛਲੇ ਨੌਂ ਦਿਨਾਂ ਵਿੱਚ ਜਿਲ੍ਹੇ ਦੇ ਵੱਖ ਵੱਖ ਥਾਣਿਆਂ ਦੀ ਪੁਲਿਸ ਨੇ 29 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਭਾਰੀ ਮਾਤਰਾ 'ਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ ਜਿਨਾਂ ਵਿੱਚ 1093 ਗ੍ਰਾਮ ਹੈਰੋਇਨ ਫੜੀ ਗਈ ਹੈ।

## ਲੋਕ ਚੇਤਨਾ ਮੰਚ ਵੱਲੋਂ ਸੱਭਿਆਚਾਰਕ ਸਮਾਗਮ



ਲਹਿਰਾਗਾਗਾ, 24 ਮਾਰਚ (ਗੁਰਦੀਪ ਸਿੰਘ) : ਲੋਕ ਚੇਤਨਾ ਮੰਚ, ਲਹਿਰਾਗਾਗਾ ਵੱਲੋਂ ਸਥਾਨਕ ਪੁਰਾਣੀ ਅਨਾਜ ਮੰਡੀ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ ਵਿੱਚ 23 ਮਾਰਚ ਨੂੰ ਇੱਕ ਵਿਸ਼ਾਲ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਹ ਸੱਭਿਆਚਾਰਕ ਪ੍ਰੋਗਰਾਮ ਜਮਹੂਰੀ ਹੱਕਾਂ ਦੀ ਲਹਿਰ ਦੇ ਨਿਧੜਕ ਜਰਨੈਲ ਮਰਹੂਮ ਹਰੀ ਸਿੰਘ ਤਰਕ ਅਤੇ ਇਨਕਲਾਬੀ ਕਵੀ ਪਾਸ਼ ਨੂੰ ਸਮਰਪਿਤ ਕੀਤਾ ਗਿਆ। ਮੰਚ ਵੱਲੋਂ ਮਰਹੂਮ ਹਰੀ ਸਿੰਘ ਤਰਕ ਯਾਦਗਾਰੀ ਸਾਲਾਨਾ ਸਨਮਾਨ ਨਾਲ ਵਿਛੜ ਗਏ ਸਾਥੀ ਰਣਜੀਤ ਲਹਿਰਾ ਦੀ ਸਾਹਿਤਕ ਅਤੇ ਸਿਆਸੀ ਘਾਲਣਾ ਹਿੱਤ ਉਹਨਾਂ ਦੇ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ। ਮਾਲਵਾ ਹੇਕ, ਲਹਿਰਾਗਾਗਾ ਵੱਲੋਂ ਡਾ. ਜਗਦੀਸ਼ ਪਾਪੜਾ ਦੀ ਰਹਿਨੁਮਾਈ ਹੇਠ ਸ਼ਹੀਦਾਂ ਦੀਆਂ ਵਾਰਾਂ ਅਤੇ ਇਨਕਲਾਬੀ ਗੀਤਾਂ ਨਾਲ ਸੱਭਿਆਚਾਰਕ ਪ੍ਰੋਗਰਾਮ ਦਾ ਆਗਾਜ਼ ਹੋਇਆ ਅਤੇ ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ ਨੇ ਭਗਤ ਸਿੰਘ ਦੇ ਸੁਪਨੇ ਪੂਰੇ ਕਰਨ ਦਾ ਸੱਦਾ ਦਿੱਤਾ। ਮਸਤਾਨੇ ਥਿਏਟਰ ਗਰੁੱਪ, ਰਾਮਪੁਰਾ ਫੂਲ ਵੱਲੋਂ ਸੋਨੀ ਢਿੱਲੋਂ ਦੀ ਨਿਰਦੇਸ਼ਨਾ ਚ ਇੱਕ ਸੀ ਰੰਗ ਸਫੈਦ ਅਤੇ ਕ੍ਰਾਂਤੀ ਕਲਾ ਮੰਚ, ਮੋਗਾ ਵੱਲੋ ਬਲਜੀਤ ਸਿੰਘ ਦੀ ਨਿਰਦੇਸ਼ਨਾ ਚ ਛਿਪਣ ਤੋਂ ਪਹਿਲਾਂ ਨਾਟਕਾਂ ਦਾ ਭਾਵਪੂਰਤ ਮੰਚਨ ਕੀਤਾ ਗਿਆ। ਜਗਸੀਰ ਜੀਦਾ ਦੀ ਲੋਕ ਸੰਗੀਤ ਮੰਡਲੀ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ। ਮਾ. ਰਘਵੀਰ ਭੁਟਾਲ ਨੇ ਮਤੇ ਪੇਸ਼ ਕਰਦਿਆਂ ਫਲਸਤੀਨ, ਇਜਰਾਇਲ, ਇਰਾਨ, ਯੂਕਰੇਨ, ਰੂਸ ਸੰਕਟ ਦੇ ਹਵਾਲੇ ਨਾਲ ਸਾਮਰਾਜੀ ਮੁਲਕ ਅਮਰੀਕਾ ਵੱਲੋਂ ਦੁਨੀਆਂ ਚ ਜੰਗਾਂ ਦਾ ਮਾਹੌਲ ਸਿਰਜਣ ਦਾ ਵਿਰੋਧ ਕੀਤਾ, ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ ਦੇ ਸੰਘਰਸ਼ਾਂ ਦੀ ਡਟਵੀਂ ਹਮਾਇਤ ਕੀਤੀ, ਲੇਬਰ ਕੋਡ ਅਤੇ ਅਮਰੀਕਾ ਨਾਲ ਕੀਤੇ ਖੇਤੀ ਵਪਾਰਕ ਸਮਝੌਤਾ ਰੱਦ ਕਰਨ ਤੋਂ ਇਲਾਵਾ ਫਿਰੋਜ਼ਪੁਰ ਚ ਭਗਤ ਸਿੰਘ ਤੇ ਸਾਥੀਆਂ ਦੇ ਟਿਕਾਣੇ ਨੂੰ ਮਿਊਜ਼ੀਅਮ ਚ ਬਦਲਣ ਦੀ ਮੰਗ ਕੀਤੀ। ਮੰਚ ਸੰਚਾਲਨ ਮਾ. ਹਰਭਗਵਾਨ ਗੁਰਨੇ ਨੇ ਬਾਖੂਬੀ ਕੀਤਾ। ਇਸ ਮੌਕੇ ਮਾ. ਜੀਵਨ ਰਾਮ ਚੋਟੀਆਂ, ਗੁਰਚਰਨ ਸਿੰਘ, ਪੂਰਨ ਖਾਈ, ਸ਼ਮਿੰਦਰ ਸਿੰਘ, ਮਹਿੰਦਰ ਸਿੰਘ, ਲਛਮਣ ਅਲੀਸ਼ੇਰ, ਸੁਖਦੇਵ ਚੰਗਾਲੀਵਾਲਾ, ਰਾਮ ਖਾਈ, ਹਰੀ ਸਿੰਘ ਅੜਕਵਾਸ, ਸੁਖਜਿੰਦਰ ਲਾਲੀ, ਜ਼ੋਰਾ ਸਿੰਘ, ਪਿਆਰਾ ਲਾਲ, ਰਤਨਪਾਲ ਡੂਡੀਆਂ, ਬਲਦੇਵ ਚੀਮਾ, ਬਰਿੰਦਰ ਸਿੰਘ, ਪਰਵੀਨ ਖੋਖਰ ਅਤੇ ਰਣਦੀਪ ਸੰਗਤਪੁਰਾ ਹਾਜ਼ਰ ਸਨ।

## ਬੁਢਲਾਡਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਉਮੀਦਵਾਰ ਹੋ ਸਕਦੇ ਨੇ ਮਲਕੀਤ ਸਿੰਘ ਸਮਾਓਂ



ਬੁਢਲਾਡਾ, 24 ਮਾਰਚ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ) : ਜਿਵੇਂ ਜਿਵੇਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਉਵੇਂ ਉਵੇਂ ਸਿਆਸੀ ਪਾਰਟੀਆਂ ਨੇ ਵੱਖ ਵੱਖ ਹਲਕਿਆਂ ਵਿੱਚ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ।ਇਸੇ ਤਹਿਤ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਪਾਰਟੀ ਨੇ ਵੀ ਹਲਕਾ ਬੁਢਲਾਡਾ (ਰਿਜ਼ਰਵ) ਅੰਦਰ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿਤੀਆਂ ਹ,।ਜਿਸ ਤਹਿਤ ਪਾਰਟੀ ਵੱਲੋਂ ਭਲਕੇ ਬੋਹਾ ਦੀ ਮਹਾਂਵੀਰ ਧਰਮਸ਼ਾਲਾ ਵਿਖੇ ਇੱਕ ਵਰਕਰ ਮੀਟਿੰਗ ਕੀਤੀ ਜਾ ਰਹੀ ਹੈ।ਇਸ ਮੀਟਿੰਗ ਨੂੰ ਸੰਬੋਧਨ ਕਰਨ ਲਈ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵਿਸ਼ੇਸ਼ ਤੌਰ ਤੇ ਪੁੱਜ ਰਹੇ ਹਨ ਇਸ ਮੀਟਿੰਗ ਵਿੱਚ ਬੋਹਾ ਖੇਤਰ ਦੇ ਵੱਡੀ ਗਿਣਤੀ ਵਿੱਚ ਵਰਕਰ ਪਹੁੰਚਣ ਦੀ ਸੰਭਾਵਨਾ ਹੈ।ਇਸ ਮੀਟਿੰਗ ਦੇ ਚਲਦਿਆਂ ਇਹ ਚਰਚਾ ਜ਼ੋਰਾਂ ਤੇ ਹੈ ਕਿ ਹਲਕਾ ਬੁਢਲਾਡਾ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਾਬਕਾ ਵਿਧਾਇਕ ਸਵਰਗਵਾਸੀ ਜਥੇਦਾਰ ਚਤਿੰਨ ਸਿੰਘ ਸਮਾਓ ਦੇ ਪੁੱਤਰ ਮਲਕੀਤ ਸਿੰਘ ਸਮਾਂਓ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਉਮੀਦਵਾਰ ਹੋ ਸਕਦੇ ਹਨ। ਜੇਕਰ ਮਲਕੀਤ ਸਿੰਘ ਸਮਾਂਓ ਉਕਤ ਪਾਰਟੀ ਦੇ ਉਮੀਦਵਾਰ ਬਣਦੇ ਹਨ ਤਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵੋਟ ਬੈਂਕ ਨੂੰ ਵੱਡਾ ਖੋਰਾ ਲੱਗ ਸਕਦਾ ਹੈ। ਕਿਉਂਕਿ ਇਮਾਨਦਾਰ ਸ਼ਵੀ ਕਾਰਨ ਸਮਾਂਓ ਪਰਿਵਾਰ ਇਸ ਹਲਕੇ ਅੰਦਰ ਵੱਡਾ ਪ੍ਰਭਾਵ ਰੱਖਦਾ ਹੈ। ਮਲਕੀਤ ਸਿੰਘ ਸਮਾਂਓ ਅਪਣੇ ਮਿਲਣਸਾਰ ਸੁਭਾਅ ਕਾਰਨ ਹਲਕੇ ਅੰਦਰ ਵੱਖਰਾ ਪ੍ਰਭਾਵ ਰੱਖਦੇ ਹਨ ਕਿਉਂਕਿ ਉਹ ਲੰਬੇ ਸਮੇਂ ਤੋਂ ਹਲਕੇ ਦੇ ਸਾਬਕਾ ਪੰਚਾਂ ਸਰਪੰਚਾਂ,ਯੂਥ ਕਲੱਬਾਂ ਦੇ ਪ੍ਰਧਾਨਾਂ ਨਾਲ ਜੁੜੇ ਹੋਏ ਹਨ। ਚਤਿੰਨ ਸਿੰਘ ਸਮਾਓ ਦੇ ਵਿਧਾਇਕ ਹੁੰਦਿਆਂ ਉਹਨਾਂ ਨੇ ਹਲਕੇ ਦੇ ਲੋਕਾਂ ਦੇ ਕਾਫੀ ਨਿੱਜੀ ਕੰਮ ਕਰਵਾਏ ਹਨ ਅਤੇ ਹਲਕੇ ਦੇ ਅਕਾਲੀ ਵਰਕਰਾਂ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੁੰਦੇ ਹਨ।ਜਿਸ ਕਾਰਨ ਉਹ ਆਪਣੇ ਅਸਰ ਰਸੂਖ ਕਾਰਨ ਚੰਗੀਆਂ ਵੋਟਾਂ ਹਾਸਲ ਕਰ ਸਕਦੇ ਹਨ ਜਿਸਦਾ ਸਿੱਧਾ ਸਿੱਧਾ ਅਸਰ ਸ੍ਰੋਮਣੀ ਅਕਾਲੀ ਦਲ ਬਾਦਲ ਦੇ ਵੋਟ ਬੈਂਕ ਤੇ ਪਵੇਗਾ।

# ਹਰੀ ਕ੍ਰਾਂਤੀ ਲਈ ਸਰਕਾਰੀ ਪ੍ਰਾਇਮਰੀ ਸਕੂਲ ਮਲੂਕਾ ਨੈਸ਼ਨਲ ਐਵਾਰਡ ਦੀ ਸੂਚੀ 'ਚ ਸ਼ਾਮਿਲ



ਭਗਤਾ ਭਾਈ ਕਾ, 24 ਮਾਰਚ (ਸਵਰਨ ਸਿੰਘ ਭਗਤਾ) :ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਲੂਕਾ ਲਈ ਇਹ ਬਹੁਤ ਹੀ ਮਾਣ ਦੀ ਗੱਲ ਹੈ ਕਿ ਸਕੂਲ ਨੇ ਸਵੱਛਤਾ ਅਤੇ ਵਾਤਾਵਰਨ ਸੰਭਾਲ ਦੇ ਖੇਤਰ ਵਿੱਚ ਉੱਤਮ ਕੰਮ ਕਰਦੇ ਹੋਏ, ਪੰਜਾਬ ਦੇ ਹਜ਼ਾਰਾਂ ਸਕੂਲਾਂ ਦਾ ਮੁਕਾਬਲਾ ਕਰਦੇ ਹੋਏ, ਨੈਸ਼ਨਲ ਐਵਾਰਡ ਦੀ ਸੂਚੀ ਵਿੱਚ ਆਪਣੀ ਥਾਂ ਬਣਾਈ ਹੈ। ਸਕੂਲ ਦੇ ਮੁੱਖ ਅਧਿਆਪਕ ਬੇਅੰਤ ਸਿੰਘ ਮਲੂਕਾ (ਸਟੇਟ ਐਵਾਰਡੀ) ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਆਖੀਰ ਵਿੱਚ ਪੰਜਾਬ ਦੇ 175 ਸਕੂਲ ਸ਼ਾਰਟ ਲਿਸਟ ਕੀਤੇ ਗਏ ਸਨ। ਉਹਨਾਂ ਵਿੱਚੋਂ 20 ਸਕੂਲਾਂ ਨੂੰ ਨੈਸ਼ਨਲ ਐਵਾਰਡ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਹ ਵੀ ਵਰਣਨਯੋਗ ਹੈ ਕਿ ਇਹਨਾਂ 20 ਸਕੂਲਾਂ ਵਿੱਚ 11 ਪ੍ਰਾਈਵੇਟ ਅਤੇ ਸਰਕਾਰੀ ਸਿਰਫ਼ 9 ਸਕੂਲ ਹਨ। ਸਰਕਾਰੀ ਪ੍ਰਾਇਮਰੀ ਸਕੂਲ ਮਲੂਕਾ ਦੀ ਖ਼ਾਸ ਵਿਸ਼ੇਸ਼ਤਾ ਇਹ ਵੀ ਰਹੀ ਹੈ ਕਿ ਇਸ ਸਕੂਲ ਨੇ ਪੰਜਾਬ ਪਹਿਲੇ 9 ਸਕੂਲਾਂ ਵਿੱਚ ਆਪਣੀ ਜਗ੍ਹਾ ਬਣਾਉਣ ਦਾ ਮਾਣ ਹਾਸਿਲ ਕੀਤਾ ਹੈ। ਇਸ ਲਈ ਇਹ ਸਿਰਫ਼ ਸਕੂਲ ਲਈ ਹੀ ਨਹੀਂ, ਸਗੋਂ ਪੂਰੇ ਪਿੰਡ ਅਤੇ ਇਲਾਕੇ ਲਈ ਮਾਣ ਅਤੇ ਪ੍ਰੇਰਣਾ ਦੇ ਸਰੋਤ ਦਾ ਇੱਕ ਵੱਡਾ ਨਾਮ ਹੈ। ਸਕੂਲ ਵੱਲੋਂ ਸਵੱਛ ਭਾਰਤ-ਹਰੀ ਕ੍ਰਾਂਤੀ ਦੇ ਨਾਅਰੇ ਨੂੰ ਅਮਲ ਵਿੱਚ ਲਿਆਂਦਾ ਗਿਆ ਹੈ। ਇੱਥੇ ਬੱਚਿਆਂ ਨੂੰ ਸਿਰਫ਼ ਕਿਤਾਬੀ ਗਿਆਨ ਹੀ ਨਹੀਂ ਦਿੱਤਾ ਜਾਂਦਾ, ਸਗੋਂ ਉਨ੍ਹਾਂ ਨੂੰ ਸਫ਼ਾਈ ਅਤੇ ਵਾਤਾਵਰਨ ਪ੍ਰਤੀ ਜ਼ਿੰਮੇਵਾਰ ਨਾਗਰਿਕ ਬਣਾਉਣ ਲਈ ਵੀ ਤਿਆਰ ਕੀਤਾ ਜਾਂਦਾ ਹੈ। ਸਕੂਲ ਦੇ ਅਧਿਆਪਕਾਂ ਨੇ ਬੱਚਿਆਂ ਨੂੰ ਸਵੱਛਤਾ ਦੀ ਮਹੱਤਤਾ ਨੂੰ ਸਮਝਾਉਂਦੇ ਹੋਏ ਹਰ ਰੋਜ਼ ਸਕੂਲ ਅਤੇ ਆਲੇ-ਦੁਆਲੇ ਦੇ ਇਲਾਕੇ ਨੂੰ ਸਾਫ਼ ਰੱਖਣ ਲਈ ਪ੍ਰੇਰਿਤ ਕੀਤਾ ਹੈ। ਸਕੂਲ ਦੀ ਹਰ ਜਮਾਤ ਅਤੇ ਆਲੇ-ਦੁਆਲੇ ਨੂੰ ਕੂੜਾ-ਕਰਕਟ ਤੋਂ ਮੁਕਤ ਕਰਨ ਲਈ ਵੱਖਰੇ-ਵੱਖਰੇ ਡਸਟਬਿਨ ਦਾ ਪ੍ਰਬੰਧ ਕੀਤਾ ਗਿਆ ਹੈ। ਹਰੀ ਕ੍ਰਾਂਤੀ ਦੇ ਤਹਿਤ ਸਕੂਲ ਵਿੱਚ ਵੱਡੇ ਪੱਧਰ ਤੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਗਈ। ਬੱਚਿਆਂ ਨੇ ਆਪਣੇ ਹੱਥਾਂ ਨਾਲ ਪੌਦੇ ਲਗਾਏ ਅਤੇ ਉਨ੍ਹਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਵੀ ਆਪਣੇ ਸਿਰ ਲਈ ਹੈ। ਇਸ ਨਾਲ ਨਾ ਸਿਰਫ਼ ਸਕੂਲ ਦਾ ਵਾਤਾਵਰਣ ਸੁੰਦਰ ਬਣਿਆ, ਸਗੋਂ ਬੱਚਿਆਂ ਵਿੱਚ ਕੁਦਰਤ ਨਾਲ ਪਿਆਰ ਅਤੇ ਜ਼ਿੰਮੇਵਾਰੀ ਦੀ ਭਾਵਨਾ ਵੀ ਪੈਦਾ ਹੋਈ ਹੈ। ਸਕੂਲ ਵਿਖੇ ਸਿਧਾਂਤਕ ਸਿੱਖਿਆ ਨੂੰ ਵਿਵਹਾਰਕ ਸਿੱਖਿਆ ਨਾਲ ਜੋੜਨ ਲਈ 6 ਸਿੱਖਿਆਦਾਇਕ ਪਾਰਕ ਜਿੰਨ੍ਹਾਂ ਵਿੱਚ ਮੈਥ ਪਾਰਕ, ਸਾਇੰਸ ਪਾਰਕ, ਟਰੈਫ਼ਿਕ ਪਾਰਕ, ਪੰਜਾਬੀ ਭਾਸ਼ਾ ਅਤੇ ਸੁੰਦਰ ਲਿਖਾਈ ਪਾਰਕ, ਸਿਹਤ ਪਾਰਕ, ਕੰਪਿਊਟਰ ਸਿੱਖਿਆ ਨਾਲ ਸੰਬੰਧਤ ਆਈ.ਟੀ.ਪਾਰਕ ਸ਼ਾਮਿਲ ਹਨ, ਦੀ ਵਿਵਸਥਾ ਕੀਤੀ ਗਈ ਹੈ।ਸਕੂਲ ਵਿੱਚ ਪਾਣੀ ਬਚਾਉਣ ਅਤੇ ਪਲਾਸਟਿਕ ਦੇ ਘੱਟ ਇਸਤੇਮਾਲ ਲਈ ਵੀ ਖਾਸ ਯਤਨ ਕੀਤੇ ਗਏ ਹਨ। ਸਕੂਲ ਵਿੱਚ ਪਾਣੀ ਦੀ ਸੰਭਾਲ ਲਈ ਰੇਨ ਹਾਰਵੇਸਟਿੰਗ ਪ੍ਰੋਜੈਕਟ ਉਪਲੱਬਧ ਹੈ। ਇਸ ਤੋਂ ਇਲਾਵਾ ਕਿਚਨ ਗਾਰਡਨ, ਕੰਪੋਜ਼ਿਟ ਪਿੱਟ, ਪਾਣੀ ਦੀ ਨਿਕਾਸੀ ਦੇ ਯੋਗ ਪ੍ਰਬੰਧ ਅਤੇ ਵਾਧੂ ਸਾਫ਼ ਪਾਣੀ ਨੂੰ ਪੌਦਿਆਂ ਤੱਕ ਪਹੁੰਚਾਉਣ ਦੇ ਵੱਖਰੇ ਪ੍ਰੋਜੈਕਟ ਬਣੇ ਹੋਏ ਹਨ। ਬੱਚਿਆਂ ਨੂੰ ਦੁਬਾਰਾ ਵਰਤੋਂ ਅਤੇ ਰੀਸਾਈਕਲਿੰਗ ( ਬਾਰੇ ਜਾਗਰੂਕ ਕੀਤਾ ਗਿਆ। ਇਸ ਨਾਲ ਉਹ ਆਪਣੇ ਘਰਾਂ ਵਿੱਚ ਵੀ ਸਫ਼ਾਈ ਦਾ ਇਹ ਸੁਨੇਹਾ ਲੈ ਕੇ ਗਏ ਹਨ। ਸਮਾਜ ਵਿੱਚ ਸਵੱਛਤਾ ਅਤੇ ਹਰਿਆਲੀ ਦੀ ਲਹਿਰ ਫੈਲਾਉਣ ਲਈ ਹੋਰ ਅਨੇਕਾਂ ਪ੍ਰਚਾਰ ਦੇ ਸਾਧਨਾ ਤਹਿਤ ਯੋਗ ਉਪਰਾਲੇ ਕੀਤੇ ਗਏ ਹਨ। ਸਵੱਛਤਾ ਪੰਦਰਵਾੜੇ ਤਹਿਤ ਅਤੇ ਦਫ਼ਤਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਰ ਸਾਲ ਸਾਰੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਸ ਦਾ ਪੂਰਾ-ਪੂਰਾ ਰਿਕਾਰਡ ਲਿਖਤੀ ਤੌਰ ਤੇ ਰੱਖਿਆ ਜਾਂਦਾ ਹੈ। ਸਵੱਛਤਾ ਅਭਿਆਨ ਤਹਿਤ ਬੱਚਿਆਂ ਨੂੰ ਸਕੂਲ ਤੱਕ ਹੀ ਸੀਮਿਤ ਨਹੀਂ ਰੱਖਿਆ ਜਾਂਦਾ ਸਗੋਂ ਇਸ ਵਿੱਚ ਬੱਚਿਆਂ ਦੇ ਮਾਪਿਆਂ ਅਤੇ ਸਮੁਦਾਇ ਦੇ ਲੋਕਾਂ ਦੀ ਸ਼ਮੂਲੀਅਤ ਨੂੰ ਵੀ ਯਕੀਨੀ ਬਣਾਇਆ ਜਾਂਦਾ ਹੈ। ਇਸ ਉਪਲੱਬਧੀ ਦੇ ਪਿੱਛੇ ਸਕੂਲ ਦੇ ਮੁੱਖੀ, ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਦੀ ਸਾਂਝੀ ਮਿਹਨਤ ਹੈ। ਸਾਰਿਆਂ ਨੇ ਮਿਲ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਜੇ ਇਰਾਦੇ ਮਜ਼ਬੂਤ ਹੋਣ ਤਾਂ ਛੋਟਾ ਸਕੂਲ ਵੀ ਵੱਡੀਆਂ ਉਪਲਬਧੀਆਂ ਹਾਸਲ ਕਰ ਸਕਦਾ ਹੈ। ਅਖੀਰ ਵਿੱਚ, ਸਰਕਾਰੀ ਪ੍ਰਾਇਮਰੀ ਸਕੂਲ ਮਲੂਕਾ ਦੀ ਇਹ ਕਾਮਯਾਬੀ ਹੋਰਨਾਂ ਸਕੂਲਾਂ ਲਈ ਵੀ ਪ੍ਰੇਰਣਾ ਦਾ ਸ੍ਰੋਤ ਹੈ। ਇਹ ਸਾਨੂੰ ਸਿੱਖਾਉਂਦੀ ਹੈ ਕਿ ਸਵੱਛਤਾ ਅਤੇ ਹਰੀ ਕ੍ਰਾਂਤੀ ਵੱਲ ਛੋਟੇ-ਛੋਟੇ ਕਦਮ ਵੀ ਦੇਸ਼ ਨੂੰ ਵੱਡੇ ਬਦਲਾਅ ਵੱਲ ਲੈ ਕੇ ਜਾ ਸਕਦੇ ਹਨ।

## ਬੀ.ਐੱਡ . ਕਾਲਜ ਕਰਾਈਵਾਲਾ ਵਿਖੇ ਰਾਸ਼ਟਰੀ ਟੀ.ਬੀ. ਦਿਵਸ ਮਨਾਇਆ




ਮਲੋਟ, 24 ਮਾਰਚ (ਅਮਨਦੀਪ ਸਿੰਘ ਮਹਿਰਾ): 24 ਮਾਰਚ ਨੂੰ ਸ਼੍ਰੀ ਸੱਤਿਆ ਸਾਈ ਬੀ.ਐੱਡ. ਕਾਲਜ, ਕਰਾਈਵਾਲਾ ਵਿਖੇ ਰਾਸ਼ਟਰੀ ਟੀ.ਬੀ. ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰੋਗਰਾਮ ਅਫਸਰ ਪੰਕਜ ਗਾਬਾ ਵੱਲੋਂ ਇਕ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੇ ਹਿੱਸਾ ਲਿਆ ਅਤੇ ਆਪਣੇ ਵਿਚਾਰ ਪ੍ਰਗਟ ਕੀਤੇ।ਸਹਾਇਕ ਪ੍ਰੋਫੈਸਰ ਮਦਨ ਲਾਲ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਟੀ.ਬੀ. ਦੇ ਲੱਛਣਾਂ, ਇਲਾਜ ਅਤੇ ਇਸ ਦੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਇਸ ਬਿਮਾਰੀ ਸਬੰਧੀ ਜਾਣਕਾਰੀ ਦੇਣ।ਕਾਲਜ ਦੇ ਪ੍ਰਿੰਸੀਪਲ ਡਾ. ਪ੍ਰਦੀਪ ਠਕਰਾਲ ਨੇ ਟੀ.ਬੀ. ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 1882 ਵਿੱਚ ਡਾਕਟਰ ਰੌਬਰਟ ਕੋਚ ਵੱਲੋਂ ਟੀ.ਬੀ. ਦੇ ਜੀਵਾਣੂ ਦੀ ਖੋਜ ਕੀਤੀ ਗਈ ਸੀ। ਉਨ੍ਹਾਂ ਨੇ ਕਿਹਾ ਕਿ ਇਹ ਦਿਵਸ ਮਨਾਉਣ ਦਾ ਮੁੱਖ ਉਦੇਸ਼ ਲੋਕਾਂ ਵਿੱਚ ਇਸ ਖਤਰਨਾਕ ਬਿਮਾਰੀ ਖ਼ਿਲਾਫ ਜਾਗਰੂਕਤਾ ਪੈਦਾ ਕਰਨਾ ਹੈ। ਪਹਿਲਾਂ ਟੀ.ਬੀ. ਨੂੰ ਲਾਇਲਾਜ ਸਮਝਿਆ ਜਾਂਦਾ ਸੀ, ਪਰ ਆਧੁਨਿਕ ਤਕਨਾਲੋਜੀ ਨਾਲ ਹੁਣ ਇਸ ਦਾ ਇਲਾਜ ਸੰਭਵ ਹੈ ਅਤੇ ਸਰਕਾਰੀ ਹਸਪਤਾਲਾਂ ਵਿੱਚ ਇਹ ਮੁਫ਼ਤ ਉਪਲਬਧ ਹੈ।ਇਸ ਮੌਕੇ ਕਾਲਜ ਦੇ ਚੇਅਰਮੈਨ ਸ਼੍ਰੀ ਅਰਵਿੰਦ ਜੈਨ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੀਆਂ ਜਾਗਰੂਕਤਾ ਮੁਹਿੰਮਾਂ ਰਾਹੀਂ ਹੀ ਅਸੀਂ ਸਮਾਜ ਨੂੰ ਟੀ.ਬੀ. ਵਰਗੀ ਬਿਮਾਰੀ ਤੋਂ ਬਚਾ ਸਕਦੇ ਹਾਂ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਵਿੱਚ ਸਿਹਤ ਸੰਬੰਧੀ ਜਾਣਕਾਰੀ ਫੈਲਾਉਣ ਵਿੱਚ ਆਪਣਾ ਯੋਗਦਾਨ ਪਾਉਣ।ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਵੀ ਟੀ.ਬੀ. ਸੰਬੰਧੀ ਜਾਗਰੂਕਤਾ ਸੰਦੇਸ਼ ਸਾਂਝੇ ਕੀਤੇ ਗਏ ਅਤੇ ਇਸ ਬਿਮਾਰੀ ਦੇ ਖ਼ਾਤਮੇ ਲਈ ਸਹਿਯੋਗ ਦਾ ਸੰਕਲਪ ਲਿਆ ।

# ਵਾਈ.ਐਸ. ਕਾਲਜ ਦੀ ਫੈਕਲਟੀ ਨੇ ਚੰਡੀਗੜ੍ਹ ਵਿੱਚ ਐਨ.ਐਸ.ਐਸ. ਕਨਵੈਨਸ਼ਨ ਵਿੱਚ ਸੰਸਥਾ ਦੀ ਕੀਤੀ ਨੁਮਾਇੰਦਗੀ




ਬਰਨਾਲਾ, 24 ਮਾਰਚ (ਹਮੀਰ ਸਿੰਘ) : ਵਾਈ ਐੱਸ ਕਾਲਜ ਨੇ ਚੰਡੀਗੜ੍ਹ ਦੇ ਰੀਜਨਲ ਡਾਇਰੈਕਟੋਰੇਟ ਆਫ ਨੈਸ਼ਨਲ ਸਰਵਿਸ ਸਕੀਮ ਵੱਲੋਂ ਕੀਤੇ ਰਾਜਪੱਧਰੀ ਐੱਨ.ਐੱਸ.ਐੱਸ ਸੰਮੇਲਨ ਦੇ ਪਹਿਲੇ ਦਿਨ ਵਿੱਚ ਗਰਵ ਨਾਲ ਹਿੱਸਾ ਲਿਆ। ਸੰਮੇਲਨ ਵਿੱਚ ਵੱਖ-ਵੱਖ ਸੰਸਥਾਵਾਂ ਤੋਂ ਲਗਭਗ 250 ਪ੍ਰਤੀਨਿਧੀਆਂ ਨੇ ਭਾਵੁਕਤਾ ਨਾਲ ਹਿੱਸਾ ਲਿਆ, ਜੋ ਨੈਸ਼ਨਲ ਸਰਵਿਸ ਸਕੀਮ ਨੂੰ ਵੱਖ-ਵੱਖ ਪੱਧਰਾਂ ਤੇ ਮਜ਼ਬੂਤ ਕਰਨ ਲਈ ਸਾਂਝੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਵਾਈ.ਐਸ ਕਾਲਜ ਦਾ ਜੋਸ਼ ਅਤੇ ਲਗਨ ਨਾਲ ਪ੍ਰਤੀਨਿਧਤਵ ਕਰਦਿਆਂ, ਬੀ.ਐੱਸ.ਸੀ (ਆਈ.ਟੀ) ਵਿਭਾਗ ਦੀ ਹੈਡ ਹਰਮਨਪ੍ਰੀਤ ਕੌਰ ਨੇ ਸੰਮੇਲਨ ਦੀਆਂ ਕਾਰਵਾਈਆਂ ਵਿੱਚ ਸਕਰੀਆਂ ਤਰ੍ਹਾਂ ਹਿੱਸਾ ਲਿਆ। ਇਹਨੂੰ ਇੱਕ ਭਾਵੁਕ ਉਦਘਾਟਨੀ ਸਮਾਗਮ ਨਾਲ ਸ਼ੁਰੂਆਤ ਹੋਈ, ਜਿਸ ਨੇ ਚਰਚਾਵਾਂ ਅਤੇ ਸਹਿਯੋਗੀ ਸਿੱਖਣ ਨਾਲ ਭਰਪੂਰ ਦਿਨ ਦਾ ਲਹਿਜਾ ਤੈਅ ਕੀਤਾ। ਐੱਨ.ਐੱਸ.ਐੱਸ ਢਾਂਚੇ ਅਤੇ ਯੁਵਾ ਸ਼ਾਮਲੀਕਰਨ ਵਿੱਚ ਇਸ ਦੀ ਵਿਕਸਤ ਭੂਮਿਕਾ ਬਾਰੇ ਵਿਸਥਾਰ ਨਾਲ ਬ੍ਰੀਫਿੰਗ ਦਿੱਤੀ ਗਈ, ਜਿਸ ਨੇ ਰਾਸ਼ਟਰ-ਨਿਰਮਾਣ ਵਿੱਚ ਢੁਕਵੀਂ ਭਲਾਈਕਾਰੀ ਦੇ ਮਹੱਤਵ ਨੂੰ ਰੇਖਾਂਕਿਤ ਕੀਤਾ। ਹਿੱਸੇਦਾਰਾਂ ਨੇ ਰਾਜ-ਵਾਰੀ ਐੱਨ.ਐੱਸ.ਐੱਸ ਪੀ.ਪੀ.ਟੀ ਪੇਸ਼ਕਸ਼ਾਂ ਵਿੱਚ ਵੀ ਹਿੱਸਾ ਲਿਆ, ਜਿਸ ਨੇ ਵੱਖ-ਵੱਖ ਖੇਤਰਾਂ ਵਿੱਚ ਅਪਨਾਈਆਂ ਗਈਆਂ ਸਭ ਤੋਂ ਵਧੀਆ ਅਭਿਆਸਾਂ, ਨਵੀਨ ਮਾਡਲਾਂ ਅਤੇ ਪ੍ਰਭਾਵਸ਼ਾਲੀ ਪਹਿਲਕੰਰੀਆਂ ਦਾ ਵਿਸਥਾਰ ਨਾਲ ਜਾਣਕਾਰੀ ਦਿੱਤੀ। ਨਵੀਂ ਯੁਗ ਦੀ ਭਲਾਈਕਾਰੀ: ਵਿਸ਼ਵਵਿਆਪੀ ਸਭ ਤੋਂ ਵਧੀਆ ਅਭਿਆਸ ਅਤੇ ਐੱਨ.ਐੱਸ.ਐੱਸ ਨੂੰ ਮਜ਼ਬੂਤ ਕਰਨ ਦੇ ਅਵਸਰਾਂ ਵਿਸ਼ੇ 'ਤੇ ਡਾ. ਵਿਵੇਕ ਤ੍ਰਿਵੇਦੀ, ਡਾਇਰੈਕਟਰ, ਕੈਪੇਸਿਟੀ ਬਿਲਡਿੰਗ (ਐੱਸ.ਬੀ.ਐੱਮ), ਮੁਨਿਸਪਲ ਕਾਰਪੋਰੇਸ਼ਨ, ਚੰਡੀਗੜ੍ਹ ਵੱਲੋਂ ਇੱਕ ਅਮ੍ਰਿਤਮਈ ਸੈਸ਼ਨ ਕੀਤਾ ਗਿਆ। ਉਨ੍ਹਾਂ ਦੇ ਸੰਬੋਧਨ ਨੇ ਭਲਾਈਕਾਰੀ ਦੇ ਆਧੁਨਿਕ ਢੰਗਾਂ ਬਾਰੇ ਅਮੁੱਲੀਆ ਜਾਣਕਾਰੀ ਪ੍ਰਦਾਨ ਕੀਤੀ, ਹਿੱਸੇਦਾਰਾਂ ਨੂੰ ਐੱਨ.ਐੱਸ.ਐੱਸ ਪ੍ਰੋਗਰਾਮਾਂ ਦੀ ਪ੍ਰਭਾਵਸ਼ੀਲਤਾ ਵਧਾਉਣ ਲਈ ਵਿਸ਼ਵਵਿਆਪੀ ਮਾਨਤਾ ਪ੍ਰਾਪਤ ਰਣਨੀਤੀਆਂ ਅਪਣਾਉਣ ਲਈ ਉਤਸ਼ਾਹਿਤ ਕੀਤਾ। ਇਸ ਤੋਂ ਇਲਾਵਾ, ਘਾਸਰੂਟ ਪੱਧਰ 'ਤੇ ਐੱਨ.ਐੱਸ.ਐੱਸ ਗਤੀਵਿਧੀਆਂ ਦੇ ਬਿਹਤਰ ਲਾਗੂ ਕਰਨ ਲਈ ਨਿਰਮਾਣਾਤਮਕ ਸੁਝਾਅ ਅਤੇ ਸਿਫਾਰਸ਼ਾਂ ਵੀ ਸਾਂਝੀਆਂ ਕੀਤੀਆਂ ਗਈਆਂ, ਜੋ ਡੂੰਘੀ ਕਮਿਊਨਿਟੀ ਪਹੁੰਚ ਅਤੇ ਟਿਕਾਊ ਪ੍ਰਭਾਵ ਨੂੰ ਯਕੀਨੀ ਬਣਾਉਂਦੀਆਂ ਹਨ। ਡਾਇਰੈਕਟਰ ਵਰੁਣ ਭਾਰਤੀ ਨੇ ਫੈਕਲਟੀ ਦੀ ਅਜਿਹੇ ਪ੍ਰਭਾਵਸ਼ਾਲੀ ਪਲੇਟਫਾਰਮਾਂ ਵਿੱਚ ਸਕਰੀ ਭਾਗੀਦਾਰੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਰਾਜ ਪੱਧਰੀ ਸੰਮੇਲਨਾਂ ਵਿੱਚ ਹਿੱਸਾ ਲੈਣ ਨਾਲ ਸੰਸਥਾਗਤ ਦਿਖਨ ਵਿੱਚ ਵਾਧਾ ਹੁੰਦਾ ਹੈ। ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਅਜਿਹੇ ਮਾਹਾਨ ਸਮਾਗਮ ਵਿੱਚ ਕਾਲਜ ਦੇ ਪ੍ਰਤੀਨਿਧਤਵ 'ਤੇ ਗਰਵ ਪ੍ਰਗਟ ਕੀਤਾ। ਵਾਈਸ ਪ੍ਰਿੰਸੀਪਲ ਵੀ.ਪੀ. ਸਿੰਗਲਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ, ਐੱਨਐੱਸਐੱਸ ਪਹਿਲਕਦਮੀਆਂ ਨੂੰ ਮਜ਼ਬੂਤ ਕਰਨ ਵਿੱਚ ਲਗਾਤਾਰ ਸਿੱਖਣ ਅਤੇ ਸਹਿਯੋਗ ਦੇ ਮਹੱਤਵ 'ਤੇ ਜ਼ੋਰ ਦਿੱਤਾ।

# ਆਰੀਆਭੱਟ ਕਾਲਜ ਵਿਖੇ ਵਿਦਿਆਰਥੀਆਂ ਲਈ ਵਿਸ਼ੇਸ਼ ਵਿੱਦਿਅਕ ਦੌਰਾ ਕਰਵਾਇਆ



ਬਰਨਾਲਾ, 24 ਮਾਰਚ (ਬਘੇਲ ਸਿੰਘ ਧਾਲੀਵਾਲ) : ਆਰੀਆਭੱਟ ਕਾਲਜ, ਬਰਨਾਲਾ ਵਿਖੇ ਪ੍ਰਧਾਨ ਮੰਤਰੀ ਸ਼੍ਰੀ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਭਦੌੜ ਦੇ ਵਿਦਿਆਰਥੀਆਂ ਨੂੰ ਉੱਚੇਰੀ ਸਿੱਖਿਆ ਅਤੇ ਆਧੁਨਿਕ ਤਕਨਾਲੋਜੀ ਤੋਂ ਜਾਣੂੰ ਕਰਵਾਉਣ ਦੇ ਉਦੇਸ਼ ਨਾਲ ਸਕੂਲਾਂ ਦੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਵਿਦਿਅਕ ਦੌਰੇ ਦਾ ਆਯੋਜਨ ਕੀਤਾ ਗਿਆ। ਇਸ ਦੌਰੇ ਦੌਰਾਨ ਵਿਦਿਆਰਥੀਆਂ ਨੇ ਕਾਲਜ ਦੇ ਅਕਾਦਮਿਕ ਮਾਹੌਲ ਅਤੇ ਉੱਥੇ ਉਪਲਬਧ ਸਹੂਲਤਾਂ ਦਾ ਨੇੜਿਓਂ ਨਿਰੀਖਣ ਕੀਤਾ। ਕਾਲਜ ਦੇ ਚੇਅਰਮੈਨ ਸ੍ਰੀ ਆਰ. ਕੇ. ਗੁਪਤਾ ਜੀ ਨੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਜਿਹੇ ਦੌਰੇ ਵਿਦਿਆਰਥੀਆਂ ਦੇ ਮਾਨਸਿਕ ਵਿਕਾਸ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਸੰਸਥਾ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਕੇਵਲ ਕਿਤਾਬੀ ਗਿਆਨ ਹੀ ਨਹੀਂ, ਸਗੋਂ ਪ੍ਰੈਕਟੀਕਲ ਤੌਰ ਤੇ ਵੀ ਮਜ਼ਬੂਤ ਕਰਨਾ ਹੈ। ਕਾਲਜ ਦੇ ਡਾਇਰੈਕਟਰ ਡਾ. ਅਜੈ ਮਿੱਤਲ ਜੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਕਿੱਤਾਮੁਖੀ ਕੋਰਸਾਂ ਅਤੇ ਭਵਿੱਖ ਵਿੱਚ ਰੁਜ਼ਗਾਰ ਦੇ ਮੌਕਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਕਾਲਜ ਵਿੱਚ ਵਿਦਿਆਰਥੀਆਂ ਲਈ ਅਤਿ-ਆਧੁਨਿਕ ਲੈਬਾਂ ਅਤੇ ਲਾਇਬ੍ਰੇਰੀ ਦੀ ਸਹੂਲਤ ਮੌਜੂਦ ਹੈ। ਡੀਨ ਭਵੇਤ ਗਰਗ ਜੀ ਨੇ ਵਿਦਿਆਰਥੀਆਂ ਨੂੰ ਕਾਲਜ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਕੇ ਜੀਵਨ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੇ ਕਾਲਜ ਦੇ ਵੱਖ-ਵੱਖ ਵਿਭਾਗਾਂ ਦਾ ਦੌਰਾ ਕੀਤਾ ਅਤੇ ਅਧਿਆਪਕਾਂ ਨਾਲ ਗੱਲਬਾਤ ਕਰਕੇ ਆਪਣੀਆਂ ਸ਼ੰਕਾਵਾਂ ਦੂਰ ਕੀਤੀਆਂ। ਇਸ ਦੌਰੇ ਦੇ ਅੰਤ ਵਿੱਚ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਨੇ ਕਾਲਜ ਪ੍ਰਬੰਧਕਾਂ ਸ਼੍ਰੀ ਹਰਭਜਨ ਸਿੰਘ ਜੀ, ਸ਼੍ਰੀ ਅਸ਼ਵਨੀ ਕੁਮਾਰ ਜੀ, ਸ਼੍ਰੀ ਇੰਦਰਪਾਲ ਗੋਇਲ ਜੀ, ਸ਼੍ਰੀ ਰਾਜੀਵ ਮੰਗਲਾ ਜੀ, ਸ਼੍ਰੀ ਨਰੇਸ਼ ਕੁਮਾਰ ਜੀ, ਸ੍ਰੀ ਮੋਹਿਤ ਮੰਗਲਾ ਜੀ ਅਤੇ ਸ਼੍ਰੀ ਰੋਹਿਤ ਮੰਗਲਾ ਜੀ ਦਾ ਧੰਨਵਾਦ ਕੀਤਾ। ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਵੀ ਹਾਜ਼ਰ ਸੀ।

# ਆਰੀਆ ਭੱਟ ਕਾਲਜ ਦੀ ਸਹਾਇਕ ਪ੍ਰੋ. ਗਗਨਦੀਪ ਕੌਰ 'ਪੰਜਾਬ ਦੀ ਧੀ ਐਵਾਰਡ' ਨਾਲ ਸਨਮਾਨਿਤ




ਬਰਨਾਲਾ, 24 ਮਾਰਚ (ਬਘੇਲ ਸਿੰਘ ਧਾਲੀਵਾਲ) : ਲੋਕ ਸੱਭਿਆਚਾਰਕ ਸੱਥ ਦੇ ਸੰਸਥਾਪਕ ਜਤਿੰਦਰ ਕੌਰ ਸੰਧੂ ਵੱਲੋਂ ਸੀ.ਟੀ ਯੂਨੀਵਰਸਿਟੀ ਵਿਖੇ ਪੰਜਾਬ ਪੱਧਰੀ ਕਰਵਾਏ ਗਏ ਵਿਸ਼ੇਸ਼ ਸਨਮਾਨ ਸਮਾਰੋਹ ਵਿਖੇ ਪੰਜਾਬ ਦੀਆਂ ਹੋਣਹਾਰ ਮਾਣਮੱਤੀਆਂ ਧੀਆਂ ਨੂੰ ਸਨਮਾਨਿਤ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹਾ ਬਰਨਾਲਾ ਦੇ ਆਰੀਆ ਭੱਟ ਕਾਲਜ ਵਿੱਚ ਸਹਾਇਕ ਪ੍ਰੋਫ਼ੈਸਰ ਵਜੋਂ ਸੇਵਾਵਾਂ ਨਿਭਾ ਰਹੀ ਗਗਨਦੀਪ ਕੌਰ ਨੂੰ 'ਪੰਜਾਬ ਦੀ ਧੀ' ਐਵਾਰਡ ਵਿਸ਼ੇਸ਼ ਤੌਰ 'ਤੇ ਉਹਨਾਂ ਦੀਆਂ ਸਾਹਿਤ ਖੇਤਰ ਵਿੱਚ ਹੋਈਆਂ ਪ੍ਰਾਪਤੀਆਂ ਵਜੋਂ ਦਿੱਤਾ ਗਿਆ। ਕਾਲਜ ਦੇ ਚੇਅਰਮੈਨ ਸ਼੍ਰੀ ਆਰ.ਕੇ. ਗੁਪਤਾ ਜੀ ਨੇ ਕਿਹਾ ਕਿ ਸਾਡੀ ਸੰਸਥਾ ਆਰੀਆ ਭੱਟ ਕਾਲਜ ਦੇ ਲਈ ਇਹ ਇੱਕ ਮਾਣ ਵਾਲੀ ਗੱਲ ਹੈ, ਕਿਉਂਕਿ ਜਿੱਥੇ ਅਜਿਹੇ ਸਾਹਿਤਕ ਰੁਚੀਆਂ ਵਾਲ਼ੇ ਪ੍ਰੋਫ਼ੈਸਰ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹਨ ਉੱਥੋਂ ਦੇ ਵਿਦਿਆਰਥੀਆਂ ਦਾ ਭਵਿੱਖ ਯਕੀਨਨ ਸੁਨਹਿਰੀ ਹੋਵੇਗਾ। ਡੀਨ ਅਕਾਦਮਿਕ ਇੰਚਾਰਜ ਡਾ. ਭਵੇਤ ਗਰਗ ਜੀ ਅਤੇ ਆਰਟਸ ਵਿਭਾਗ ਦੇ ਮੁਖੀ ਪ੍ਰੋਫ਼ੈਸਰ ਭਾਵੁਕਤਾ ਸ਼ਰਮਾ ਜੀ ਨੇ ਇਹ ਦੱਸਣ ਲੱਗਿਆਂ ਬੇਹੱਦ ਖ਼ੁਸ਼ੀ ਮਹਿਸੂਸ ਕੀਤੀ ਹੈ ਕਿ ਪਿਛਲੇ ਸਾਲ ਸਾਡੇ ਕਾਲਜ ਦੇ ਹੋਣਹਾਰ ਸਹਾਇਕ ਪ੍ਰੋਫ਼ੈਸਰ ਗਗਨਦੀਪ ਕੌਰ ਨੇ ਡੀ.ਡੀ ਪੰਜਾਬੀ ਜਲੰਧਰ ਤੇ ਹੋਏ ਪ੍ਰੋਗਰਾਮ ਗੱਲਾਂ ਦੇ ਗੀਤ ਵਿੱਚ ਵੀ ਲਾਈਵ ਹੋ ਕੇ ਨੌਜਵਾਨ ਪੀੜ੍ਹੀ ਨੂੰ ਬਜ਼ੁਰਗਾਂ ਦੀ ਸਾਂਭ ਸੰਭਾਲ ਕਰਨ ਸੰਬੰਧੀ ਇੱਕ ਚੰਗਾ ਸੁਨੇਹਾ ਵੀ ਦਿੱਤਾ ਸੀ ਅਤੇ ਇਥੋਂ ਤੱਕ ਕਿ ਜਨਵਰੀ 2023 ਵਿੱਚ ਧੀ ਪੰਜਾਬ ਦੇ ਐਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ ਸੀ। ਸਹਾਇਕ ਪ੍ਰੋਫ਼ੈਸਰ ਗਗਨਦੀਪ ਕੌਰ ਆਪਣੀ ਇੱਕ ਮੌਲਿਕ ਕਿਤਾਬ, ਇਤਿਹਾਸ ਬੋਧ ਦੀਆਂ ਚਾਰ ਸਿੱਖਿਆ ਲਈ ਉਪਯੋਗੀ ਪੁਸਤਕਾਂ ਅਤੇ 13 ਕਿਤਾਬਾਂ ਸੰਪਾਦਿਤ ਕਰਕੇ ਸਾਹਿਤ ਦੀ ਝੋਲੀ ਵਿੱਚ ਪਾ ਚੁੱਕੇ ਹਨ।ਉਮੀਦ ਕਰਦੇ ਹਾਂ ਕਿ ਸਹਾਇਕ ਪ੍ਰੋਫ਼ੈਸਰ ਗਗਨਦੀਪ ਕੌਰ ਭਵਿੱਖ ਵਿੱਚ ਸੰਸਥਾ ਦੇ ਵਿਦਿਆਰਥੀਆਂ ਨੂੰ ਹੋਰ ਬੁਲੰਦੀਆਂ ਤੇ ਲੈ ਕੇ ਜਾਣਗੇ। ਕਾਲਜ ਦੇ ਡਾਇਰੈਕਟਰ ਡਾ.ਅਜੇ ਮਿੱਤਲ ਜੀ ਅਤੇ ਡੀਨ ਅਕਾਦਮਿਕ ਇੰਚਾਰਜ ਡਾ. ਭਵੇਤ ਗਰਗ ਜੀ, ਕਾਲਜ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਸ਼੍ਰੀ ਹਰਭਜਨ ਸਿੰਘ ਜੀ, ਸ਼੍ਰੀ ਅਸ਼ਵਨੀ ਕੁਮਾਰ ਜੀ, ਸ਼੍ਰੀ ਇੰਦਰਪਾਲ ਗੋਇਲ ਜੀ, ਸ਼੍ਰੀ ਰਾਜੀਵ ਮੰਗਲਾ ਜੀ, ਸ਼੍ਰੀ ਨਰੇਸ਼ ਕੁਮਾਰ ਜੀ, ਸ੍ਰੀ ਮੋਹਿਤ ਮੰਗਲਾ ਜੀ ਅਤੇ ਸ਼੍ਰੀ ਰੋਹਿਤ ਮੰਗਲਾ ਜੀ ਨੇ ਇਸ ਉਪਰਾਲੇ ਲਈ ਹਿਊਮੈਨਿਟੀਜ਼ ਵਿਭਾਗ ਦੇ ਮੁਖੀ ਪ੍ਰੋ. ਭਾਵੁਕਤਾ ਸ਼ਰਮਾ ਜੀ ਅਤੇ ਸਮੂਹ ਸਟਾਫ ?ਨੇ ਗਗਨਦੀਪ ਕੌਰ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਵਿਸ਼ੇਸ਼ ਤੌਰ 'ਤੇ ਮੁਬਾਰਕਬਾਦ ਦਿੱਤੀ। ਸਹਾਇਕ ਪ੍ਰੋ. ਗਗਨਦੀਪ ਕੌਰ ਨੇ ਕਾਲਜ ਦੇ ਚੇਅਰਮੈਨ ਸਰ, ਡਾਇਰੈਕਟਰ ਸਰ, ਡੀਨ ਸਰ, ਵਿਭਾਗ ਮੁਖੀ ਅਤੇ ਆਪਣੇ ਕਾਲਜ ਦੀ ਸਾਰੀ ਹੀ ਮੈਨੇਜਮੈਂਟ ਕਮੇਟੀ ਅਤੇ ਸਮੂਹ ਸਟਾਫ਼ ਦਾ ਧੰਨਵਾਦ ਕਰਦੇ ਹੋਏ ਕਿਹਾ ਹੈ ਕਿ ਇਹ ਮਾਣ-ਸਨਮਾਨ ਆਪ ਸਭ ਦੇ ਸਹਿਯੋਗ ਤੇ ਹੱਲਾਸ਼ੇਰੀ ਸਦਕਾ ਪ੍ਰਾਪਤ ਹੋਇਆ ਹੈ।

# ਯੂਨੀਵਰਸਿਟੀ ਕਾਲਜ ਢਿੱਲਵਾਂ ਵਿਖੇ ਫ਼ੌਜ ਵਿੱਚ ਕੈਰੀਅਰ ਸਬੰਧੀ ਬੱਚਿਆਂ ਨੂੰ ਜਾਣਕਾਰੀ ਦਿੱਤੀ : ਪ੍ਰੋ. ਜਗਦੀਪ



ਬਰਨਾਲਾ, 24 ਮਾਰਚ (ਹਮੀਰ ਸਿੰਘ) : ਯੂਨਿਵਰਸਿਟੀ ਕਾਲਜ ਢਿੱਲਵਾਂ ਵਿਖੇ 12ਵੀ ਤੋਂ ਬੀਏ ਤੱਕ ਦੇ ਬੱਚਿਆਂ ਨੂੰ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਫੌਜ ਵਿੱਚ ਲੜਕੇ ਅਤੇ ਲੜਕੀਆਂ ਲਈ ਕਰੀਅਰ ਸਬੰਧੀ ਜਾਣਕਾਰੀ ਦਿੱਤੀ ਇਸ ਬਾਬਤ ਇਕ ਪ੍ਰੈਸ ਨੋਟ ਜਾਰੀ ਕਰਕੇ ਪ੍ਰੋ ਜਗਦੀਪ ਸਿੰਘ ਅਤੇ ਰਮਨਦੀਪ ਸਿੰਘ ਨੇ ਸਾਂਝਾ ਬਿਆਨ ਜਾਰੀ ਕਰਕੇ ਦੱਸਿਆ।ਉਹਨਾਂ ਕਿਹਾ ਕਿ ਕੈਪਟਨ ਸਿੱਧੂ ਨੇ ਦਸਿਆ ਕਿ ਫੌਜ ਅੱਜ ਕੱਲ ਕੁੜੀਆ ਅਤੇ ਮੁੰਡਿਆ ਨੂੰ ਦੇਸ ਦੀ ਸੇਵਾ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ ਉਹਨਾਂ ਦਸਿਆ ਕਿ ਦਸਵੀਂ ਬਾਰਵੀਂ ਅਤੇ ਗ੍ਰੈਜੂਏਸ਼ਨ ਤੋਂ ਬਾਦ ਇੰਡੀਅਨ ਨੇਵੀ ਆਰਮੀ ਅਤੇ ਏਅਰ ਫੋਰਸ ਵਿੱਚ ਭਰਤੀ ਹੋਇਆ ਜਾ ਸਕਦਾ ਹੈ ਉਮਰ 18 ਤੋ 22 ਸਾਲ ਤਕ ਜਿਨਾ ਬੱਚਿਆਂ ਨੇ ਬਾਰਵੀਂ ਫਿਜਿਕਸ ਮੈਥ ਅਤੇ ਕਮਿਸਟਰੀ ਨਾਲ 70 ਪ੍ਰਤੀਸ਼ਤ ਤੋਂ ਜਿਆਦਾ ਨੰਬਰ ਹਨ ਉਹ ਐਨ ਡੀ ਏ ਵਿੱਚ ਜਾ ਸਕਦੇ ਹਨ ਅਤੇ ਇੰਜੀਨੀਅਰਿੰਗ ਅਤੇ ਸਾਇੰਸ ਨਾਲ ਬੀ ਐੱਸ ਸੀ ਅਤੇ ਲਾਅ ਕੀਤੇ ਬੱਚੇ ਸਿੱਧਾ ਅਫ਼ਸਰ ਭਰਤੀ ਹੋ ਸਕਦੇ ਹਨ ਉਹਨਾਂ ਬੱਚਿਆਂ ਨੂੰ ਸਵੱਛ ਵਾਤਾਵਰਨ ਦੀ ਉਹਨਾਂ ਦੀ ਜਿੰਦਗੀ ਵਿੱਚ ਮਹੱਤਤਾ ਬਾਬਤ ਦੱਸਿਆ ਸਿੱਧੂ ਨੇ ਗੁਰਬਾਣੀ ਦੀਆਂ ਪੰਕਤੀਆਂ ਬੋਲ ਕੇ ਕਿਹਾ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ ਦੀ ਮਹੱਤਤਾ ਬਾਬਤ ਬੋਲਦਿਆ ਕਿਹਾ ਕਿ ਪਾਣੀ ਆਪਣੀ ਜਿੰਦਗੀ ਦਾ ਬਹੁਤ ਹੀ ਅਨਿੱਖੜਵਾਂ ਅੰਗ ਹੈ ਇਸ ਦੀ ਸੰਭਾਲ 'ਤੇ ਜੋਰ ਦਿੱਤਾ ਉਹਨਾਂ ਨੌਜਵਾਨ ਬੱਚਿਆਂ ਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਸਖ਼ਤੀ ਨਾਲ ਕਰਨ ਲਈ ਪ੍ਰੇਰਿਆ ਤਾਕਿ ਅਣਸੁਖਾਵੀਆਂ ਘਟਨਾਵਾਂ ਨਾ ਹੋਣ ਸਮਾਜ ਵਿੱਚ ਜਾਤ ਪਾਤ ਅਤੇ ਦਹੇਜ ਵਰਗੀਆਂ ਅਲਾਮਤਾਂ ਤੋਂ ਦੂਰ ਰਹਿਣ ਲਈ ਪ੍ਰੇਰਿਆ ਅਖੀਰ ਵਿੱਚ ਸਿੱਧੂ ਨੇ ਅਧਿਆਪਕਾ ਦਾ ਸਤਿਕਾਰ ਅਤੇ ਮਨ ਲਗਾਕੇ ਪੜ੍ਹਨ ਲਈ ਪ੍ਰੇਰਿਆ ਇਸ ਮੌਕੇ ਵਾਰੰਟ ਅਫ਼ਸਰ ਸਮਸ਼ੇਰ ਸਿੰਘ ਸੂਬੇਦਾਰ ਧੰਨਾ ਸਿੰਘ ਹੌਲਦਾਰ ਬਸੰਤ ਸਿੰਘ ਗੁਰਦੇਵ ਸਿੰਘ ਮੱਕੜ ਅਤੇ ਕਾਲਜ ਵੱਲੋ ਪ੍ਰੋ ਅੰਮ੍ਰਿਤਪਾਲ ਕੌਰ ਪ੍ਰੋ ਗੁਰਪ੍ਰੀਤ ਸਿੰਘ ਪ੍ਰੋ ਸੰਦੀਪ ਸ਼ਰਮਾ ਪ੍ਰੋ ਸਵਰਨ ਕੌਰ ਪ੍ਰੋ ਸੁਖਪਾਲ ਕੌਰ ਪ੍ਰੋ ਮਨਪ੍ਰੀਤ ਸਿੰਘ ਪ੍ਰੋ ਕਮਲਜੀਤ ਕੌਰ ਹਾਜ਼ਰ ਸਨ।

# ਸਾਈਬਰ ਕੈਫੇ ਦੀ ਵਰਤੋਂ ਵੇਲੇ ਪਛਾਣ-ਪੱਤਰ ਲੈਣਾ ਲਾਜ਼ਮੀ ਕਰਾਰ

ਬਰਨਾਲਾ, 24 ਮਾਰਚ (ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਹਰਪ੍ਰੀਤ ਸਿੰਘ ਨੇ ਜ਼ਿਲ੍ਹੇ ਦੇ ਸਾਈਬਰ ਕੈਫੇ ਮਾਲਕਾਂ ਲਈ ਹੁਕਮ ਜਾਰੀ ਕਰਦਿਆਂ ਹਦਾਇਤ ਕੀਤੀ ਹੈ ਕਿ ਅਣਜਾਣ ਵਿਅਕਤੀ ਨੂੰ ਬਿਨਾਂ ਪਛਾਣ ਪੱਤਰ ਦੇ ਸਾਈਬਰ ਕੈਫੇ ਵਰਤਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਸਾਈਬਰ ਕੈਫੇ ਦੀ ਵਰਤੋਂ ਕਰਨ ਵਾਲੇ ਹਰੇਕ ਵਿਅਕਤੀ ਦਾ ਰਿਕਾਰਡ ਰੱਖਣ ਲਈ ਵਿਸ਼ੇਸ਼ ਰਜਿਸਟਰ ਲਗਾਇਆ ਜਾਵੇ ਅਤੇ ਹਰੇਕ ਆਉਣ ਵਾਲੇ ਵਿਅਕਤੀ ਲਈ ਜ਼ਰੂਰੀ ਹੋਵੇਗਾ ਕਿ ਉਹ ਆਪਣਾ ਨਾਮ, ਪਤਾ, ਟੈਲੀਫੋਨ ਨੰਬਰ ਸਮੇਤ ਮੰਤਵ ਰਜਿਸਟਰ ਵਿੱਚ ਆਪਣੇ ਹੱਥ ਨਾਲ ਇੰਦਰਾਜ ਕਰੇਗਾ ਅਤੇ ਹਸਤਾਖਰ ਕਰਨੇ ਵੀ ਲਾਜ਼ਮੀ ਹੋਣਗੇ। ਕੈਫੇ ਦੀ ਵਰਤੋਂ ਕਰਨ ਵਾਲੇ ਵਿਅਕਤੀ ਦੀ ਪਛਾਣ ਕੈਫੇ ਮਾਲਕ ਵੱਲੋਂ ਉਸਦੇ ਪਹਿਚਾਣ ਪੱਤਰ, ਵੋਟਰ ਕਾਰਡ, ਡਰਾਈਵਿੰਗ ਲਾਇਸੈਂਸ, ਪਾਸਪੋਰਟ ਅਤੇ ਫੋਟੋ ਕਰੈਡਿਟ ਕਾਰਡ ਨਾਲ ਕੀਤੀ ਜਾਵੇਗੀ। ਫੌਜਦਾਰੀ ਜ਼ਾਬਤਾ 1973 ਦੀ ਧਾਰਾ 144 ਤਹਿਤ ਜਾਰੀ ਇਨ੍ਹਾਂ ਹੁਕਮਾਂ ਮੁਤਾਬਕ ਐਕਟਿਵਟੀ ਸਰਵਰ ਦਾ ਮੁੱਖ ਸਰਵਰ ਵਿੱਚ ਰਿਕਾਰਡ ਘੱਟੋ-ਘੱਟ ਛੇ ਮਹੀਨੇ ਲਈ ਰੱਖਿਆ ਜਾਵੇਗਾ। ਕੈਫੇ ਵਿੱਚ ਆਉਣ ਵਾਲੇ ਕਿਸੇ ਵਿਅਕਤੀ 'ਤੇ ਸ਼ੱਕ ਹੋਣ 'ਤੇ ਕੈਫੇ ਮਾਲਕ ਤੁਰੰਤ ਪੁਲਿਸ ਨੂੰ ਸੂਚਤ ਕਰੇਗਾ। ਕਿਸੇ ਵੀ ਵਿਅਕਤੀ ਵੱਲੋਂ ਵਰਤੇ ਗਏ ਵਿਸ਼ੇਸ਼ ਕੰਪਿਊਟਰ ਬਾਰੇ ਰਿਕਾਰਡ ਨੂੰ ਸੰਭਾਲ ਕੇ ਰੱਖਣਾ ਲਾਜ਼ਮੀ ਹੋਵੇਗਾ। ਇਹ ਹੁਕਮ ਮਿਤੀ 13 ਮਈ 2026 ਤੱਕ ਲਾਗੂ ਰਹਿਣਗੇ।

# ਐੱਨ.ਐੱਸ.ਐੱਸ., ਰੈਡ ਰਿਬਨ ਕਲੱਬ ਨੇ ਸ਼ਹੀਦੀ ਪੈਦਲ ਯਾਤਰਾ




ਬਰਨਾਲਾ, 24 ਮਾਰਚ (ਇਸ਼ੇਨ ਕੰਗ) : ਸ਼੍ਰੀ ਲਾਲ ਬਹਾਦੁਰ ਸ਼ਾਸਤਰੀ ਆਰੀਆ ਮਹਿਲਾ ਕਾਲਜ ਬਰਨਾਲਾ ਦੇ ਪ੍ਰਿੰਸੀਪਲ ਡਾਕਟਰ ਸੁਸ਼ੀਲ ਬਾਲਾ ਜੀ ਨੇ ਦੱਸਿਆ ਕਿ ਅੱਜ ਐੱਨ.ਐੱਸ.ਐੱਸ ਵਿਭਾਗ, ਰੈਡ ਰਿਬਨ ਕਲੱਬ ਅਤੇ ਮਾਈ ਭਾਰਤ ਕੇਂਦਰ ਬਰਨਾਲਾ ਦੇ ਸਹਿਯੋਗ ਦੇ ਨਾਲ ਸ਼ਹੀਦੀ ਪਦ ਯਾਤਰਾ ਕਰਵਾਈ ਗਈ। ਜਿਸ ਦੇ ਵਿੱਚ ਸਭ ਤੋਂ ਪਹਿਲਾਂ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਤੇ ਡਾਕਟਰ ਕਿਰਨਪਾਲ ਨੇ ਸ਼ਹੀਦ ਭਗਤ ਸਿੰਘ ਤੇ ਸੁਰਜੀਤ ਜੱਜ ਦੀ ਕਵਿਤਾ ਪੇਸ਼ ਕੀਤੀ। ਮੈਡਮ ਅਰਚਨਾ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ 28 ਸਤੰਬਰ ਅਤੇ 23 ਮਾਰਚ ਤੱਕ ਸੀਮਤ ਨਹੀਂ ਉਹ ਇੱਕ ਸੋਚ ਸੀ ਇੱਕ ਵਿਚਾਰਧਾਰਾ ਜਿਸ ਦੀ ਜੀਵਨ ਦੇ ਵਿੱਚ ਹਰ ਰੋਜ਼ ਲੋੜ ਪੈਂਦੀ ਹੈ। ਇਸ ਲਈ ਸਾਨੂੰ ਭਗਤ ਸਿੰਘ,ਸੁਖਦੇਵ ਅਤੇ ਰਾਜਗੁਰੂ ਦੀ ਸ਼ਹੀਦੀ ਨੂੰ ਹਰ ਰੋਜ਼ ਯਾਦ ਰੱਖਣਾ ਚਾਹੀਦਾ ਹੈ। ਜਦੋਂ ਅਸੀਂ ਆਜ਼ਾਦ ਫਿਜ਼ਾ ਵਿੱਚ ਸਾਹ ਲੈਂਦੇ ਹਾਂ ਇਹ ਉਹਨਾਂ ਦੀ ਹੀ ਬਦੌਲਤ ਹੈ। ਇਸ ਤੋਂ ਬਾਅਦ ਪਦ ਯਾਤਰਾ ਕੀਤੀ ਗਈ, ਜਿਸ ਵਿੱਚ ਵਲੰਟੀਅਰ ਨੇ ਸ਼ਹੀਦ ਭਗਤ ਸਿੰਘ ਜਿੰਦਾਬਾਦ ਭਗਤ ਸਿੰਘ ਤੇਰੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ, ਮੇਰਾ ਅਸੀਂ ਵੀ ਥੋੜਾ ਭਾਰਤ ਮੇਰੀ ਜਿੰਮੇਵਾਰੀ ਦੇ ਨਾਰੇ ਲਾਏ ਅਤੇ ਇਹ ਪਦ ਯਾਤਰਾ ਕਾਲਜ ਆ ਕੇ ਖਤਮ ਹੋਈ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ 510 ਕਾਰਡ ਬਣਾ ਕੇ ਰਿਕਾਰਡ ਕਾਇਮ ਕੀਤਾ



ਬਰਨਾਲਾ, 24 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਪੰਜਾਬ ਸਰਕਾਰ ਦੀ ਮਹੱਤਵਪੂਰਨ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ, ਵੱਖ-ਵੱਖ ਸੰਸਥਾਵਾਂ ਨੇ ਗੁਰਦੁਆਰਾ ਰਵਿਦਾਸੀਆ ਸਿੰਘ ਸਭਾ, ਬਰਨਾਲਾ ਵਿਖੇ ਜੰਡਾ ਦਰਵਾਜ਼ਾ, ਜੰਡਾ ਵਾਲਾ ਰੋਡ 'ਤੇ ਇੱਕ ਕੈਂਪ ਲਗਾਇਆ, ਜਿਸ ਵਿੱਚ 510 ਕਾਰਡ ਬਣਾ ਕੇ ਰਿਕਾਰਡ ਕਾਇਮ ਕੀਤਾ ਗਿਆ। ਪ੍ਰੈਸ ਨਾਲ ਗੱਲਬਾਤ ਕਰਦਿਆਂ, ਆੜ੍ਹਤੀਆ ਐਸੋਸੀਏਸ਼ਨ, ਬਰਨਾਲਾ ਦੇ ਚੇਅਰਮੈਨ ਧੀਰਜ ਕੁਮਾਰ ਦੱਧਾਹੂਰ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਹਲਕਾ ਇੰਚਾਰਜ ਹਰਿੰਦਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ, ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਲਾਭਾਂ ਨੂੰ ਉਤਸ਼ਾਹਿਤ ਕਰਨ ਲਈ ਸ਼ਹਿਰ ਦੇ ਵੱਖ-ਵੱਖ ਥਾਵਾਂ 'ਤੇ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਕਾਰਡ ਬਣਾਉਣ ਵਾਲੇ ਸਾਰੇ ਪਰਿਵਾਰਕ ਮੈਂਬਰਾਂ ਨੂੰ ਜਲਦੀ ਹੀ ਇਸ 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਦਾ ਲਾਭ ਮਿਲੇਗਾ। ਇਸ ਮੌਕੇ ਮਨੋਹਰ ਸਹੋਰੀਆ, ਸੁਖਦੇਵ ਲੋਟਾਵਾ, ਹੈਪੀ ਸ਼ਰਮਾ, ਪ੍ਰਗਟ ਸਿੰਘ, ਜਗਤਾਰ ਸਿੰਘ, ਮਨੀ ਗਿੱਲ, ਗੋਪਾਲ ਮਿੱਤਲ, ਅਤੇ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

# ਸ਼ਹੀਦੀ ਦਿਵਸ ਮੌਕੇ ਪੈਦਲ ਯਾਤਰਾ




ਬਰਨਾਲਾ, 24 ਮਾਰਚ (ਬਘੇਲ ਸਿੰਘ ਧਾਲੀਵਾਲ) : ਯੁਵਾ ਮਾਮਲੇ ਅਤੇ ਖੇਡ ਮੰਤਰਾਲਾ ਭਾਰਤ ਸਰਕਾਰ ਦੇ ਅਦਾਰੇ ਮਾਈ ਭਾਰਤ ਕੇਂਦਰ ਬਰਨਾਲਾ ਵਲੋਂ ਡਿਪਟੀ ਡਾਇਰੈਕਟਰ ਰਾਹੁਲ ਸੈਣੀ ਦੀ ਪ੍ਰਧਾਨਗੀ ਹੇਠ ਸ਼੍ਰੀ ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜ ਬਰਨਾਲਾ ਦੇ ਸਹਿਯੋਗ ਨਾਲ ਸ਼ਹੀਦੀ ਦਿਵਸ ਮੌਕੇ ਸ਼ਹੀਦ ਏ ਆਜ਼ਮ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਸ਼ਰਧਾਂਜਲੀ ਦੇਣ ਲਈ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਸੁਸ਼ੀਲ ਬਾਲਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਹਨਾਂ ਨੇ ਕਿਹਾ ਕਿ ਸ਼ਹੀਦੀ ਦਿਵਸ ਨਾ ਸਿਰਫ਼ ਸ਼ਹੀਦਾਂ ਨੂੰ ਸ਼ਰਧਾਂਜਲੀ ਹੈ, ਸਗੋਂ ਇਹ ਯਾਦ ਦਿਵਾਉਂਦਾ ਹੈ ਕਿ ਰਾਸ਼ਟਰ ਨਿਰਮਾਣ ਦੀ ਜ਼ਿੰਮੇਵਾਰੀ ਹੁਣ ਨੌਜਵਾਨਾਂ @ਤੇ ਹੈ। ਇਸ ਪ੍ਰੋਗਰਾਮ ਵਿਚ ਪਹਿਲਾਂ ਸ਼ਹੀਦਾਂ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਐਨ ਐਸ ਐਸ ਪ੍ਰੋਗਰਾਮ ਅਫ਼ਸਰ ਪ੍ਰੋਫੈਸਰ ਅਰਚਨਾ ਨੇ ਕਿਹਾ ਕਿ ਇਸ ਦਿਨ ਦਾ ਮਕਸਦ ਸਾਡੇ ਵਿਰਸੇ ਨੂੰ ਯਾਦ ਕਰਨਾ ਅਤੇ ਨਵੀਂ ਪੀੜ੍ਹੀ ਨੂੰ ਦੇਸ਼ ਭਗਤੀ ਦੀ ਪ੍ਰੇਰਣਾ ਦੇਣਾ ਹੈ। ਪ੍ਰੋਫੈਸਰ ਹਰਜਿੰਦਰ ਕੌਰ ਨੇ ਕਿਹਾ ਕਿ ਸ਼ਹੀਦਾਂ ਦੀ ਕੁਰਬਾਨੀ ਸਾਨੂੰ ਹਮੇਸ਼ਾ ਦੇਸ਼ ਦੀ ਏਕਤਾ, ਅਖੰਡਤਾ ਅਤੇ ਸ਼ਾਂਤੀ ਲਈ ਕੰਮ ਕਰਨ ਦੀ ਪ੍ਰੇਰਣਾ ਦਿੰਦੀ ਹੈ। ਪ੍ਰੋਫੈਸਰ ਕਿਰਨਪਾਲ ਵਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਇਕ ਕਵਿਤਾ ਵੀ ਸੁਣਾਈ ਗਈ। ਇਸ ਉਪਰੰਤ ਇਸ ਸਾਲ ਮਾਈ ਭਾਰਤ ਕੇਂਦਰ ਬਰਨਾਲਾ ਵਲੋਂ ਪੈਦਲ ਯਾਤਰਾ ਕੱਢੀ ਗਈ। ਇਸ ਪ੍ਰੋਗਰਾਮ ਦਾ ਥੀਮ ÷ਮੇਰਾ ਭਾਰਤ ਮੇਰੀ ਜ਼ਿੰਮੇਵਾਰੀ÷ ਹੈ। ਨੌਜਵਾਨਾਂ ਵਲੋਂ ÷ਮੇਰਾ ਭਾਰਤ ਮੇਰੀ ਜ਼ਿੰਮੇਵਾਰੀ÷, ਨਾਅਰਿਆਂ ਨਾਲ ਰੈਲੀ ਵਿਚ ਭਾਗ ਲਿਆ। ਇਸ ਮੌਕੇ ਲੇਖਾ ਅਤੇ ਪ੍ਰੋਗਰਾਮ ਸਹਾਇਕ ਰਿਸ਼ਿਵ ਸਿੰਗਲਾ, ਪ੍ਰੋਫੈਸਰ ਜੈਸਮੀਨ, ਜੀਵਨ ਸਿੰਘ, ਆਦਿ ਹਾਜ਼ਰ ਸਨ।

# ਮਾਤਾ ਰਾਣੀ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ




ਤਪਾ ਮੰਡੀ, 24 ਮਾਰਚ (ਰਾਜੂ ਮਹਿਰਾ) : ਪੰਚਮੁਖੀ ਹਨੂਮਾਨ ਸ਼ਨੀਦੇਵ ਮੰਦਰ ਕਮੇਟੀ ਵੱਲੋਂ ਛੇਵੇਂ ਨਵਰਾਤਰੇ ਨੂੰ ਮੁੱਖ ਰੱਖਦਿਆਂ ਸ਼ਰਧਾਲੂਆਂ ਦੀ ਇੱਕ ਬੱਸ ਮਾਤਾ ਰਾਣੀ ਦੇ ਦਰਸ਼ਨਾਂ ਲਈ ਮਾਈਸਰਖਾਨਾ ਮੰਦਰ ਵਿਖੇ ਲਿਜਾਈ ਗਈ। ਜਾਣਕਾਰੀ ਦਿੰਦੇ ਹੋਏ ਪ੍ਰਬੰਧਕਾਂ ਹਰੀਸ਼ ਚੰਦਰ ਗੋਸ਼ਾ,ਹੀਰਾ ਲਾਲ ਕਾਲਾ ਘੁੰਨਸ ,ਮਨੀ ਮੋੜ,ਮਣੀ ਚਿੰਟੂ,ਬੱਲਾ, ਪੰਡਤ ਸਾਗਰ,ਦੀਪੂ ਚੱਕੀ ਵਾਲਾ ਆਦਿ ਨੇ ਸਾਂਝੇ ਤੌਰ ਤੇ ਦੱਸਿਆ ਮਾਈਸਰਖਾਨਾ ਮੰਦਰ ਵਿਖੇ ਹਰ ਛੇਵੇਂ ਨਵਰਾਤਰੇ ਮਾਤਾ ਜਵਾਲਾ ਜੀ ਦਾ ਮੇਲਾ ਲੱਗਦਾ ਹੈ। ਜਿੱਥੇ ਸ਼ਰਧਾਲੂ ਦੂਰੋਂ ਦੂਰੋਂ ਨਤਮਸਤਕ ਹੋਣ ਲਈ ਆਉਂਦੇ ਹਨ। ਇਸ ਮੌਕੇ ਸ਼ਰਧਾਲੂਆਂ ਨੇ ਮਾਤਾ ਦੇ ਭਜਨਾਂ ਦਾ ਗੁਣਗਾਨ ਕੀਤਾ ਅਤੇ ਮਾਤਾ ਰਾਣੀ ਦੇ ਦਰਸ਼ਨ ਕਰਨ ਉਪਰੰਤ ਇਲਾਕੇ ਦੀ ਸੁੱਖ ਸ਼ਾਂਤੀ ਅਤੇ ਖੁਸ਼ਹਾਲੀ ਲਈ ਮਨੋਕਾਮਨਾ ਕੀਤੀ। ਇਸ ਦੌਰਾਨ ਸ਼ਰਧਾਲੂਆਂ 'ਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।

# ਪੰਜਾਬ ਸਰਕਾਰ ਦੇ ਮੰਤਰੀਆਂ ਤੇ ਵਿਧਾਇਕਾਂ ਤੋਂ ਕਿਸੇ ਕਿਸਮ ਦੀ ਇਨਸਾਫ਼ ਦੀ ਆਸ ਨਹੀਂ ਰੱਖੀ ਜਾ ਸਕਦੀ : ਪਿਰਮਲ ਸਿੰਘ ਧੌਲਾ



ਤਪਾ ਮੰਡੀ, 24 ਮਾਰਚ(ਭੂਸ਼ਨ ਘੜੈਲਾ) : ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਦੇ ਮਾਮਲੇ ਦੇ ਰੋਸ ਵਜੋਂ ਸੂਬਾ ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਸੱਦੇ ਉਪਰ ਵਿਧਾਨ ਸਭਾ ਹਲਕਾ ਬਰਨਾਲਾ ਦੇ ਵਿਧਾਇਕ ਅਤੇ ਕਾਂਗਰਸ ਕਮੇਟੀ ਜ਼ਿਲ੍ਹਾ ਬਰਨਾਲਾ ਕੁਲਦੀਪ ਸਿੰਘ ਕਾਲਾ ਢਿੱਲੋਂ ਦੀ ਅਗਵਾਈ ਹੇਠ ਹਲਕਾ ਭਦੌੜ ਦੇ ਸਾਬਕਾ ਵਿਧਾਇਕ ਤੇ ਕਾਂਗਰਸੀ ਆਗੂ ਪਿਰਮਲ ਸਿੰਘ ਧੌਲਾ ਨੇ ਗਗਨਦੀਪ ਸਿੰਘ ਰੰਧਾਵਾ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਤੋਂ ਬਾਅਦ ਗ੍ਰਿਫ਼ਤਾਰ ਕੀਤੇ ਗਏ ਸਾਬਕਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਆਮ ਆਦਮੀ ਪਾਰਟੀ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਪਿਰਮਲ ਸਿੰਘ ਧੌਲਾ ਨੇ ਪ੍ਰੈਸ ਨਾਲ ਗੱਲਬਾਤ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਮੰਤਰੀ ਲਾਲਜੀਤ ਸਿੰਘ ਭੁੱਲਰ ਦੀਆਂ ਧੱਕੇਸ਼ਾਹੀਆਂ ਦਾ ਸ਼ਿਕਾਰ ਹੋਇਆ ਇਕ ਪੜ੍ਹਿਆ-ਲਿਖਿਆ, ਇਮਾਨਦਾਰ ਅਧਿਕਾਰੀ ਆਤਮ ਹੱਤਿਆ ਕਰਨ ਲਈ ਮਜਬੂਰ ਹੋ ਗਿਆ,ਕਿਉਂਕਿ ਇਸ ਦਰਿੰਦੇ ਮੰਤਰੀ ਨੇ ਕਾਬਲ ਅਫਸਰ ਨੂੰ ਘਰ ਬੁਲਾ ਕੇ ਨਿਰਵਸਤਰ ਕਰਕੇ ਆਪਣੇ ਗੁੰਡਿਆਂ ਨਾਲ ਮਿਲ ਕੇ ਕੁੱਟਮਾਰ ਕੀਤੀ ਅਤੇ ਜਾਅਲੀ ਵੀਡੀਓ ਤਿਆਰ ਕੀਤੀ ਅਤੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਅਤੇ ਉਹ ਇਮਾਨਦਾਰ ਅਫਸਰ ਗ੍ਰਿਫਤਾਰ ਕੀਤੇ ਮੰਤਰੀ ਅਤੇ ਇਸ ਦੇ ਗੁੰਡਿਆਂ ਦੀਆਂ ਧਮਕੀਆਂ ਕਰਕੇ ਆਪਣੇ ਜੀਵਨ ਲੀਲਾ ਸਮਾਪਤ ਕਰ ਗਿਆ। ਪਿਰਮਲ ਧੌਲ ਨੇ ਕਿਹਾ ਕਿ ਸੂਬੇ ਵਿੱਚ ਕਾਨੂੰਨ-ਵਿਵਸਥਾ ਦੀ ਸਥਿਤੀ ਦਿਨੋਂ-ਦਿਨ ਖਰਾਬ ਹੋ ਰਹੀ ਹੈ ਅਤੇ ਗੁੰਡਾਗਰਦੀ ਚਰਮ 'ਤੇ ਹੈ। ਉਨ੍ਹਾਂ ਕਿਹਾ ਕਿ ਇੱਕ ਇਮਾਨਦਾਰ ਅਧਿਕਾਰੀ ਨਾਲ ਸਾਬਕਾ ਮੰਤਰੀ ਲਾਲਜੀਤ ਭੁੱਲਰ ਵੱਲੋਂ ਕੀਤੀ ਗਈ ਕਥਿਤ ਤੰਗ ਪ੍ਰੇਸ਼ਾਨੀ ਹੁਣ ਸਭ ਦੇ ਸਾਹਮਣੇ ਆ ਚੁੱਕੀ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਕਾਂਗਰਸ ਪਰਿਵਾਰ ਪੀੜਤ ਪਰਿਵਾਰ ਦੇ ਨਾਲ ਖੜੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਨਾ-ਇਨਸਾਫੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਪਿਰਮਲ ਧੌਲਾ ਨੇ ਕਿਹਾ ਕਿ ਜਿਹੜੇ ਵਾਅਦੇ ਕਰਕੇ ਸਰਕਾਰ ਬਣੀ ਸੀ, ਉਨ੍ਹਾਂ ਵਾਅਦਿਆਂ ਉਤੇ ਸਰਕਾਰ ਖਰਾ ਨਹੀਂ ਉਤਰ ਸਕੀ।

# ਵਿਸ਼ਵ ਟੀ.ਬੀ.ਦਿਵਸ : ਟੀ.ਬੀ. ਦੀ ਬਿਮਾਰੀ ਇਲਾਜਯੋਗ : ਡਾ. ਕੰਵਲਜੀਤ ਸਿੰਘ ਬਾਜਵਾ



ਤਪਾ ਮੰਡੀ, 24 ਮਾਰਚ (ਭੂਸ਼ਨ ਘੜੈਲਾ\ ਰਾਜੂ ਮਹਿਰਾ) : ਸਿਵਲ ਸਰਜਨ ਡਾ.ਹਰੀਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਕੰਵਲਜੀਤ ਸਿੰਘ ਬਾਜਵਾ ਦੀ ਰਹਿਨੁਮਾਈ ਹੇਠ ਅੱਜ ਸਬ ਡਵੀਜ਼ਨਲ ਹਸਪਤਾਲ ਤਪਾ ਵਿਖੇ ਵਿਸ਼ਵ ਟੀ.ਬੀ. ਦਿਵਸ ਮੌਕੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਡਾ. ਕੰਵਲਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਹਰੇਕ ਸਾਲ 24 ਮਾਰਚ ਨੂੰ ਵਿਸ਼ਵ ਟੀ.ਬੀ. ਦਿਵਸ, ਤਪਦਿਕ ਦੀ ਬਿਮਾਰੀ ਨੂੰ ਖਤਮ ਕਰਨ ਦੇ ਯਤਨਾਂ ਅਤੇ ਦਵਾਈਆਂ ਬਾਰੇ ਜਨਤਕ ਜਾਗਰੂਕਤਾ ਪੈਦਾ ਕਰਨ ਦੇ ਮਕਸਦ ਵਜੋਂ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਟੀ.ਬੀ. ਦੀ ਬਿਮਾਰੀ ਇਲਾਜਯੋਗ ਹੈ ਤੇ ਸਰਕਾਰੀ ਹਸਪਤਾਲਾਂ ਵਿੱਚ ਟੀ.ਬੀ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਐਨ.ਟੀ.ਈ.ਪੀ (ਨੈਸ਼ਨਲ ਟੀ.ਬੀ. ਇਲੀਮੀਨੇਸ਼ਨ ਪ੍ਰੋਗਰਾਮ) ਅਧੀਨ ਟੀ.ਬੀ ਦੀ ਬਿਮਾਰੀ ਨੂੰ ਖਤਮ ਕਰਨ ਦਾ ਟੀਚਾ ਮਿਥਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਦੋ ਹਫ਼ਤੇ ਤੋਂ ਜ਼ਿਆਦਾ ਖਾਂਸੀ, ਭਾਰ ਘਟਣਾ, ਭੁੱਖ ਨਾ ਲੱਗਣਾ, ਬੁਖਾਰ, ਲੰਬਾ ਸਾਹ ਲੈਣ ਤੇ ਛਾਤੀ ਵਿਚ ਦਰਦ, ਬਲਗਮ ਵਿਚ ਖੂਨ ਆਉਣਾ, ਲੰਬੇ ਸਮੇਂ ਤੋਂ ਪੇਟ ਜਾਂ ਗੋੜ ਦੀ ਹੱਡੀ ਵਿੱਚ ਦਰਦ, ਰਾਤ ਨੂੰ ਤਰੇਲੀਆਂ ਆਉਣਾ ਆਦਿ ਲੱਛਣ ਹਨ, ਉਨ੍ਹਾਂ ਨੂੰ ਨੇੜੇ ਦੀ ਸਿਹਤ ਸੰਸਥਾ ਵਿੱਚ ਟੀ.ਬੀ. ਦੀ ਜਾਂਚ ਜ਼ਰੂਰ ਕਰਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਟੀ.ਬੀ. ਦੀ ਜਾਂਚ ਤੇ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ। ਡਾ. ਬਾਜਵਾ ਨੇ ਇਹ ਵੀ ਕਿਹਾ ਕਿ ਖਾਂਸੀ ਜਾਂ ਛਿੱਕ ਕਰਨ ਸਮੇਂ ਹਮੇਸ਼ਾ ਰੁਮਾਲ ਜਾਂ ਆਪਣੀ ਬਾਂਹ ਨਾਲ ਮੂੰਹ ਢੱਕਣਾ ਚਾਹੀਦਾ ਹੈ। ਇਸ ਮੌਕੇ ਐਸ.ਆਈ. ਰਣਜੀਵ ਕੁਮਾਰ, ਐਸ.ਟੀ.ਐਸ. ਪ੍ਰਦੀਪ ਕੁਮਾਰ ਮ.ਪ.ਹ.ਵ ਗਗਨਦੀਪ ਸਿੰਘ ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਲਾਇਨਜ਼ ਕਲੱਬ ਬਰਨਾਲਾ ਸੁਪਰੀਮ ਦੇ ਸ਼ਿਵ ਸਿੰਗਲਾ ਸਰਬਸੰਮਤੀ ਨਾਲ ਪ੍ਰਧਾਨ ਚੁਣੇ




ਬਰਨਾਲਾ, 24 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਲਾਇਨਜ਼ ਕਲੱਬ ਬਰਨਾਲਾ ਸੁਪਰੀਮ ਦੀ ਜਨਰਲ ਹਾਊਸ ਮੀਟਿੰਗ ਸ਼ਹਿਰ ਵਿੱਚ ਉਤਸ਼ਾਹਪੂਰਵਕ ਮਾਹੌਲ ਵਿੱਚ ਆਯੋਜਿਤ ਕੀਤੀ ਗਈ, ਜਿਸ ਵਿੱਚ ਕਰੀਬ 35 ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਕਲੱਬ ਦੇ ਭਵਿੱਖੀ ਕਾਰਜਾਂ ਅਤੇ ਸਮਾਜਿਕ ਯੋਜਨਾਵਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਸਭ ਮੈਂਬਰਾਂ ਵੱਲੋਂ ਸ਼ਿਵ ਸਿੰਗਲਾ ਨੂੰ ਸਰਬਸੰਮਤੀ ਨਾਲ ਕਲੱਬ ਦਾ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਮੈਂਬਰਾਂ ਨੇ ਉਨ੍ਹਾਂ ਦੀ ਦੂਰਦਰਸ਼ੀ ਸੋਚ ਅਤੇ ਸਮਾਜ ਸੇਵਾ ਪ੍ਰਤੀ ਸਮਰਪਣ ਦੀ ਭਰਪੂਰ ਸਰਾਹਨਾ ਕੀਤੀ। ਮੀਟਿੰਗ ਵਿੱਚ ਉਨ੍ਹਾਂ ਨੂੰ ਆਪਣੀ ਕਾਰਜਕਾਰੀ ਟੀਮ ਬਣਾਉਣ ਲਈ ਪੂਰੇ ਅਧਿਕਾਰ ਵੀ ਦਿੱਤੇ ਗਏ। ਸ਼ਿਵ ਸਿੰਗਲਾ ਨੇ ਆਪਣੀ ਟੀਮ ਦਾ ਐਲਾਨ ਕਰਦਿਆਂ ਯਸ਼ ਪਾਲ ਬਾਲਾ ਨੂੰ ਜਨਰਲ ਸਕੱਤਰ, ਸੁਨੀਲ ਗੋਇਲ ਨੂੰ ਕੈਸ਼ੀਅਰ, ਅਸ਼ੋਕ ਸ਼ਰਮਾ ਨੂੰ ਵਾਈਸ ਪ੍ਰਧਾਨ ਅਤੇ ਜਤਿੰਦਰ ਗੋਇਲ ਨੂੰ ਪੀ.ਆਰ.ਓ. ਨਿਯੁਕਤ ਕੀਤਾ। ਇਸ ਮੌਕੇ ਹਾਜ਼ਰ ਮੈਂਬਰਾਂ ਨੇ ਨਵੀਂ ਟੀਮ ਦਾ ਤਾਲੀਆਂ ਨਾਲ ਸਵਾਗਤ ਕੀਤਾ ਅਤੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਮੀਟਿੰਗ ਦੌਰਾਨ ਕਲੱਬ ਵੱਲੋਂ ਆਉਣ ਵਾਲੇ ਸਮੇਂ ਵਿੱਚ ਕੀਤੀਆਂ ਜਾਣ ਵਾਲੀਆਂ ਸਮਾਜਿਕ ਗਤੀਵਿਧੀਆਂ 'ਤੇ ਵੀ ਵਿਚਾਰ ਕੀਤਾ ਗਿਆ। ਸਿੱਖਿਆ, ਸਿਹਤ, ਖੂਨਦਾਨ ਕੈਂਪ, ਪਰਿਆਵਰਨ ਸੰਭਾਲ ਅਤੇ ਜ਼ਰੂਰਤਮੰਦ ਲੋਕਾਂ ਦੀ ਸਹਾਇਤਾ ਲਈ ਵਿਸ਼ੇਸ਼ ਯੋਜਨਾਵਾਂ ਬਣਾਉਣ ਦਾ ਫੈਸਲਾ ਲਿਆ ਗਿਆ। ਸ਼ਿਵ ਸਿੰਗਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹ ਕਲੱਬ ਨੂੰ ਨਵੀਆਂ ਉਚਾਈਆਂ ਤੱਕ ਲਿਜਾਣ ਲਈ ਵਚਨਬੱਧ ਹਨ ਅਤੇ ਸਮਾਜ ਭਲਾਈ ਲਈ ਕਈ ਮਹੱਤਵਪੂਰਨ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਸੇਵਾ ਭਾਵਨਾ ਨੂੰ ਹਰ ਘਰ ਤੱਕ ਪਹੁੰਚਾਉਣਾ ਅਤੇ ਨੌਜਵਾਨਾਂ ਨੂੰ ਇਸ ਨਾਲ ਜੋੜਨਾ ਉਨ੍ਹਾਂ ਦੀ ਪਹਿਲ ਰਹੇਗੀ। ਇਸ ਮੀਟਿੰਗ ਵਿੱਚ ਸੁਰਿੰਦਰ ਮਿੱਤਲ, ਪ੍ਰੋਫੈਸਰ ਦਰਸ਼ਨ, ਪਵਨ, ਹੀਰਾ ਲਾਲ, ਸੁਨੀਲ ਗੋਇਲ, ਸੁਖਦਰਸ਼ਨ ਸਧੌਰਾ, ਗੌਤਮ ਆਨੰਦ, ਅਰੁਣ ਬੰਸਲ, ਭੋਜ ਰਾਜ, ਰਵਿੰਦਰਪਾਲ ਸਿੰਘ, ਮਨਜੀਤ ਕਾਂਸਲ, ਯਸ਼ ਪਾਲ, ਅਸ਼ੋਕ ਸ਼ਰਮਾ, ਅਸ਼ੋਕ ਜੀ, ਐਨ.ਐਸ. ਜੰਡੂ, ਹੇਮੰਤ ਮੋਦੀ, ਜਗਨੰਦਨ, ਸ਼ਿਵ ਸਿੰਗਲਾ ਅਤੇ ਜਤਿੰਦਰ ਗੋਇਲ ਸਮੇਤ ਹੋਰ ਮੈਂਬਰ ਹਾਜ਼ਰ ਰਹੇ। ਮੀਟਿੰਗ ਦੇ ਅੰਤ ਵਿੱਚ ਸਭ ਮੈਂਬਰਾਂ ਨੇ ਇੱਕਜੁਟ ਹੋ ਕੇ ਕਲੱਬ ਨੂੰ ਸੇਵਾ ਦੇ ਖੇਤਰ ਵਿੱਚ ਮਿਸਾਲ ਬਣਾਉਣ ਦਾ ਸੰਕਲਪ ਲਿਆ ਅਤੇ ਨਵੀਂ ਟੀਮ ਨੂੰ ਦਿਲੋਂ ਵਧਾਈ ਦਿੱਤੀ। ਸ਼ਿਵ ਸਿੰਗਲਾ ਦੇ ਪ੍ਰਧਾਨ ਚੁਣੇ ਜਾਣ ਤੇ ਇਲਾਕੇ ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

# ਤਪਦਿਕ ਬਿਮਾਰੀ ਨੂੰ ਹਰਾਉਣ ਲਈ ਜਾਗਰੂਕਤਾ ਜ਼ਰੂਰੀ: ਸਿਵਲ ਸਰਜਨ




ਬਰਨਾਲਾ, 24 ਮਾਰਚ (ਬਘੇਲ ਸਿੰਘ ਧਾਲੀਵਾਲ) : ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਆਈ ਏ ਐਸ ਦੀ ਅਗਵਾਈ ਹੇਠ ਸਿਹਤ ਵਿਭਾਗ ਬਰਨਾਲਾ ਵੱਲੋਂ ਟੀ ਬੀ (ਤਪਦਿਕ) ਬਾਰੇ ਜ਼ਿਲ੍ਹੇ ਦੇ ਸਾਰੇ ਸਿਹਤ ਕੇਂਦਰਾਂ @ਚ ਚੈੱਕਅਪ ਅਤੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ. ਹਰੀਪਾਲ ਸਿੰਘ ਸਿੱਧੂ ਵੱਲੋਂ ਕੀਤਾ ਗਿਆ। ਓਹਨਾਂ ਕਿਹਾ ਕਿ ਇਸ ਬਿਮਾਰੀ ਖ਼ਿਲਾਫ਼ ਜਾਗਰੂਕਤਾ ਬੇਹੱਦ ਜ਼ਰੂਰੀ ਹੈ ਤਾਂ ਜੋ ਇਸ ਬਿਮਾਰੀ ਦਾ ਮੁਕੰਮਲ ਖਾਤਮਾ ਕੀਤਾ ਜਾ ਸਕੇ ਅਤੇ ਇਸ ਬਿਮਾਰੀ ਕਾਰਨ ਹੋਣ ਵਾਲੀਆਂ ਮੌਤਾਂ ਨੂੰ ਰੋਕਿਆ ਜਾ ਸਕੇ। ਸੀਨੀਅਰ ਮੈਡੀਕਲ ਅਫ਼ਸਰ ਬਰਨਾਲਾ ਡਾ. ਇੰਦੂ ਬਾਂਸਲ ਨੇ ਦੱਸਿਆ ਕਿ ਟੀ ਬੀ ਦੀ ਬਿਮਾਰੀ ਇਲਾਜਯੋਗ ਹੈ। ਇਸ ਲਈ ਬਿਨਾਂ ਦੇਰੀ ਤੋਂ ਸਿਵਲ ਹਸਪਤਾਲ ਬਰਨਾਲਾ @ਚ ਜਾਂਚ ਕਰਵਾ ਕੇ ਪੂਰਾ ਇਲਾਜ ਕਰਵਾਉਣਾ ਚਾਹੀਦਾ ਹੈ। ਡਾ. ਮੋਨਿਕਾ ਬਾਂਸਲ ਜ਼ਿਲ੍ਹਾ ਟੀ ਬੀ ਨੋਡਲ ਅਫ਼ਸਰ ਨੇ ਦੱਸਿਆ ਕਿ ਟੀ.ਬੀ. ਦਾ ਇਲਾਜ ਸੰਭਵ ਹੈ ਜਿਸ ਲਈ ਸਮੇਂ ਸਿਰ ਰੋਗੀ ਦੀ ਪਹਿਚਾਣ ਹੋਣੀ ਜ਼ਰੂਰੀ ਹੈ। ਇਸ ਲਈ ਜੇਕਰ ਕਿਸੇ ਵੀ ਵਿਅਕਤੀ ਨੂੰ ਦੋ ਹਫ਼ਤਿਆਂ ਜਾਂ ਉਸ ਤੋਂ ਵੱਧ ਲਗਾਤਾਰ ਖਾਂਸੀ, ਭਾਰ ਘੱਟਦਾ ਹੋਵੇ, ਬੁਖਾਰ ਜਾਂ ਭੁੱਖ ਘੱਟ ਲੱਗਦੀ ਹੋਵੇ ਤਾਂ ਉਸ ਨੂੰ ਟੀ.ਬੀ. ਦੀ ਸ਼ਿਕਾਇਤ ਹੋ ਸਕਦੀ ਹੈ, ਨੂੰ ਨੇੜੇ ਦੇ ਸਰਕਾਰੀ ਹਸਪਤਾਲਾਂ @ਚ ਡਾਕਟਰੀ ਸਲਾਹ ਅਨੁਸਾਰ ਬਲਗਮ ਦੀ ਜਾਂਚ, ਛਾਤੀ ਦੇ ਐਕਸ-ਰੇ ਅਤੇ ਸੀਬੀ ਨਾਟ ਟੈਸਟ ਕਰਵਾਉਣਾ ਚਾਹੀਦਾ ਹੈ। ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਕੁਲਦੀਪ ਸਿੰਘ ਮਾਨ ਅਤੇ ਸੀਨੀਅਰ ਟਰੀਟਮੈਂਟ ਸੁਪਰਵਾਈਜ਼ਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਵਿਸ਼ਵ ਤਪਦਿਕ ਦਿਵਸ ਹਰ ਸਾਲ 24 ਮਾਰਚ ਨੂੰ ਮਨਾਇਆ ਜਾਂਦਾ ਹੈ ਇਸ ਦਿਨ ਡਾ. ਰਾਬਰਟ ਕੋਚ ਨੇ ਤਪਦਿਕ ਦੇ ਬੈਕਟੀਰੀਆ ਦੀ ਖੋਜ ਕੀਤੀ ਸੀ। ਟੀ.ਬੀ. ਦਾ ਇਲਾਜ ਡਾਟਸ ਪ੍ਰਣਾਲੀ ਰਾਂਹੀ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਸਿਹਤ ਵਿਭਾਗ ਵੱਲੋਂ ਡਾਟ ਸੈਂਟਰ ਹਰ ਪਿੰਡ ਅਤੇ ਸ਼ਹਿਰ ਵਿੱਚ ਖੋਲੇ ਗਏ ਹਨ ਜਿੱਥੇ ਟੀ.ਬੀ. ਦੀ ਮੁਫ਼ਤ ਦਵਾਈ ਖਵਾਈ ਜਾਂਦੀ ਹੈ ਅਤੇ ਟੀ.ਬੀ. ਦੇ ਮਰੀਜ਼ਾਂ ਨੂੰ ਮੌਕੇ @ਤੇ ਸਲਾਹ ਦਿੱਤੀ ਜਾਂਦੀ ਹੈ ਕਿ ਓਹ ਆਪਣੀ ਦਵਾਈ ਦਾ ਕੋਰਸ ਪੂਰਾ ਕਰਨ ਕਿਓਂਕਿ ਇਲਾਜ ਅਧੂਰਾ ਛੱਡਣ ਨਾਲ ਇਹ ਰੋਗ ਦੁਬਾਰਾ ਹੋ ਜਾਂਦਾ ਹੈ ਤੇ ਇਕ ਖਤਰਨਾਕ ਟੀ.ਬੀ. ਹੋਣ ਦਾ ਖ਼ਤਰਾ ਰਹਿੰਦਾ ਹੈ, ਜਿਸ ਦਾ ਇਲਾਜ ਵਧੇਰੇ ਸਮੇਂ @ਚ ਹੁੰਦਾ ਹੈ। ਇਸ ਸਮੇਂ ਅਰੁਣ ਕੁਮਾਰ, ਜਯੋਤੀ ਸ਼ਰਮਾ ਟੀ ਬੀ ਬਰਾਂਚ, ਨਰਸਿੰਗ ਕਾਲਜ ਦੇ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

# ਖੂਹ ਬੋਰ ਲਗਾਉਣ ਲਈ 15 ਦਿਨ ਪਹਿਲਾਂ ਲਿਖ਼ਤੀ ਪ੍ਰਵਾਨਗੀ ਲੈਣੀ ਜ਼ਰੂਰੀ : ਜ਼ਿਲ੍ਹਾ ਮੈਜਿਸਟਰੇਟ



ਬਰਨਾਲਾ, 24 ਮਾਰਚ (ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਹਰਪ੍ਰੀਤ ਸਿੰਘ ਆਈ.ਏ.ਐਸ. ਨੇ ਫੌਜਦਾਰੀ ਜ਼ਾਬਤਾ 1973 ਦੀ ਧਾਰਾ 144 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਿਹਾ ਕਿ ਜ਼ਮੀਨ ਮਾਲਕਾਂ ਨੂੰ ਖੂਹ ਬੋਰ ਲਗਾਉਣ ਲਈ 15 ਦਿਨ ਪਹਿਲਾਂ ਡਿਪਟੀ ਕਮਿਸ਼ਨਰ ਵਿਕਾਸ ਬਰਨਾਲਾ ਤੋਂ ਲਿਖ਼ਤੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ। ਖੂਹ ਬੋਰ ਲਗਾਉਣ, ਮੁਰੰਮਤ ਕਰਨ ਵਾਲੀਆਂ ਸਾਰੀਆਂ ਏਜੰਸੀਆਂ ਜਿਵੇਂ ਸਰਕਾਰੀ/ਅਰਧ-ਸਰਕਾਰੀ/ ਪ੍ਰਾਈਵੇਟ ਵਗੈਰਾ, ਪੇਂਡੂ ਖੇਤਰ ਲਈ ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਸ਼ਹਿਰੀ ਖੇਤਰਾਂ ਵਿੱਚ ਕਾਰਜਕਾਰੀ ਇੰਜੀਨੀਅਰ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਕੋਲੋ ਰਜਿਸਟਰੇਸ਼ਨ ਕਰਵਾਉਣੀ ਜ਼ਰੂਰੀ ਹੋਵੇਗੀ ਅਤੇ ਕੋਈ ਏਜੰਸੀ ਬਿਨਾਂ ਰਜਿਸਟਰੇਸ਼ਨ/ਲਿਖਤੀ ਪ੍ਰਵਾਨਗੀ ਤੋਂ ਬਗੈਰ ਖੂਹ ਬੋਰ ਨਹੀਂ ਲਗਾਵੇਗੀ। ਉਨਾਂ ਕਿਹਾ ਕਿ ਖੂਹ ਬੋਰ ਲਗਾਉਣ ਵਾਲੀ ਥਾਂ ਦੇ ਨਜ਼ਦੀਕ ਸਬੰਧਤ ਮਾਲਕ ਵੱਲੋਂ ਏਜੰਸੀ ਦਾ ਪਤਾ ਅਤੇ ਆਪਣਾ ਪਤਾ ਸਾਈਨ ਬੋਰਡ 'ਤੇ ਲਿਖਵਾਉਣਾ ਜ਼ਰੂਰੀ ਹੋਵੇਗਾ ਅਤੇ ਬੋਰ ਵਾਲੀ ਥਾਂ 'ਤੇ ਕੰਡਿਆਲੀ ਤਾਰ ਜਾਂ ਕੋਈ ਬੈਰੀਕੇਡ ਲਗਾਉਣਾ ਜ਼ਰੂਰੀ ਹੋਵੇਗਾ। ਜੇਕਰ ਪੰਪ ਦੀ ਮੁਰੰਮਤ ਕਰਨੀ ਹੈ ਤਾਂ ਖੂਹ ਜਾਂ ਬੋਰ ਖੁੱਲਾ ਨਹੀ ਛੱਡਿਆ ਜਾਵੇਗਾ। ਖੂਹ/ਬੋਰ ਦਾ ਢੱਕਣ ਕੇਸਿੰਗ ਪਾਈਪ ਨਾਲ ਨਟ-ਬੋਲਟਾਂ ਨਾਲ ਫਿਕਸ ਹੋਣਾ ਚਾਹੀਦਾ ਹੈ। ਖੂਹ/ਬੋਰ ਦੀ ਉਸਾਰੀ ਤੋਂ ਬਾਅਦ ਉਸ ਦੇ ਤਲੇ 'ਤੇ ਜ਼ਮੀਨ ਦੇ ਪੱਧਰ ਤੋਂ ਉੱਤੇ ਥੱਲੇ ਸੀਮੇਂਟ ਅਤੇ ਕੰਕਰੀਟ ਦਾ ਨਿਸ਼ਚਿਤ ਪਲੇਟ ਫਾਰਮ ਬਣਾਇਆ ਜਾਵੇ। ਪੰਪ ਦੀ ਮੁਰੰਮਤ ਦੀ ਸੂਰਤ ਵਿੱਚ ਖੂਹ ਬੋਰ ਖੁੱਲ੍ਹਾ ਨਾ ਛੱਡਿਆ ਜਾਵੇਗਾ। ਬੋਰ ਤੋਂ ਬਾਅਦ ਟੋਆ ਮਿੱਟੀ ਨਾਲ ਚੰਗੀ ਤਰਾਂ ਭਰਿਆ ਜਾਵੇਗਾ। ਬੋਰ ਦੀ ਖੁਦਾਈ ਦਾ ਕੰਮ ਮੁਕੰਮਲ ਹੋਣ 'ਤੇ ਜ਼ਮੀਨ ਦੀ ਸਥਿਤੀ ਪਹਿਲਾ ਵਾਲੀ ਬਹਾਲ ਹੋਣੀ ਜ਼ਰੂਰੀ ਹੋਵੇਗੀ। ਉਨਾਂ ਕਿਹਾ ਡੀ.ਡੀ.ਪੀ.ਓ ਬਰਨਾਲਾ ਸਾਰੇ ਜ਼ਿਲੇ ਦੇ ਬੋਰ/ਖੂਹ ਦੀ ਸੂਚਨਾ ਸਰਪੰਚਾਂ ਕੋਲੋ ਇਕੱਤਰ ਕਰਕੇ ਆਪਣੇ ਦਫ਼ਤਰ ਵਿੱਚ ਤਿਆਰ ਰੱਖਣਗੇ। ਇਹ ਹੁਕਮ ਮਿਤੀ 13 ਮਈ 2026 ਤੱਕ ਲਾਗੂ ਰਹਿਣਗੇ। ਹੁਕਮਾਂ ਦੀ ਉਲੰਘਣਾ ਕਰਨ ਵਾਲੇ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਪਟਿਆਲਾ-ਆਸ/ਪਾਸ



## ਸੁਖਬੀਰ ਬਾਦਲ ਦੀ ਸਮਾਣਾ ਰੈਲੀ ਤੋਂ ਬਾਅਦ ਅਕਾਲੀ ਦਲ 'ਚ ਨਵਾਂ ਰਾਜਨੀਤਕ ਰੁਝਾਨ




ਸਮਾਣਾ, 23 ਮਾਰਚ (ਹਰਜਿੰਦਰ ਸਿੰਘ): ਬੀਤੇ ਦਿਨੀਂ ਸਮਾਣਾ ਵਿਖੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਰਵਾਈ ਗਈ ਪੰਜਾਬ ਬਚਾਓ ਰੈਲੀ ਤੋਂ ਬਾਅਦ ਹਲਕੇ ਦੀ ਸਿਆਸਤ ਵਿੱਚ ਚਾਚਾ-ਭਤੀਜਾ ਜੋੜੀ ਦੀਆਂ ਚਰਚਾਵਾਂ ਜੋਰਾਂ 'ਤੇ ਹਨ। ਇਹ ਜੋੜੀ ਸਾਬਕਾ ਐਸ.ਜੀ.ਪੀ.ਸੀ. ਮੈਂਬਰ ਅਤੇ ਹਲਕਾ ਸਮਾਣਾ ਤੋਂ ਅਕਾਲੀ ਦਲ ਦੇ ਇੰਚਾਰਜ ਜਗਮੀਤ ਸਿੰਘ ਹਰਿਆਊ ਅਤੇ ਟਕਸਾਲੀ ਅਕਾਲੀ ਆਗੂ ਜਥੇਦਾਰ ਨੱਸੂਪੁਰ ਨਾਲ ਸਬੰਧਤ ਹੈ। ਜਾਣਕਾਰੀ ਅਨੁਸਾਰ ਜਥੇਦਾਰ ਨੱਸੂਪੁਰ ਦੀ ਜਗਮੀਤ ਸਿੰਘ ਹਰਿਆਊ ਦੇ ਪਰਿਵਾਰ ਨਾਲ ਪੁਰਾਣੀ ਨੇੜਤਾ ਰਹੀ ਹੈ। ਸ. ਹਰਿਆਊ ਦੇ ਪਿਤਾ ਸਾਬਕਾ ਚੇਅਰਮੈਨ ਬਲਜਿੰਦਰ ਸਿੰਘ ਹਰਿਆਊ ਅਤੇ ਤਾਇਆ ਚੇਅਰਮੈਨ ਅਤੇ ਐਸ ਜੀ ਪੀ ਸੀ ਮੈਂਬਰ ਨਿਰਮਲ ਸਿੰਘ ਹਰਿਆਊ ਨਾਲ ਉਨ੍ਹਾਂ ਦੀ ਲੰਬੇ ਸਮੇਂ ਤੋਂ ਸਾਂਝ ਰਹੀ ਹੈ ਅਤੇ ਦੋਵੇਂ ਪਰਿਵਾਰ ਪਾਰਟੀ ਲਈ ਇਕੱਠੇ ਕੰਮ ਕਰਦੇ ਆ ਰਹੇ ਹਨ। ਇਸ ਪਰਿਵਾਰਕ ਨੇੜਤਾ ਦੇ ਚਲਦਿਆਂ ਜਗਮੀਤ ਸਿੰਘ ਹਰਿਆਊ ਵੱਲੋਂ ਜਥੇਦਾਰ ਨੱਸੂਪੁਰ ਨੂੰ ਮੁੱਢ ਤੋਂ ਹੀ ਚਾਚਾ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ। ਰਾਜਨੀਤਕ ਗਲਿਆਰਿਆਂ ਵਿੱਚ ਇਹ ਵੀ ਚਰਚਾ ਹੈ ਕਿ ਜਥੇਦਾਰ ਨੱਸੂਪੁਰ ਕੈਨੇਡਾ ਤੋਂ ਵਾਪਸੀ ਕਰਕੇ ਆਪਣੇ ਭਤੀਜੇ ਜਗਮੀਤ ਸਿੰਘ ਹਰਿਆਊ ਦੀ ਚੋਣ ਮੁਹਿੰਮ ਨੂੰ ਮਜ਼ਬੂਤ ਕਰਨ ਲਈ ਪੰਜਾਬ ਆਏ ਹਨ। ਹਾਲ ਹੀ ਦੀ ਰੈਲੀ ਦੌਰਾਨ ਵੀ ਸਟੇਜ ਦੀ ਮੁੱਖ ਕਾਰਵਾਈ ਜਥੇਦਾਰ ਨੱਸੂਪੁਰ ਵੱਲੋਂ ਹੀ ਸੰਭਾਲੀ ਗਈ, ਜਿਸ ਨਾਲ ਉਨ੍ਹਾਂ ਦੀ ਸਰਗਰਮ ਭੂਮਿਕਾ ਸਾਫ਼ ਨਜ਼ਰ ਆਈ।

ਗੌਰਤਲਬ ਹੈ ਕਿ ਜਥੇਦਾਰ ਨੱਸੂਪੁਰ ਦਾ ਹਲਕਾ ਸਮਾਣਾ ਵਿੱਚ ਚੰਗਾ ਰਸੂਖ ਹੈ ਅਤੇ ਉਹ ਲੰਮੇ ਸਮੇਂ ਤੋਂ ਅਕਾਲੀ ਸਿਆਸਤ ਨਾਲ ਜੁੜੇ ਹੋਏ ਹਨ। ਮੰਨਿਆ ਜਾ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਹ ਹਲਕੇ ਦੇ ਲੋਕਾਂ ਵਿੱਚ ਜਾ ਕੇ ਜਗਮੀਤ ਸਿੰਘ ਹਰਿਆਊ ਦੇ ਹੱਕ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਸਮਾਣਾ ਦੀ ਸਿਆਸਤ ਵਿੱਚ ਇਸ ਚਾਚਾ-ਭਤੀਜਾ ਜੋੜੀ ਨੂੰ ਇੱਕ ਨਵੇਂ ਰਾਜਨੀਤਕ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ।

## ਪੰਜਾਬੀ ਯੂਨੀਵਰਸਿਟੀ ਵਿਖੇ '12ਵਾਂ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ' ਆਰੰਭ

### ਰਬਾਬੀ ਪ੍ਰੰਪਰਾ ਤੇ ਸ਼ਾਸਤਰੀ ਸੰਗੀਤ ਦੇ ਸੁਮੇਲ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਸਮੇਂ ਦੀ ਲੋੜ : ਡਾ. ਜਗਦੀਪ ਸਿੰਘ

ਪਟਿਆਲਾ, 23 ਮਾਰਚ (ਚ.ਨ.ਸ.): ਪੰਜਾਬੀ ਯੂਨੀਵਰਸਿਟੀ ਦੀ ਗੁਰਮਤਿ ਸੰਗੀਤ ਚੇਅਰ ਵੱਲੋਂ ਕਰਵਾਇਆ ਜਾ ਰਿਹਾ "12ਵਾਂ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ" ਕਲਾ ਭਵਨ ਵਿਖੇ ਆਰੰਭ ਹੋ ਗਿਆ ਹੈ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਸਮਾਰੋਹ ਦੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਇਹ ਬਹੁਤ ਹੀ ਖੁਸ਼ੀ ਵਾਲੀ ਗੱਲ ਹੈ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਆਪਣੀ ਅਮੀਰ ਵਿਰਾਸਤ ਨੂੰ ਸੰਭਾਲਣ ਲਈ ਅਜਿਹੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਈ ਮਰਦਾਨਾ ਜੀ ਦੀ ਯਾਦ ਵਿੱਚ ਕਰਵਾਇਆ ਜਾ ਰਿਹਾ ਇਹ ਸੰਮੇਲਨ ਸਾਡੀ ਗੁਰਮਤਿ ਸੰਗੀਤ ਤੇ ਰਬਾਬੀ ਪਰੰਪਰਾ ਨੂੰ ਮੁੜ ਸੁਰਜੀਤ ਕਰਨ ਵੱਲ ਇੱਕ ਵੱਡਾ ਕਦਮ ਹੈ। ਸੰਮੇਲਨ ਦਾ ਆਰੰਭ ਸੰਗੀਤ ਵਿਭਾਗ ਦੇ ਵਿਦਿਆਰਥੀ ਗੁਰਸਿਮਰ ਸਿੰਘ ਦੇ ਰਬਾਬ ਵਾਦਨ ਤੋਂ ਹੋਇਆ। ਸੰਗੀਤ ਵਿਭਾਗ ਦੇ ਨਰਿੰਦਰ ਪਾਲ ਸਿੰਘ ਦੁਆਰਾ ਤਬਲਾ ਏਕਲ ਵਾਦਨ ਦੀ ਪੇਸ਼ਕਾਰੀ ਦਿੱਤੀ ਗਈ।

ਇਸ ਮੌਕੇ ਡੀਨ ਖੋਜ ਪ੍ਰੋ. ਰਿਤੂ ਲਹਿਲ, ਛੱਤੀਸਗੜ੍ਹ ਤੋਂ ਦੇਵਿੰਦਰ ਸਿੰਘ ਸਿੱਬਲ ਤੇ ਡਾ. ਜਗਮੋਹਨ ਸ਼ਰਮਾ ਨੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਲਗਵਾਈ। ਚੇਅਰ ਇੰਚਾਰਜ ਡਾ. ਅਲੰਕਾਰ ਸਿੰਘ ਨੇ ਦੱਸਿਆ ਕਿ ਸਾਲ 2008 ਤੋਂ ਕਰਵਾਇਆ ਜਾ ਰਿਹਾ ਇਹ ਸੰਮੇਲਨ ਪੰਜਾਬੀ ਯੂਨੀਵਰਸਿਟੀ ਦੁਆਰਾ ਆਯੋਜਿਤ ਸੰਗੀਤਕ ਸਮਾਗਮਾਂ ਵਿਚੋਂ ਪ੍ਰਮੁੱਖ ਹੈ। ਇਸ ਸੰਮੇਲਨ ਵਿਚ ਰਾਸ਼ਟਰੀ ਅਤੇ ਖੇਤਰੀ ਪ੍ਰਸਿੱਧੀ ਪ੍ਰਾਪਤ ਸੰਗੀਤਕਾਰ ਭਾਗ ਲੈ ਰਹੇ ਹਨ। ਜ਼ਿਕਰਯੋਗ ਹੈ ਕਿ ਸਮਾਰੋਹ ਦਾ ਦੂਜਾ ਦਿਨ ਪਦਮ ਸ਼੍ਰੀ ਉਸਤਾਦ ਸੋਹਣ ਸਿੰਘ ਨੂੰ ਸਮਰਪਿਤ ਰਹੇਗਾ। ਇਸ ਦਿਨ ਪੰਜਾਬੀ ਯੂਨੀਵਰਸਿਟੀ ਵਿੱਚ ਕਾਰਜਰਤ ਹਰਪ੍ਰੀਤ ਸਿੰਘ ਸਾਹਨੀ ਜੋੜੀ ਏਕਲ ਵਾਦਨ ਕਰਨਗੇ। ਉਪਰੰਤ ਪ੍ਰਸਿੱਧ ਸ਼ਾਸਤਰੀ ਗਾਇਕਾ ਅਤੇ ਸੰਗੀਤ ਵਿਭਾਗ ਦੇ ਪ੍ਰੋਫ਼ੈਸਰ ਡਾ. ਨਿਵੇਦਿਤਾ ਸਿੰਘ ਗਾਇਨ ਦੀ ਪ੍ਰਸਤੁਤੀ ਦੇਣਗੇ। ਇਸ ਦਿਨ ਪਦਮ ਸ਼੍ਰੀ ਉਸਤਾਦ ਸੋਹਣ ਸਿੰਘ ਸਿਮ੍ਰਤੀ ਐਵਾਰਡ ਪੰਜਾਬ ਘਰਾਣਾ ਦੇ ਉੱਘੇ ਤਬਲਾ ਨਵਾਜ਼ ਤੇ ਗੁਰੂ ਪੰਡਿਤ ਸੁਸ਼ੀਲ ਕੁਮਾਰ ਜੈਨ ਨੂੰ ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਦੁਆਰਾ ਪ੍ਰਦਾਨ ਕੀਤਾ ਜਾਵੇਗਾ। ਇਸ ਦਿਨ ਫ਼ਰੀਦਕੋਟ ਤੋਂ ਮਾਧਵ ਅਰੋੜਾ ਸ਼ਾਸਤਰੀ ਗਾਇਨ ਪ੍ਰਸਤੁਤ ਕਰਨਗੇ। ਆਲ ਇੰਡੀਆ ਰੇਡੀਓ, ਜਲੰਧਰ ਦੇ ਟੌਪ ਗਰੇਡ ਕਲਾਕਾਰ ਉਸਤਾਦ ਸ਼ਮਿੰਦਰਪਾਲ ਸਿੰਘ ਆਪਣੀ ਸਪੁੱਤਰੀ ਪਰਮਿੰਦਰ ਕੌਰ ਨਾਲ ਸਾਰੰਗੀ ਜੁਗਲਬੰਦੀ ਦੀ ਪੇਸ਼ਕਾਰੀ ਦੇਣਗੇ। ਸਹਿਯੋਗੀ ਕਲਾਕਾਰਾਂ ਵਜੋਂ ਤਬਲੇ 'ਤੇ ਜੈਦੇਵ ਤੇ ਮਧੁਰੇਸ਼ ਭੱਟ, ਹਾਰਮੋਨੀਅਮ 'ਤੇ ਅਲੀ ਅਕਬਰ, ਰਾਕੇਸ਼ ਕੁਮਾਰ, ਲਖਵਿੰਦਰ ਸਿੰਘ ਤੋਂ ਇਲਾਵਾ ਦਿਲਰੁਬਾ 'ਤੇ ਗੁਰਪ੍ਰੀਤ ਸਿੰਘ ਸਾਥ ਦੇਣਗੇ। ਇਸੇ ਦਿਨ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਸਿਮ੍ਰਤੀ ਅਵਾਰਡ ਵੀ ਉਸਤਾਦ ਸ਼ਮਿੰਦਰਪਾਲ ਸਿੰਘ ਨੂੰ ਪ੍ਰਦਾਨ ਕੀਤਾ ਜਾਵੇਗਾ। ਇਹਨਾਂ ਸਮਾਗਮਾਂ ਵਿਚ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ, ਚੇਅਰਮੈਨ ਪੰਜਾਬ ਕਲਾ ਪਰਿਸ਼ਦ ਸਵਰਨਜੀਤ ਸਿੰਘ ਸਵੀ ਅਤੇ ਰਾਏਪੁਰ, ਛੱਤੀਸਗੜ੍ਹ ਤੋਂ ਦੇਵਿੰਦਰ ਸਿੰਘ ਸਿੱਬਲ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੇ। ਇਸ ਦੇ ਨਾਲ ਹੀ ਪਟਿਆਲਾ ਤੇ ਆਸ-ਪਾਸ ਦੇ ਸ਼ਹਿਰਾਂ ਤੋਂ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗੀਤ ਦੇ ਰਸੀਏ ਸ਼ਾਮਲ ਰਹਿਣਗੇ।

## ਆਂਗਨਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦਾ 13ਵਾਂ ਸੂਬਾਈ ਇਜਲਾਸ ਸਫਲਤਾਪੂਰਵਕ ਸੰਪੰਨ




ਦੇਵੀਗੜ੍ਹ , 24 ਮਾਰਚ (ਗੁਰਜੀਤ ਸਿੰਘ ਢੋਟ): ਆਂਗਨਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਦਾ 13ਵਾਂ ਸੂਬਾਈ ਇਜਲਾਸ ਜਿਲ੍ਹਾ ਪਟਿਆਲਾ ਵਿਖੇ ਸਫਲਤਾਪੂਰਵਕ ਕਰਵਾਇਆ ਗਿਆ। ਇਸ ਮਹੱਤਵਪੂਰਨ ਇਜਲਾਸ ਵਿੱਚ ਸੂਬੇ ਭਰ ਤੋਂ ਆਏ 167 ਡੈਲੀਗੇਟਾਂ ਨੇ ਭਰਪੂਰ ਹਿੱਸਾ ਲਿਆ ਤੇ ਯੂਨੀਅਨ ਦੀਆਂ ਮੰਗਾਂ, ਮੁੱਦਿਆਂ 'ਤੇ ਭਵਿੱਖੀ ਰਣਨੀਤੀ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਜਲਾਸ ਦੌਰਾਨ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਨਾਲ ਜੁੜੀਆਂ ਮੁੱਖ ਸਮੱਸਿਆਵਾਂ ਜਿਵੇਂ ਕਿ ਘੱਟ ਮਾਨਦੇਹ, ਵਧਦਾ ਕੰਮ ਦਾ ਬੋਝ, ਤੇ ਸਰਕਾਰੀ ਦਬਾਅ ਆਦਿ ਮੁੱਦਿਆਂ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ। ਭਾਗੀਦਾਰਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਆਂਗਨਵਾੜੀ ਕਰਮਚਾਰੀਆਂ ਨੂੰ ਸਰਕਾਰੀ ਮੁਲਾਜ਼ਮਾਂ ਦਾ ਦਰਜਾ ਦਿੱਤਾ ਜਾਵੇ ਅਤੇ ਸੁਪਰੀਮ ਕੋਰਟ ਦੇ ਫੈਸਲਿਆਂ ਅਨੁਸਾਰ ਪੈਨਸ਼ਨ ਅਤੇ ਗ੍ਰੈਚੂਟੀ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ।

ਇਸ ਮੌਕੇ 'ਤੇ ਨਵੀਂ ਲੀਡਰਸ਼ਿਪ ਦੀ ਚੋਣ ਵੀ ਕੀਤੀ ਗਈ, ਜਿਸ ਵਿੱਚ 31 ਅਹੁਦੇਦਾਰ ਤੇ 36 ਵਰਕਿੰਗ ਕਮੇਟੀ ਮੈਂਬਰ ਚੁਣੇ ਗਏ। ਸ਼੍ਰੀ ਮਤੀ ਹਰਜੀਤ ਕੌਰ ਪ੍ਰਧਾਨ ਸੁਭਾਸ਼ ਰਾਣੀ ਜਨਰਲ ਸਕੱਤਰ, ਅਮ੍ਰਿਤਪਾਲ ਕੌਰ ਵਿੱਤ ਸਕੱਤਰ 4ਥੀ ਵਾਰ ਚੁਣੇ ਗਏ। ਚੁਣੀ ਟੀਮ ਨੇ ਯੂਨੀਅਨ ਦੀਆਂ ਲੜਾਈਆਂ ਨੂੰ ਹੋਰ ਮਜ਼ਬੂਤੀ ਨਾਲ ਅੱਗੇ ਵਧਾਉਣ ਦਾ ਭਰੋਸਾ ਦਿੱਤਾ। ਇਜਲਾਸ ਦੇ ਅੰਤ 'ਤੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਅਤੇ ਆਂਗਨਵਾੜੀ ਕਰਮਚਾਰੀਆਂ ਦੇ ਹੱਕਾਂ ਦੀ ਰੱਖਿਆ ਲਈ ਇਕਜੁੱਟ ਹੋਣ ਦਾ ਸੰਕਲਪ ਲਿਆ ਗਿਆ।

## ਸਨੌਰ 'ਚ ਖੋਖਲੇ ਵਾਅਦਿਆਂ ਦੀ ਬਰਸਾਤ : ਨਿਰਮਲ ਸਿੰਘ ਭੱਟੀਆਂ



ਸਨੌਰ, 24 ਮਾਰਚ (ਪ੍ਰਥਮ ਕੁਮਾਰ): ਹਲਕਾ ਸਨੌਰ ਤੋਂ ਸੀਨੀਅਰ ਕਾਂਗਰਸੀ ਆਗੂ ਨਿਰਮਲ ਸਿੰਘ ਭੱਟੀਆਂ ਵੱਲੋਂ ਸੱਤਾਧਾਰੀ ਪਾਰਟੀ 'ਤੇ ਤਿੱਖਾ ਨਿਸ਼ਾਨਾ ਸਾਧਿਆ ਗਿਆ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ ਤੇ ਇਸ ਦੇ ਨਾਲ ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਵਿਕਾਸ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਪਰ ਹਕੀਕਤ ਇਸ ਤੋਂ ਕਾਫੀ ਵੱਖਰੀ ਹੈ। ਖਾਸ ਤੌਰ 'ਤੇ ਹਲਕਾ ਸਨੌਰ ਵਿੱਚ ਵਿਕਾਸ ਦੇ ਨਾਮ 'ਤੇ ਸਿਰਫ਼ ਖੋਖਲੇ ਵਾਅਦੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਵੱਖ-ਵੱਖ ਪ੍ਰੋਜੈਕਟਾਂ ਦੀਆਂ ਤਸਵੀਰਾਂ ਸਾਂਝੀਆਂ ਕਰਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ, ਜਦਕਿ ਜ਼ਮੀਨੀ ਪੱਧਰ 'ਤੇ ਅਜਿਹਾ ਕੋਈ ਵਿਸ਼ੇਸ਼ ਵਿਕਾਸ ਨਹੀਂ ਦਿੱਸ ਰਿਹਾ। ਭੱਟੀਆ ਨੇ ਦੋਸ਼ ਲਾਇਆ ਕਿ ਇਲਾਕੇ ਵਿੱਚ ਬੁਨਿਆਦੀ ਸਹੂਲਤਾਂ ਦੀ ਘਾਟ ਅਜੇ ਵੀ ਬਰਕਰਾਰ ਹੈ। ਸੜਕਾਂ, ਪੀਣ ਵਾਲੇ ਪਾਣੀ ਅਤੇ ਆਵਾਜਾਈ ਵਰਗੀਆਂ ਮੁੱਖ ਸਮੱਸਿਆਵਾਂ ਹੱਲ ਨਹੀਂ ਹੋਈਆਂ, ਜਿਸ ਕਾਰਨ ਲੋਕਾਂ ਨੂੰ ਰੋਜ਼ਾਨਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜ਼ਮੀਨੀ ਹਕੀਕਤ ਨੂੰ ਸਮਝੇ ਅਤੇ ਲੋਕਾਂ ਦੇ ਮੁੱਦਿਆਂ ਦਾ ਹੱਲ ਕਰਨ ਲਈ ਢੰਗ ਨਾਲ ਕਦਮ ਚੁੱਕੇ। ਅੰਤ ਵਿੱਚ ਭੱਟੀਆ ਨੇ ਕਿਹਾ ਕਿ ਜੇਕਰ ਸਰਕਾਰ ਨੇ ਆਪਣੀ ਕਾਰਗੁਜ਼ਾਰੀ 'ਚ ਸੁਧਾਰ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਲੋਕ ਇਸਦਾ ਜਵਾਬ ਜ਼ਰੂਰ ਦੇਣਗੇ। ਇਸ ਮੌਕੇ ਕੁਲਦੀਪ ਸਿੰਘ ਕਾਲ਼ਾ ਸਾਬਕਾ ਪ੍ਰਧਾਨ ਨਗਰ ਕੌਂਸਲ ਸਨੌਰ, ਦਿਦਾਰ ਸਿੰਘ ਸਾਬਕਾ ਚੇਅਰਮੈਨ, ਹਰਮਿੰਦਰ ਸਿੰਘ ਕੁੱਕੂ, ਸਰਪੰਚ ਰਾਠੀਆ, ਕਾਹਨ ਸਿੰਘ ਮੰਜਾਲ, ਕਾਲ਼ਾ ਸਿੰਘ ਰਾਏਪੁਰ ਪ੍ਰਧਾਨ ਕਾਂਗਰਸ ਕਿਸਾਨ ਸੈੱਲ, ਸਤਿਨਾਮ ਸਿੰਘ ਨੰਬਰਦਾਰ, ਮਹਿਮੂਦਪੁਰ ਤੀਰਥ ਸਿੰਘ, ਸਾਬਕਾ ਸਰਪੰਚ ਸੰਜੀਵ ਸ਼ਰਮਾ ਰਾਏਪੁਰ, ਜਰਨਲ ਸੈਕਟਰੀ ਬਿਕਰਮ ਸਿੰਘ, ਤੇਜੇ ਮੰਜਾਲ ,ਗੁਰਮੀਤ ਬਾਵਾ ,ਗੁਰਨਾਮ ਸਿੰਘ ਸਨੌਰ, ਟੋਨੀ ਲਲੀਨਾ ਤੇ ਹੋਰ ਮੌਜੂਦ ਸਨ।

## ਇੰਡੇਨ ਗੈਸ ਏਜੰਸੀ ਡਕਾਲਾ ਵਿਖੇ ਲੱਗੀਆਂ ਲੰਬੀਆਂ ਲਾਈਨਾਂ

ਬਲਬੇੜ੍ਹਾ/ਡਕਾਲਾ, 24 ਮਾਰਚ (ਗੁਰਸੇਵਕ ਸਿੰਘ ਕਰਹਾਲੀ ਸਾਹਿਬ): ਈਰਾਨ, ਅਜਰਾਈਲ ਜੰਗ ਦੇ ਸੇਕ ਤੋਂ ਬਾਅਦ ਜਿੱਥੇ ਪੂਰੇ ਦੇਸ਼ 'ਚ ਪੈਟਰੋਲ 'ਤੇ ਡੀਜ਼ਲ ਦੇ ਭਾਅ ਦੇ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ, ਉਥੇ ਰਸੋਈ ਗੈਸ ਸਿਲੰਡਰ ਨੂੰ ਲੈ ਕੇ ਵੀ ਆਮ ਪਬਲਿਕ ਦੇ ਵਿੱਚ ਹਫੜਾ ਦਫੜੀ ਵਾਲਾ ਮਾਹੌਲ ਬਣਦਾ ਦਿਖਾਈ ਦਿੰਦਾ ਨਜ਼ਰ ਆ ਰਿਹਾ ਹੈ। ਜਿਸ ਦੀ ਤਾਜ਼ਾ ਮੂੰਹ ਬੋਲਦੀ ਤਸਵੀਰ ਇੰਡੇਨ ਗੈਸ ਏਜੰਸੀ ਡਕਾਲਾ ਤੋਂ ਸਾਹਮਣੇ ਆਈ ਜਿੱਥੇ ਗੈਸ ਸਲੰਡਰ ਭਰਾਉਣ ਨੂੰ ਲੈ ਕੇ ਲੋਕ ਲੰਮੀਆਂ ਲਾਈਨਾਂ ਵਿੱਚ ਖੜ੍ਹੇ ਦਿਖਾਈ ਦਿੰਦੇ ਨਜ਼ਰ ਆਏ। ਇਸ ਮੌਕੇ ਜਦੋਂ ਅਦਾਰਾ ਚੜ੍ਹਦੀਕਲਾ ਦੀ ਟੀਮ ਨੇ ਗੈਸ ਏਜੰਸੀ ਡਕਾਲਾ ਵਿਖੇ ਗੈਸ ਸਿਲੰਡਰ ਭਰਾਉਣ ਲਈ ਆਏ ਲੋਕਾਂ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਉਹ ਕਈ, ਕਈ ਦਿਨਾਂ ਤੋਂ ਗੈਸ ਸਲੰਡਰ ਭਰਵਾਉਣ ਲਈ ਏਜੰਸੀ ਦੇ ਗੇੜੇ ਕੱਟ ਰਹੇ ਹਨ ਉਨ੍ਹਾਂ ਕਿਹਾ ਕਿ ਗੈਸ ਸਿਲੰਡਰ ਬੁਕਿੰਗ ਕਰਾਉਣ ਦੇ ਬਾਵਜੂਦ ਵੀ ਉਹਨਾਂ ਨੂੰ ਲੰਮੀਆਂ ਲਾਈਨਾਂ ਵਿੱਚ ਲੱਗ ਕੇ ਆਪਣੀ ਬਾਰੀ ਦੀ ਉਡੀਕ ਕਰਨੀ ਪੈ ਰਹੀ ਹੈ। ਦੂਜੇ



ਪਾਸੇ ਜਦੋਂ ਗੈਸ ਏਜੰਸੀ ਡਕਾਲਾ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਕਿ ਜਿਹੜੇ ਗੈਸ ਸਿਲੰਡਰ ਖਾਤਾ ਧਾਰਕ, ਸ਼ੁਰੂ ਤੋਂ ਰੁਟੀਨ ਵਾਈਜ ਆਪਣੀ ਬੁਕਿੰਗ ਰਾਹੀਂ ਅਤੇ ਕਾਪੀ ਤੇ ਐਂਟਰੀ ਪਵਾ ਕੇ ਗੈਸ ਸਲੰਡਰ ਭਰ ਵਾਉਦੇ ਆ ਰਹੇ ਹਨ, ਉਹਨਾਂ ਨੂੰ ਗੈਸ ਏਜੰਸੀ ਨਿਯਮਾਂ ਅਨੁਸਾਰ ਬਣਦਾ ਗੈਸ ਸਲੰਡਰ ਨਿਰੰਤਰ ਮੁਹੱਈਆ ਕਰਾਇਆ ਜਾ ਰਿਹਾ ਹੈ। ਪਰ ਜਿਹੜੇ ਗੈਸ ਸਿਲੰਡਰ ਖ੍ਰੀਦ ਖਾਤਾ ਧਰਕਾਂ ਵੱਲੋ ਪਿਛਲੇ ਚਾਰ, ਪੰਜ ਸਾਲਾਂ ਤੋਂ ਸਿੱਧੇ ਰੂਪ 'ਚ ਬਿਨਾਂ ਬੁੱਕ ਕਰਾਏ ਗੈਸ ਸਿਲੰਡਰਾਂ ਦੀ ਖਰੀਦ ਕੀਤੀ ਹੈ, ਉਹਨਾਂ ਦੇ ਗੈਸ ਖਾਤੇ ਕੰਪਨੀ ਦੇ ਇਨਟਰਨਲ ਡਾਟੇ ਵਿੱਚੋਂ ਅਪਡੇਟ ਹੋਣ ਤੋਂ ਵਾਂਝੇ ਰਹਿ ਗਏ ਸਨ। ਇਸ ਲਈ ਉਹਨਾਂ ਗ੍ਰਾਹਕਾਂ ਨੂੰ ਕੇਵਾਈਸੀ ਕਰਾਉਣ ਤੋਂ ਬਾਅਦ ਖਾਤਾ ਅਪਡੇਟ ਹੋਣ ਦੇ ਨਾਲ ਹੀ ਗੈਸ ਸਿਲੰਡਰ ਦਿੱਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਕਈ ਲੋਕ ਅਜਿਹੇ ਆਉਂਦੇ ਹਨ ਜਿਹੜੇ ਬਿਨਾਂ ਕੇਵਾਈਸੀ ਕਰਾਏ ਸਿੱਧੇ ਸਲੰਡਰ ਭਰਵਾਉਣ ਲਈ ਜਿੱਦ ਕਰਦੇ ਹਨ, ਉਹਨਾਂ ਨੂੰ ਪ੍ਰੈਸ ਦੇ ਮਾਧਿਅਮ ਰਾਹੀਂ ਉਹਨਾਂ ਗੈਸ ਸਿਲੰਡਰ ਧਾਰਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਲੰਡਰ ਲੈਣ ਆਉਣ ਤੋਂ ਪਹਿਲਾਂ ਆਪਣੇ ਖਾਤੇ ਦੀ ਕੇਵਾਈਸੀ ਕੰਪਲੀਟ ਕਰਾ ਕੇ ਸਲੰਡਰ ਬੁੱਕ ਕਰਵਾਉਣ ਤੋਂ ਬਾਅਦ ਹੀ ਗੈਸ ਏਜੰਸੀ ਵਿਖੇ ਸਿਲੰਡਰ ਲੈਣ ਲਈ ਆਉਣ ਦੀ ਖੇਚਲ ਕਰਨ।

## ਗੁ. ਸ੍ਰੀ ਨਾਨਕ ਮਤਾ ਸਾਹਿਬ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਪੰਜੇ ਤਖ਼ਤਾਂ ਨਾਲ ਜੋੜਿਆ ਜਾਵੇ : ਜਥੇ. ਬਘੌਰਾ

ਪਟਿਆਲਾ, 24 ਮਾਰਚ (ਚ.ਨ.ਸ.): ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਸ਼੍ਰੋਮਣੀ ਅਕਾਲੀ ਦਲ ਨੇ ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਅਤੇ ਉਤਰ ਪ੍ਰਦੇਸ਼ ਦੇ ਖੇਤੀਬਾੜੀ ਮੰਤਰੀ ਬਲਦੇਵ ਸਿੰਘ ਔਲਖ ਨੂੰ ਮੰਗ ਪੱਤਰ ਸੌਂਪਿਆ ਗਿਆ ਹੈ, ਜਿਸ ਵਿੱਚ ਮੰਗ ਕੀਤੀ ਜਾਂਦੀ ਹੈ ਕਿ ਉਤਰਾਖੰਡ ਦੇ ਪ੍ਰਸਿੱਧ ਗੁਰਦੁਆਰਾ ਸ੍ਰੀ ਨਾਨਕ ਮਤਾ ਸਾਹਿਬ ਨੂੰ ਰੇਲਵੇ ਲਾਈਨ ਨਾਲ ਜੋੜਿਆ ਜਾਵੇ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਧਰਤੀ 'ਤੇ ਬੜੀ ਦੂਰ ਦੂਰ ਤੋਂ ਸ਼ਰਧਾ ਨਾਲ ਸੰਗਤਾਂ ਦਰਸ਼ਨ ਕਰਨ ਲਈ ਆਉਂਦੀਆਂ ਹਨ। ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਬਰੇਲੀ ਜੰਕਸ਼ਨ ਤੋਂ ਟਨਕਪੁਰ ਰੇਲਵੇ ਲਾਈਨ ਤੋਂ ਸਿਰਫ਼ ਅੱਠ ਕਿਲੋਮੀਟਰ ਦਾ ਲਿੰਕ ਹੈ ਰੇਲਵੇ ਦਾ ਇਸ ਨੂੰ ਸੰਗਤਾਂ ਦੀ ਮੰਗ ਅਨੁਸਾਰ ਪਹਿਲ ਦੇ ਆਧਾਰ 'ਤੇ ਬਣਾਉਣ ਦੀ ਲੋੜ ਹੈ। ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਕਿ ਅਮ੍ਰਿਤਸਰ ਤੋਂ ਲਾਲ ਕੁਆ ਐਕਸਪ੍ਰੈਸ ਟ੍ਰੇਨ ਜੋ ਹਫਤੇ ਵਿੱਚ ਇੱਕ ਦਿਨ ਚਲਦੀ ਹੈ ਇਸ ਨੂੰ ਹਰ ਰੋਜ਼ ਚਲਾਇਆ ਜਾਵੇ। ਅਖੀਰ ਵਿੱਚ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਅਮ੍ਰਿਤਸਰ ਸਾਹਿਬ ਦੀਆਂ ਸੰਗਤਾਂ ਲਈ ਸਚਖੰਡ ਸ੍ਰੀ ਹਜੂਰ ਸਾਹਿਬ ਦੀ ਤਰਜ਼ 'ਤੇ ਟ੍ਰੇਨਾਂ ਵਿਚ ਸਪੈਸ਼ਲ ਕੋਟਾ ਰੱਖਿਆ ਨੇ ਬਿਹਾਰ ਸਰਕਾਰ ਤੋਂ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਤਖਤ ਸ੍ਰੀ ਹਜ਼ੂਰ ਸਾਹਿਬ ਦੀ ਤਰਜ਼ 'ਤੇ ਤੱਖਤ



ਹਰਿਮੰਦਰ ਜੀ ਪਟਨਾ ਸਾਹਿਬ ਅਤੇ ਗੁਰਦੁਆਰਾ ਬਾਲ ਲੀਲਾ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਵਾਲੀਆਂ ਸੰਗਤਾਂ ਵਾਸਤੇ ਜਿੰਨੀਆਂ ਵੀ ਟ੍ਰੇਨਾਂ ਇੱਥੋਂ ਪੰਜਾਬ ਚਾਹੇ ਕਿਸੇ ਵੀ ਸੂਬੇ ਨੂੰ ਚੱਲਦੀਆਂ ਹਨ ਉਹਨਾਂ ਵਿੱਚ ਸੰਗਤਾਂ ਲਈ ਸੀਟਾਂ ਦਾ ਸਪੈਸ਼ਲ ਕੋਟਾ ਰਖਿਆ ਜਾਵੇ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਰੀਆਂ ਟ੍ਰੇਨਾਂ ਪਟਨਾ ਸਾਹਿਬ ਤੋਂ ਚਲਦੀਆਂ ਹਨ। ਉਨ੍ਹਾਂ ਵਿੱਚ ਤਤਕਾਲ ਬੁਕਿੰਗ ਡੇਲੀ ਸਵੇਰੇ ਅੱਠ ਵਜੇ ਤੋਂ ਸ਼ਾਮ ਤੱਕ ਤਤਕਾਲ ਸੇਵਾ ਹੋਣੀ ਚਾਹੀਦੀ ਹੈ ਅਖੀਰ ਵਿੱਚ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜਿੰਨੀਆਂ ਟ੍ਰੇਨਾਂ ਸ੍ਰੀ ਪਟਨਾ ਸਾਹਿਬ ਤੋਂ ਗੁਜ਼ਰਦੀਆਂ ਹਨ ਉਨ੍ਹਾਂ ਦਾ ਪਟਨਾ ਸਾਹਿਬ ਸਟੇਸ਼ਨ 'ਤੇ ਰੋਕਿਆ ਜਾਵੇ। ਇਸ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਰਸ਼ਨ ਕਰਨ ਵਾਲੀਆਂ ਸੰਗਤਾਂ ਵਾਸਤੇ ਟਿਕਟ ਬੁਕਿੰਗ ਨੂੰ ਪਹਿਲ ਦਿੱਤੀ ਜਾਵੇ।

## ਟ੍ਰੇਨਿੰਗਾਂ, ਅਭਿਆਸ ਰਾਹੀਂ ਹੀ ਸੇਫਟੀ, ਸਿਹਤ, ਸਹਾਇਤਾ ਦੇ ਕਾਰਜ ਠੀਕ ਤਰੀਕਿਆਂ ਨਾਲ ਹੋ ਸਕਦੇ ਨੇ : ਡੀਡੀਐਫ

ਪਟਿਆਲਾ, 24 ਮਾਰਚ (ਚ.ਨ.ਸ.): ਰਾਸ਼ਟਰੀ ਇੰਡਸਟਰੀ ਸੇਫਟੀ ਮਹੀਨੇ ਮਾਰਚ ਦੀ ਮਹੱਤਤਾ ਅਨੁਸਾਰ ਫੈਕਟਰੀ ਕਰਮਚਾਰੀਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਹਤਮੰਦ, ਤਦੰਰੁਸਤ, ਸੁਰੱਖਿਆ, ਖੁਸ਼ਹਾਲ ਰਖਣ, ਹਾਦਸੇ ਬਿਮਾਰੀਆਂ, ਘਟਾਉਣ ਅਤੇ ਕੀਮਤੀ ਜਾਨਾਂ ਬਚਾਉਣ ਲਈ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਡਿਪਟੀ ਡਾਇਰੈਕਟਰ ਆਫ਼ ਫੈਕਟਰੀ ਪਟਿਆਲਾ ਮੱਖਨ ਸਿੰਘ ਵੱਲੋਂ ਨੈਸਲੇ ਇੰਡੀਆ ਪ੍ਰਾਈਵੇਟ ਲਿਮਟਿਡ ਵਿਖੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਫੈਕਟਰੀ, ਘਰਾਂ ਅਤੇ ਸੜਕਾਂ ਤੇ ਸੁਰੱਖਿਅਤ ਰਹਿਣ, ਫਾਇਰ ਸੇਫਟੀ, ਸਿਲੰਡਰਾਂ ਦੀ ਵਰਤੋਂ ਅਤੇ ਜ਼ਖ਼ਮੀਆਂ ਨੂੰ ਮੌਕੇ 'ਤੇ ਠੀਕ ਫਸਟ ਏਡ ਦੇਕੇ ਹਸਪਤਾਲਾਂ ਤੱਕ ਪਹੁੰਚਾਉਣ ਦੀਆਂ ਟ੍ਰੇਨਿੰਗਾਂ ਅਭਿਆਸ ਕਰਵਾਏ ਜਾ ਰਹੇ ਹਨ। ਸ਼੍ਰੀ ਮੱਖਨ ਸਿੰਘ ਨੇ ਦੱਸਿਆ ਕਿ ਫੈਕਟਰੀ ਐਕਟ ਤਹਿਤ 25/30 ਸਾਲਾਂ ਤੋਂ ਫੈਕਟਰੀਆਂ ਵਿਖੇ ਉਤਪਾਦਨ ਦੇ ਨਾਲ ਨਾਲ ਵਰਕਰਾਂ ਅਤੇ ਖੇਤਰ ਦੇ ਲੋਕਾਂ ਦੀ ਸੁਰੱਖਿਆ, ਸਿਹਤ, ਵਾਤਾਵਰਨ ਅਤੇ ਆਫ਼ਤ ਪ੍ਰਬੰਧਨ, ਫਸਟ ਏਡ, ਫਾਇਰ ਸੇਫਟੀ ਲਈ ਜੰਗੀ ਪੱਧਰ ਤੇ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਆਫ਼ਤ ਪ੍ਰਬੰਧਨ, ਰਾਹੀਂ ਤਰ੍ਹਾਂ ਤਰ੍ਹਾਂ ਦੇ ਪ੍ਰੈਕਟਿਕਲ




ਫਸਟ ਏਡ, ਸੀ ਪੀ ਆਰ ਟ੍ਰੇਨਰ ਕਾਕਾ ਰਾਮ ਵਰਮਾ, ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਵਲੋਂ ਟ੍ਰੇਨਿੰਗ ਦਿੰਦੇ ਹੋਏ ਦਸਿਆ ਕਿ 80% ਲੋਕਾਂ ਦੀਆਂ ਮੌਤਾਂ ਅਚਾਨਕ ਵਾਪਰਨ ਵਾਲੀਆਂ 9 ਦੁਰਘਟਨਾਵਾਂ ਕਾਰਨ ਹੋ ਜਾਂਦੀਆਂ ਹਨ ਕਿਉਂਕਿ ਪੀੜਤਾਂ ਨੂੰ ਬਚਾਉਣ ਲਈ ਮੌਕੇ ਤੇ ਠੀਕ ਫਸਟ ਏਡ, ਸੀ ਪੀ ਆਰ, ਰਿਕਵਰੀ ਪੁਜੀਸ਼ਨ, ਵੈਂਟੀਲੈਟਰ ਬਣਾਉਟੀ ਸਾਹ ਕਿਰਿਆ, ਬੇਹੋਸ਼ੀ, ਸਦਮੇਂ ਦਿਲ ਦੇ ਦੌਰੇ, ਕਾਰਡੀਅਕ ਅਰੈਸਟ, ਸਿਰ ਦੀ ਸੱਟਾਂ, ਰਤਵਾਹ ਵਿਸ਼ੇਸ਼ ਤੌਰ ਤੇ ਅੰਦਰੂਨੀ ਰਤਵਾਹ ਸਮੇਂ ਪੀੜਤਾਂ ਨੂੰ ਮੌਕੇ ਤੇ ਸਿਖਿਅਤ ਲੋਕਾਂ ਵਲੋਂ ਮੁਢਲੀ ਸਹਾਇਤਾ ਨਹੀਂ ਦਿੱਤੀਆਂ ਜਾਂਦੀਆਂ। ਉਨ੍ਹਾਂ ਵਲੋਂ ਫੈਕਟਰੀ ਕਰਮਚਾਰੀਆਂ ਕਰਵਾਕੇ, ਟ੍ਰੇਨਿੰਗਾਂ ਦਿੱਤੀਆਂ ਕਿ ਦੋ ਚਾਰ ਮਿੰਟਾਂ ਵਿੱਚ ਸਾਹ, ਦਿਲ, ਦਿਮਾਗ ਦੀਆਂ ਕਿਰਿਆਵਾਂ ਬੰਦ ਹੋਣ ਤੇ ਮਰਨ ਵਾਲਿਆਂ ਨੂੰ ਬਚਾਉਣ, ਅੰਦਰੂਨੀ ਰਤਵਾਹ, ਅੰਦਰੂਨੀ ਸੱਟਾਂ, ਰਤਵਾਹ ਕਾਰਨ ਪੀੜਤਾਂ ਨੂੰ ਕੌਮੇ ਜਾਂ ਅਧਰੰਗ ਤੋਂ ਬਚਾਉਣ, ਪੀੜਤਾਂ ਨੂੰ ਵੈਂਟੀਲੈਟਰ ਪੁਜੀਸ਼ਨ ਜਾਂ ਰਿਕਵਰੀ ਪੁਜੀਸ਼ਨ ਵਿਚ ਲਿਟਾ ਕੇ ਰਖਣਾ ਚਾਹੀਦਾ। ਪੀੜਤ ਨੂੰ ਪਾਣੀ ਨਹੀਂ ਪਿਲਾਉਣਾ, ਹੱਥਾਂ ਪੈਰਾਂ ਦੀ ਮਾਲਸ਼ ਨਹੀਂ ਕਰਦੇ, ਸਿਰ ਮੂੰਹ ਤੇ ਛਿਟੇ ਨਹੀਂ ਮਾਰਦੇ। ਉਨ੍ਹਾਂ ਨੇ ਦਿਲ ਦੇ ਦੌਰੇ, ਅਨਜਾਇਨਾ, ਬੱਚਿਆਂ ਨੂੰ ਦਿਲ, ਮਿਰਗੀ ਸਾਹ ਦੇ ਦੌਰੇ ਦੌਰਾਨ, ਤੁਰੰਤ ਠੀਕ ਫਸਟ ਏਡ ਦੇਣ ਦੀ ਜਾਣਕਾਰੀ ਦਿੱਤੀ। ਸੀ ਪੀ ਆਰ, ਵੈਂਟੀਲੈਟਰ ਸੇਫਰ ਬਨਾਉਟੀ ਸਾਹ ਦੇਣ, ਚਾਦਰਾਂ ਰਸੀਆ ਪਗੜੀ ਸੋਟੀਆਂ ਅਤੇ ਹੱਥਾ ਰਾਹੀਂ ਸਟਰੈਚਰ ਤਿਆਰ ਕਰਨ ਦੇ ਪ੍ਰੈਕਟਿਕਲ ਕਰਵਾਏ। ਫੈਕਟਰੀ ਮੈਨੇਜਰ ਸ਼੍ਰੀ ਕਮਲ ਮਾਥੁਰ, ਸੇਫਟੀ ਮੈਨੇਜਰ ਸ਼੍ਰੀ ਲੁਕੇਸ ਠਾਕੁਰ ਤੇ ਟ੍ਰੇਨਿੰਗ ਲੈਣ ਵਾਲੇ ਕਰਮਚਾਰੀਆਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਸਰਕਾਰਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਲੇਬਰ ਵਿਭਾਗ, ਪੰਜਾਬ ਇੰਡਸਟਰੀ ਸੇਫਟੀ ਕਾਊਂਸਲ ਅਤੇ ਡਿਪਟੀ ਡਾਇਰੈਕਟਰ ਆਫ਼ ਫੈਕਟਰੀ ਦੇ ਸਹਿਯੋਗ ਨਾਲ ਸਮੇਂ ਸਮੇਂ ਕਰਮਚਾਰੀਆਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਖੇਤਰ ਦੇ ਲੋਕਾਂ ਨੂੰ ਸੇਫਟੀ, ਸਿਹਤ, ਬਚਾਉ, ਮਦਦ, ਸਨਮਾਨ, ਖੁਸ਼ਹਾਲ ਵਾਤਾਵਰਨ, ਉਨਤੀ ਹਿੱਤ ਟ੍ਰੇਨਿੰਗਾਂ ਅਭਿਆਸ ਅਤੇ ਮੌਕ ਡਰਿੱਲਾਂ ਕਰਵਾਕੇ ਦੇਸ਼, ਸਮਾਜ, ਮਾਨਵਤਾ ਤੇ ਵਾਤਾਵਰਨ ਦੇ ਮਦਦਗਾਰ ਫ਼ਰਿਸ਼ਤਿਆਂ ਵਜੋਂ ਤਿਆਰ ਕੀਤਾ ਜਾ ਰਿਹਾ ਹੈ। ਸੇਫਟੀ, ਸਿਹਤ, ਸਹਿਯੋਗ, ਪੀੜਤਾਂ ਦੀ ਸਹਾਇਤਾ ਕਰਨ ਦੇ ਨਿਯਮਾਂ, ਕਾਨੂੰਨਾਂ, ਅਸੂਲਾਂ, ਫਰਜ਼ਾਂ ਨੂੰ ਪਹਿਲ ਦੇ ਆਧਾਰ 'ਤੇ ਲਾਗੂ ਕੀਤਾ ਜਾਂਦਾ ਹੈ। ਚੰਗੇ ਵਫ਼ਾਦਾਰ, ਇਮਾਨਦਾਰ ਤੇ ਪੀੜਤਾਂ ਦੀ ਸਹਾਇਤਾ ਕਰਨ ਵਾਲੇ ਵਰਕਰਾਂ ਨੂੰ ਸਮੇਂ ਸਮੇਂ ਸਨਮਾਨਿਤ ਕੀਤਾ ਜਾਂਦਾ ਹੈ। ਇਸ ਕਰਕੇ ਉਨ੍ਹਾਂ ਦੀ ਫੈਕਟਰੀਆਂ ਵਿਖੇ ਕਦੇ ਕੋਈ ਹਾਦਸਾ ਜਾਂ ਝਗੜੇ ਨਹੀਂ ਹੋਏ।

## ਗਗਨਦੀਪ ਰੰਧਾਵਾ ਖੁਦਕੁਸ਼ੀ ਮਾਮਲੇ 'ਚ ਨਿਰਮਲ ਭੱਟੀਆਂ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਚੁੱਕੇ ਸਵਾਲ

ਦੇਵੀਗੜ੍ਹ, 24 ਮਾਰਚ (ਗੁਰਜੀਤ ਸਿੰਘ ਢੋਟ): ਹਲਕਾ ਸਨੌਰ ਤੋਂ ਸੀਨੀਅਰ ਕਾਂਗਰਸੀ ਆਗੂ ਨਿਰਮਲ ਸਿੰਘ ਭੱਟੀਆ ਵੱਲੋਂ ਸੱਤਾਧਾਰੀ ਪਾਰਟੀ 'ਤੇ ਤਿੱਖਾ ਨਿਸ਼ਾਨਾ ਸਾਧਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ, ਕਿਉਂਕਿ ਕੈਬਿਨੇਟ ਮੰਤਰੀ ਉੱਤੇ ਗਗਨਦੀਪ ਖੁਦਕੁਸ਼ੀ ਮਾਮਲੇ ਨਾਲ ਸੰਬੰਧਤ ਆਰੋਪ ਲੱਗੇ ਹਨ ਅਤੇ ਗ੍ਰਿਫਤਾਰੀ ਵੀ ਹੋ ਚੁੱਕੀ ਹੈ। ਭੱਟੀਆ ਨੇ ਕਿਹਾ ਕਿ ਜਿਹੜੇ ਲੋਕ ਖੁਦ ਹੀ ਵਿਵਾਦਾਂ 'ਚ ਘਿਰੇ ਹੋਣ, ਉਹ ਸੂਬੇ ਦੇ ਵਿਕਾਸ ਲਈ ਕਿਵੇਂ ਸਹੀ ਦਿਸ਼ਾ ਦੇ ਸਕਦੇ ਹਨ, ਇਸ ਦਾ ਅੰਦਾਜ਼ਾ ਆਸਾਨੀ ਨਾਲ ਲਾਇਆ ਜਾ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਵਿਕਾਸ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਪਰ ਹਕੀਕਤ ਇਸ ਤੋਂ ਕਾਫੀ ਵੱਖਰੀ ਹੈ। ਉਨ੍ਹਾਂ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਵੱਖ-ਵੱਖ ਪ੍ਰੋਜੈਕਟਾਂ ਦੀਆਂ ਤਸਵੀਰਾਂ ਸਾਂਝੀਆਂ ਕਰਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ, ਜਦਕਿ ਜ਼ਮੀਨੀ ਪੱਧਰ 'ਤੇ ਅਜਿਹਾ ਕੋਈ ਵਿਸ਼ੇਸ਼ ਵਿਕਾਸ ਨਹੀਂ ਦਿੱਸ ਰਿਹਾ। ਭੱਟੀਆ ਨੇ ਦੋਸ਼ ਲਾਇਆ ਕਿ ਇਲਾਕੇ ਵਿੱਚ ਬੁਨਿਆਦੀ ਸਹੂਲਤਾਂ ਦੀ ਘਾਟ ਅਜੇ ਵੀ ਬਰਕਰਾਰ ਹੈ। ਸੜਕਾਂ, ਪੀਣ ਵਾਲੇ ਪਾਣੀ ਤੇ ਆਵਾਜਾਈ ਵਰਗੀਆਂ ਮੁੱਖ ਸਮੱਸਿਆਵਾਂ ਹੱਲ ਨਹੀਂ ਹੋਈਆਂ, ਜਿਸ ਕਾਰਨ ਲੋਕਾਂ ਨੂੰ ਰੋਜ਼ਾਨਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜਮੀਨੀ ਹਕੀਕਤ ਨੂੰ ਸਮਝੇ ਅਤੇ ਲੋਕਾਂ ਦੇ ਮੁੱਦਿਆਂ ਦਾ ਹੱਲ ਕਰਨ ਲਈ ਢੰਗ ਨਾਲ ਕਦਮ ਚੁੱਕੇ। ਅੰਤ ਵਿੱਚ ਭੱਟੀਆ ਨੇ ਕਿਹਾ ਕਿ ਜੇਕਰ ਸਰਕਾਰ ਨੇ ਆਪਣੀ ਕਾਰਗੁਜ਼ਾਰੀ 'ਚ ਸੁਧਾਰ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਲੋਕ ਇਸਦਾ ਜਵਾਬ ਜ਼ਰੂਰ ਦੇਣਗੇ। ਇਸ ਮੌਕੇ ਕੁਲਦੀਪ ਸਿੰਘ ਕਾਲ਼ਾ ਸਾਬਕਾ ਪ੍ਰਧਾਨ ਨਗਰ ਕੌਂਸਲ ਸਨੌਰ, ਕਾਲ਼ਾ ਸਿੰਘ ਰਾਏਪੁਰ ਪ੍ਰਧਾਨ ਕਾਂਗਰਸ ਕਿਸਾਨ ਸੈੱਲ , ਸਤਿਨਾਮ ਸਿੰਘ ਨੰਬਰਦਾਰ, ਮਹਿਮੂਦਪੁਰ ਤੀਰਥ ਸਿੰਘ, ਸਾਬਕਾ ਸਰਪੰਚ ਸੰਜੀਵ ਸ਼ਰਮਾ ਰਾਏਪੁਰ, ਜਰਨਲ ਸੈਕਟਰੀ ਬਿਕਰਮ ਸਿੰਘ, ਤੇਜੇ ਮੰਜਾਲ, ਗੁਰਨਾਮ ਸਿੰਘ ਪ੍ਰਧਾਨ ਸਨੌਰ, ਟੋਨੀ ਲਲੀਨਾ ਗੁਰਮੀਤ ਬਾਵਾ, ਦਿਦਾਰ ਸਿੰਘ ਸਾਬਕਾ ਚੇਅਰਮੈਨ ,ਹਰਮਿੰਦਰ ਸਿੰਘ ਕੁੱਕੂ ,ਸਰਪੰਚ ਰਾਠੀਆ ,ਕਾਹਨ ਸਿੰਘ ਮੰਜਾਲ ਤੇ ਹੋਰ ਮੌਜੂਦ ਸਨ।

## ਮਿਲੇਨੀਅਮ ਵਰਲਡ ਸਕੂਲ 'ਚ ਜੂਨੀਅਰ ਗ੍ਰੈਜੂਏਸ਼ਨ ਸਮਾਰੋਹ ਕਰਵਾਇਆ



ਸਮਾਣਾ, 24 ਮਾਰਚ (ਵਿਜੇ ਕੁਮਾਰ): ਮਿਲੇਨਿਅਮ ਵਰਲਡ ਸਕੂਲ, ਸਮਾਣਾ ਵੱਲੋਂ ਜੂਨੀਅਰ ਕਲਾਸਾਂ ਲਈ ਗ੍ਰੈਜੂਏਸ਼ਨ ਸਮਾਰੋਹ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸਕੂਲ ਚੇਅਰਮੈਨ ਡਾ. ਕੇ.ਕੇ. ਜੌਹਰੀ, ਸੁਰਿੰਦਰਾ ਜੋਹਰੀ ਨੇ ਜੋਤੀ ਪ੍ਰਚੰਡ ਕਰਕੇ ਕੀਤੀ। ਇਸ ਮੌਕੇ ਬੱਚਿਆਂ ਵੱਲੋ ਕੀਤੀਆ ਪ੍ਰਾਪਤੀਆਂ ਸਬੰਧੀ ਜਸ਼ਨ ਮਨਾਇਆ ਗਿਆ। ਸਮਾਰੋਹ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਲਈ ਖੁਸ਼ੀ ਅਤੇ ਮਾਣ ਵਾਲਾ ਮੌਕਾ ਸੀ।ਸਮਾਰੋਹ ਦੀ ਸ਼ੁਰੂਆਤ ਜੂਨੀਅਰ ਕਲਾਸਾਂ ਦੇ ਨਤੀਜੇ ਘੋਸ਼ਿਤ ਕਰਨ ਨਾਲ ਹੋਈ। ਬੱਚਿਆਂ ਦੀ ਸਾਲ ਭਰ ਦੀ ਮਿਹਨਤ ਦੀ ਤਾਰੀਫ਼ ਕੀਤੀ ਗਈ। ਨੰਨੇ ਮੁੰਨੇ ਬੱਚੇ ਕੈਪ ਤੇ ਗਾਊਨ ਪਾ ਕੇ ਬਹੁਤ ਸੋਹਣੇ ਲੱਗ ਰਹੇ ਸਨ ਤੇ ਉਨ੍ਹਾਂ ਨੂੰ ਸਰਟੀਫਿਕੇਟ ਦਿੱਤੇ ਗਏ। ਪ੍ਰੋਗਰਾਮ ਵਿੱਚ ਬੱਚਿਆਂ ਵੱਲੋਂ ਕਈ ਸੁੰਦਰ ਪ੍ਰਸਤੁਤੀਆਂ ਪੇਸ਼ ਕਰਦਿਆਂ ਭਾਸ਼ਣ, ਕਵਿਤਾ ਪਾਠ ਕਹਾਣੀ ਸੁਣਾਉਣਾ, ਕਲਾਸ ਪ੍ਰਦਰਸ਼ਨ ਰੰਗ-ਬਰੰਗੀ ਪ੍ਰਸਤੁਤੀ ਨਾਲ ਸਬੰਧਤ ਦਾ ਦਿਲ ਜਿੱਤ ਲਿਆ। ਇਸ ਮੌਕੇ ਮਾਪਿਆਂ ਵਲੋ ਸਕੂਲ ਦੀ ਸਰਾਹਨਾ ਕਰਦਿਆ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਵਿੱਚ ਇੰਨਾ ਵਿਸ਼ਵਾਸ ਅਤੇ ਕਾਬਲੀਅਤ ਦੇਖ ਕੇ ਬਹੁਤ ਖੁਸ਼ੀ ਹੁੰਦੀ ਹੈ। ਸਕੂਲ ਬੱਚਿਆਂ ਦਾ ਬਹੁਤ ਵਧੀਆ ਵਿਕਾਸ ਕਰ ਰਿਹਾ ਹੈ।ਇਸ ਮੌਕੇ ਚੇਅਰਮੈਨ ਡਾ. ਕੇ. ਕੇ. ਜੌਹਰੀ ਨੇ ਕਿਹਾ, ਸਾਡੇ ਬੱਚੇ ਭਵਿੱਖ ਦੀ ਨੀਂਹ ਹਨ। ਅਸੀਂ ਉਨ੍ਹਾਂ ਵਿੱਚ ਆਤਮਵਿਸ਼ਵਾਸ ਅਤੇ ਚੰਗੇ ਗੁਣ ਵਿਕਸਿਤ ਕਰ ਰਹੇ ਹਾਂ। ਪ੍ਰਿੰਸਿਪਲ ਸ਼ਾਲਿਨੀ ਕਜਲਾ ਨੇ ਕਿਹਾ, ਇਹ ਸਮਾਰੋਹ ਸਿਰਫ ਪੜ੍ਹਾਈ ਨਹੀਂ, ਸਗੋਂ ਬੱਚਿਆਂ ਦੇ ਪੂਰੇ ਵਿਕਾਸ ਦਾ ਪ੍ਰਤੀਕ ਹੈ। ਸਾਨੂੰ ਹਰ ਬੱਚੇ 'ਤੇ ਮਾਣ ਹੈ। ਅੰਤ ਵਿੱਚ ਸਮਾਰੋਹ ਖੁਸ਼ੀਆਂ ਅਤੇ ਸੋਹਣੀਆਂ ਯਾਦਾਂ ਨਾਲ ਸਮਾਪਤ ਹੋਇਆ।

## ਸੁਰਿੰਦਰ ਖੇੜਕੀ ਦੀ ਅਗਵਾਈ ਹੇਠ 25 ਪਰਿਵਾਰ ਭਾਜਪਾ 'ਚ ਸ਼ਾਮਲ



ਸਮਾਣਾ, 24 ਮਾਰਚ (ਜਵੰਦਾ): ਹਲਕਾ ਸਮਾਣਾ ਦੇ ਪਿੰਡ ਪਹਾੜਪੁਰ ਵਿੱਚ ਰਾਜਨੀਤਿਕ ਹਲਚਲ ਦੇਖਣ ਨੂੰ ਮਿਲੀ, ਜਿੱਥੇ ਲਗਭਗ 25 ਪਰਿਵਾਰਾਂ ਨੇ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਕਹਿੰਦੇ ਹੋਏ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਹ ਸ਼ਾਮਿਲੀਅਤ ਬੀਜੇਪੀ ਸਮਾਣਾ ਦੇ ਹਲਕਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ ਦੀ ਅਗਵਾਈ ਹੇਠ ਹੋਈ। ਇਸ ਮੌਕੇ ਸਰਕਲ ਪ੍ਰਧਾਨ ਗੁਰਪ੍ਰੀਤ ਸਿੰਘ ਫਤਿਹਮਾਜਰੀ ਅਤੇ ਗੁਰਤੇਜ ਸਿੰਘ ਦੀ ਰਹਿਨੁਮਾਈ ਹੇਠ ਪਰਿਵਾਰਾਂ ਨੇ ਭਾਜਪਾ ਦਾ ਪੱਲਾ ਫੜਿਆ। ਨਵੇਂ ਸ਼ਾਮਿਲ ਹੋਏ ਮੈਂਬਰਾਂ ਦਾ ਸਵਾਗਤ ਕਰਦਿਆਂ ਸੁਰਿੰਦਰ ਸਿੰਘ ਖੇੜਕੀ ਨੇ ਪਾਰਟੀ ਦੀਆਂ ਨੀਤੀਆਂ ਅਤੇ ਉਦੇਸ਼ਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਭਾਜਪਾ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ।

ਇਸ ਦੌਰਾਨ ਗੁਰਪ੍ਰੀਤ ਸਿੰਘ ਮਾਜਰੀ (ਸਰਕਲ ਪ੍ਰਧਾਨ), ਜਸਕਰਨ ਸਿੰਘ ਸੋਨੀ, ਸਰਬਜੀਤ ਸਿੰਘ ਢਿੱਲੋਂ ਅਤੇ ਮਨਜੀਤ ਸਿੰਘ ਰਾਣਾ ਸਮੇਤ ਹੋਰ ਪਾਰਟੀ ਆਗੂ ਵੀ ਮੌਜੂਦ ਰਹੇ।

## ਸਮਾਣਾ ਵਿਖੇ ਡਾ. ਕਰਨ ਡੈਂਟਲ ਕਲੀਨਿਕ ਦੀ ਹੋਈ ਸ਼ੁਰੂਆਤ

ਸਮਾਣਾ, 24 ਮਾਰਚ (ਹਰਜਿੰਦਰ ਸਿੰਘ) : ਸਮਾਣਾ ਸ਼ਹਿਰ ਵਿੱਚ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਇਕ ਹੋਰ ਕਦਮ ਅੱਗੇ ਵਧਾਉਂਦੇ ਹੋਏ ਤਹਿਸੀਲ ਕੰਪਲੈਕਸ ਦੇ ਸਾਹਮਣੇ ਡਾ. ਕਰਨ ਡੈਂਟਲ ਕਲੀਨਿਕ ਦੀ ਸ਼ੁਰੂਆਤ ਕੀਤੀ ਗਈ। ਕਲੀਨਿਕ ਦਾ ਉਦਘਾਟਨ ਵੱਖ-ਵੱਖ ਪ੍ਰਮੁੱਖ ਸ਼ਖ਼ਸੀਅਤਾਂ ਦੀ ਮੌਜੂਦਗੀ ਵਿੱਚ ਕੀਤਾ ਗਿਆ। ਇਸ ਮੌਕੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜਗਮੀਤ ਸਿੰਘ ਹਰਿਆਊ, ਰੋਟਰੀ ਗਵਰਨਰ ਅਮਿਤ ਸਿੰਗਲਾ, ਕਾਂਗਰਸ ਮਹਿਲਾ ਵਿੰਗ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਰਛਪਾਲ ਸਿੰਘ ਜੌੜਾਮਾਜਰਾ, ਹਰਜਿੰਦਰ ਸਿੰਘ ਮਿੰਟੂ ਜੌੜਾਮਾਜਰਾ, ਕੌਂਸਲਰ ਦਰਸ਼ਨ ਮਿੱਤਲ, ਰਾਣਾ ਸੇਖੋਂ, ਸ਼ਾਮ ਲਾਲ ਦੱਤ ਤੇ ਕੌਂਸਲਰ ਟਿੰਕਾ ਗਾਜੇਵਾਸ ਆਦਿ ਸਮੇਤ ਇਲਾਕੇ ਦੀਆਂ ਹੋਰ ਕਈ ਸ਼ਖਸੀਅਤਾਂ ਨੇ ਸ਼ਿਰਕਤ ਕਰਦੇ ਹੋਏ ਡਾ. ਕਰਨ ਗਰਗ ਨੂੰ ਸ਼ੁਭਕਾਮਨਾਵਾਂ ਦਿੱਤੀਆਂ।



ਕਲੀਨਿਕ ਬਾਰੇ ਜਾਣਕਾਰੀ ਦਿੰਦਿਆਂ ਡਾ. ਕਰਨ ਗਰਗ ਨੇ ਦੱਸਿਆ ਕਿ ਇੱਥੇ ਆਧੁਨਿਕ ਮਸ਼ੀਨਰੀ ਰਾਹੀਂ ਦੰਦਾਂ ਨਾਲ ਸੰਬੰਧਤ ਹਰ ਤਰ੍ਹਾਂ ਦੀਆਂ ਬਿਮਾਰੀਆਂ ਦਾ ਇਲਾਜ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਉਦੇਸ਼ ਲੋਕਾਂ ਨੂੰ ਆਪਣੇ ਹੀ ਸ਼ਹਿਰ ਵਿੱਚ ਉੱਚ ਦਰਜੇ ਦੀ ਡੈਂਟਲ ਸਹੂਲਤ ਮੁਹੱਈਆ ਕਰਵਾਉਣਾ ਹੈ। ਉਲੇਖਣਯੋਗ ਹੈ ਕਿ ਡਾ. ਕਰਨ ਗਰਗ ਪ੍ਰਸਿੱਧ ਵਪਾਰੀ ਜੀਵਨ ਗਰਗ ਦੇ ਭਤੀਜੇ ਤੇ ਕੇਵਲ ਕ੍ਰਿਸ਼ਨ ਗਰਗ ਦੇ ਪੁੱਤਰ ਹਨ। ਇਲਾਕਾ ਵਾਸੀਆਂ ਨੇ ਕਲੀਨਿਕ ਦੀ ਸ਼ੁਰੂਆਤ ਨੂੰ ਸਵਾਗਤਯੋਗ ਕਦਮ ਦੱਸਦੇ ਹੋਏ ਕਿਹਾ ਕਿ ਇਸ ਨਾਲ ਸਮਾਣਾ ਵਿੱਚ ਡੈਂਟਲ ਇਲਾਜ ਦੀਆਂ ਸਹੂਲਤਾਂ ਹੋਰ ਮਜ਼ਬੂਤ ਹੋਣਗੀਆਂ।

## ਨਵੇਂ ਵਿਦਿਆਰਥੀਆਂ ਲਈ ਪ੍ਰੇਰਨਾਸਰੋਤ ਬਣਦੀਆਂ ਨੇ ਪੁਰਾਣੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ : ਡਾ. ਜਗਦੀਪ ਸਿੰਘ

ਪਟਿਆਲਾ, 23 ਮਾਰਚ (ਚ.ਨ.ਸ.): ਪੰਜਾਬੀ ਯੂਨੀਵਰਸਿਟੀ ਦੇ ਸ਼ਹੀਦ ਭਗਤ ਸਿੰਘ ਹੋਸਟਲ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ਼ਹੀਦ ਭਗਤ ਸਿੰਘ ਹੋਸਟਲ ਵਿੱਚ ਨਵੀਂ ਬਣੀ 'ਅਲੂਮਨੀ ਵਾਲ ਆਫ਼ ਫੇਮ' ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ ਵੱਲੋਂ ਵੀ ਸੰਬੋਧਨ ਕੀਤਾ ਗਿਆ। ਇਸ ਤੋਂ ਬਾਅਦ ਹੋਸਟਲ ਦੇ ਵਿਦਿਆਰਥੀਆਂ ਵੱਲੋਂ ਇੱਕ ਪ੍ਰਭਾਵਸ਼ਾਲੀ ਨਾਟਕ 'ਬੁੱਤ ਜਾਗ ਪਿਆ' ਖੇਡਿਆ ਗਿਆ।

ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਇਸ ਮੌਕੇ ਵਿਦਿਆਰਥੀਆਂ ਤੇ ਸਟਾਫ਼ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦਾ ਦਿਨ ਸਾਨੂੰ ਆਪਣੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਹੋਸਟਲ ਵਿੱਚ ਸਥਾਪਿਤ ਕੀਤੀ ਗਈ ਇਹ 'ਵਾਲ ਆਫ਼ ਫੇਮ' ਸਿਰਫ਼ ਇੱਕ ਕੰਧ ਨਹੀਂ, ਸਗੋਂ ਸਾਡੇ ਉਨ੍ਹਾਂ ਸਾਬਕਾ ਵਿਦਿਆਰਥੀਆਂ ਦੇ ਸੰਘਰਸ਼ ਅਤੇ ਸਫਲਤਾ ਦੀ ਪ੍ਰਤੀਕ ਹੈ, ਜਿਨ੍ਹਾਂ ਨੇ ਇੱਥੋਂ ਪੜ੍ਹ ਕੇ ਦੁਨੀਆ ਭਰ ਵਿੱਚ ਨਾਮ ਕਮਾਇਆ ਹੈ। ਇਹ ਕੰਧ ਮੌਜੂਦਾ ਵਿਦਿਆਰਥੀਆਂ ਲਈ ਚਾਨਣ ਮੁਨਾਰਾ ਬਣੇਗੀ ਤਾਂ ਜੋ ਉਹ ਵੀ ਆਪਣੇ ਜੀਵਨ ਵਿੱਚ ਵੱਡੀਆਂ ਪ੍ਰਾਪਤੀਆਂ ਕਰਕੇ ਦੇਸ਼ ਦੀ ਸੇਵਾ ਕਰ ਸਕਣ।



ਇਸ ਮੌਕੇ ਡੀਨ ਵਿਦਿਆਰਥੀ ਭਲਾਈ ਪ੍ਰੋ. ਮਮਤਾ ਸ਼ਰਮਾ, ਡੀਨ ਅਲੂਮਨੀ ਡਾ. ਰਾਜਬੰਸ ਸਿੰਘ ਗਿੱਲ, ਪਰੋਵੋਸਟ ਡਾ. ਸੁਖਵਿੰਦਰ ਸਿੰਘ ਸਰਾਂ, ਹੋਸਟਲ ਵਾਰਡਨ, ਵੱਖ-ਵੱਖ ਵਿਭਾਗਾਂ ਦੇ ਮੁਖੀ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



## ਨਹਿਰੂ ਪਾਰਕ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਦਿੱਤੀ ਸ਼ਰਧਾਂਜਲੀ

ਪਟਿਆਲਾ, 24 ਮਾਰਚ (ਚ.ਨ.ਸ.) : ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ—ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਅੱਜ ਸ਼ਹਿਰ ਵਿੱਚ ਵੱਖ-ਵੱਖ ਪ੍ਰੋਗਰਾਮ ਕਰਵਾ ਕੇ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸੇ ਸਬੰਧੀ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਕੱਢੇ ਗਏ ਵਿਸ਼ਾਲ ਕੈਂਡਲ ਮਾਰਚ ਵਿੱਚ ਮੇਅਰ ਕੁੰਦਨ ਗੋਗੀਆ, ਪੰਜਾਬ ਫੂਡ ਗ੍ਰੇਨ ਕਾਰਪੋਰੇਸ਼ਨ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਤੇ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਉਪਕਾਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸ਼ਰਧਾਂਜਲੀ ਭੇਟ ਕਰਦਿਆਂ ਮੇਅਰ ਕੁੰਦਨ ਗੋਗੀਆ ਤੇ ਚੇਅਰਮੈਨ ਬਲਜਿੰਦਰ ਢਿੱਲੋਂ ਨੇ ਸਾਂਝੇ ਤੌਰ ਤੇ ਕਿਹਾ ਕਿ 23 ਮਾਰਚ 1931 ਦਾ ਦਿਨ ਕੋਈ ਆਮ ਦਿਨ ਨਹੀਂ ਸੀ। ਉਨ੍ਹਾਂ ਕਿਹਾ ਕਿ ਸਾਨੂੰ ਸ਼ਹੀਦਾਂ ਦੇ ਸੁਪਨਿਆਂ ਵਾਲਾ ਦੇਸ਼ ਸਥਾਪਤ ਕਰਨ ਲਈ ਸਾਂਝੀਵਾਲਤਾ ਅਤੇ ਬਹੁਪੱਖੀ ਵਿਕਾਸ ਦੀ ਇੱਕ ਸਮੂਹਿਕ ਲਹਿਰ ਸਿਰਜਣੀ ਚਾਹੀਦੀ ਹੈ।

ਇਸ ਮੌਕੇ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਉਪਕਾਰ ਸਿੰਘ ਦੀ ਅਗਵਾਈ ਹੇਠ



ਮੇਅਰ ਕੁੰਦਨ ਗੋਗੀਆ ਦੇ ਦਫ਼ਤਰ ਤੋਂ ਨਹਿਰੂ ਪਾਰਕ ਤੱਕ ਇੱਕ ਵਿਸ਼ਾਲ ਕੈਂਡਲ ਮਾਰਚ ਕੱਢਿਆ ਗਿਆ। ਇਸ ਮਾਰਚ ਵਿੱਚ ਮਾਵਾਂ-ਭੈਣਾਂ ਅਤੇ ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸਕੇਤ ਹਸਪਤਾਲ ਦੀ ਟੀਮ ਨੇ ਡਾਇਰੈਕਟਰ ਪ੍ਰਮਿੰਦਰ ਮਨਚੰਦਾ ਦੀ ਅਗਵਾਈ ਵਿੱਚ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਭਾਸ਼ਾ ਵਿਭਾਗ ਦੇ ਸਹਾਇਕ ਡਾਇਰੈਕਟਰ ਡਾ. ਹਰਨੇਕ ਢੋਟ ਨੇ ਸਟੇਜ ਸੰਚਾਲਨ ਕਰਦਿਆਂ ਸ਼ਹੀਦਾਂ ਦੀ ਜੀਵਨੀ 'ਤੇ ਚਾਨਣਾ ਪਾਇਆ। ਇਸ ਸਮਾਗਮ ਵਿੱਚ ਮੌਰਨਿੰਗ ਕਲੱਬ ਦੇ ਪੂਰਨ ਸਵਾਮੀ, ਰਾਜਬੰਸ ਸਿੰਘ ਕਰੀਰ, ਗੁਰਵਿੰਦਰਪਾਲ ਸਿੰਘ ਸੰਧੂ, ਚਰਨਪਾਲ ਸਿੰਘ, ਮੋਹਨ ਖੰਨਾ, ਦੇਵ ਰਾਜ, ਲਖਵਿੰਦਰ ਸਿੰਘ, ਡਾ. ਰਿਸ਼ਮਾ ਕੋਹਲੀ, ਰਾਜ ਕੁਮਾਰ ਪਿੰਟੂ, ਮਨਜੀਤ ਕੌਰ, ਹਰਪ੍ਰੀਤ ਕੌਰ, ਕਿਰਨ ਸਿੰਗਲਾ, ਅਮਰਜੀਤ ਕੌਰ, ਪਰਮਿੰਦਰ ਵਰਮਾ, ਡਾ. ਗੌਤਮ, ਜਸਪ੍ਰੀਤ ਸਿੰਘ, ਕੌਂਸਲਰ ਕਮਲਜੀਤ ਕੌਰ, ਖੁਸ਼ਵਿੰਦਰ ਖੋਸਲਾ, ਉਭਰਾਏ, ਲੱਕੀ, ਰਜਿੰਦਰ, ਰਜਿੰਦਰ ਮੋਹਨ, ਰਾਜੂ ਸਾਹਨੀ ਐਮ ਸੀ, ਲਛਮਣ ਦਾਸ ਅਤੇ ਈ.ਟੀ.ਓ. ਸਾਹਿਬ ਸਮੇਤ ਸੈਂਕੜੇ ਸ਼ਹਿਰ ਨਿਵਾਸੀਆਂ ਨੇ ਸ਼ਹੀਦਾਂ ਨੂੰ ਨਮਨ ਕੀਤਾ।

## ਗਿਆਨ ਸਿੰਘ ਨਮਿਤ ਅੰਤਿਮ ਅਰਦਾਸ ਮੌਕੇ ਧਾਰਮਿਕ-ਰਾਜਨੀਤਿਕ ਸ਼ਖ਼ਸੀਅਤਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ

### ਗਰੀਬਾਂ ਦੇ ਮਸੀਹਾ ਅਤੇ ਲੋੜਵੰਦਾਂ ਦੀ ਮਦਦ ਕਰਨ ਵਾਲੇ ਸਨ ਗਿਆਨ ਸਿੰਘ : ਬਰਸਟ

ਪਟਿਆਲਾ, 24 ਮਾਰਚ (ਅਮਰਜੀਤ ਸਿੰਘ) : ਚੜ੍ਹਦੀਕਲਾ ਦੇ ਸਬ-ਅਡੀਟਰ ਅਵਤਾਰ ਸਿੰਘ ਦੇ ਪਿਤਾ ਨੇਕ ਦਿਲ, ਧਾਰਮਿਕ ਸੁਭਾਅ ਵਾਲੇ ਅਤੇ ਗਰੀਬ ਲੋਕਾਂ ਦੀ ਮਦਦ ਕਰਨ ਵਾਲੇ ਅਤੇ ਬਿਜਲੀ ਬੋਰਡ 'ਚ ਲੰਬੇ ਸਮੇਂ ਤੋਂ ਸੇਵਾਵਾਂ ਨਿਭਾਅ ਚੁੱਕੇ ਸ. ਗਿਆਨ ਸਿੰਘ ਜੋ ਕਿ ਬੀਤੇ ਦਿਨੀਂ ਪ੍ਰਮਾਤਮਾ ਦੁਆਰਾ ਬਖ਼ਸ਼ੀ ਸਵਾਸਾਂ ਦੀ ਪੂੰਜੀ ਪੂਰੀ ਕਰਦਿਆਂ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। ਉਨ੍ਹਾਂ ਦੀ ਅੰਤਿਮ ਅਰਦਾਸ ਗੁਰਦੁਆਰਾ ਸਤਸੰਗ ਭਵਨ ਨਿਊ ਮੇਹਰ ਸਿੰਘ ਕਲੋਨੀ ਤ੍ਰਿਪੜੀ ਵਿਖੇ ਹੋਈ। ਇਸ ਮੌਕੇ 'ਤੇ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਬਾਬਾ ਸੰਤੋਖ ਸਿੰਘ ਜੀ ਮਲੇਰਕੋਟਲੇ ਵਾਲਿਆਂ ਨੇ ਗੁਰਬਾਣੀ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ 'ਤੇ ਸਿਆਸੀ, ਧਾਰਮਿਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਅਦਾਰਾ ਚੜ੍ਹਦੀਕਲਾ ਟਾਈਮ ਟੀ.ਵੀ. ਦੇ ਚੇਅਰਮੈਨ ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ, ਹਰਚੰਦ ਸ਼ਿੰਘ ਬਰਸਟ ਚੇਅਰਮੈਨ ਮੰਡੀ ਬੋਰਡ ਪੰਜਾਬ ਸਰਕਾਰ ਨੇ ਪਰਿਵਾਰ ਸਹਿਤ ਦੁੱਖ



ਸਾਂਝਾ ਕੀਤਾ। ਗੁ. ਦੂਖ ਨਿਵਾਰਨ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ ਵੱਲੋਂ ਅੰਤਿਮ ਅਰਦਾਸ ਕੀਤੀ ਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਹਰਚੰਦ ਸਿੰਘ ਬਰਸਟ ਅਤੇ ਆਈਆਂ ਸਿਆਸੀ-ਧਾਰਮਿਕ ਸਖ਼ਸ਼ੀਅਤਾਂ ਨੇ ਕਿਹਾ ਸ. ਗਿਆਨ ਸਿੰਘ ਜਿਨ੍ਹਾਂ ਨੇ ਬਿਜਲੀ ਵਿਭਾਗ 'ਚ ਸੇਵਾਵਾਂ ਨਿਭਾਈਆਂ ਹਨ ਅਤੇ ਲੋਕਾਂ ਦੀ ਮਦਦ ਕੀਤੀ ਹੈ ਉਹ ਨੇਕ ਦਿਲ ਧਾਰਮਿਕ ਸੁਭਾਅ ਵਾਲੇ ਸਨ ਤੇ ਗੁਰੂ ਘਰ ਨਾਲ ਜੁੜੇ ਹੋਏ ਸਨ। ਸ. ਗਿਆਨ ਸਿੰਘ ਜੀ 81 ਵਰ੍ਹਿਆਂ ਦੀ ਉਮਰ ਭੋਗਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਪਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ। ਉਹ 1990 ਵਿੱਚ ਪਿੰਡ ਚਲੈਲਾ ਤੋਂ ਪਟਿਆਲਾ ਨਿਊ ਮੇਹਰ ਸਿੰਘ ਕਲੋਨੀ ਵਿੱਚ ਆ ਕੇ ਵਸੇ ਅਤੇ ਲੋਕਾਂ ਨਾਲ ਮਿਲਵਰਤਨ ਤੇ ਪਿਆਰ ਨਾਲ ਆਪਣੀ ਸਾਂਝ ਵਧਾਈ। ਸ. ਗਿਆਨ ਸਿੰਘ ਜੀ ਬਾਬਾ ਜੈਮਲ ਸਿੰਘ ਭਿੰਡਰ ਜੀ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਲੜ ਲਗ ਗਏ ਅਤੇ ਆਖਰੀ ਦਮ ਤੱਕ ਸੱਚ ਤੇ ਇਮਾਨਦਾਰੀ ਦੀ ਕੀਰਤ ਕਰਦਿਆਂ ਗੁਰੂ ਸਿੱਖੀ ਬਾਣੇ ਵਿੱਚ ਹਰ ਰੋਜ਼ ਨਿਤਨੇਮ ਕਰਨਾ ਤੇ ਲੋਕਾਂ ਨੂੰ ਗੁਰਬਾਣੀ ਨਾਲ ਜੋੜਨ ਵਾਲੀ ਸ਼ਖ਼ਸੀਅਤ ਦੇ ਮਾਲਕ ਸਨ। ਅਜਿਹੀ ਸ਼ਖ਼ਸੀਅਤ ਦਾ ਕਲੋਨੀ ਵਿੱਚੋਂ ਜਾਣਾ ਪੂਰੇ ਇਲਾਕੇ ਦੀ ਸੰਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਇਸ ਮੌਕੇ 'ਤੇ ਅਮਰਜੀਤ ਸਿੰਘ ਰਾਮਗੜ੍ਹੀਆ, ਜਗਜੀਤ ਸਿੰਘ ਸੰਧੂ ਰਾਮਗੜ੍ਹੀਆ, ਪਾਵਰਕਾਮ ਪੈਨਸ਼ਨ ਆਗੂ, ਹਰਿੰਦਰ ਸ਼ਿੰਘ ਸ਼ਰਮਾ ਕੌਰਜੀ ਵਾਲਾ, ਗੁਰਵਿੰਦਰ ਸਿੰਘ ਸ਼ਕਤੀਮਾਨ (ਅਕਾਲੀ ਆਗੂ), ਸੁਰਿੰਦਰ ਸਿੰਘ ਸੱਦੋ, ਪੰਜਾਬ ਪੁਲਿਸ ਦੇ ਅਧਿਕਾਰੀ ਸਾਹਿਬਾਨ, ਸਰੂਪ ਸਿੰਘ ਸਰਕਲ ਪ੍ਰਧਾਨ, ਸਮੁੱਚਾ ਪੱਤਰਕਾਰ ਭਾਈਚਾਰਾ, ਪਿੰਡ ਚਲੈਲਾ ਦੀ ਸੰਗਤ ਤੇ ਨਗਰ ਨਿਵਾਸੀ, ਭਾਜਪਾ ਆਗੂ ਗੁਰਿੰਦਰ ਕਾਂਸਲ, ਜਗਵਿੰਦਰ ਸਿੰਘ ਬੁੱਟਰ ਸਿਟੀ 2 ਟ੍ਰੈਫਿਕ ਇੰਚਾਰਜ ਤੋਂ ਇਲਾਵਾ ਅਦਾਰ ਚੜ੍ਹਦੀਕਲਾ ਦੇ ਸਮੂਹ ਸਟਾਫ ਨੇ ਹਾਜ਼ਰੀ ਲਵਾਈ।

## ਨਾਇਬ ਤਹਿਸੀਲਦਾਰ ਨੇ ਵਪਾਰੀਆਂ ਦੀ ਮੁਸ਼ਕਿਲਾਂ ਸੁਣੀਆਂ




ਘਨੌਰ, 24 ਮਾਰਚ (ਰਾਜਿੰਦਰ ਸਿੰਘ): ਪੰਜਾਬ ਸਰਕਾਰ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਸੁਣਨ ਅਤੇ ਉਨ੍ਹਾਂ ਦਾ ਮੌਕੇ 'ਤੇ ਹੱਲ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੇ ਤਹਿਤ ਪਿੰਡ ਅਜਰਾਵਰ ਵਿਖੇ ਵਪਾਰੀਆਂ ਦੀਆਂ ਮੁਸ਼ਕਿਲਾਂ ਸੁਣਨ ਲਈ ਨਾਇਬ ਤਹਿਸੀਲਦਾਰ ਘਨੌਰ ਬਲਜੀਤ ਸਿੰਘ ਅਧਿਕਾਰੀਆਂ ਸਮੇਤ ਪਹੁੰਚੇ। ਇਸ ਦੌਰਾਨ ਵਪਾਰੀਆਂ ਨੇ ਆਪਣੇ ਵੱਖ-ਵੱਖ ਮਸਲੇ ਰੱਖੇ, ਜਿਨ੍ਹਾਂ ਦੇ ਹੱਲ ਲਈ ਮੌਕੇ 'ਤੇ ਹੀ ਉਚਿਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਚੇਅਰਮੈਨ ਗੁਰਪ੍ਰੀਤ ਸਿੰਘ ਮੰਨਣ ਅਤੇ ਉਪ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਨੇ ਵਪਾਰੀਆਂ ਦੀਆਂ ਮੁਸ਼ਕਿਲਾਂ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਕੇ ਉਨ੍ਹਾਂ ਦਾ ਹੱਲ ਕਰਵਾਇਆ। ਵਪਾਰੀਆਂ ਨੇ ਮਾਨ ਸਰਕਾਰ ਦੇ ਇਸ ਉਪਰਾਲੇ ਦੀ ਸਲਾਘਾ ਕਰਦਿਆਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਕਿਸੇ ਸਰਕਾਰ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਸੁਣਨ ਲਈ ਅਧਿਕਾਰੀ ਮੌਕੇ 'ਤੇ ਪਹੁੰਚੇ ਹਨ ਅਤੇ ਉਨ੍ਹਾਂ ਦੇ ਹੱਲ ਲਈ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ।

ਇਸ ਮੌਕੇ ਗੁਰਪ੍ਰੀਤ ਸਿੰਘ ਧਮੋਲੀ ਉਪ ਚੇਅਰਮੈਨ ਪਟਿਆਲਾ, ਲਖਵਿੰਦਰ ਸਿੰਘ ਮੈਂਬਰ ਘਨੌਰ, ਬਲਜਿੰਦਰ ਸਿੰਘ ਮੈਂਬਰ, ਧਰਮ ਸਿੰਘ ਪਬਰੀ ਮੈਂਬਰ ਘਨੌਰ, ਸਾਲੂ ਜਿੰਦਲ ਮੈਂਬਰ ਘਨੌਰ, ਕਿਰਤ ਸਿੰਘ ਸਿਹਰਾ ਮੈਂਬਰ ਘਨੌਰ, ਸੱਤੀ ਬਾਸਮਾ ਮੈਂਬਰ ਘਨੌਰ, ਅੰਕਿਤ ਸੂਦ ਮੈਂਬਰ ਘਨੌਰ, ਜਸਵੰਤ ਸਿੰਘ ਮੈਂਬਰ ਘਨੌਰ, ਲੱਕੀ ਸਿੰਘ ਮੈਂਬਰ ਘਨੌਰ ਅਤੇ ਗੁਰਜੀਤ ਸਿੰਘ ਮੈਂਬਰ ਘਨੌਰ ਸਮੇਤ ਹੋਰ ਹਾਜ਼ਰ ਸਨ।

## ਪੁੱਡਾ ਇਨਕਲੇਵ-1 ਦੀ ਨਵੀਂ ਟੀਮ ਦੀ ਹੋਈ ਚੋਣ

ਪਟਿਆਲਾ, 24 ਮਾਰਚ (ਚ.ਨ.ਸ.) : ਪੁੱਡਾ ਇੰਨਕਲੇਵ-1 ਦੀ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ ਵੱਲੋਂ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਤਕਰੀਬਨ 100 ਦੇ ਕਰੀਬ ਕਲੋਨੀ ਵਾਸੀਆਂ ਨੇ ਵੱਡੀ ਪੱਧਰ 'ਤੇ ਭਾਗ ਲਿਆ। ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ ਰਾਜਦੀਪ ਸਿੰਘ ਨੂੰ ਪ੍ਰਧਾਨ, ਇੰਜੀ. ਸਤਵਿੰਦਰ ਸਿੰਘ ਸੈਣੀ ਨੂੰ ਚੇਅਰਮੈਨ, ਡਾ. ਪ੍ਰਬਲੀਨ ਸਿੰਘ ਨੂੰ ਦੁਬਾਰਾ ਸਲਾਹਕਾਰ, ਪੰਕਜ ਸੱਚਦੇਵਾ ਨੂੰ ਮੀਤ ਪ੍ਰਧਾਨ, ਸੰਦੀਪ ਸ਼ਰਮਾ ਨੂੰ ਜਨਰਲ ਸਕੱਤਰ, ਸਤਵੰਤ ਸਿੰਘ ਨੂੰ ਜੁਇੰਟ ਸਕੱਤਰ, ਸੰਜੀਵ ਮਲਹੋਤਰਾ ਨੂੰ ਫਾਈਨੈਂਸ ਸਕੱਤਰ ਅਤੇ ਮਨਸੂ ਨਾਰੰਗ ਨੂੰ ਖਜਾਨਚੀ ਨਿਯੁਕਤ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਸਿਕੰਦ ਵੀਰ ਜਿੰਦਲ, ਡਾ. ਰਮਨ ਕੁਮਾਰ, ਡਾ.ਕੁਲਦੀਪ ਸਿੰਘ, ਡਾ.ਪਰਵਿੰਦਰ ਸਿੰਘ ਨਰਾਇਣ ਦਾਸ ਅਤੇ ਸ਼ੀਫਾਲੀ ਗੋਇਲ ਅਤੇ ਰੁਪਾਲੀ ਧੀਰ ਨੂੰ ਵੀ



ਐਗਜੀਕਿਊਟਿਵ ਮੈਂਬਰ ਦੇ ਤੌਰ ਤੇ ਚੁਣ ਲਿਆ ਗਿਆ। ਇਸ ਮੌਕੇ ਨਵੀਂ ਚੁਣੀ ਹੋਈ ਟੀਮ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਸਾਰੇ ਹੀ ਪੁਡਾ ਇੰਨਕਲੇਵ ਦੀ ਬੇਹਤਰੀ ਤੇ ਡਿਵੈਲਪਮੈਂਟ ਲਈ ਵਚਨਬੱਧ ਹਨ ਤੇ ਭਵਿੱਖ ਵਿੱਚ ਸਾਰੇ ਹੀ ਐਸੋਸੀਏਸ਼ਨ ਮੈਂਬਰਾਂ ਨਾਲ ਸਲਾਹ ਮਸ਼ਵਰਾ ਕਰਕੇ ਪੁਡਾ ਇੰਨਕਲੇਵ-1ਵਿਖੇ ਵਿਕਾਸ ਦੇ ਕੰਮ ਪਹਿਲ ਦੇ ਆਧਾਰ ਤੇ ਕਰਵਾਏ ਜਾਣਗੇ ਤੇ ਸੁਸਾਇਟੀ ਵਿਖੇ ਰਹਿਣ ਵਾਲੇ ਸਾਰੇ ਹੀ ਨਾਗਰਿਕਾਂ ਦੇ ਜੀਵਨ ਪੱਧਰ ਨੂੰ ਹੋਰ ਉੱਚਾ ਚੁੱਕਿਆ ਜਾਵੇਗਾ।

## ਪਟਿਆਲਾ ਪੁਲਿਸ ਨਸ਼ਾ ਤਸਕਰਾਂ ਦੇ ਵੱਡੇ ਮੱਗਰਮੱਛਾਂ ਨੂੰ ਪਾਈ ਰਹੀ ਹੈ ਨਕੇਲ

ਪਟਿਆਲਾ, 24 ਮਾਰਚ (ਚ.ਨ.ਸ.) : ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਪਟਿਆਲਾ ਪੁਲਿਸ ਤੇ ਜ਼ਿਲ੍ਹਾ ਸਾਝ ਕੇਂਦਰ ਪਟਿਆਲਾ ਪੁਲਿਸ ਵੱਲੋਂ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਪਟਿਆਲਾ ਵਰਜੀਤ ਵਾਲੀਆਂ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਨੇ ਕੀਤੀ।ਇਸ ਮੌਕੇ ਐਸ ਪੀ ਹੈਡਕੁਆਰਟਰ ਵੈਭਵ ਚੌਧਰੀ ਵੱਲੋਂ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਡੀ ਐਸ ਪੀ ਸਿਟੀ 2 ਜੰਗਜੀਤ ਸਿੰਘ ਰੰਧਾਵਾ, ਇੰਸਪੈਕਟਰ ਅਵਤਾਰ ਸਿੰਘ ਰੀਡਰ ਐਸ ਐਸ ਪੀ ਪਟਿਆਲਾ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਐਸ ਐਚ ਓ ਥਾਣਾ ਤ੍ਰਿਪੜੀ ਇੰਸ. ਸੁਖਜਿੰਦਰ ਸਿੰਘ, ਇੰਸ. ਪ੍ਰਿਤਪਾਲ ਸਿੰਘ ਇੰਚਾਰਜ ਸਿਕਊਰਟੀ ਬ੍ਰਾਂਚ, ਐਸ




ਐਚ ਓ ਥਾਣਾ ਸਿਵਲ ਲਾਈਨ ਅਮਨਦੀਪ ਸਿੰਘ ਬਰਾੜ, ਇੰਸਪੈਕਟਰ ਗਗਨਦੀਪ ਸਿੰਘ,ਐਸ ਐਚ ਓ ਥਾਣਾ ਲਾਹੌਰੀ ਗੇਟ ਇੰਸਪੈਕਟਰ ਰਣਦੀਪ ਸਿੰਘ, ਇੰਸਪੈਕਟਰ ਗੁਰਪ੍ਰੀਤ ਸਿੰਘ ਸਮਰਾਓ, ਐਸ ਐਚ ਓ ਥਾਣਾ ਬਖ਼ਸ਼ੀਵਾਲਾ ਐਸ ਆਈ ਸੁਖਦੇਵ ਸਿੰਘ, ਇੰਸਪੈਕਟਰ ਗਗਨਦੀਪ ਸਿੰਘ, ਐਸ ਐਚ ਓ ਥਾਣਾ ਗੰਡਾ ਖੇੜੀ ਐਸ ਆਈ ਜੈ ਦੀਪ ਸ਼ਰਮਾ,ਚੌਕੀ ਇੰਚਾਰਜ ਅਫਸਰ ਕਲੋਨੀ ਐਸ ਆਈ ਲਵਦੀਪ ਸਿੰਘ, ਚੌਕੀ ਇੰਚਾਰਜ ਮਾਡਲ ਟਾਊਨ ਐਸ ਆਈ ਗੁਰਬਿੰਦਰ ਸਿੰਘ,ਏ ਐਸ ਆਈ ਰਣਜੀਤ ਸਿੰਘ ਇੰਚਾਰਜ ਡਵੀਜ਼ਨ ਨੰਬਰ 4 ,ਨੈਬ ਸਿੰਘ ਰੀਡਰ ਐਸ ਪੀ ਹੈਡਕੁਆਰਟਰ, ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ,ਉਪਕਾਰ ਸਿੰਘ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ਼ ਆਫ ਕਾਮਰਸ ਵੀ ਹਾਜਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਪਟਿਆਲਾ ਵਰਜੀਤ ਵਾਲੀਆਂ ਅਤੇ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਨੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਪੋਸਟਰ ਰਿਲੀਜ਼ ਕਰਦਿਆਂ ਕਿਹਾ ਕਿ ਪਟਿਆਲਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਦੇ ਵੱਡੇ ਮੱਗਰਮੱਛਾਂ ਨੂੰ ਨਕੇਲ ਪਾਈ ਜਾ ਰਹੀ ਹੈ ਅਤੇ ਪਟਿਆਲਾ ਪੁਲਿਸ ਨਸ਼ਿਆਂ ਦੀ ਸਪਲਾਈ ਰੋਕਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਹਨਾਂ ਨੌਜਵਾਨਾ ਅਤੇ ਪਬਲਿਕ ਨੂੰ ਅਪੀਲ ਕੀਤੀ ਕਿ ਉਹੋ ਬਗੈਰ ਕਿਸੇ ਡਰ ਭੈ ਤੋਂ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਅੱਗੇ ਆਉਣ ਤਾ ਜੋ ਉਹਨਾਂ 'ਤੇ ਸਮਾਂ ਰਹਿੰਦਿਆਂ ਕਾਰਵਾਈ ਕੀਤੀ ਜਾ ਸਕੇ। ਉਹਨਾਂ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਅਤੇ ਉਹਨਾਂ ਦੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਨਸ਼ਿਆਂ ਵਿਰੁੱਧ ਛੇੜੀ ਜਾਗਰੂਕਤਾ ਮੁਹਿਮ ਵਿੱਚ ਪੰਜਾਬ ਪੁਲਿਸ ਨੂੰ ਸਹਿਯੋਗ ਦੇਣ ਲਈ ਅੱਗੇ ਆਉਣਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ ਅਤੇ ਹੋਰ ਨੌਜਵਾਨਾਂ ਨੂੰ ਵੱਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ ਅਤੇ ਉਹਨਾਂ ਨੂੰ ਨਸ਼ਿਆਂ ਤੋਂ ਬਚਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾ ਸਕੀਏ।ਉਹਨਾਂ ਕਿਹਾ ਕਿ ਉਹੋ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਹਰ ਸਮੇਂ ਤਿਆਰ ਹਨ। ਇਸ ਮੌਕੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ , ਪਾਵਰ ਹਾਊਸ ਯੂਥ ਕਲੱਬ, ਯੂਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ।

## ਸੁਖਜੀਤ ਸਿੰਘ ਢਿੱਲਵਾਂ ਬੀ.ਸੀ. ਵਿੰਗ ਪੰਜਾਬ ਪ੍ਰਧਾਨ ਨਾਲ ਮੀਟਿੰਗ

ਭਾਦਸੋਂ, 24 ਮਾਰਚ (ਭਰਪੂਰ ਸਿੰਘ ਮੱਟਰਾਂ): ਆਮ ਆਦਮੀ ਪਾਰਟੀ ਵੱਲੋਂ ਲਾਏ ਗਏ ਨਵ ਨਿਯੁਕਤ ਬੀ. ਸੀ ਵਿੰਗ ਹਲਕਾ ਕੋਆਰਡੀਨੇਟਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਸੁਖਜੀਤ ਸਿੰਘ ਢਿੱਲਵਾ ਬੀ. ਸੀ ਵਿੰਗ ਪੰਜਾਬ ਪ੍ਰਧਾਨ ਨਾਲ ਮੀਟਿੰਗ ਕੀਤੀ ਗਈ ਇਸ ਸਮੇਂ ਲੋਕ ਸਭਾ ਹਲਕਾ ਇੰਚਾਰਜ ਪਟਿਆਲਾ ਬਲਜਿੰਦਰ ਸਿੰਘ ਢਿੱਲੋ, ਐਡਵੋਕੇਟ ਰਾਜਿੰਦਰ ਸਿੰਘ ਸੋਹਲ ਪ੍ਰਧਾਨ ਬੀ.ਸੀ ਵਿੰਗ ਦਿਹਾਤੀ ਪਟਿਆਲਾ ਵੱਖ ਵੱਖ ਹਲਕਿਆਂ ਦੇ ਕੋਆਰਡੀਨੇਟਰਾਂ ਬੀ. ਸੀ ਵਿੰਗ ਕੋਆਰਡੀਨੇਟਰਾਂ ਅਤੇ ਡਾਕਟਰ ਗਿਆਨ ਸਿੰਘ ਖਨੌੜਾ ਰਾਮਗੜੀਆ ਨਵ ਨਿਯੁਕਤ ਕੁਆਰਡੀਨੇਟਰ ਬੀ ਸੀ ਵਿੰਗ ਹਲਕਾ ਨਾਭਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਨਵ ਨਿਯੁਕਤ ਆਹੁਦੇਦਾਰਾਂ ਨੇ ਆਖਿਆ ਅਤੇ ਬੀ.ਸੀ ਵਿੰਗ ਪੰਜਾਬ ਪ੍ਰਧਾਨ ਸੁਖਜੀਤ ਸਿੰਘ ਢਿੱਲਵਾਂ ਵੱਲੋ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਤਨ ਦੇਹੀ ਨਾਲ ਨਿਭਾਉਣਗੇ ਅਤੇ ਆਮ ਆਦਮੀ ਪਾਰਟੀ ਨੂੰ ਮਜਬੂਤ ਕਰਨ ਲਈ ਪਹਿਲਾਂ ਦੀ ਤਰ੍ਹਾਂ ਦਿਨ ਰਾਤ ਮਿਹਨਤ ਕਰਨਗੇ।

## ਪਿੰਡ ਬੁਜਰਕ ਦੀ ਸੰਗਤ ਨੇ ਮੁੱਖ ਮੰਤਰੀ ਤੀਰਥ ਯੋਜਨਾ ਤਹਿਤ ਗੁਰਧਾਮਾਂ ਦੇ ਕੀਤੇ ਦਰਸ਼ਨ



ਪਾਤੜਾਂ, 24 ਮਾਰਚ (ਹਰਮਿੰਦਰ ਕਰਤਾਰਪੁਰ) : ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵੱਖ-ਵੱਖ ਪਿੰਡਾਂ ਦੀ ਸੰਗਤ ਨੂੰ ਮੁੱਖ ਮੰਤਰੀ ਤੀਰਥ ਯੋਜਨਾ ਤਹਿਤ ਸੂਬੇ ਦੇ ਗੁਰਧਾਮਾਂ ਦੇ ਦਰਸ਼ਨ ਕਰਵਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਇਸ ਸਬੰਧੀ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਵਿਰਾਸਤ ਸੇਵਾ ਸੰਗਠਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਇੰਚਾਰਜ਼ ਬਲਜੀਤ ਸਿੰਘ ਮੌਲਵੀਵਾਲਾ ਨੇ ਦੱਸਿਆ ਕਿ ਮੁੱਖ ਤੀਰਥ ਯੋਜਨਾ ਤਹਿਤ ਗੁਰਧਾਮਾਂ, ਮੰਦਰਾਂ ਅਤੇ ਹੋਰ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਹ ਸਾਲ ਤੋਂ ਉੱਪਰ ਦੇ ਮਰਦ ਅਤੇ ਔਰਤਾਂ ਨੂੰ ਏ.ਸੀ ਬੱਸਾਂ ਰਾਹੀਂ ਗੁਰਧਾਮਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ ਜਦ ਕਿ ਯਾਤਰਾ ਦੌਰਾਨ ਯਾਤਰੀਆਂ ਦੀ ਰਹਾਇਸ਼ ਅਤੇ ਖਾਣੇ ਦਾ ਬੰਦੋਬਸਤ ਵੀ ਸੂਬਾ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ। ਹਲਕਾ ਇੰਚਾਰਜ਼ ਬਲਜੀਤ ਸਿੰਘ ਮੌਲਵੀਵਾਲਾ ਨੇ ਦੱਸਿਆ ਕਿ ਬੀਤੇ ਕੱਲ ਪਿੰਡ ਬੁਜਰਕ ਦੀ ਸੰਗਤ ਨੂੰ ਗੁਰਦੁਆਰਾ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਜ਼ਿਲ੍ਹਿਆਂ ਵਾਲਾ ਬਾਗ਼, ਦੁਰਗਿਆਣਾ ਮੰਦਰ, ਭਗਵਾਨ ਬਾਲਮੀਕ ਮੰਦਰ, ਵਾਘਾ ਬਾਰਡਰ ਸਮੇਤ ਕਈ ਹੋਰ ਇਤਿਹਾਸਕ ਸਥਾਨਾਂ ਦੀ ਯਾਤਰਾ ਲਈ ਰਵਾਨਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅਗਲੇ ਦਿਨਾਂ ਵਿੱਚ ਵੀ ਇਹ ਯਾਤਰਾ ਲਗਾਤਾਰ ਜਾਰੀ ਰਹੇਗੀ ਕਿਉਂਕਿ ਇਲਾਕੇ ਦੀ ਸੰਗਤ ਵਿੱਚ ਮੁੱਖ ਮੰਤਰੀ ਤੀਰਥ ਯੋਜਨਾ ਨੂੰ ਲੈ ਕੇ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਜਗਤਾਰ ਸਿੰਘ ਬੁਜਰਕ, ਸਰਪੰਚ ਗੁਰਮੀਤ ਸਿੰਘ ਬਲਾਕ ਸੰਮਤੀ ਮੈਂਬਰ, ਕੁਲਦੀਪ ਸਿੰਘ ਠਾਕੁਰ, ਸਰਦਾਰ ਮਹਿਲ ਸਿੰਘ ਯੂ.ਐਸ.ਏ ਆਦਿ ਪ੍ਰਮੁੱਖ ਤੌਰ 'ਤੇ ਹਜ਼ਾਰ ਸਨ।

## ਪਬਲਿਕ ਕਾਲਜ 'ਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ

ਸਮਾਣਾ, 24 ਮਾਰਚ, (ਵਿਜੇ ਕੁਮਾਰ) ਪਬਲਿਕ ਕਾਲਜ ਸਮਾਣਾ ਦੇ ਰੈੱਡ ਰਿਬਨ ਕਲੱਬ ਵਲੋ ਨਹਿਰੂ ਯੁਵਾ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿਖੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਇੱਕ ਪ੍ਰੋਗਰਾਮ ਦਾ ਆਯੋਜਨ ਕਰਵਾਇਆ ਗਿਆ, ਜਿਸ ਵਿੱਚ 200 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਪ੍ਰੋਗਰਾਮ ਦੇ ਸ਼ੁਰੂ ਵਿੱਚ ਡਾ. ਹਰਕੀਰਤਨ ਕੌਰ ਨੇ ਸ਼ਹੀਦ ਭਗਤ ਸਿੰਘ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਦੇ ਸਿਧਾਂਤਾਂ ਤੇ ਚੱਲਣ ਅਤੇ ਆਜ਼ਾਦ ਵਿਚਾਰਧਾਰਾ ਅਪਣਾਉਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਨਹਿਰੂ ਯੁਵਾ ਕੇਂਜਦਰ ਪਟਿਆਲਾ ਤੋ ਪਹੁੰਚੇ ਵਿਸ਼ੇਸ਼ ਅਧਿਕਾਰੀ ਗੁਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਦਾ ਕੁਇੱਜ ਮੁਕਾਬਲਾ ਕਰਵਾਇਆ। ਇਸ ਕੁਇੱਜ ਮੁਕਾਬਲੇ ਵਿੱਚ ਕਾਰਤਿਕ ਬੀ.ਸੀ.ਏ. ਭਾਗ ਦੂਜਾ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 1500/ਰੁਪਏ, ਪ੍ਰਵੀਨ ਕੌਰ ਬੀ.ਐਡ. ਭਾਗ ਦੂਜਾ ਨੇ ਦੂਜਾ ਸਥਾਨ ਪ੍ਰਾਪਤ ਕਰਕੇ 1000/ ਰੁਪਏ ਤੇ ਦੀਪਿਕਾ ਬੀ.ਏ.ਭਾਗ ਦੂਜਾ ਨੇ ਤੀਜਾ ਸਥਾਨ ਪ੍ਰਾਪਤ ਕਰਕੇ 500/ ਰੁਪਏ ਦੀ ਨਗਦ ਇਨਾਮੀ ਰਾਸ਼ੀ ਜਿੱਤੀ। ਕਾਲਜ ਪ੍ਰਿੰਸੀਪਲ




ਡਾ. ਹਰਕੀਰਤ ਸਿੰਘ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਵਿਦਿਆਰਥੀਆਂ ਨੇ ਕਾਲਜ ਕੈਂਪਸ ਵਿੱਚ ਸਫਾਈ ਮੁਹਿੰਮ ਵਿੱਚ ਭਾਗ ਲਿਆ। ਪ੍ਰੋ. ਪਲਵਿੰਦਰ ਕੌਰ, ਪ੍ਰੋ. ਰੁਪਿੰਦਰ ਕੌਰ ਤੇ ਪ੍ਰੋ. ਹਰਪ੍ਰੀਤ ਕੌਰ ਵੀ ਇਸ ਪ੍ਰੋਗਰਾਮ ਦੌਰਾਨ ਮੌਜੂਦ ਰਹੇ।

ਡਾ. ਅਰਵਿੰਦਰ ਕੌਰ ਕਾਕੜਾ ਨੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਆਪਣੇ ਵਿਚਾਰ ਰੱਖੇ। ਵਿਦਿਆਰਥਣ ਅਮਨਜੋਤ ਨੇ ਸ਼ਹੀਦ ਭਗਤ ਸਿੰਘ ਬਾਰੇ ਗੀਤ ਗਾ ਕੇ ਸਾਰੇ ਮਾਹੌਲ ਵਿੱਚ ਇਨਕਲਾਬੀ ਰੰਗ ਭਰ ਦਿੱਤਾ। ਰੈਡੱ ਰਿਬਨ ਕਲੱਬ ਵਲੋ ਪ੍ਰੋ. ਨਰਿੰਦਰ ਸਿੰਘ ਨੇ ਨਸ਼ਾ ਮੁਕਤੀ ਬਾਰੇ ਵਿਦਿਆਰਥੀਆਂ ਨੂੰ ਸਹੁੰ ਚਕਾਈ। ਇਸ ਦਿਨ ਨੂੰ ਸਮਰਪਿਤ ਕਾਵਿ ਮੁਕਾਬਲਿਆਂ ਵਿੱਚ ਆਰਤੀ, ਸਾਗਰ ਅਤੇ ਜਸ਼ਨਦੀਪ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਭਾਸ਼ਣ ਮੁਕਾਬਲੇ ਵਿੱਚ ਮਨਵੀਰ ਕੌਰ, ਮਨਪ੍ਰੀਤ ਕੌਰ ਅਤੇ ਸੁਖਨੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਮੁਕਾਬਲਿਆਂ ਲਈ ਜੱਜਮੈਂਟ ਦੀ ਭੂਮਿਕਾ ਪੰਜਾਬੀ ਵਿਭਾਗ ਤੋਂਜ਼ ਡਾ. ਇਕਬਾਲ ਸਿੰਘ ਅਤੇ ਡਾ.ਬਲਕਾਰ ਸਿੰਘ ਨੇ ਨਿਭਾਈ। ਵਾਈਸ ਪ੍ਰਿੰਸੀਪਲ ਡਾ. ਹਰਕੀਰਤਨ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਸ਼ਾਬਾਸ਼ੀ ਦਿੱਤੀ। ਇਸ ਮੌਕੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਯੂਥ ਕੋਆਰਡੀਨੇਟਰ ਤੇ ਮੁੱਖੀ, ਪੋਲੀਟੀਕਲ ਸਾਇੰਸ ਵਿਭਾਗ, ਪ੍ਰੋ. ਹਰਪ੍ਰੀਤ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਦਾ ਮੰਚ ਸੰਚਾਲਨ ਡਾ. ਮਨਦੀਪ ਕੌਰ, ਪੰਜਾਬੀ ਵਿਭਾਗ ਦੁਆਰਾ ਕੀਤਾ ਗਿਆ। ਇਸ ਸਮਾਗਮ ਵਿੱਚ ਸਮੂਹ ਵਿਭਾਗਾਂ ਦੇ ਪ੍ਰੋਫੈਸਰ ਸਾਹਿਬਾਨ ਨੇ ਸ਼ਿਰਕਤ ਕੀਤੀ।

## ਦੇਸ਼ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਮਹਾਨ ਇਨਕਲਾਬੀਆਂ ਨੂੰ ਦਿੱਤੀ ਸ਼ਰਧਾਂਜਲੀ



ਸਮਾਣਾ, 24 ਮਾਰਚ (ਵਿਜੇ ਕੁਮਾਰ): ਸ਼ਹੀਦ ਭਗਤ ਸਿੰਘ ਸੋਸਲ ਫੈਲਫੇਅਰ ਐਸੋਸੀਏਸ਼ਨ ਵੱਲੋਂ ਪ੍ਰਧਾਨ ਅਜੀਤ ਸਿੰਘ ਕੋਟਲੀ, ਸੈਕਟਰੀ ਕੁਲਵੰਤ ਸਿੰਘ ਸੰਧੂ, ਕੈਸ਼ੀਅਰ ਦਰਬਾਰਾ ਸਿੰਘ ਦੀ ਅਗਵਾਈ 'ਚ ਸ਼ਹਿਦੇ-ਏ-ਆਜ਼ਮ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਇਕ ਵਿਸ਼ੇਸ਼ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੇ ਸ਼ਿਰਕਤ ਕੀਤੀ।

ਇਸ ਦੌਰਾਨ ਨਾਭਾ ਕਲੋਨੀ 'ਚ ਸਥਾਪਿਤ ਸ਼ਹੀਦ ਭਗਤ ਸਿੰਘ ਬੁੱਤ ਤੇ ਫੁੱਲ ਮਾਲਾਵਾਂ ਭੇਟ ਕਰਕੇ ਸ਼ਰਧਾਜ਼ਲੀਆਂ ਭੇਟ ਕੀਤੀਆਂ ਗਈਆਂ। ਸੰਸਥਾ ਪ੍ਰਧਾਨ ਅਜੀਤ ਸਿੰਘ ਕੋਟਲੀ ਤੇ ਪ੍ਰਧਾਨ ਗੁਰਦੁਆਰਾ ਪਾਤਸ਼ਾਹੀ ਛੇਵੀਂ ਜਸਵਿੰਦਰ ਸਿੰਘ ਲੂਥਰਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਦਿਨ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਮਹਾਨ ਇਨਕਲਾਬੀਆਂ ਨੂੰ ਸ਼ਰਧਾਂਜਲੀ ਦੇਣ ਅਤੇ ਉਨ੍ਹਾਂ ਦੇ ਦੇਸ਼ ਭਗਤੀ ਦੇ ਸੁਨੇਹੇ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਹੈ। ਸਾਨੂੰ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਅੱਜ ਅਸੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਇਸ ਮੌਕੇ ਸਾਬਕਾ ਪ੍ਰਧਾਨ ਕ੍ਰਿਸ਼ਨ ਕੁਮਾਰ ਭਿੱਲਾ, ਸਹਾਇਕ ਖ਼ਜਾਨਚੀ ਗੁਰਜਿੰਦਰ ਸਿੰਘ ਫੌਜੀ, ਭਾਗ ਸਿੰਘ ਛੀਨਾ, ਗੁਰਮੀਤ ਸਿੰਘ ਮਵੀ, ਸੋਹਨ ਸਿੰਘ ਵਿਰਕ, ਜਸਦੇਵ ਸਿੰਘ ਬਾਜਵਾ, ਜਗਜੀਤ ਸਿੰਘ ਸੋਢੀ,ਜਰਨੈਲ ਸਿੰਘ, ਗੁਰਪ੍ਰੀਤ ਸਿੰਘ ਕੋਟਲੀ, ਲਖਵਿੰਦਰ ਸਿੰਘ ਲੱਖ, ਸੰਤੋਖ ਸਿੰਘ, ਚਰਨਜੀਤ ਸਿੰਘ ਅਤੇ ਕੁਲਦੀਪ ਸਿੰਘ ਵਿਰਕ ਆਦਿ ਵੀ ਹਾਜ਼ਰ ਸਨ।

## ਮਹਿੰਦਰਾ ਕਾਲਜ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਦਿੱਤੀ ਸ਼ਰਧਾਂਜਲੀ



ਪਟਿਆਲਾ, 24 ਮਾਰਚ (ਚ.ਨ.ਸ.) : ਕਾਲਜ ਤੇ ਸਮੂਹ ਸਟਾਫ ਤੇ ਦੀ ਕਲਾਸ ਫੋਰਥ ਇੰਪਲਾਇਜ ਯੂਨੀਅਨ ਸਬ ਕਮੇਟੀ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵੱਲੋਂ ਦਿਨ ਸੋਮਵਾਰ 23 ਮਾਰਚ ਨੂੰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦਾ ਸ਼ਹੀਦੀ ਦਿਵਸ ਛੁੱਟੀ ਵਾਲੇ ਦਿਨ ਹੋਣ ਕਾਰਨ 24.03.2026 ਨੂੰ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵਿਖੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਕਾਲਜ ਨੇ ਐਨ.ਸੀ.ਸੀ. ਤੇ ਵਿਦਿਆਰਥੀ ਆਦਿ ਸ਼ਾਮਲ ਹੋਏ। ਇਸ ਮੌਕੇ ਦੌਰਾਨ ਕਾਲਜ ਪ੍ਰਿੰਸੀਪਲ ਡਾ. ਨਿਸ਼ਠਾ ਤ੍ਰਿਪਾਠੀ ਜੀ ਦੀ ਪ੍ਰਧਾਨਗੀ ਹੇਠ ਕਾਲਜ ਵਾਇਸ ਪ੍ਰਿੰਸੀਪਲ ਪ੍ਰੋ ਲਵਲੀਨ ਪਰਮਾਰ, ਡਾ. ਅੰਮ੍ਰਿਤ ਸਮਰਾ (ਕਾਲਜ ਬਰਸਰ), ਐਨ.ਸੀ.ਸੀ. ਆਰਮੀਵਿੰਗ ਦੇ ਇੰਚਾਰਜ ਡਾ. ਮਨਮੋਹਨ ਸਮੀ, ਕਾਲਜ ਦੇ ਸੀਨੀਅਰ ਸਹਾਇਕ ਰਵਿੰਦਰ ਜ਼ੋਸ਼ੀ, ਭਲਿੰਦਰ ਕੌਰ ਅਤੇ ਕਾਲਜ ਦੇ ਕਲਾਸ ਫੋਰ ਪ੍ਰਧਾਨ ਰਾਮ ਲਾਲ ਰਾਮਾ ਵੱਲੋਂ ਵਿਦਿਆਰਥੀਆਂ ਨੂੰ ਸ਼ਹੀਦਾਂ ਦੀ ਜੀਵਨੀ ਬਾਰੇ ਸੰਬੋਧਨ ਕਰਦਿਆਂ ਇਹਨਾਂ ਸ਼ਹੀਦਾਂ ਦੀ ਸੋਚ ਉੱਤੇ ਪੈਰਾ ਦੇਣ ਦਾ ਪ੍ਰਣ ਲਿਆ। ਇਸ ਮੌਕੇ ਯੂਨੀਅਨ ਆਗੂ ਚੇਅਰਮੈਨ ਮਹਿੰਦਰ ਸਿੰਘ, ਬਲਜਿੰਦਰ ਸਿੰਘ ਕੈਸ਼ੀਅਰ, ਮੁਕੇਸ਼ ਸਕੱਤਰ, ਵਾਇਸ ਪ੍ਰਧਾਨ ਸੁਖਦੇਵ ਸਿੰਘ, ਅਮਰਦੀਪ ਸਿੰਘ, ਮਨਦੀਪ ਸਿੰਘ, ਸੋਨੀਆ, ਸਰੀਕਾ, ਰਾਜ ਰਾਣੀ, ਰਾਜ ਕੌਰ, ਪ੍ਰੋਮਿਲਾ, ਪਰਮਜੀਤ ਕੌਰ, ਵੀਰਭਾਨ, ਸੁਨੀਤਾ ਰਾਣੀ ਤੇ ਸਮੂਹ ਮੁਲਾਜਮ ਸ਼ਾਮਲ ਸਨ।

## ਪੰਜਾਬ ਸਰਕਾਰ ਵਪਾਰੀ ਵਰਗ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ : ਆਜ਼ਮ ਦਾਰਾ

ਅਹਿਮਦਗੜ੍ਹ/ਮਾਲੇਰਕੋਟਲਾ, 24 ਮਾਰਚ (ਚ.ਨ.ਸ.) : ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਪਾਰੀਆਂ ਅਤੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਦੇ ਤੁਰੰਤ ਨਿਪਟਾਰੇ ਲਈ ਜ਼ਿਲ੍ਹੇ ਦੀ ਸਬ ਡਵੀਜ਼ਨ ਅਹਿਮਦਗੜ੍ਹ ਦੇ ਭਗਤ ਸਿੰਘ ਚੌਕ, ਰੇਲਵੇ ਰੋਡ ਵਿਖੇ ਇੱਕ ਵਿਸ਼ੇਸ਼ ਨੁੱਕੜ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਦੌਰਾਨ ਟਰੇਡਰਜ਼ ਕਮਿਸ਼ਨ ਮਾਲੇਰਕੋਟਲਾ ਦੇ ਚੇਅਰਮੈਨ ਆਜ਼ਮ ਦਾਰਾ, ਵਿਧਾਨ ਸਭਾ ਹਲਕਾ ਅਮਰਗੜ੍ਹ ਦੇ ਟਰੇਡਰਜ਼ ਕਮਿਸ਼ਨ ਦੇ ਮੈਂਬਰ ਅਸ਼ਵਨੀ ਕੁਮਾਰ, ਈ.ਟੀ.ਓ. (ਜੀ.ਐਸ.ਟੀ) ਨਛੱਤਰ ਸਿੰਘ, ਐਸ.ਡੀ.ਓ/ਤਹਿਸੀਲਦਾਰ ਰਿਤੂ ਗੁਪਤਾ, ਐਸ.ਡੀ.ਓ. ਪੀ.ਡਬਲਿਊ.ਡੀ. ਇੰਜੀ. ਅਮਨਦੀਪ ਸਿੰਘ, ਲੇਬਰ ਇੰਸਪੈਕਟਰ ਗੁਰਮੀਤ ਸਿੰਘ, ਇੰਸਪੈਕਟਰ ਪੁਸ਼ਪਿੰਦਰ ਸਿੰਘ, ਸਕੱਤਰ ਮਾਰਕੀਟ ਕਮੇਟੀ ਅਹਿਮਦਗੜ੍ਹ ਵਰਿੰਦਰ ਸਿੰਘ, ਮਨਜੀਤ ਸਿੰਘ ਅਤੇ ਇਸ਼ਤਪਾਲ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਇਸ ਮੌਕੇ



ਟਰੇਡਰਜ਼ ਕਮਿਸ਼ਨ ਦੇ ਨੁਮਾਇੰਦਿਆਂ ਅਤੇ ਅਧਿਕਾਰੀਆਂ ਵੱਲੋਂ ਵਪਾਰੀਆਂ ਨਾਲ ਸਿੱਧੀ ਗੱਲਬਾਤ ਕਰਦੇ ਹੋਏ ਉਨ੍ਹਾਂ ਦੀਆਂ ਸਮੱਸਿਆਵਾਂ ਗੰਭੀਰਤਾ ਨਾਲ ਸੁਣੀਆਂ ਗਈਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਪਾਰੀ ਵਰਗ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਵੀ ਵਪਾਰੀ ਦੀ ਸਮੱਸਿਆ ਦੀ ਅਣਦੇਖੀ ਨਹੀਂ ਕੀਤੀ ਜਾਵੇਗੀ। ਅਧਿਕਾਰੀਆਂ ਨੇ ਕਿਹਾ ਕਿ ਵਪਾਰਕ ਮਾਹੌਲ ਨੂੰ ਹੋਰ ਸੁਗਮ ਅਤੇ ਪਾਰਦਰਸ਼ੀ ਬਣਾਉਣ ਲਈ ਵਿਧਾਨ ਸਭਾ ਹਲਕਾ ਪੱਧਰ 'ਤੇ ਟਰੇਡਰਜ਼ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ, ਤਾਂ ਜੋ ਵਪਾਰੀਆਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾ ਸਕੇ।

ਅਧਿਕਾਰੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਹਰ ਮਸਲੇ ਦਾ ਸਮੇਂ-ਬੱਧ ਹੱਲ ਪ੍ਰਸ਼ਾਸਨ ਦੀ ਪ੍ਰਾਥਮਿਕਤਾ ਹੈ ਤੇ ਸਬੰਧਤ ਵਿਭਾਗਾਂ ਦੇ ਸਹਿਯੋਗ ਨਾਲ ਤੁਰੰਤ ਕਾਰਵਾਈ ਯਕੀਨੀ ਬਣਾਈ ਜਾਵੇਗੀ। ਮੀਟਿੰਗ ਦੌਰਾਨ ਵਪਾਰੀਆਂ ਵੱਲੋਂ ਟਰੈਫਿਕ ਸਮੱਸਿਆ, ਨਜਾਇਜ਼ ਕਬਜ਼ਿਆਂ ਅਤੇ ਬਾਜ਼ਾਰ ਵਿੱਚੋਂ ਸ਼ਰਾਬ ਦੇ ਠੇਕੇ ਨੂੰ ਤਬਦੀਲ ਕਰਨ ਸਬੰਧੀ ਆਪਣੇ ਮੁੱਦੇ ਰੱਖੇ ਗਏ। ਅਧਿਕਾਰੀਆਂ ਵੱਲੋਂ ਇਨ੍ਹਾਂ ਮਸਲਿਆਂ ਨੂੰ ਧਿਆਨ ਨਾਲ ਸੁਣਦਿਆਂ ਸੰਬੰਧਿਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ।ਇਸ ਮੌਕੇ ਅਹਿਮਦਗੜ੍ਹ ਦੇ ਵੱਡੀ ਗਿਣਤੀ ਵਪਾਰੀ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਸ਼ਹਿਰ ਵਾਸੀ ਹਾਜ਼ਰ ਸਨ।

## ਯੂਨੀਵਰਸਿਟੀ ਕਾਲਜ ਮੀਰਾਂਪੁਰ ਦੇ ਵਿਦਿਆਰਥੀਆਂ ਵੱਲੋਂ ਯੂਥ ਅਵੇਅਰਨੈੱਸ ਐਂਡ ਲੀਡਰਸ਼ਿਪ ਪ੍ਰੋਗਰਾਮ 'ਚ ਸ਼ਮੂਲੀਅਤ

ਦੇਵੀਗੜ੍ਹ, 24 ਮਾਰਚ (ਗੁਰਜੀਤ ਸਿੰਘ ਢੋਟ) : ਯੁਵਕ ਸੇਵਾਵਾਂ ਵਿਭਾਗ ਪੰਜਾਬ ਨੇ ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਵਿਖੇ ਰਾਜ ਪੱਧਰੀ ਯੂਥ ਅਵੇਅਰਨੈੱਸ ਐਂਡ ਲੀਡਰਸ਼ਿਪ ਪ੍ਰੋਗਰਾਮ ਕਰਵਾਇਆ। ਇਸ ਬਾਰੇ ਪੱਤਰਕਾਰ ਨੂੰ ਵਿਸ਼ੇਸ਼ ਜਾਣਕਾਰੀ ਦਿੰਦੇ ਹੋਏ ਯੂਨੀਵਰਸਿਟੀ ਕਾਲਜ ਮੀਰਾਂਪੁਰ ਦੀ ਰੈੱਡ ਰਿਬਨ ਕਲੱਬ ਦੇ ਨੋਡਲ ਅਫਸਰ ਅਤੇ ਅਸਿਸਟੈਂਟ ਪ੍ਰੋਫੈਸਰ ਡਾ. ਤੇਜਿੰਦਰ ਪਾਲ ਸਿੰਘ ਨੇ ਦੱਸਿਆ ਕਿ ਯੁਵਕ ਸੇਵਾਵਾਂ ਵਿਭਾਗ ਦੇ ਅਸਿਸਟੈਂਟ ਡਾਇਰੈਕਟਰ ਕੁਲਵਿੰਦਰ ਸਿੰਘ ਦੀ ਅਗਵਾਈ ਹੇਠ ਸੂਬੇ ਦੇ ਵੱਖ-ਵੱਖ ਕਾਲਜਾਂ ਦੇ ਰੈੱਡ ਰਿਬਨ ਕਲੱਬਾਂ ਦੇ ਵਿਦਿਆਰਥੀਆਂ ਦਾ ਯੂਥ ਅਵੇਅਰਨੈੱਸ ਐਂਡ ਲੀਡਰਸ਼ਿਪ ਪ੍ਰੋਗਰਾਮ ਬੜੇ ਉਤਸ਼ਾਹ ਅਤੇ ਜੋਸ਼ ਨਾਲ ਕਰਵਾਇਆ ਗਿਆ। ਇਸ ਮੌਕੇ ਯੂਨੀਵਰਸਿਟੀ ਕਾਲਜ ਮੀਰਾਂਪੁਰ ਦੇ ਵਿਦਿਆਰਥੀਆਂ ਰੋਹਿਤ ਕੁਮਾਰ ਅਤੇ ਤੁਸ਼ਾਰ ਸਹਿਗਲ ਨੇ ਕਾਲਜ ਇੰਚਾਰਜ ਡਾ.ਮਨਪ੍ਰੀਤ ਕੌਰ ਸੋਢੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਹਿੱਸਾ ਲਿਆ9 ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਵਿੱਚ ਨੇਤ੍ਰਿਤਵ ਸਮਰੱਥਾ, ਆਤਮ-ਵਿਸ਼ਵਾਸ ਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਸੀ।




ਇਸ ਮੌਕੇ ਨੋਡਲ ਅਫਸਰ ਡਾ. ਤੇਜਿੰਦਰ ਪਾਲ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਅਜਿਹੇ ਪ੍ਰੋਗਰਾਮ ਨੌਜਵਾਨਾਂ ਨੂੰ ਜੀਵਨ ਦੀਆਂ ਅਸਲ ਚੁਣੌਤੀਆਂ ਲਈ ਤਿਆਰ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਨੇਤ੍ਰਿਤਵ ਸਿਰਫ਼ ਇੱਕ ਹੁਨਰ ਨਹੀਂ, ਸਗੋਂ ਇੱਕ ਸੋਚ ਹੈ, ਜੋ ਵਿਦਿਆਰਥੀਆਂ ਨੂੰ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਪ੍ਰੇਰਿਤ ਕਰਦੀ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਰਾਹੀਂ ਵਿਦਿਆਰਥੀਆਂ ਵਿੱਚ ਟੀਮ ਵਰਕ, ਅਨੁਸ਼ਾਸਨ, ਸਹਿਨਸ਼ੀਲਤਾ ਅਤੇ ਲੀਡਰਸ਼ਿਪ ਗੁਣਾਂ ਦਾ ਵਿਕਾਸ ਹੁੰਦਾ ਹੈ, ਜੋ ਉਨ੍ਹਾਂ ਦੇ ਭਵਿੱਖ ਨੂੰ ਮਜ਼ਬੂਤ ਬਨਾਉਂਦੇ ਹਨ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਇੰਟਰਐਕਟਿਵ ਸੈਸ਼ਨਾਂ, ਗਰੁੱਪ ਚਰਚਾਵਾਂ ਅਤੇ ਪ੍ਰੈਕਟਿਕਲ ਗਤੀਵਿਧੀਆਂ ਵਿੱਚ ਭਾਗ ਲੈ ਕੇ ਆਪਣੀ ਯੋਗਤਾ ਦਾ ਪ੍ਰਦਰਸ਼ਨ ਕੀਤਾ। ਅੰਤ ਵਿੱਚ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ।